Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

ੴ
Regal Jewels
W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication

ਨਿਊ ਯਾਰਕ ਐਡੀਸ਼ਨ

Price 50¢

Email:punjabtimes1@gmail.com

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 16, April 16, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਕਾਂਗਰਸ ਦੀ ਧੜੇਬੰਦੀ ਤਿੱਖੀ

**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਵਿਚ ਨਮੋਸ਼ੀ ਵਾਲੀ ਹਾਰ ਤੋਂ ਬਾਅਦ ਪੰਜਾਬ ਕਾਂਗਰਸ ਵਿਚ ਅੰਦਰੂਨੀ ਕਲੇਸ਼ ਅਤੇ ਧੜੇਬੰਦੀ ਨਵਾਂ ਮੋੜ ਲੈ ਰਹੀ ਹੈ। ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਵੱਲੋਂ ਇਕ-ਦੂਜੇ ਖਿਲਾਫ ਬਿਆਨਬਾਜ਼ੀ ਹੋਰ ਤਿੱਖੀ ਹੋ ਗਈ ਹੈ। ਹਾਈਕਮਾਨ ਨੇ ਚਰਚਾ ਵਿਚ ਚੱਲ ਰਹੇ ਸਾਰੇ ਨਾਵਾਂ ਨੂੰ ਦਰਕਿਨਾਰ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੂੰ ਵਿਰੋਧੀ ਧਿਰ ਦਾ ਨੇਤਾ ਅਤੇ ਰਾਜਾ ਵੜਿੰਗ ਨੂੰ ਸੂਬੇ ਦਾ ਪ੍ਰਧਾਨ ਥਾਪ ਦਿੱਤਾ ਹੈ।

ਇਹ ਫੈਸਲਾ ਉਸ ਸਮੇਂ ਲਿਆ ਗਿਆ ਜਦੋਂ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਾਬਕਾ ਵਿਧਾਇਕਾਂ ਤੇ ਮੰਤਰੀਆਂ ਨਾਲ ਮੀਟਿੰਗਾਂ ਕਰਕੇ ਆਪਣੀ ਤਾਕਤ ਦਿਖਾ ਰਹੇ ਸਨ ਅਤੇ ਸੁਨੀਲ ਜਾਖੜ ਦਾਅਵਾ ਕਰ ਰਹੇ ਸਨ ਕਿ ਪੰਜਾਬ ਦੀ ਜ਼ਮੀਨੀ ਹਕੀਕਤ ਜਾਣੇ ਬਿਨਾਂ ਵਿਧਾਨ ਸਭਾ ਚੋਣਾਂ ਵਿਚ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਣਾ ਕਾਂਗਰਸ ਨੂੰ ਮਹਿੰਗਾ ਪਿਆ। ਪੰਜਾਬ ਲੀਡਰਸ਼ਿਪ ਦੇ ਮਨ ਵਿਚ ਹੁਣ ਵੀ ਉਹੀ ਡਰ ਹੈ ਕਿ ਨਵੀਆਂ ਨਿਯੁਕਤੀਆਂ ਅੰਦਰੂਨੀ ਕਲੇਸ਼ ਨੂੰ ਸਿਖਰਾਂ ਵੱਲ ਲੈ ਕੇ ਜਾਣਗੀਆਂ।

ਉਧਰ, ਹਾਈਕਮਾਨ ਇਸ ਕਲੇਸ਼ ਤੋਂ ਇੰਨੀ ਅੱਕੀ ਜਾਪ ਰਹੀ ਹੈ ਕਿ ਉਸ ਨੇ ਬਾਗੀ ਸੁਰਾਂ ਅਲਾਪਣ ਵਾਲੇ ਆਗੂਆਂ ਖਿਲਾਫ ਕਾਰਵਾਈ ਕਾਰਵਾਈ ਦਾ ਮਨ ਬਣਾ ਲਿਆ ਹੈ। ਹਾਈਕਮਾਨ ਨੇ ਸਾਬਕਾ ਵਿਧਾਇਕ ਸੁਰਜੀਤ ਧੀਮਾਨ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਧੀਮਾਨ ਨੇ ਨਵ-ਨਿਯੁਕਤ ਪ੍ਰਧਾਨ ਰਾਜਾ ਵੜਿੰਗ 'ਤੇ ਸਿਆਸੀ ਵਾਰ ਕੀਤੇ ਸਨ। ਕੁੱਲ ਹਿੰਦ ਕਾਂਗਰਸ ਕਮੇਟੀ ਨੇ ਪੰਜਾਬ ਇਕਾਈ ਵਿਚ ਅਨੁਸ਼ਾਸਨਹੀਣਤਾ ਨੂੰ ਠੱਲ੍ਹਣ ਲਈ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਹੈ, ਹਾਲਾਂਕਿ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਾਰੇ ਚੁੱਪ ਉਤੇ ਸਵਾਲ ਜ਼ਰੂਰ ਉਠ ਰਹੇ ਹਨ। ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ ਹਾਈਕਮਾਨ ਕੋਲ ਸੁਨੀਲ ਜਾਖੜ ਖਿਲਾਫ ਸ਼ਿਕਾਇਤਾਂ ਭੇਜੀਆਂ ਗਈਆਂ ਸਨ ਅਤੇ ਇਨ੍ਹਾਂ ਨਾਲ ਜਾਖੜ ਵੱਲੋਂ ਕੀਤੇ ਟਵੀਟ ਨੂੰ ਨੱਥੀ ਕੀਤਾ ਗਿਆ ਸੀ। ਸਾਬਕਾ ਮੁੱਖ ਮੰਤਰੀ ਚਰਨਜੀਤ



ਸਿੰਘ ਚੰਨੀ ਨੇ ਵੀ ਪਿਛਲੇ ਦਿਨਾਂ ਵਿਚ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਸੀ ਅਤੇ ਜਾਖੜ ਖਿਲਾਫ ਆਪਣਾ ਵਿਰੋਧ ਦਰਜ ਕਰਾਇਆ ਸੀ। ਸੁਨੀਲ ਜਾਖੜ ਨੂੰ ਦਲਿਤ ਭਾਈਚਾਰੇ ਖਿਲਾਫ ਇਕ ਟਿੱਪਣੀ ਨੂੰ ਆਧਾਰ ਬਣਾ ਕੇ ਘੇਰਿਆ ਜਾ ਰਿਹਾ ਹੈ।

ਦਰਅਸਲ, ਹਾਈਕਮਾਨ ਇਸ ਗੱਲ ਨੂੰ ਮੰਨਦੀ ਹੈ ਕਿ ਅੰਦਰੂਨੀ ਕਲੇਸ਼ ਕਾਰਨ ਉਸ ਨੇ ਪੰਜਾਬ ਨੂੰ ਹੱਥੋਂ ਗੁਆ ਲਿਆ। ਯਾਦ ਰਹੇ ਕਿ ਪੰਜਾਬ ਲੀਡਰਸ਼ਿਪ ਦੇ ਕਈ ਆਗੂ ਹਾਈਕਮਾਨ ਦੀ ਪਰਵਾਹ ਹੀ ਨਹੀਂ ਕਰ ਰਹੇ। ਕਾਫੀ ਸਮਾਂ ਪਹਿਲਾਂ ਸੰਸਦ ਮੈਂਬਰ ਪ੍ਰਨੀਤ ਕੌਰ ਨੂੰ ਵੀ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਸੀ। ਬਾਅਦ ਵਿਚ ਇਸ ਮਾਮਲੇ 'ਤੇ ਕਾਂਗਰਸ ਨੇ ਚੁੱਪ ਹੀ ਵੱਟ ਲਈ। ਇਥੋਂ ਤੱਕ ਕਿ ਹੁਣ ਧੀਮਾਨ ਨੇ ਪਾਰਟੀ ਤੋਂ ਕੱਢੇ ਜਾਣ ਪਿੱਛੋਂ ਲੱਡੂ ਵੰਡਣੇ ਸ਼ੁਰੂ ਕਰ ਦਿੱਤੇ। ਸਿੱਧੂ ਵੀ ਹਾਈਕਮਾਨ ਦੀ ਘੂਰੀ ਦੇ ਬਾਵਜੂਦ ਪਾਰਟੀ ਆਗੂਆਂ ਉਤੇ ਸਵਾਲ ਖੜ੍ਹੇ ਕਰਨ ਵਾਲੀ ਆਪਣੀ 'ਆਦਤ' ਉਤੇ ਕਾਇਮ ਹਨ। ਪੰਜਾਬ ਕਾਂਗਰਸ ਇਸ ਪੱਧਰ ਤੱਕ ਧੜੇਬੰਦੀ ਦਾ ਸ਼ਿਕਾਰ ਹੋ ਗਈ ਹੈ ਕਿ ਪਿਛਲੇ ਦਿਨੀਂ ਕੇਂਦਰ ਸਰਕਾਰ ਖਿਲਾਫ ਮਹਿੰਗਾਈ ਦੇ ਮੁੱਦੇ ਉਤੇ ਚੰਡੀਗੜ੍ਹ ਵਿਖੇ ਧਰਨਾ ਉਤੇ ਨਵਜੋਤ ਸਿੰਘ ਸਿੱਧੂ ਅਤੇ ਰੋਪੜ ਤੋਂ ਚੋਣ ਲੜੇ ਬਰਿੰਦਰ ਸਿੰਘ ਢਿੱਲੋਂ ਆਪਸ ਵਿਚ ਭਿੜ ਗਏ। ਬਰਿੰਦਰ ਢਿੱਲੋਂ ਨੇ ਸਿੱਧ ਨੂੰ ਡਰਾਮੇਬਾਜ਼ ਤੱਕ ਕਰਾਰ ਦੇ ਦਿੱਤਾ।

ਕਾਂਗਰਸ ਹਾਈਕਮਾਨ ਵੱਲੋਂ ਸੂਬੇ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਪ੍ਰਦੇਸ਼ ਕਾਂਗਰਸ ਪ੍ਰਧਾਨ ਦੀਆਂ ਨਿਯੁਕਤੀਆਂ ਨਾਲ ਜਥੇਬੰਦਕ ਢਾਂਚਾ ਮੁੜ ਖੜ੍ਹਾ ਕਰਨ ਤੇ ਪਾਰਟੀ ਵਿਚਲੀ ਅਨੁਸ਼ਾਸਨਹੀਣਤਾ ਪ੍ਰਤੀ ਸਖਤ ਰਵੱਈਆ ਅਪਣਾਉਣ ਦੀ ਰਣਨੀਤੀ ਅਪਣਾਈ ਹੈ, ਕਿਉਂਕਿ ਹਾਈਕਮਾਨ ਨੂੰ ਖਦਸ਼ਾ ਹੈ ਕਿ ਕਿਤੇ ਕਾਂਗਰਸ ਵਿਚ ਨਵੀਂ ਟੀਮ ਬਣਾਏ ਜਾਣ ਮਗਰੋਂ ਵੀ ਨਵੀਂ ਕਤਾਰਬੰਦੀ ਖੜ੍ਹੀ ਨਾ ਹੋ ਜਾਵੇ। ਹਾਲਾਂਕਿ ਹਾਈਕਮਾਨ ਦੇ ਨਵੀਆਂ ਨਿਯੁਕਤੀਆਂ ਵਾਲੇ ਫੈਸਲੇ ਨੂੰ ਨਵੇਂ ਕਲੇਸ਼ ਤੇ ਗੁੱਟਬੰਦੀ ਦੀ ਸ਼ੁਰੂਆਤ ਵਜੋਂ ਦੇਖਿਆ ਜਾ ਰਿਹਾ ਹੈ। ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੇ ਸੁਖਬਿੰਦਰ ਸਿੰਘ ਸਰਕਾਰੀਆ ਦੀ ਪ੍ਰਤਾਪ ਬਾਜਵਾ ਨਾਲ ਲੰਮੇ ਸਮੇਂ ਤੋਂ ਸਿਆਸੀ ਅਣਬਣ ਰਹੀ ਹੈ। ਇਹੋ ਮਾਝਾ ਬ੍ਰਿਗੇਡ ਸੀ ਜਿਸ ਨੇ ਪ੍ਰਤਾਪ ਬਾਜਵਾ ਨੂੰ ਉਤਾਰ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਕਮਾਨ ਦਿਵਾਈ ਸੀ। ਇਹ ਮਾਝਾ ਬ੍ਰਿਗੇਡ ਅਮਰਿੰਦਰ ਸਿੰਘ ਖਿਲਾਫ ਡਟੀ ਸੀ ਤਾਂ ਉਦੋਂ ਪ੍ਰਤਾਪ ਬਾਜਵਾ ਵੀ ਅਮਰਿੰਦਰ ਦੇ ਸਮਰਥਨ ਵਿਚ ਖੜ੍ਹ ਗਏ ਸਨ। ਅਜਿਹੇ ਮਾਹੌਲ ਵਿਚ ਅਨੁਸ਼ਾਸਨ ਬਣੇ ਰਹਿਣ

*(ਬਾਕੀ ਸਫਾ 6 'ਤੇ)*

## ਕੇਜਰੀਵਾਲ ਵੱਲੋਂ ਪੰਜਾਬ ਦੀ ਅਫਸਰਸ਼ਾਹੀ ਨਾਲ ਮੀਟਿੰਗਾਂ ਦਾ ਮਾਮਲਾ ਭਖਿਆ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਤੇ ਪੰਜਾਬ ਰਾਜ ਬਿਜਲੀ ਨਿਗਮ ਲਿਮਿਟਡ ਦੇ ਚੇਅਰਮੈਨ ਨਾਲ ਮੀਟਿੰਗਾਂ ਦਾ ਮਾਮਲਾ ਭਖ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਗੈਰ-ਹਾਜ਼ਰੀ ਵਿਚ ਕੇਜਰੀਵਾਲ ਸੂਬੇ ਦੇ ਅਫਸਰਾਂ ਨਾਲ ਮੀਟਿੰਗਾਂ ਕਰ ਰਹੇ ਹਨ। ਵਿਰੋਧੀ ਧਿਰਾਂ ਨੇ ਇਸ ਮੁੱਦੇ ਉਤੇ ਆਮ ਆਦਮੀ ਪਾਰਟੀ ਨੂੰ ਘੇਰ ਲਿਆ ਹੈ ਤੇ ਸਵਾਲ ਕੀਤੇ ਹਨ ਕਿ ਕੇਜਰੀਵਾਲ ਕਿਸ ਹੈਸੀਅਤ ਨਾਲ ਪੰਜਾਬ ਦੀ ਅਫਸਰਸ਼ਾਹੀ ਨਾਲ ਮੀਟਿੰਗਾਂ ਕਰ ਰਹੇ ਹਨ।

ਭਾਜਪਾ ਦੇ ਸੀਨੀਅਰ ਆਗੂ ਮਨੋਰੰਜਨ ਕਾਲੀਆ ਨੇ ਪੰਜਾਬ ਦੇ ਰਾਜਪਾਲ ਨੂੰ ਪੱਤਰ ਲਿਖ ਕੇ ਮੁੱਖ ਸਕੱਤਰ ਸਮੇਤ ਸਾਰੇ ਉਨ੍ਹਾਂ ਅਫਸਰਾਂ ਦੀ ਜਵਾਬ ਤਲਬੀ ਕਰਨ ਦੀ ਮੰਗ ਕੀਤੀ ਹੈ, ਜਿਹੜੇ ਦਿੱਲੀ ਦੇ ਅਰਵਿੰਦ ਕੇਜਰੀਵਾਲ ਦੀ ਮੀਟਿੰਗ ਵਿਚ ਸ਼ਾਮਲ ਹੋਏ ਹਨ। ਸ੍ਰੀ ਕਾਲੀਆ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਪੰਜਾਬ ਦੇ ਅਫਸਰਾਂ ਨੂੰ ਦਿੱਲੀ ਦੇ ਮੁੱਖ ਮੰਤਰੀ ਵੱਲੋਂ ਇਸ ਤਰ੍ਹਾਂ ਸੱਦਿਆ ਜਾਣਾ ਸੰਵਿਧਾਨਕ ਤੌਰ 'ਤੇ ਗਲਤ ਹੈ।

ਕਾਂਗਰਸ ਦੇ ਸੀਨੀਅਰ ਆਗੂ ਤੇ ਜਲੰਧਰ ਛਾਉਣੀ ਤੋਂ ਵਿਧਾਇਕ ਪਰਗਟ ਸਿੰਘ ਨੇ ਟਵੀਟ ਕਰ ਕੇ ਕਿਹਾ ਕਿ 'ਆਪ' ਆਗੂ ਹੁਣ ਸਿੱਧੂ ਮੂਸੇਵਾਲਾ ਦੇ ਗੀਤ ਪਿੱਛੇ ਨਾ ਲੁਕਣ। ਇਕ ਗੀਤ ਨੂੰ ਮੁੱਦਾ ਬਣਾਉਣ ਦੀ ਥਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਤੁਰਤ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਸ ਸਮਰੱਥਾ ਤਹਿਤ ਪੰਜਾਬ ਦੇ



ਮੁੱਖ ਸਕੱਤਰ ਤੇ ਹੋਰ ਉੱਚ ਅਧਿਕਾਰੀਆਂ ਨੂੰ ਦਿੱਲੀ ਤਲਬ ਕੀਤਾ ਸੀ। ਇਸ ਦੀ ਤੁਰਤ ਕਾਨੂੰਨੀ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਦੀ ਲਗਾਮ ਦਿੱਲੀ ਦਰਬਾਰ ਦੇ ਹੱਥ ਹੋਣ ਦੇ ਪ੍ਰਭਾਵ 'ਤੇ ਚਿੰਤਾ ਪ੍ਰਗਟਾਈ ਹੈ। ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਤੇ ਇਹ ਯਕੀਨੀ ਬਣਾਉਣ ਕਿ ਸੂਬੇ ਨੂੰ ਦਿੱਲੀ ਸਰਕਾਰ ਵੱਲੋਂ ਨਾ ਚਲਾਇਆ ਜਾਵੇ ਤੇ ਨਾ ਹੀ ਇਸ ਨੂੰ ਕੇਂਦਰ ਆਪਣੇ ਅਧੀਨ ਲਵੇ। ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਪੰਜਾਬ ਦੇ ਮੁੱਖ ਸਕੱਤਰ ਤੇ ਪੰਜਾਬ ਰਾਜ ਬਿਜਲੀ ਨਿਗਮ ਲਿਮਿਟਡ ਦੇ ਚੇਅਰਮੈਨ ਨਾਲ ਮੀਟਿੰਗਾਂ ਇਤਰਾਜ਼ਯੋਗ ਹਨ। ਅਕਾਲੀ ਆਗੂ ਨੇ ਕਿਹਾ ਕਿ ਪੰਜਾਬੀਆਂ ਦਾ ਡਰ ਸੱਚਾ ਹੈ ਕਿਉਂਕਿ ਦਰਿਆਈ ਪਾਣੀਆਂ ਵਰਗੇ ਅਹਿਮ ਮੁੱਦਿਆਂ 'ਤੇ ਸੂਬੇ ਕੋਲੋਂ ਇਸ ਦੇ ਅਧਿਕਾਰ ਖੋਹਣ ਲਈ ਅਧਿਕਾਰੀਆਂ ਨੂੰ ਦਬਕਾ ਕੇ ਹਸਤਾਖਰ ਵੀ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਹਨ ਤੇ ਸਿਰਫ ਉਹ ਹੀ ਅਜਿਹੀਆਂ ਮੀਟਿੰਗਾਂ ਕਰ ਸਕਦੇ ਹਨ।



M Vivek Malik
Law Office of
M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ
ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410

Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 60 Cent + Team 70 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਪਾਕਿਸਤਾਨ: ਇਮਰਾਨ ਖਾਨ ਹੱਥੋਂ ਖੁੱਸੀ ਪ੍ਰਧਾਨ ਮੰਤਰੀ ਦੀ ਕੁਰਸੀ

**ਇਸਲਾਮਾਬਾਦ:** ਪਾਕਿਸਤਾਨ ਦੀ ਕੌਮੀ ਅਸੈਂਬਲੀ 'ਚ ਪ੍ਰਧਾਨ ਮੰਤਰੀ ਇਮਰਾਨ ਖਿਲਾਫ ਬੇਭਰੋਸਗੀ ਮਤਾ ਪਾਸ ਕਰ ਦਿੱਤਾ ਗਿਆ ਹੈ। ਇਮਰਾਨ ਖਿਲਾਫ 174 ਵੋਟਾਂ ਪਈਆਂ ਜਿਸ ਨਾਲ ਮੁਲਕ 'ਚ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੀ ਅਗਵਾਈ ਹੇਠਲੀ ਸਰਕਾਰ ਡਿੱਗ ਗਈ ਹੈ।

ਇਮਰਾਨ ਖਾਨ ਦੀ ਹਾਰ ਤੋਂ ਬਾਅਦ ਪਾਕਿਸਤਾਨ ਮੁਸਲਿਮ ਲੀਗ-ਨਵਾਜ (ਪੀ.ਐਮ.ਐਲ-ਐਨ.) ਦੇ ਆਗੂ ਸ਼ਾਹਬਾਜ਼ ਸ਼ਰੀਫ ਮੁਲਕ ਦੇ ਪ੍ਰਧਾਨ ਮੰਤਰੀ ਬਣ ਗਏ ਹਨ। ਵੋਟਿੰਗ ਤੋਂ ਪਹਿਲਾਂ ਹੀ ਇਮਰਾਨ ਦੀ ਪਾਰਟੀ ਪੀ.ਟੀ.ਆਈ. ਦੇ ਸੰਸਦ ਮੈਂਬਰ ਅਸੈਂਬਲੀ ਛੱਡ ਕੇ ਚਲੇ ਗਏ ਸਨ। ਬੇਭਰੋਸਗੀ ਮਤੇ 'ਤੇ ਵੋਟਿੰਗ ਤੋਂ ਪਹਿਲਾਂ ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਦੇਰ ਰਾਤ ਤੱਕ ਸਿਆਸੀ ਨਾਟਕ ਚੱਲਦਾ ਰਿਹਾ। ਪ੍ਰਧਾਨ ਮੰਤਰੀ ਖਿਲਾਫ ਬੇਭਰੋਸਗੀ ਦੇ ਮਤੇ 'ਤੇ ਵੋਟਿੰਗ ਲਈ ਸ਼ੁਰੂ ਹੋਏ ਕੌਮੀ ਅਸੈਂਬਲੀ ਦੇ ਸੈਸ਼ਨ ਦੀ ਕਾਰਵਾਈ ਵਾਰ-ਵਾਰ ਮੁਲਤਵੀ ਹੁੰਦੀ ਰਹੀ। ਵੋਟਿੰਗ ਤੋਂ ਪਹਿਲਾਂ ਸਦਨ ਦੇ ਸਪੀਕਰ ਅਸਦ ਕੈਸਰ ਤੇ ਡਿਪਟੀ ਸਪੀਕਰ ਕਾਸਿਮ ਸੂਰੀ ਨੇ ਅਸਤੀਫਾ ਦੇ ਦਿੱਤਾ ਜਿਸ ਮਗਰੋਂ ਪੀ.ਐਮ.ਐਲ.ਐਨ. ਦੇ ਆਗੂ ਅਯਾਜ ਸਾਦਿਕ ਨੂੰ ਸਦਨ ਦਾ ਸਪੀਕਰ ਬਣਾਇਆ ਗਿਆ। ਦੂਜੇ ਪਾਸੇ ਮਤੇ 'ਤੇ ਵੋਟਿੰਗ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਆਪਣੀ ਕੈਬਨਿਟ ਨਾਲ ਹੰਗਾਮੀ ਮੀਟਿੰਗ ਵੀ ਕੀਤੀ ਸੀ। ਹਾਲਾਤ ਨੂੰ ਦੇਖਦਿਆਂ ਪ੍ਰਸ਼ਾਸਨ ਨੇ ਸਾਰੇ ਹਵਾਈ ਅੱਡਿਆਂ 'ਤੇ ਅਲਰਟ ਜਾਰੀ ਕਰਦਿਆਂ ਇਸਲਾਮਾਬਾਦ ਦੇ ਸਾਰੇ ਰਾਹ ਵੀ ਸੀਲ ਕਰ ਦਿੱਤੇ ਸਨ।



ਦੱਸ ਦਈਏ ਕਿ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਬੇਭਰੋਸਗੀ ਦਾ ਮਤਾ ਰੱਦ ਕਰਨ ਵਾਲਾ ਡਿਪਟੀ ਸਪੀਕਰ ਦਾ 3 ਅਪਰੈਲ ਦਾ ਫੈਸਲਾ ਰੱਦ ਕਰਕੇ ਸਰਕਾਰ ਨੂੰ ਵਿਰੋਧੀ ਧਿਰ ਦੇ ਬੇਭਰੋਸਗੀ ਦੇ ਮਤੇ ਦਾ ਸਾਹਮਣਾ ਕਰਨ ਦੀ ਹਦਾਇਤ ਕੀਤੀ ਹੈ। ਬੇਭਰੋਸਗੀ ਮਤਾ ਰੱਦ ਕਰਨ ਦਾ ਕਾਰਨ ਦੱਸਦਿਆਂ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਸੀ ਕਿ ਵਿਦੇਸ਼ੀ ਸਾਜਿਸ਼ਕਰਤਾ, ਪਾਕਿਸਤਾਨੀ ਵਿਰੋਧੀ ਧਿਰ ਨੂੰ ਮੂਹਰੇ ਲਗਾ ਕੇ ਲੋਕਾਂ ਦੇ ਫਤਵੇ ਨਾਲ ਚੁਣੀ ਸਰਕਾਰ ਡੇਗਣਾ ਚਾਹੁੰਦੇ ਹਨ। ਇਸ ਲਈ ਕੌਮੀ ਅਸੈਂਬਲੀ ਭੰਗ ਕਰਕੇ ਪ੍ਰਧਾਨ ਮੰਤਰੀ ਨੇ 90 ਦਿਨਾਂ ਦੇ ਅੰਦਰ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ ਸੀ। ਵਿਰੋਧੀ ਧਿਰ ਨੇ ਇਸ ਨੂੰ ਗੈਰ-ਕਾਨੂੰਨੀ ਅਤੇ ਪਾਕਿਸਤਾਨੀ ਸੰਵਿਧਾਨ ਦੀ ਉਲੰਘਣਾ ਕਰਾਰ ਦਿੰਦਿਆਂ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਸੀ। ਸੁਪਰੀਮ ਕੋਰਟ ਨੇ ਖੁਦ ਹੀ ਇਸ ਵੱਡੇ ਸੰਵਿਧਾਨਕ ਸੰਕਟ ਦਾ ਨੋਟਿਸ ਲੈ ਕੇ ਸੁਣਵਾਈ ਸ਼ੁਰੂ ਕਰ ਦਿੱਤੀ ਸੀ।

ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਪਾਰਲੀਮਾਨੀ ਜਮਹੂਰੀਅਤ ਵਿਚ ਵਿਰੋਧੀ ਧਿਰ ਨੂੰ ਸਰਕਾਰ ਵਿਚ ਬੇਭਰੋਸਗੀ ਪ੍ਰਗਟ ਕਰਨ ਦਾ ਹੱਕ ਹੈ। ਸਰਕਾਰੀ ਧਿਰ ਨੂੰ ਬਹੁਮਤ ਸਾਬਤ ਕਰਨਾ ਪੈਂਦਾ ਹੈ। ਕੌਮੀ ਅਸੈਂਬਲੀ ਵਿਚ ਇਮਰਾਨ ਸਰਕਾਰ ਘੱਟ ਗਿਣਤੀ ਵਿਚ ਰਹਿ ਗਈ ਕਿਉਂਕਿ ਸੱਤਾਧਾਰੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਆਪਣੇ ਕਈ ਮੈਂਬਰ ਵੀ ਪਾਲਾ ਬਦਲ ਗਏ। ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਸ਼ਾਹਬਾਜ਼ ਸ਼ਰੀਫ ਨੂੰ ਆਪਣਾ ਆਗੂ ਚੁਣ ਲਿਆ। ਇਸ ਵਾਰ ਫੌਜ ਦਾ ਕਹਿਣਾ ਹੈ ਕਿ ਇਸ ਸਿਆਸੀ ਸੰਕਟ ਦੌਰਾਨ ਫੌਜ ਉਦਾਸੀਨ ਰਹੇਗੀ। ਇਮਰਾਨ ਖਾਨ ਦੀ ਸਰਕਾਰ ਬਾਰੇ ਕਿਹਾ ਜਾਂਦਾ ਰਿਹਾ ਹੈ ਕਿ ਫੌਜ ਦੀ ਤਾਕਤ ਨਾਲ ਉਹ ਸੱਤਾ ਵਿਚ ਆਏ ਸਨ। ਪਾਕਿਸਤਾਨ ਅੰਦਰ ਫੌਜ ਨੂੰ ਸਥਾਈ ਮਜ਼ਬੂਤ ਸਿਆਸੀ ਧਿਰ ਮੰਨਿਆ ਜਾਂਦਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਰਾਹੀਂ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਸਪੀਕਰ ਅਤੇ ਡਿਪਟੀ ਸਪੀਕਰ ਸਭ ਨੂੰ ਸੰਕੇਤ ਦੇ ਦਿੱਤਾ ਹੈ ਕਿ ਹੇਰਾਫੇਰੀ ਨਹੀਂ ਚੱਲ ਸਕਦੀ।

ਪਾਕਿਸਤਾਨ ਅੰਦਰ ਹੁਣ ਤੱਕ ਕਿਸੇ ਵੀ ਸਰਕਾਰ ਨੇ ਆਪਣਾ ਕਾਰਜਕਾਲ ਪੂਰਾ ਨਹੀਂ ਕੀਤਾ। ਪਾਕਿਸਤਾਨ ਮਹਿੰਗਾਈ, ਗਰੀਬੀ, ਬੇਰੁਜ਼ਗਾਰੀ ਅਤੇ ਵਿੱਤੀ ਸੰਕਟ ਵਰਗੇ ਮੁੱਦਿਆਂ ਨਾਲ ਜੂਝ ਰਿਹਾ ਹੈ। ਇਨ੍ਹਾਂ ਬਾਰੇ ਲੋਕਾਂ ਨੂੰ ਸੰਤੁਸ਼ਟ ਕਰਵਾਉਣਾ ਅਤੇ ਫੌਜ ਨਾਲ ਤਾਲਮੇਲ ਬਿਠਾਉਣਾ ਵੱਡੀ ਚੁਣੌਤੀ ਮੰਨੀ ਜਾ ਰਹੀ ਹੈ।

## ਹਮਲਿਆਂ ਮਗਰੋਂ ਕਸ਼ਮੀਰੀ ਪੰਡਿਤਾਂ 'ਚ ਡਰ ਵਧਿਆ



**ਸ੍ਰੀਨਗਰ:** ਕਸ਼ਮੀਰ ਵਿਚ ਅਤਿਵਾਦੀਆਂ ਨੇ ਗੈਰ-ਸਥਾਨਕ ਵਰਕਰਾਂ ਤੇ ਕਸ਼ਮੀਰੀ ਪੰਡਿਤਾਂ ਉਤੇ ਹਮਲੇ ਤੇਜ ਕਰ ਦਿੱਤੇ ਹਨ। ਦੱਸਣਯੋਗ ਹੈ ਕਿ ਬਾਹਰਲੇ ਸੂਬਿਆਂ ਦੇ ਚਾਰ ਕਾਮਿਆਂ ਤੇ ਇਕ ਕਸ਼ਮੀਰੀ ਪੰਡਿਤ ਨੂੰ ਹਾਲ ਹੀ ਵਿਚ ਅਤਿਵਾਦੀਆਂ ਨੇ ਗੋਲੀ ਮਾਰ ਦਿੱਤੀ ਸੀ। ਵਰਕਰਾਂ ਦੇ ਗੋਲੀਆਂ ਪੇਟ ਤੋਂ ਹੇਠਾਂ ਜਦਕਿ ਕਸ਼ਮੀਰੀ ਪੰਡਿਤ ਦੇ ਛਾਤੀ ਵਿਚ ਮਾਰੀਆਂ ਗਈਆਂ ਸਨ। ਇਕ ਸੀਨੀਅਰ ਸੁਰੱਖਿਆ ਅਧਿਕਾਰੀ ਨੇ ਦੱਸਿਆ ਕਿ ਹੁਣ ਅਤਿਵਾਦੀ ਬਾਹਰਲੇ ਸੂਬਿਆਂ ਦੇ ਲੋਕਾਂ ਦੀਆਂ ਲੱਤਾਂ ਵਿਚ ਗੋਲੀਆਂ ਮਾਰ ਰਹੇ ਹਨ ਜਦਕਿ ਪਿਛਲੇ ਸਾਲ ਉਨ੍ਹਾਂ ਦੀਆਂ ਹੱਤਿਆਵਾਂ ਕੀਤੀਆਂ ਜਾ ਰਹੀਆਂ ਸਨ। ਹਾਲਾਂਕਿ ਜ਼ਿਆਦਾਤਰ ਮਾਮਲਿਆਂ ਵਿਚ ਜ਼ਖਮੀਆਂ ਦੀ ਹਾਲਤ ਖਤਰੇ ਤੋਂ ਬਾਹਰ ਹੈ ਪਰ ਇਨ੍ਹਾਂ ਹਮਲਿਆਂ ਨੇ ਉਨ੍ਹਾਂ ਦੇ ਪਰਿਵਾਰਾਂ ਨੂੰ ਹੁਣ ਕਸ਼ਮੀਰ ਛੱਡਣ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਚਾਰ ਅਪਰੈਲ ਨੂੰ ਕਸ਼ਮੀਰੀ ਪੰਡਿਤ ਬਾਲ ਕ੍ਰਿਸ਼ਨ ਉਤੇ ਹੋਏ ਹਮਲੇ ਤੋਂ ਬਾਅਦ ਪ੍ਰਸ਼ਾਸਨ ਹੁਣ ਚੋਟੀਗਾਮ (ਸ਼ੋਪੀਆਂ) ਦੇ ਦੋ ਪੰਡਿਤ ਪਰਿਵਾਰਾਂ ਨੂੰ ਸੁਰੱਖਿਆ ਪ੍ਰਦਾਨ ਕਰ ਰਿਹਾ ਹੈ।

# ਰੂਸੀ ਹਮਲਾ ਸਿਰਫ ਯੂਕਰੇਨ ਤੱਕ ਹੀ ਸੀਮਤ ਨਹੀਂ: ਜ਼ੇਲੈਂਸਕੀ

**ਕੀਵ:** ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਰੂਸ ਆਪਣੇ ਹਮਲੇ ਰਾਹੀਂ ਪੂਰੇ ਯੂਰਪ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਉਸ ਦੇ ਦੇਸ਼ 'ਤੇ ਰੂਸੀ ਹਮਲੇ ਨੂੰ ਰੋਕਣਾ ਸਾਰੀਆਂ ਜਮਹੂਰੀਅਤਾਂ ਦੀ ਸੁਰੱਖਿਆ ਲਈ ਅਹਿਮ ਹੈ। ਜ਼ੇਲੈਂਸਕੀ ਨੇ ਦੇਸ਼ ਨੂੰ ਸੰਬੋਧਨ ਕਰਦਿਆਂ ਕਿਹਾ, ''ਰੂਸੀ ਹਮਲਾ ਸਿਰਫ ਯੂਕਰੇਨ ਤੱਕ ਸੀਮਤ ਰਹਿਣ ਦੇ ਇਰਾਦੇ ਨਾਲ ਨਹੀਂ ਕੀਤਾ ਗਿਆ। ਪੂਰਾ ਯੂਰਪੀ ਪ੍ਰੋਜੈਕਟ ਰੂਸ ਦੇ ਨਿਸ਼ਾਨੇ 'ਤੇ ਹੈ।''

ਉਨ੍ਹਾਂ ਕਿਹਾ, ''ਇਸ ਲਈ ਇਹ ਸਿਰਫ ਸਾਰੇ ਜਮਹੂਰੀ ਮੁਲਕਾਂ ਦਾ ਹੀ ਨਹੀਂ, ਸਗੋਂ ਯੂਰਪ ਦੀਆਂ ਸਾਰੀਆਂ ਤਾਕਤਾਂ ਦਾ ਨੈਤਿਕ ਫਰਜ਼ ਹੈ ਕਿ ਉਹ ਸ਼ਾਂਤੀ ਲਈ ਯੂਕਰੇਨ ਦੀ ਇੱਛਾ ਦਾ ਸਮਰਥਨ ਕਰਨ।'' ਉਨ੍ਹਾਂ ਕਿਹਾ, "ਅਸਲ ਵਿਚ ਇਹ ਹਰੇਕ ਸਭਿਅਕ ਦੇਸ਼ ਲਈ ਰੱਖਿਆ ਦੀ ਰਣਨੀਤੀ ਹੈ।'' ਕਈ ਯੂਰਪੀ ਆਗੂਆਂ ਨੇ ਯੁੱਧ ਦੇ ਝੰਬੇ ਦੇਸ਼ ਯੂਕਰੇਨ ਨਾਲ ਇਕਜੁੱਟਤਾ ਦਿਖਾਉਣ ਦੇ ਯਤਨ ਕੀਤੇ ਹਨ। ਜ਼ੇਲੈਂਸਕੀ ਨੇ ਯੂਕਰੇਨ ਦੀ ਰਾਜਧਾਨੀ ਕੀਵ ਦਾ ਦੌਰਾ ਕਰਨ ਲਈ ਬਰਤਾਨੀਆ ਅਤੇ ਆਸਟਰੀਆ ਦੇ ਆਗੂਆਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਲਮੀ ਪੱਧਰ 'ਤੇ ਫੰਡ ਇਕੱਠਾ ਕਰਨ ਲਈ ਕਰਵਾਏ ਪ੍ਰੋਗਰਾਮ ਲਈ ਯੂਰਪੀ ਕਮਿਸ਼ਨ ਦੇ ਪ੍ਰਧਾਨ ਦਾ ਵੀ ਧੰਨਵਾਦ ਕੀਤਾ। ਇਸ ਪ੍ਰੋਗਰਾਮ ਰਾਹੀਂ ਯੂਕਰੇਨੀ ਨਾਗਰਿਕਾਂ ਦੀ ਮਦਦ ਲਈ ਦਸ ਅਰਬ ਯੂਰੋ ਤੋਂ ਵੱਧ ਇਕੱਠੇ ਕੀਤੇ ਗਏ ਹਨ। ਇਸੇ ਦੌਰਾਨ ਯੂਕਰੇਨ ਸਰਹੱਦੀ ਰੱਖਿਆ ਏਜੰਸੀ ਨੇ ਕਿਹਾ ਕਿ ਜੰਗ ਲੜ ਸਕਣ ਦੀ ਉਮਰ ਵਾਲੇ 2200 ਯੂਕਰੇਨੀ ਪੁਰਸ਼ਾਂ ਨੂੰ ਹੁਣ ਤੱਕ ਮਾਰਸ਼ਲ ਲਾਅ ਦੀ ਉਲੰਘਣਾ ਦੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਗਿਆ ਹੈ।

ਦੂਜੇ ਪਾਸੇ ਇਕ ਅਮਰੀਕੀ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਫੌਜੀ ਕਾਰਵਾਈ ਮਗਰੋਂ ਮਿਲੇ ਝਟਕਿਆਂ ਤੋਂ ਬਾਅਦ ਰੂਸ ਨੇ ਯੂਕਰੇਨ ਜੰਗ ਲਈ ਨਵਾਂ ਕਮਾਂਡਰ ਨਿਯੁਕਤ ਕੀਤਾ ਹੈ। ਅਮਰੀਕੀ ਅਧਿਕਾਰੀ ਨੇ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਰੂਸ ਨੇ ਆਪਣੇ ਸਭ ਤੋਂ ਤਜਰਬੇਕਾਰ ਫੌਜੀ ਅਧਿਕਾਰੀ ਜਨਰਲ ਅਲੈਕਜੈਂਡਰ ਦਿਵੋਨਿਰਕੋਲ ਨੂੰ ਯੂਕਰੇਨ ਜੰਗ ਦਾ ਨਵਾਂ ਕਮਾਂਡਰ ਨਿਯੁਕਤ ਕੀਤਾ ਹੈ।




### 45 ਲੱਖ ਲੋਕਾਂ ਨੇ ਯੂਕਰੇਨ ਛੱਡਿਆ

**ਨਿਊ ਯਾਰਕ:** ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਕਿਹਾ ਕਿ ਰੂਸੀ ਹਮਲੇ ਮਗਰੋਂ ਯੂਕਰੇਨ ਛੱਡ ਕੇ ਜਾਣ ਵਾਲੇ ਲੋਕਾਂ ਦੀ ਗਿਣਤੀ 45 ਲੱਖ ਹੋ ਗਈ ਹੈ। ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨ ਵੱਲੋਂ ਆਪਣੇ ਪੋਰਟਲ 'ਤੇ ਦਿੱਤੀ ਗਈ ਤਾਜ਼ਾ ਜਾਣਕਾਰੀ ਮੁਤਾਬਕ, 24 ਫਰਵਰੀ ਤੋਂ ਹੁਣ ਤੱਕ 45.04 ਲੱਖ ਲੋਕ ਯੂਕਰੇਨ ਛੱਡ ਕੇ ਜਾ ਚੁੱਕੇ ਹਨ। ਜਾਣਕਾਰੀ ਮੁਤਾਬਕ, ਲਗਭਗ 26 ਲੱਖ ਲੋਕ ਪੋਲੈਂਡ ਗਏ ਅਤੇ 6,86,000 ਤੋਂ ਵੱਧ ਰੋਮਾਨੀਆ ਚਲੇ ਗਏ ਹਨ।

# ਸੋਭਾ ਯਾਤਰਾ 'ਤੇ ਪਥਰਾਓ ਦੌਰਾਨ ਹਿੰਸਾ ਭੜਕੀ

**ਅਹਿਮਦਾਬਾਦ:** ਮੱਧ ਪ੍ਰਦੇਸ਼ ਦੇ ਖੜਗੋਨੇ ਸ਼ਹਿਰ ਵਿਚ ਰਾਮਨੌਮੀ ਨੂੰ ਲੈ ਕੇ ਕੱਢੀ ਸ਼ੋਭਾ ਯਾਤਰਾ ਉਤੇ ਪੱਥਰਬਾਜ਼ੀ ਕੀਤੀ ਗਈ, ਜਿਸ ਮਗਰੋਂ ਭੜਕੀ ਹਿੰਸਾ ਵਿਚ ਕਈ ਵਾਹਨਾਂ ਨੂੰ ਅੱਗ ਲਾ ਦਿੱਤੀ ਗਈ। ਪੁਲਿਸ ਨੇ ਹਾਲਾਤ ਨੂੰ ਕਾਬੂ ਹੇਠ ਲਿਆਉਣ ਲਈ ਹਿੰਸਾਕਾਰੀਆਂ 'ਤੇ ਅੱਥਰੂ ਗੈਸ ਦੇ ਗੋਲੇ ਵੀ ਦਾਗੇ।

ਪੁਲਿਸ ਨੇ ਇਹਤਿਆਤ ਵਜੋਂ ਤਿੰਨ ਖੇਤਰਾਂ ਵਿਚ ਕਰਫਿਊ ਲਾਉਂਦਿਆਂ ਪੂਰੇ ਸ਼ਹਿਰ ਵਿਚ ਧਾਰਾ 144 ਲਾਗੂ ਕਰ ਦਿੱਤੀ ਹੈ। ਮੁਢਲੀ ਜਾਣਕਾਰੀ ਮੁਤਾਬਕ ਪੱਥਰਬਾਜ਼ੀ ਦੌਰਾਨ ਕਈ ਪੁਲਿਸ ਮੁਲਾਜ਼ਮ ਅਤੇ ਹੋਰ ਜ਼ਖਮੀ ਹੋਏ ਹਨ। ਸ਼ੋਭਾ ਯਾਤਰਾ ਪੂਰੇ ਸ਼ਹਿਰ ਵਿਚੋਂ ਕੱਢੀ ਜਾਣੀ ਸੀ ਪਰ ਹਿੰਸਾ ਕਰਕੇ ਇਸ ਨੂੰ ਵਿਚਾਲੇ ਹੀ ਰੋਕ ਦਿੱਤਾ ਗਿਆ।



ਇਸੇ ਦੌਰਾਨ ਗੁਜਰਾਤ ਦੇ ਦੋ ਸ਼ਹਿਰਾਂ ਹਿੰਮਤਨਗਰ ਅਤੇ ਖੰਭਾਤ ਵਿਚ ਵੀ ਰਾਮਨੌਮੀ ਦੀ ਸ਼ੋਭਾ ਯਾਤਰਾ ਦੌਰਾਨ ਦੋ ਭਾਈਚਾਰਿਆਂ ਵਿਚ ਹਿੰਸਕ ਝੜਪ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਕਈ ਜਖਮੀ ਹੋ ਗਏ।

ਦੋਵਾਂ ਧਿਰਾਂ ਨੇ ਇਕ ਦੂਜੇ 'ਤੇ ਪੱਥਰਬਾਜ਼ੀ ਕਰਦਿਆਂ ਕਈ ਦੁਕਾਨਾਂ ਤੇ ਵਾਹਨਾਂ ਨੂੰ ਵੀ ਨੁਕਸਾਨ ਪਹੁੰਚਾਇਆ। ਹਜੂਮ ਨੂੰ ਕਾਬੂ ਕਰਨ ਲਈ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ।

### ਨਫਰਤ ਤੇ ਹਿੰਸਾ ਨੇ ਦੇਸ਼ ਨੂੰ ਕਮਜ਼ੋਰ ਕੀਤਾ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਗੁਜਰਾਤ ਦੇ ਹਿੰਮਤਨਗਰ ਤੇ ਖੰਭਾਟ ਜਿਲ੍ਹਿਆਂ ਵਿਚ ਰਾਮਨੌਮੀ ਦੀ ਸ਼ੋਭਾ ਯਾਤਰਾ ਦੌਰਾਨ ਦੋ ਫਿਰਕਿਆਂ ਵਿਚ ਹੋਈ ਝੜਪ ਅਤੇ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਕੈਂਪਸ ਦੇ ਹੋਸਟਲ ਵਿਚ ਮਾਸਾਹਾਰੀ ਭੋਜਨ ਵਰਤਾਉਣ ਨੂੰ ਲੈ ਕੇ ਦੋ ਵਿਦਿਆਰਥੀ ਧਿਰਾਂ 'ਚ ਹੋਈ ਤਕਰਾਰ ਮਗਰੋਂ ਸਾਰੇ ਭਾਰਤੀਆਂ ਨੂੰ ਇਕਜੁੱਟ ਹੋ ਕੇ ਖੜ੍ਹਨ ਦੀ ਅਪੀਲ ਕੀਤੀ ਹੈ। ਨਫਰਤ ਤੇ ਹਿੰਸਾ ਦੇਸ਼ ਨੂੰ ਕਮਜ਼ੋਰ ਬਣਾ ਰਹੀ ਹੈ।

# ਸ੍ਰੀਲੰਕਾ: ਰਾਸ਼ਟਰਪਤੀ ਉਤੇ ਅਸਤੀਫੇ ਲਈ ਦਬਾਅ

**ਕੋਲੰਬੋ:** ਸ੍ਰੀਲੰਕਾ 'ਚ ਰਾਸ਼ਟਰਪਤੀ ਗੋਟਬਾਯਾ ਰਾਜਪਕਸੇ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਚੱਲ ਰਹੇ ਸਰਕਾਰ ਵਿਰੋਧੀ ਰੋਸ ਮੁਜ਼ਾਹਰਿਆਂ ਤਹਿਤ 'ਗਾਲੇ ਫੇਸ ਗਰੀਨ' ਪਾਰਕ ਵਿਚ ਇਕੱਠੇ ਹੋਏ 10 ਹਜ਼ਾਰ ਤੋਂ ਵੱਧ ਦੀ ਗਿਣਤੀ 'ਚ ਲੋਕਾਂ ਨੇ ਰਾਤ ਭਰ ਰੋਸ ਮੁਜ਼ਾਹਰੇ ਕੀਤੇ। ਬਰਤਾਨੀਆ ਤੋਂ 1948 'ਚ ਆਜ਼ਾਦੀ ਹਾਸਲ ਕਰਨ ਮਗਰੋਂ ਸ੍ਰੀਲੰਕਾ ਸਭ ਤੋਂ ਖਰਾਬ ਵਿੱਤੀ ਸੰਕਟ 'ਚੋਂ ਲੰਘ ਰਿਹਾ ਹੈ। ਦੇਸ਼ ਦੇ ਲੋਕ ਕਈ ਘੰਟਿਆਂ ਦੀ ਬਿਜਲੀ ਕਟੌਤੀ ਅਤੇ ਗੈਸ, ਖੁਰਾਕੀ ਤੇ ਹੋਰ ਜਰੂਰੀ ਵਸਤਾਂ ਦੀ ਘਾਟ ਖਿਲਾਫ ਕਈ ਹਫਤਿਆਂ ਤੋਂ ਰੋਸ ਮੁਜ਼ਾਹਰੇ ਕਰ ਰਹੇ ਹਨ।

ਸ੍ਰੀਲੰਕਾ ਦੀ ਪ੍ਰਮੁੱਖ ਤਾਮਿਲ ਪਾਰਟੀ 'ਤਾਮਿਲ ਕੌਮੀ ਗੱਠਜੋੜ' (ਟੀ.ਐਨ.ਏ.) ਨੇ ਕਿਹਾ ਕਿ ਉਹ ਰਾਸ਼ਟਰਪਤੀ ਗੋਟਬਾਯਾ ਰਾਜਪਕਸੇ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਉਣ ਲਈ ਵਿਰੋਧੀ ਧਿਰ ਦੀ ਹਮਾਇਤ ਕਰਨ ਲਈ ਤਿਆਰ ਹਨ। ਟੀ.ਐਨ.ਏ. ਦੇ ਬੁਲਾਰੇ ਐੱਮਏ ਸੁਮੰਥੀਰਨ ਨੇ ਕਿਹਾ, 'ਅਸੀਂ ਬੇਭਰੋਸਗੀ ਮਤਾ ਲਿਆਉਣ ਅਤੇ ਰਾਸ਼ਟਰਪਤੀ ਖਿਲਾਫ ਮਹਾ ਦੋਸ਼ ਦਾ ਕੇਸ ਚਲਾਉਣ ਸਬੰਧੀ ਵਿਰੋਧੀ ਧਿਰ ਦੇ ਕਦਮਾਂ ਦੀ ਹਮਾਇਤ ਕਰਾਂਗੇ। ਸਰਕਾਰ ਨੂੰ ਰਾਜਪਕਸੇ ਪਰਿਵਾਰ ਦੇ ਮੈਂਬਰਾਂ ਨੂੰ ਸੱਤਾ 'ਚੋਂ ਹਟਾਏ ਜਾਣ ਸਬੰਧੀ ਲੋਕਾਂ ਦੀ ਮੰਗ ਸਮਝਣੀ ਚਾਹੀਦੀ ਹੈ।'

## ਆਸਟਰੇਲੀਆ ਵਿਚ ਡੈਲਟਾਕਰੋਨ ਵੇਰੀਐਂਟ ਦੀ ਦਸਤਕ

**ਬ੍ਰਿਸਬੇਨ:** ਆਸਟਰੇਲੀਆ ਵਿਚ ਕੋਵਿਡ-19 ਦੇ ਇਕ ਨਵਾਂ ਰੂਪ ਡੈਲਟਾਕਰੋਨ ਖੋਜਿਆ ਗਿਆ ਹੈ, ਜਿਸ ਨੂੰ ਡੈਲਟਾ ਵੇਰੀਐਂਟ ਦੇ ਮਿਸ਼ਰਣ ਵਜੋਂ ਦਰਸਾਇਆ ਗਿਆ ਹੈ। ਇਹ ਨਵਾਂ ਰੂਪ ਫਰਵਰੀ ਮਹੀਨੇ ਫਰਾਂਸ ਵਿਚ ਖੋਜਿਆ ਗਿਆ ਸੀ ਅਤੇ ਹੁਣ ਸਮੁੱਚੇ ਯੂਰਪ ਅਤੇ ਸੰਯੁਕਤ ਰਾਜ ਵਿਚ ਲਗਾਤਾਰ ਦਿਖਾਈ ਦੇ ਰਿਹਾ ਹੈ। ਆਸਟਰੇਲੀਆ ਵਿਚ ਪਲੇਠਾ ਡੈਲਟਾਕਰੋਨ ਕੇਸ ਸੂਬਾ ਨਿਊ ਸਾਊਥ ਵੇਲਜ ਵੱਲੋਂ ਰਿਪੋਰਟ ਕੀਤਾ ਗਿਆ ਸੀ ਅਤੇ ਹੁਣ ਕੁਈਨਜਲੈਂਡ ਹੈਲਥ ਨੇ ਵੀ ਕੇਸਾਂ ਦੀ ਪੁਸ਼ਟੀ ਕੀਤੀ ਹੈ। ਛੂਤ ਦੀਆਂ ਬੀਮਾਰੀਆਂ ਦੇ ਮਾਹਿਰ ਪ੍ਰੋਫੈਸਰ ਪਾਲ ਗ੍ਰਿਫਿਨ ਨੇ ਕਿਹਾ ਕਿ ਇਸ ਨਵੇਂ ਵੇਰੀਐਂਟ ਵਿਚ ਸੰਭਾਵਤ ਤੌਰ 'ਤੇ ਓਮੀਕਰੋਨ ਸਟ੍ਰੇਨ ਦਾ ਪ੍ਰੋਟੀਨ ਸਪਾਈਕ ਪਾਇਆ ਗਿਆ ਹੈ।

# ਅਮਿਤ ਸ਼ਾਹ 'ਤੇ ਧੱਕੇ ਨਾਲ ਹਿੰਦੀ ਥੋਪਣ ਦੀ ਕੋਸ਼ਿਸ਼ ਦੇ ਦੋਸ਼ ਲਾਏ

**ਨਵੀਂ ਦਿੱਲੀ:** ਕਾਂਗਰਸ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਹਿੰਦੀ ਥੋਪਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਅਜਿਹਾ ਕਰਕੇ ਉਹ ਇਸ ਭਾਸ਼ਾ ਦਾ ਨੁਕਸਾਨ ਕਰ ਰਹੇ ਹਨ। ਵਿਰੋਧੀ ਧਿਰ ਕਾਂਗਰਸ ਨੇ ਇਹ ਵੀ ਕਿਹਾ ਕਿ ਸ਼ਾਹ ਮਹਿੰਗਾਈ ਅਤੇ ਹੋਰ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕਰ ਰਹੇ ਹਨ।


ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਹਿੰਦੀ 'ਰਾਜਭਾਸ਼ਾ' ਹੈ ਨਾ ਕਿ 'ਰਾਸ਼ਟਰਭਾਸ਼ਾ' ਹੈ। ਉਨ੍ਹਾਂ ਕਿਹਾ ਕਿ ਅਜਿਹਾ ਰਾਜਨਾਥ ਸਿੰਘ ਨੇ ਸੰਸਦ 'ਚ ਆਖਿਆ ਸੀ ਜਦੋਂ ਉਹ ਗ੍ਰਹਿ ਮੰਤਰੀ ਸਨ। ਰਮੇਸ਼ ਨੇ ਟਵਿੱਟਰ 'ਤੇ ਕਿਹਾ ਕਿ ਉਹ ਹਿੰਦੀ ਦੇ ਨਾਲ ਸਹਿਜ ਹਨ ਪਰ ਉਹ ਨਹੀਂ ਚਾਹੁੰਦੇ ਕਿ ਹਿੰਦੀ ਨੂੰ ਕਿਸੇ 'ਤੇ ਥੋਪਿਆ ਜਾਵੇ। ਕਾਂਗਰਸ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਗ੍ਰਹਿ ਮੰਤਰੀ ਹਿੰਦੀ ਬਾਰੇ ਉਪਦੇਸ਼ ਝਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਹਿੰਦੀ ਦੇ ਵੱਡੇ ਸਮਰਥਕ ਹਨ ਪਰ ਇਸ ਨੂੰ ਥੋਪਣ, ਭੜਕਾਊ ਰਾਜਨੀਤੀ ਅਤੇ ਵੰਡਪਾਊ ਸਿਆਸਤ ਦੇ ਹਮਾਇਤੀ ਨਹੀਂ ਹਨ। ਪ੍ਰਭਾਵਸ਼ਾਲੀ ਸਾਹਿਤ ਸੰਸਥਾ ਅਸਾਮ ਸਾਹਿਤ ਸਭਾ (ਏ.ਐਸ.ਐਸ.) ਨੇ ਹਿੰਦੀ ਨੂੰ ਉਤਰੀ-ਪੂਰਬੀ ਸੂਬਿਆਂ ਵਿਚ ਦਸਵੀਂ ਕਲਾਸ ਤੱਕ ਲਾਜ਼ਮੀ ਵਿਸ਼ਾ ਬਣਾਉਣ ਦੇ ਕਦਮ ਦੀ ਆਲੋਚਨਾ ਕੀਤੀ ਹੈ ਅਤੇ ਸਰਕਾਰ ਨੂੰ ਸਥਾਨਕ ਭਾਸ਼ਾਵਾਂ ਦੀ ਸੁਰੱਖਿਆ ਅਤੇ ਪ੍ਰਸਾਰ 'ਤੇ ਧਿਆਨ ਕੇਂਦਰਿਤ ਕਰਨ ਲਈ ਕਿਹਾ ਹੈ।



ਸਾਹਿਤ ਸਭਾ ਦੇ ਜਨਰਲ ਸਕੱਤਰ ਜਾਦਵ ਚੰਦਰ ਸ਼ਰਮਾ ਨੇ ਕਿਹਾ ਕਿ ਜੇਕਰ ਹਿੰਦੀ ਨੂੰ ਲਾਜ਼ਮੀ ਵਿਸ਼ਾ ਬਣਾਇਆ ਜਾਂਦਾ ਹੈ ਤਾਂ ਸਥਾਨਕ ਭਾਸ਼ਾਵਾਂ ਅਤੇ ਅਸਾਮੀ ਦਾ ਸੰਪਰਕ ਭਾਸ਼ਾ ਵਜੋਂ ਭਵਿੱਖ ਖਤਰੇ ਵਿਚ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਸਭਾ ਅਸਾਮੀ ਭਾਸ਼ਾ ਨੂੰ ਸੀ.ਬੀ.ਐਸ.ਈ. ਅਤੇ ਇੰਗਲਿਸ਼ ਮੀਡੀਅਮ ਸਕੂਲਾਂ ਵਿਚ ਸ਼ਾਮਲ ਕਰਨ ਲਈ ਸੂਬਾ ਸਰਕਾਰ 'ਤੇ ਦਬਾਅ ਬਣਾ ਰਹੀ ਹੈ, ਪਰ ਇਸ ਸਬੰਧੀ ਹੁਣ ਤੱਕ ਕੋਈ ਪ੍ਰਗਤੀ ਨਹੀਂ ਹੋਈ। ਅਸਾਮ ਦੀਆਂ ਵਿਰੋਧੀ ਧਿਰਾਂ ਨੇ ਵੀ ਕੇਂਦਰ ਦੇ ਇਸ ਐਲਾਨ ਦੀ ਆਲੋਚਨਾ ਕੀਤੀ ਹੈ ਕਿ ਸਾਰੇ ਅੱਠ ਉਤਰੀ-ਪੂਰਬੀ ਸੂਬਿਆਂ ਨੇ ਦਸਵੀਂ ਕਲਾਸ ਤੱਕ ਹਿੰਦੀ ਨੂੰ ਲਾਜ਼ਮੀ ਵਿਸ਼ਾ ਬਣਾਉਣ ਲਈ ਸਹਿਮਤੀ ਦਿੱਤੀ ਹੈ।

# ਸ਼ਾਹਮੁਖੀ ਵਿਚ ਛਪੀ ਪ੍ਰਿੰ. ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਦਾ ਸਨਮਾਨ

ਗੁਰਮੁਖੀ ਲਿੱਪੀ 'ਚ ਛਪੀ ਪ੍ਰਿੰ. ਸਰਵਣ ਸਿੰਘ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ' ਨੂੰ ਗੁਲਸ਼ਨ ਅਦਬ ਪਬਲੀਕੇਸ਼ਨਜ਼, ਸੰਤ ਨਗਰ, ਲਾਹੌਰ ਨੇ ਸ਼ਾਹਮੁਖੀ ਵਿਚ ਪ੍ਰਕਾਸ਼ਤ ਕੀਤਾ ਹੈ। ਗੁਰਮੁਖੀ ਵਿਚ 312 ਪੰਨੇ ਸਨ, ਸ਼ਾਹਮੁਖੀ ਵਿਚ 304 ਸਫ਼ੇ ਹਨ।



ਪ੍ਰਿੰ. ਸਰਵਣ ਸਿੰਘ ਨੇ ਦੱਸਿਆ ਕਿ ਸ਼ਾਹਮੁਖੀ 'ਚ ਛਪਣ ਲਈ ਲਾਹੌਰ ਦੇ ਪ੍ਰੋ. ਆਸ਼ਿਕ ਰਹੀਲ ਤੇ ਕੰਪਿਊਟਰ ਦੇ ਧਨੰਤਰ ਕਿਰਪਾਲ ਸਿੰਘ ਪੰਨੂੰ ਨੇ ਉਨ੍ਹਾਂ ਨੂੰ ਤੇ ਪ੍ਰਕਾਸ਼ਕ ਨੂੰ ਸਹਿਯੋਗ ਦਿੱਤਾ ਜਿਸ ਲਈ ਉਹ ਧੰਨਵਾਦ ਦੇ ਪਾਤਰ ਹਨ। ਸ਼ਾਹਮੁਖੀ ਵਿਚ ਛਪੀ ਇਸ ਪੁਸਤਕ ਨੂੰ 2021 'ਚ ਨਨਕਾਣਾ ਸਾਹਿਬ ਵਿਖੇ ਭੇਲ ਇੰਟਰਨੈਸ਼ਲ ਅਦਬੀ ਅਵਾਰਡ ਨਾਲ ਸਨਮਾਨਿਆ ਗਿਆ।

ਪ੍ਰਿੰ. ਸਰਵਣ ਸਿੰਘ ਨੇ ਕਿਹਾ , 'ਮੈਂ ਅਵਾਰਡ ਦੇਣ ਵਾਲੇ ਅਦਾਰੇ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ। ਇਹ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪੰਜਾਬੀਆਂ ਵਿਚਕਾਰ ਸਾਂਝਾਂ ਵਧਾਉਣ ਦਾ ਸੋਹਣਾ ਉਪਰਾਲਾ ਹੈ। ਸ਼ਾਲਾ! ਸਾਰੇ ਮੁਲਕਾਂ ਦੇ ਪੰਜਾਬੀਆਂ ਵਿਚਕਾਰ ਸਾਂਝਾਂ ਦੇ ਪੁਲ ਉਸਰਨ ਤੇ ਆਪਸੀ ਪਿਆਰ ਵਧੇ ਫੁੱਲੇ। ਪੰਜਾਬੀ ਜ਼ਬਾਨ ਪਾਕਿਸਤਾਨ ਵਿਚ ਸਭ ਤੋਂ ਵੱਧ ਲੋਕਾਂ ਵੱਲੋਂ ਬੋਲਣ ਵਾਲੀ ਬੋਲੀ ਹੈ। ਕਾਸ਼! ਪਾਕਿਸਤਾਨੀ ਪੰਜਾਬ ਵਿਚ ਵੀ ਭਾਰਤੀ ਪੰਜਾਬ ਵਾਂਗ ਪੰਜਾਬੀ ਬੋਲੀ ਸਿੱਖਿਆ ਦਾ ਮੀਡੀਅਮ ਬਣੇ। ਇੰਜ ਕਰਨ ਨਾਲ ਪਾਕਿਸਤਾਨੀ ਪੰਜਾਬ ਦੇ ਵਿਦਿਆਰਥੀ, ਸਿੰਧੀਆਂ ਨੂੰ ਸਿੰਧੀ ਤੇ ਪਖਤੂਨਾਂ ਨੂੰ ਪਸ਼ਤੋ ਵਿਚ ਦਿੱਤੀ ਜਾਂਦੀ ਤਾਲੀਮ ਵਾਂਗ ਪੰਜਾਬੀ ਸ਼ਾਹਮੁਖੀ ਵਿਚ ਹਰ ਤਰ੍ਹਾਂ ਦੀ ਤਾਲੀਮ ਸੌਖਿਆਂ ਸਿੱਖ ਸਕਣਗੇ।

ਕੋਈ ਵੀ ਹੋਰ ਭਾਸ਼ਾ ਮਾਂ ਬੋਲੀ ਜਿੰਨੀ ਸੌਖੀ ਨਹੀਂ ਸਮਝੀ ਜਾ ਸਕਦੀ। ਜੇ ਪੰਜਾਬੀ ਕਿਸੇ ਮੁਲਕ ਦੀ ਸਿਰਮੌਰ ਬੋਲੀ ਬਣ ਸਕਦੀ ਹੈ ਤਾਂ ਉਹਦੀ ਸਹੀ ਥਾਂ ਪਾਕਿਸਤਾਨ ਦਾ ਪੰਜਾਬ ਹੈ ਜਿਸ ਦੀ ਰਾਜਧਾਨੀ ਕਰੋੜ ਤੋਂ ਵੱਧ ਵਸੋਂ ਵਾਲਾ ਸ਼ਹਿਰ ਲਾਹੌਰ ਹੈ।'

# ਗਲੋਬਲ ਪੰਜਾਬੀ ਮਿਲਾਪ 14 ਮਈ ਨੂੰ

**ਸ਼ਿਕਾਗੋ:** ਗਲੋਬਲ ਪੰਜਾਬੀ ਮਿਲਾਪ ਸਮਾਗਮ ਇਸ ਵਾਰ 14 ਮਈ ਨੂੰ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਸਿਗਨੇਚਰ ਬੈਂਕੁਇਟ ਹਾਲ, 415 ਈ. ਨੌਰਥ ਅਵੈਨਿਊ, ਲੈਂਬਾਰਡ ਵਿਚ ਸ਼ਾਮੀ 6 ਵਜੇ ਸ਼ੁਰੂ ਹੋਵੇਗਾ। ਐਤਕੀਂ ਮਿਲਾਪ ਸਮਾਗਮ ਦਾ ਵਿਸ਼ਾ ਪੰਜਾਬੀ ਮਾਂ ਬੋਲੀ ਹੈ ਜਿਸ ਤਹਿਤ ਬੁਲਾਰੇ ਪੰਜਾਬੀ ਜ਼ਬਾਨ ਦੇ ਅਮੀਰ ਵਿਰਸੇ ਦੀ ਗੱਲ ਕਰਨਗੇ ਤੇ ਕਵੀ ਆਪੋ-ਆਪਣਾ ਕਲਾਮ ਪੇਸ਼ ਕਰਨਗੇ। ਸਮਾਗਮ ਵਿਚ ਹਿੱਸਾ ਲੈਣ ਲਈ 30 ਅਪਰੈਲ ਤੱਕ ਸੂਚਨਾ ਦੇਣੀ ਲਾਜ਼ਮੀ ਹੈ ਤਾਂ ਕਿ ਬੁਲਾਰਿਆਂ ਲਈ ਵਕਤ-ਵੰਡ ਬਿਹਤਰ ਤਰੀਕੇ ਨਾਲ ਕੀਤੀ ਜਾ ਸਕੇ।

ਯਾਦ ਰਹੇ ਕਿ ਗਲੋਬਲ ਪੰਜਾਬੀ ਮਿਲਾਪ 2003 ਵਿਚ ਸ਼ੁਰੂ ਹੋਇਆ ਸੀ ਜਿਸ ਦਾ ਮੁੱਖ ਮਕਸਦ ਪਰਦੇਸਾਂ ਵਿਚ ਵਸਦੇ ਪੰਜਾਬੀਆਂ ਨੂੰ ਇਕ ਮੰਚ 'ਤੇ ਇਕੱਠੇ ਕਰਨਾ ਸੀ। ਖਾਸ ਤਵੱਜੋ 1947 ਦੀ ਵੰਡ ਤੋਂ ਬਾਅਦ ਪਰਦੇਸਾਂ ਵਿਚ ਆ ਕੇ ਵਸੇ ਪੰਜਾਬੀਆਂ ਵੱਲ ਦੇਣ ਦੀ ਸੀ ਜਿਨ੍ਹਾਂ ਦੇ ਦਿਲਾਂ ਅੰਦਰ ਵੰਡ ਦਾ ਦਰਦ ਅਜੇ ਤੱਕ ਰਿਸ ਰਿਹਾ ਹੈ। ਜਦੋਂ ਵੀ ਬਚਪਨ ਦੀ ਗੱਲ ਚੱਲਦੀ ਹੈ, ਇਹ ਲੋਕ ਹਮੇਸ਼ਾ ਆਪਣੇ ਪਹਿਲੇ ਪਿੰਡਾਂ ਸ਼ਹਿਰਾਂ ਵਿਚ ਜਾ ਢੁੱਕਦੇ ਸਨ ਜਿਥੋਂ ਉਹ ਉਜੜ ਕੇ ਆਏ ਸਨ। ਦੋਵੇਂ ਮੁਲਕਾਂ, ਭਾਰਤ ਤੇ ਪਾਕਿਸਤਾਨ, ਵਿਚਕਾਰ ਲਗਾਤਾਰ ਤਣਾਅ ਰਹਿਣ ਕਾਰਨ ਦੋਹਾਂ ਪਾਸਿਆਂ ਦੇ ਪੰਜਾਬੀਆਂ ਲਈ ਖੁੱਲ੍ਹਾ ਆਣ-ਜਾਣ ਨਹੀਂ ਬਣਿਆ। ਇਸ ਸੂਰਤ ਦੇ ਮੱਦੇਨਜ਼ਰ ਇਹ ਸੋਚ ਆਈ ਕਿ ਕੋਈ ਅਜਿਹਾ ਪ੍ਰੋਗਰਾਮ ਉਲੀਕਿਆ ਜਾਵੇ ਜਿਸ ਵਿਚ ਵੰਡ ਵੇਲੇ ਵੱਖ ਹੋਏ ਪੰਜਾਬੀ ਇਕੱਠੇ ਕੀਤੇ ਜਾਣ ਤਾਂ ਕਿ ਉਹ ਆਪਣੇ ਪਿੱਛੇ ਛੱਡੇ ਜਨਮ ਸਥਾਨਾਂ ਦੀ ਗੱਲ ਸਾਂਝੀ ਕਰ ਸਕਣ। ਇਉਂ, ਪਹਿਲੇ ਮਿਲਾਪ ਵਿਚ ਇਕੱਠੇ ਹੋਏ ਪੰਜਾਬੀਆਂ ਵਿਚੋਂ ਕਈ ਪੱਗ-ਵਟ ਭਰਾ ਬਣ ਗਏ। ਇਹ ਸਾਂਝ ਹੁਣ ਵੀ ਚੱਲ ਰਹੀ ਹੈ।

ਮਿਲਾਪ ਦੀ ਵੱਡੀ ਸਫਲਤਾ ਇਹ ਵੀ ਹੈ ਕਿ 4-5 ਘੰਟੇ ਦਾ ਸਾਰਾ ਪ੍ਰੋਗਰਾਮ ਪੰਜਾਬੀ ਵਿਚ ਹੁੰਦਾ ਹੈ। ਕੋਈ ਇਕ ਵਿਸ਼ਾ ਚੁਣਿਆ ਜਾਂਦਾ ਹੈ ਅਤੇ ਬੁਲਾਰੇ ਉਸ ਉਤੇ ਹੀ ਵਧੇਰੇ ਜ਼ੋਰ ਦਿੰਦੇ ਹਨ। ਕਵੀਆਂ ਨੂੰ ਆਪਣੀ ਗੱਲ ਕਹਿਣ ਅਤੇ ਸੁਣਾਉਣ ਦਾ ਵਧੀਆ ਪਲੈਟਫਾਰਮ ਮਿਲਦਾ ਹੈ। ਇਸ ਗੱਲਬਾਤ ਵਿਚ ਇਹ ਨੁਕਤੇ ਸ਼ਾਮਿਲ ਹੁੰਦੇ ਹਨ: ਪੰਜਾਬੀ ਨੂੰ ਵਿਦੇਸ਼ਾਂ ਵਿਚ ਕਿਵੇਂ ਪ੍ਰਫੁਲਤ ਕੀਤਾ ਜਾਵੇ, ਲੋਕਾਂ ਨੂੰ ਵਿਰਸੇ ਨਾਲ ਕਿਵੇਂ ਜੋੜਿਆ ਜਾਵੇ। ਪੰਜਾਬੀ ਦੇ ਮਿਸਾਲੀ ਲੇਖਕ ਜਿਵੇਂ ਵਾਰਿਸ ਸ਼ਾਹ, ਬਾਬਾ ਬੁੱਲ੍ਹੇ ਸ਼ਾਹ ਤੇ ਹੋਰਾਂ ਬਾਰੇ ਝਾਤ ਪਾਈ ਜਾਂਦੀ ਹੈ। ਸਮਾਗਮਾਂ ਦੌਰਾਨ ਡਰਾਮਾ ਵੀ ਖੇਡਿਆ ਗਿਆ ਸੀ ਜਿਸ ਤੋਂ 'ਪਰਫਾਰਮੈਂਸ ਕਲੱਬ' ਦਾ ਜਨਮ ਹੋਇਆ ਜਿਸ ਨੇ ਬਾਬਾ ਬੁੱਲ੍ਹੇ ਸ਼ਾਹ ਬਾਰੇ ਖੇਡੇ ਡਰਾਮੇ ਵਿਚ ਸਿਖਰਾਂ ਛੋਹੀਆਂ। ਇਸ ਵਿਚ ਗੁਰਮੁੱਖ ਸਿੰਘ ਭੁੱਲਰ ਦੀ ਅਦਾਕਾਰੀ ਅਮਿੱਟ ਛਾਪ ਛੱਡ ਗਈ ਸੀ।

ਇਸ ਤੋਂ ਬਿਨਾ ਸ. ਅਮਰਦੀਪ ਸਿੰਘ ਦੀ ਸ਼ਿਕਾਗੋ ਵਿਚ ਪਲੇਠੀ ਕਿਤਾਬ 'ਦਿ ਲੌਸਟ ਹੈਰੀਟੇਜ ਆਫ ਸਿੱਖਜ਼' ਰਿਲੀਜ਼ ਕੀਤੀ ਗਈ। ਇਸ ਤੋਂ ਬਿਨਾਂ ਅਮਰੀਕਾ ਦੀਆਂ ਨਾਮਵਰ ਪੰਜਾਬੀ ਹਸਤੀਆਂ, ਕਵੀਆਂ ਨੂੰ ਵੱਖ-ਵੱਖ ਵਕਤ ਸ਼ਾਮਲ ਕੀਤਾ ਗਿਆ।

ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸਾਜਿਦ ਚੌਧਰੀ ਨੂੰ ਫੋਨ ਨੰਬਰ 773-213-3775, ਭਾਇਆ ਜੀ ਗੁਰ ਸਿੰਘ ਨੂੰ 815-401-8566 ਜਾਂ ਡਾਕਟਰ ਰਿਆਜ਼ ਬਾਬਰ ਨੂੰ 630-740-1451 'ਤੇ ਜਾਂ ਠਾਕਰ ਸਿੰਘ ਬਸਾਤੀ ਨੂੰ ਈਮੇਲ basatit@aol.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

**ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ**

**ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ**

**ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ**



**ਚਾਹਵਾਨ ਸੰਪਰਕ ਕਰਨ:**

**316-305-1818 ਜਾਂ 316-518-5382**

E-Mail: Bayleafaustin@gmail.com

10-17


## ਨਿਊਯਾਰਕ ਦੇ ਬਰੁਕਲਿਨ ਦੇ ਸਬਵੇਅ ਮੈਟਰੋ ਸਟੇਸ਼ਨ 'ਤੇ ਹਮਲਾ

**ਨਿਊਯਾਰਕ:** 2001 ਵਿੱਚ ਹੋਏ ਅਤਿਵਾਦੀ ਹਮਲੇ ਦੇ 21 ਪਿੱਛੋਂ ਨਿਊਯਾਰਕ ਦੇ ਬਰੁਕਲਿਨ ਦੇ ਸਬਵੇਅ ਮੈਟਰੋ ਸਟੇਸ਼ਨ 'ਤੇ ਇਕ ਵਾਰ ਫੇਰ ਵੱਡਾ ਹਮਲਾ ਹੋਇਆ, ਜਿਸ 'ਚ 16 ਲੋਕ ਜ਼ਖਮੀ ਹੋ ਗਏ। ਇਸ ਹਮਲੇ ਦੌਰਾਨ ਘੱਟੋ ਘੱਟ 10 ਲੋਕਾਂ ਨੂੰ ਗੋਲੀ ਲੱਗੀ ਅਤੇ ਇੱਕ ਬੰਬ ਧਮਾਕਾ ਹੋਇਆ ਦੱਸਿਆ ਜਾ ਰਿਹਾ ਹੈ। ਫਾਈਰਿੰਗ ਤੋਂ ਬਾਅਦ ਨਿਊਯਾਰਕ 'ਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸ਼ੁਰੂਆਤੀ ਜਾਂਚ ਤੋਂ ਬਾਅਦ ਦੱਸਿਆ ਜਾ ਰਿਹਾ ਹੈ ਕਿ ਗੋਲੀ ਚਲਾਉਣ ਵਾਲਾ ਵਿਅਕਤੀ ਮੈਟਰੋ ਸਟੇਸ਼ਨ 'ਚ ਕੰਸਟ੍ਰਕਸ਼ਨ ਵਰਕਰ ਦੇ ਭੇਸ 'ਚ ਆਇਆ ਸੀ। ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਸਾਰੇ ਸੀ.ਸੀ.ਟੀ.ਵੀ. ਕੈਮਰੇ ਖੰਗਾਲੇ ਜਾ ਰਹੇ ਹਨ ਅਤੇ ਦੋਸ਼ੀ ਦੀ ਭਾਲ ਜਾਰੀ ਹੈ। ਇਹ ਅਤਿਵਾਦੀ ਘਟਨਾ ਹੈ ਜਾਂ ਕੋਈ ਸਾਜ਼ਿਸ਼ ਇਸ ਦੀ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋ ਪਾਈ ਹੈ।

# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।*** apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 12-909-3827 and bipinloi07@gmail.com 16-19

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

LAW OFFICES OF
VIVEK MALIK

Follow us on :



ACCOMPLISHED
IMMIGRATION Attorneys
help FAMILIES
REUNITE in the
UNITED STATES

Our Global & Nationwide Services
in the field of
U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

- Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500

41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568

Email:
Homeomedicine@yahoo.com

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਸਾਖੀ ਮਨਾਉਣ ਲਈ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਪੁੱਜਿਆ

**ਅਟਾਰੀ:** ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਪਾਕਿਸਤਾਨ ਵਿਖੇ ਵਿਸਾਖੀ ਪੁਰਬ ਮਨਾਉਣ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਭਾਰਤ ਤੋਂ 1949 ਮੈਂਬਰੀ ਸਿੱਖ ਸ਼ਰਧਾਲੂਆਂ ਦਾ ਜਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ ਅਟਾਰੀ-ਵਾਹਗਾ ਸਰਹੱਦ ਰਸਤੇ ਤੋਂ ਪਾਕਿਸਤਾਨ ਪੁੱਜ ਗਿਆ। ਵਿਸਾਖੀ ਪੁਰਬ ਮਨਾਉਣ ਉਪਰੰਤ 15 ਅਪਰੈਲ ਨੂੰ ਜਥਾ ਨਨਕਾਣਾ ਸਾਹਿਬ ਪਹੁੰਚੇਗਾ। 16 ਅਪਰੈਲ ਨੂੰ ਜਥਾ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਸੱਚਾ ਸੌਦਾ (ਫਾਰੂਕਾਬਾਦ) ਦੇ ਦਰਸ਼ਨ ਕਰਕੇ ਸ਼ਾਮ ਨੂੰ ਮੁੜ ਨਨਕਾਣਾ ਸਾਹਿਬ ਪਰਤ ਆਵੇਗਾ। 17 ਅਪਰੈਲ ਨੂੰ ਜਥਾ ਸ੍ਰੀ ਨਨਕਾਣਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਪੁੱਜੇਗਾ। 18 ਅਪਰੈਲ ਨੂੰ ਜਥਾ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਠਹਿਰੇਗਾ। 19 ਅਪਰੈਲ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ



ਕਰਨ ਉਪਰੰਤ ਸਿੱਖ ਜਥਾ ਵਾਪਸ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਪਰਤ ਆਵੇਗਾ। 20 ਅਪਰੈਲ ਨੂੰ ਸਿੱਖ ਜਥਾ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਲਾਹੌਰ ਪਰਤੇਗਾ। 21 ਅਪਰੈਲ ਨੂੰ ਜਥਾ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਸਵੇਰੇ ਵਾਹਗਾ-ਅਟਾਰੀ ਸਰਹੱਦ ਰਸਤੇ ਵਾਪਸ ਵਤਨ ਪਰਤ ਆਵੇਗਾ।

# ਪੰਜਾਬ ਵਿਚ ਪ੍ਰਾਈਵੇਟ ਸਕੂਲਾਂ 'ਤੇ ਸਖਤੀ

**ਚੰਡੀਗੜ੍ਹ:** ਪੰਜਾਬ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਨੇ ਨਿੱਜੀ ਸਕੂਲਾਂ ਵੱਲੋਂ ਕੀਤੀਆਂ ਜਾਂਦੀਆਂ ਮਨਮਾਨੀਆਂ ਖਿਲਾਫ ਸਖਤ ਆਦੇਸ਼ ਜਾਰੀ ਕੀਤੇ ਹਨ। ਇਸ ਵਿਚ ਸੂਬੇ ਦੇ ਨਿੱਜੀ ਸਕੂਲਾਂ ਨੂੰ ਕਿਤਾਬਾਂ ਅਤੇ ਵਰਦੀਆਂ ਸਾਰੀਆਂ ਦੁਕਾਨਾਂ 'ਤੇ ਮੁਹੱਈਆ ਕਰਵਾਉਣ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਸਕੂਲ ਕੈਂਪਸ ਵਿਚ ਕਿਤਾਬਾਂ ਜਾਂ ਵਰਦੀਆਂ ਦੀ ਵਿਕਰੀ 'ਤੇ ਸਖਤੀ ਨਾਲ ਪਾਬੰਦੀ ਲਗਾਈ ਗਈ ਹੈ। ਪੰਜਾਬ ਸਰਕਾਰ ਨੇ ਇਸ ਆਦੇਸ਼ ਸਬੰਧੀ ਸੂਬੇ ਦੇ ਸਾਰੇ ਜਿਲ੍ਹਾ ਸਿੱਖਿਆ ਅਫਸਰ ਨੂੰ ਪੱਤਰ ਭੇਜ ਦਿੱਤੇ ਗਏ ਹਨ। ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਿੱਜੀ ਸਕੂਲਾਂ ਨੂੰ ਕਿਸੇ ਤਰ੍ਹਾਂ ਦੀ ਮਨਮਾਨੀ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾਂ ਨੇ ਸਕੂਲਾਂ ਨੂੰ ਕਿਹਾ ਕਿ ਕੋਈ ਵੀ ਸਕੂਲ ਦੋ ਸਾਲ ਤੋਂ ਪਹਿਲਾਂ ਵਰਦੀ ਦਾ ਰੰਗ ਜਾਂ ਉਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਹੀਂ ਕਰ ਸਕਦਾ।

# ਪੀ.ਆਰ.ਟੀ.ਸੀ. ਦੀ ਆਮਦਨ ਵਧਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦਾਅਵਾ ਕੀਤਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਦੀਆਂ ਪਾਰਦਰਸ਼ੀ ਨੀਤੀਆਂ ਸਦਕਾ ਸਰਕਾਰੀ ਬੱਸ ਸੇਵਾ ਦੀ ਆਮਦਨ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਮਾਰਚ 2021 ਵਿਚ ਪੀ.ਆਰ.ਟੀ.ਸੀ. ਦੀ ਆਮਦਨ 37.23 ਕਰੋੜ ਰੁਪਏ ਸੀ, ਜੋ ਮਾਰਚ 2022 ਦੌਰਾਨ ਵੱਧ ਕੇ 62.34 ਕਰੋੜ ਰੁਪਏ ਹੋ ਗਈ ਹੈ।

ਸ੍ਰੀ ਭੁੱਲਰ ਨੇ ਦੱਸਿਆ ਕਿ ਕਾਂਗਰਸ ਸਰਕਾਰ ਦੇ ਲੰਘੇ ਦਸੰਬਰ, ਜਨਵਰੀ ਤੇ ਫਰਵਰੀ ਮਹੀਨਿਆਂ ਦੌਰਾਨ ਪੀ.ਆਰ.ਟੀ.ਸੀ. ਦੀ ਰੋਜ਼ਾਨਾ ਆਮਦਨ 1 ਕਰੋੜ 76 ਲੱਖ ਰੁਪਏ ਪ੍ਰਤੀ ਦਿਨ ਦਰਜ ਕੀਤੀ ਗਈ ਜਦ ਕਿ 10 ਮਾਰਚ ਨੂੰ ਆਏ ਚੋਣ ਨਤੀਜਿਆਂ ਤੋਂ ਬਾਅਦ ਹੀ ਆਪ ਸਰਕਾਰ ਦੀ ਪਾਰਦਰਸ਼ੀ ਨੀਤੀ ਮੁਤਾਬਕ ਸਰਕਾਰੀ ਬੱਸ ਸੇਵਾ ਦੀ ਆਮਦਨ 'ਚ ਵਾਧਾ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਰਚ ਮਹੀਨੇ ਦੌਰਾਨ ਇਕੱਲੀ ਪੀ.ਆਰ.ਟੀ.ਸੀ. ਦੀ ਆਮਦਨ ਵੱਧ ਕੇ 2 ਕਰੋੜ 1 ਲੱਖ ਰੁਪਏ ਪ੍ਰਤੀ ਦਿਨ ਰਹੀ, ਜੋ ਅਪਰੈਲ ਮਹੀਨੇ ਦੇ 10 ਦਿਨਾਂ ਦੌਰਾਨ ਹੋਰ ਵੱਧ ਕੇ 2 ਕਰੋੜ 20 ਲੱਖ ਰੁਪਏ ਪ੍ਰਤੀ ਦਿਨ ਹੋ ਗਈ ਹੈ।

# ਬਹਿਬਲ ਕਲਾਂ ਦੇ ਸ਼ਹੀਦਾਂ ਦੀਆਂ ਤਸਵੀਰਾਂ ਅਜਾਇਬ ਘਰ 'ਚ ਲਾਈਆਂ

**ਅੰਮ੍ਰਿਤਸਰ:** ਬਹਿਬਲ ਕਲਾਂ ਗੋਲੀ ਕਾਂਡ ਵਿਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਰਾਵਾਂ ਦੀਆਂ ਤਸਵੀਰਾਂ ਸ਼੍ਰੋਮਣੀ ਕਮੇਟੀ ਨੇ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ ਕੀਤੀਆਂ ਹਨ। ਇਨ੍ਹਾਂ ਤੋਂ ਇਲਾਵਾ ਪੰਜ ਹੋਰ ਸਿੱਖ ਸ਼ਖਸੀਅਤਾਂ ਦੀਆਂ ਤਸਵੀਰਾਂ ਵੀ ਸਥਾਪਤ ਕੀਤੀਆਂ ਗਈਆਂ ਹਨ।

ਬਹਿਬਲ ਕਲਾਂ ਗੋਲੀ ਕਾਂਡ ਤੇ ਬੇਅਦਬੀ ਮਾਮਲੇ ਵਿਚ ਇਨਸਾਫ ਦੀ ਮੰਗ ਕਰਦਿਆਂ ਅੱਜ ਵੀ ਸਿੱਖ ਸੰਗਤ ਵੱਲੋਂ ਧਰਨੇ ਜਾਰੀ ਹਨ। 2015 ਵਿਚ ਵਾਪਰੀ ਇਸ ਘਟਨਾ ਦੌਰਾਨ ਮਾਰੇ ਗਏ ਦੋ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਾਰ ਦਿੱਤਾ ਗਿਆ ਸੀ। ਅਜਾਇਬਘਰ ਵਿਚ ਲਗਾਈਆਂ ਗਈਆਂ ਤਸਵੀਰਾਂ ਵਿਚ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹਰਬੰਸ ਸਿੰਘ ਘੁੰਮਣ, ਹਰਿਮੰਦਰ ਸਾਹਿਬ ਦੀ ਨੱਕਾਸ਼ੀ 'ਚ ਯੋਗਦਾਨ ਪਾਉਣ ਵਾਲੇ ਜੀ.ਐਸ. ਸੋਹਨ ਸਿੰਘ, ਸੰਤ ਪ੍ਰਿਥੀਪਾਲ ਸਿੰਘ ਸੱਯਦ, ਇੰਜੀਨੀਅਰ ਡਾ. ਜਸਵੰਤ ਸਿੰਘ ਗਿੱਲ ਤੇ ਬ੍ਰਿਗੇਡੀਅਰ ਪ੍ਰੀਤਮ ਸਿੰਘ ਦੀਆਂ ਤਸਵੀਰਾਂ ਵੀ ਸ਼ਾਮਲ ਹਨ।

ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੇ ਨਿਭਾਈ।

# ਚੰਡੀਗੜ੍ਹ ਸਣੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਬੇਸ਼ੱਕ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬੇ ਦਾ ਮੁੜ ਗਠਨ ਕੀਤਾ ਗਿਆ ਸੀ ਪਰ ਇਸ ਵੰਡ ਵਿਚ ਕਈ ਤਰੁੱਟੀਆਂ ਸਨ, ਜਿਵੇਂ ਕਿ ਚੰਡੀਗੜ੍ਹ ਸਮੇਤ ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਨਹੀਂ ਕੀਤੇ ਗਏ ਅਤੇ ਲੋਕਾਂ ਦੀਆਂ ਜਮਹੂਰੀ ਮੰਗਾਂ ਨੂੰ ਅਣਗੌਲਿਆਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਅੰਦਰ ਰਾਜ ਕਰਦੀਆਂ ਰਹੀਆਂ ਮੌਕਾਪ੍ਰਸਤ ਸਰਕਾਰਾਂ ਨੇ ਇਸ ਮਸਲੇ ਦੇ ਹੱਕੀ ਤੇ ਨਿਆਂਪੂਰਨ ਨਿਬੇੜੇ ਦੀ ਕਦੇ ਕੋਸ਼ਿਸ਼ ਨਹੀਂ ਕੀਤੀ, ਸਗੋਂ ਇਸ ਨੂੰ ਹਮੇਸ਼ਾ ਸਿਆਸੀ ਚਾਲਾਂ ਦਾ ਹੱਥਾ ਬਣਾਈ ਰੱਖਿਆ ਹੈ।

# ਕਾਂਗਰਸ ਦੀ ਧੜੇਬੰਦੀ ਤਿੱਖੀ

*(ਪਹਿਲੇ ਸਫੇ ਦੀ ਬਾਕੀ)*

ਦੀ ਆਸ ਕਰਨਾ ਸ਼ੱਕੀ ਲੱਗ ਰਿਹਾ ਹੈ।

ਨਵਜੋਤ ਸਿੰਘ ਸਿੱਧੂ ਵੱਲੋਂ ਨਵੀਆਂ ਨਿਯੁਕਤੀਆਂ ਦਾ ਭਾਵੇਂ ਸਵਾਗਤ ਕਰ ਦਿੱਤਾ ਗਿਆ ਹੈ ਪਰ ਪਾਰਟੀ ਅੰਦਰ ਉਨ੍ਹਾਂ ਦੀ ਹੁਣ ਕੀ ਥਾਂ ਰਹੇਗੀ ਅਤੇ ਸੂਬੇ ਅੰਦਰ ਉਨ੍ਹਾਂ ਵੱਲੋਂ ਆਪਣੇ ਸਮਰਥਕਾਂ ਦਾ ਜੋ ਧੜਾ ਖੜ੍ਹਾ ਕੀਤਾ ਜਾ ਰਿਹਾ ਸੀ, ਉਸ ਦਾ ਕੀ ਹੋਵੇਗਾ, ਇਹ ਸਵਾਲ ਅਜੇ ਖੜ੍ਹੇ ਹਨ। ਪਾਰਟੀ ਹਲਕਿਆਂ ਵਿਚ ਚਰਚਾ ਹੈ ਕਿ ਹਾਈਕਮਾਨ ਵੱਲੋਂ ਪੰਜਾਬ ਮਾਮਲਿਆਂ ਨਾਲ ਨਜਿੱਠਣ ਲਈ ਹਰੀਸ਼ ਚੌਧਰੀ ਨੂੰ ਕਾਫੀ ਅਧਿਕਾਰ ਦੇ ਦਿੱਤੇ ਹਨ ਅਤੇ ਤਾਜ਼ਾ ਨਿਯੁਕਤੀਆਂ ਤੇ ਦੂਜੇ ਫੈਸਲਿਆਂ ਉਤੇ ਉਨ੍ਹਾਂ ਦੀ ਰਾਏ ਕਾਫੀ ਭਾਰੂ ਹੈ। ਸ੍ਰੀ ਚੌਧਰੀ ਜਿਨ੍ਹਾਂ ਦੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਵੀ ਕਾਫੀ ਨੇੜਤਾ ਸਮਝੀ ਜਾਂਦੀ ਹੈ ਉਸ ਕਾਰਨ ਚੰਨੀ ਵੀ ਹੁਣ ਅਹਿਮ ਬਣ ਗਏ ਹਨ। ਹਾਲਾਂਕਿ ਚੰਨੀ ਉਤੇ ਭਰੋਸਾ ਹਾਈਕਮਾਨ ਨੂੰ ਮਹਿੰਗਾ ਪਿਆ ਤੇ ਸੂਬੇ ਵਿਚ ਨਮੋਸ਼ੀ ਵਾਲੀ ਹਾਰ ਮਿਲੀ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਹਾਈਕਮਾਨ ਅਜੇ ਵੀ ਆਪਣੀ 'ਧੌਂਸ' ਦਿਖਾਉਣ ਦੇ ਚੱਕਰ ਵਿਚ ਉਹੀ ਗਲਤੀਆਂ ਕਰ ਰਹੀ ਹੈ ਜੋ ਉਸ ਨੇ ਬੀਤੇ ਵਿਚ ਕੀਤੀਆਂ ਹਨ। ਪੰਜਾਬ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਦੀ ਥਾਂ ਲੀਡਰਸ਼ਿਪ ਬਾਰੇ ਦਿੱਲੀ ਤੋਂ ਲਏ ਜਾ ਰਹੇ ਫੈਸਲੇ ਪਾਰਟੀ ਨੂੰ ਆਉਂਦੇ ਸਮੇਂ ਵਿਚ ਹੋਰ ਮਹਿੰਗੇ ਪੈਣ ਦਾ ਖਦਸ਼ਾ ਹੈ।

# ਅਕਾਲੀ ਦਲ ਵੱਲੋਂ ਮਜੀਠੀਆ ਨਾਲ ਜੇਲ੍ਹ 'ਚ ਅਣਮਨੁੱਖੀ ਵਿਹਾਰ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਦੋਸ਼ ਲਾਇਆ ਹੈ ਕਿ ਬਿਕਰਮ ਸਿੰਘ ਮਜੀਠੀਆ 'ਤੇ ਜੇਲ੍ਹ ਵਿਚ ਮਾਨਸਿਕ ਤਸ਼ੱਦਦ ਕਰ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਪੀ.ਟੀ.ਸੀ. ਦੇ ਐਮ.ਡੀ. ਰਬਿੰਦਰ ਨਾਰਾਇਣ ਨੂੰ ਝੂਠੇ ਕੇਸ ਵਿਚ ਫਸਾ ਕੇ ਪ੍ਰੈੱਸ ਦੀ ਆਜ਼ਾਦੀ 'ਤੇ ਹਮਲਾ ਕੀਤਾ ਜਾ ਰਿਹਾ ਹੈ। ਆਮ ਆਦਮੀ ਪਾਰਟੀ ਸਿਆਸੀ ਬਦਲਾਖੋਰੀ 'ਤੇ ਉਤਰ ਆਈ ਹੈ।

ਅਕਾਲੀ ਦਲ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸਾਰੇ ਸਥਾਪਤ ਲੋਕਤੰਤਰੀ ਨਿਯਮਾਂ ਅਤੇ ਜੇਲ੍ਹ ਮੈਨੁਅਲ ਦੀ ਉਲੰਘਣਾ ਕਰ ਕੇ ਬਿਕਰਮ ਸਿੰਘ ਮਜੀਠੀਆ ਨਾਲ ਅਣਮਨੁੱਖੀ ਵਿਹਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਕ ਹਵਾਲਾਤੀ ਵਜੋਂ ਜਿਹੜੀਆਂ ਸਹੂਲਤਾਂ ਮਜੀਠੀਆ ਨੂੰ ਮਿਲਣੀਆਂ ਚਾਹੀਦੀਆਂ ਹਨ, ਉਹ ਵੀ ਨਹੀਂ ਦਿੱਤੀਆਂ ਜਾ ਰਹੀਆਂ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਇਹ ਬਦਲਾਖੋਰੀ ਸਿਰਫ ਮਜੀਠੀਆ ਤੱਕ ਸੀਮਤ ਨਹੀਂ ਹੈ ਬਲਕਿ ਸਰਕਾਰ ਪ੍ਰੈੱਸ ਦੀ ਆਜ਼ਾਦੀ ਨੂੰ ਵੀ ਕੁਚਲਣਾ ਚਾਹੁੰਦੀ ਹੈ।

# ਢੀਂਡਸਾ ਬਣੇ ਰਹਿਣਗੇ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ

**ਚੰਡੀਗੜ੍ਹ:** ਵਿਧਾਨ ਸਭਾ ਚੋਣ ਨਤੀਜਿਆਂ ਦੇ ਮੱਦੇਨਜਰ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਵੱਲੋਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਦਿੱਤੇ ਗਏ ਅਸਤੀਫੇ 'ਤੇ ਫੈਸਲਾ ਲੈਣ ਲਈ ਗਠਿਤ ਕੀਤੀ ਸੀਨੀਅਰ ਆਗੂਆਂ ਦੀ ਪੰਜ ਮੈਂਬਰੀ ਕਮੇਟੀ ਦੀ ਅੰਤਿਮ ਮੀਟਿੰਗ ਹੋਈ। ਇਸ ਦੌਰਾਨ ਵਿਚਾਰ-ਚਰਚਾ ਮਗਰੋਂ ਸੁਖਦੇਵ ਸਿੰਘ ਢੀਂਡਸਾ ਦੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਮੇਟੀ ਦੇ ਮੈਂਬਰਾਂ ਨੇ ਸ੍ਰੀ ਢੀਂਡਸਾ ਦਾ ਅਸਤੀਫਾ ਪ੍ਰਵਾਨ ਨਹੀਂ ਕੀਤਾ। ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸੁਖਦੇਵ ਸਿੰਘ ਢੀਂਡਸਾ ਪਹਿਲਾਂ ਵਾਂਗ ਬਤੌਰ ਪਾਰਟੀ ਪ੍ਰਧਾਨ ਆਪਣੀਆਂ ਸੇਵਾਵਾਂ ਦਿੰਦੇ ਰਹਿਣਗੇ। ਕਮੇਟੀ ਮੈਂਬਰਾਂ ਨੇ ਦੋਸ਼ ਲਗਾਇਆ ਕਿ ਬਾਦਲ ਪਰਿਵਾਰ ਦੇ ਦਬਾਅ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਵਿਚ ਭ੍ਰਿਸ਼ਟਾਚਾਰ ਜ਼ੋਰਾਂ 'ਤੇ ਹੈ ਤੇ ਅਜਿਹੇ ਵਿਚ ਪੰਥ ਦੀਆਂ ਸਿਰਮੌਰ ਸੰਸਥਾਵਾਂ ਨੂੰ ਬਾਦਲ ਦਲ ਤੋਂ ਮੁਕਤ ਕਰਵਾਉਣ ਲਈ ਸ੍ਰੀ ਢੀਂਡਸਾ ਦਾ ਪਾਰਟੀ ਪ੍ਰਧਾਨ ਦੇ ਅਹੁਦੇ 'ਤੇ ਬਣੇ ਰਹਿਣਾ ਲਾਜ਼ਮੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੇਂਦਰ ਵੱਲੋਂ ਖੇਤੀ ਕਾਨੂੰਨ ਮੁੜ ਲਿਆਉਣ ਦੀ ਚਰਚਾ ਨੇ ਜ਼ੋਰ ਫੜਿਆ

## ਨੀਤੀ ਆਯੋਗ ਦੇ ਦਾਅਵੇ ਪਿੱਛੋਂ ਭਾਜਪਾ ਆਗੂ ਵੀ ਹੋਏ ਸਰਗਰਮ

**ਨਵੀਂ ਦਿੱਲੀ:** ਨੀਤੀ ਆਯੋਗ ਵੱਲੋਂ ਖੇਤੀ ਖੇਤਰ ਵਿਚ ਸੁਧਾਰ ਲਈ ਖੇਤੀ ਕਾਨੂੰਨਾਂ ਦੀ ਵਕਾਲਤ ਕਰਨ ਤੋਂ ਬਾਅਦ ਭਾਜਪਾ ਆਗੂ ਵੀ ਇਸ ਪਾਸੇ ਸਰਗਰਮ ਹੋਣ ਲੱਗੇ ਹਨ। ਪੰਜਾਬ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਇਸ ਖੇਤਰ ਵਿਚ ਸੁਧਾਰਾਂ ਲਈ ਖੇਤੀ ਕਾਨੂੰਨ ਜ਼ਰੂਰੀ ਹਨ। ਪੰਜਾਬ ਭਾਜਪਾ ਆਗੂ ਹਰਜੀਤ ਗਰੇਵਾਲ ਨੇ ਤਾਂ ਕਾਨੂੰਨ ਮੁੜ ਲਿਆਉਣ ਦਾ ਵਿਰੋਧ ਕਰ ਰਹੀਆਂ ਕਿਸਾਨ ਜਥੇਬੰਦੀਆਂ ਉਤੇ ਵੱਡੇ ਸਵਾਲ ਖੜ੍ਹੇ ਕਰਦਿਆਂ ਆਖ ਦਿੱਤਾ ਹੈ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਹੀ ਖੇਤੀ ਧੰਦੇ ਨੂੰ ਲਾਹੇਵੰਦ ਬਣਾਇਆ ਜਾ ਸਕਦਾ ਹੈ।

ਉਧਰ, ਸੰਯੁਕਤ ਕਿਸਾਨ ਮੋਰਚੇ ਦੇ ਆਗੂ ਡਾ. ਦਰਸ਼ਨਪਾਲ ਨੇ ਕਿਹਾ ਕਿ ਜੇਕਰ ਸਰਕਾਰ ਕਿਸਾਨਾਂ ਨਾਲ ਗੱਲ ਕੀਤੇ ਬਿਨਾ ਕੋਈ ਬਿੱਲ ਲਿਆਉਂਦੀ ਹੈ ਤਾਂ ਉਸ ਦਾ ਵਿਰੋਧ ਕੀਤਾ ਜਾਵੇਗਾ। ਡਾ. ਦਰਸ਼ਨਪਾਲ ਨੇ ਕਿਹਾ ਕਿ ਕੇਂਦਰ ਸਰਕਾਰ ਖੇਤੀਬਾੜੀ ਨੂੰ ਵਾਰ-ਵਾਰ ਪੂੰਜੀਪਤੀਆਂ ਦੇ ਹੱਥ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨੀ ਸਬੰਧੀ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਕਿਸਾਨਾਂ ਨਾਲ ਸਲਾਹ-ਮਸ਼ਵਰਾ ਕਰੇ, ਤਾਂ ਜੋ ਕਿਸਾਨਾਂ ਪੱਖੀ ਫੈਸਲਾ ਲਿਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਮਸਲੇ 'ਤੇ ਕੁਝ ਬੋਲਣ ਨੂੰ ਤਿਆਰ ਨਹੀਂ ਹੈ। ਜ਼ਿਕਰਯੋਗ ਹੈ ਕਿ ਨੀਤੀ ਆਯੋਗ ਦੇ ਮੈਂਬਰ ਦਾ ਕਹਿਣਾ ਹੈ



ਕਿ ਕਿਸਾਨਾਂ ਨੂੰ ਫਸਲਾਂ ਦੀਆਂ ਬਿਹਤਰ ਕੀਮਤਾਂ ਦੇਣ ਦੇ ਯੋਗ ਬਣਾਉਣ ਲਈ ਖੇਤੀ ਖੇਤਰ ਵਿਚ ਸੁਧਾਰ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਰੱਦ ਕਰਨ ਨਾਲ ਕਿਸਾਨਾਂ ਦੀ ਆਮਦਨ ਸਾਲ 2022 ਤੱਕ ਦੁੱਗਣੀ ਕਰਨ ਦੇ ਟੀਚੇ ਨੂੰ ਝਟਕਾ ਲੱਗਿਆ ਹੈ। ਉਨ੍ਹਾਂ ਖੇਤੀਬਾੜੀ ਸੁਧਾਰ ਪ੍ਰਕਿਰਿਆ ਮੁੜ ਸ਼ੁਰੂ ਕਰਨ ਲਈ ਕੇਂਦਰ ਨੂੰ ਰਾਜਾਂ ਨਾਲ ਨਵੇਂ ਸਿਰੇ ਤੋਂ ਸਲਾਹ-ਮਸ਼ਵਰਾ ਕਰਨ ਦੇ ਸੁਝਾਅ ਦਿੱਤੇ ਹਨ। ਨੀਤੀ ਆਯੋਗ ਨੇ ਰਾਜਾਂ ਨਾਲ ਨਵੇਂ ਸਿਰੇ ਤੋਂ ਸਲਾਹ ਕਰਨ ਲਈ ਵੀ ਕਿਹਾ ਹੈ ਪਰ ਕਿਸਾਨਾਂ ਨਾਲ ਗੱਲਬਾਤ ਦੀ ਕੋਈ ਗੱਲ ਨਹੀਂ ਕੀਤੀ।

ਦੱਸ ਦਈਏ ਕਿ ਖੇਤੀ ਖੇਤਰ 'ਚ ਸੁਧਾਰਾਂ ਨੂੰ ਅਹਿਮ ਦੱਸਦਿਆਂ ਨੀਤੀ ਆਯੋਗ ਦੇ ਮੈਂਬਰ ਰਮੇਸ਼ ਚੰਦ ਨੇ ਕਿਹਾ ਹੈ ਕਿ ਤਿੰਨ ਖੇਤੀ ਕਾਨੂੰਨ ਰੱਦ ਕਰਨਾ ਕਿਸਾਨਾਂ ਨੂੰ ਵੱਧ ਮੁੱਲ ਦਿਵਾਉਣ ਦੀਆਂ ਕੋਸ਼ਿਸ਼ਾਂ ਲਈ ਇਕ ਝਟਕਾ ਹੈ। ਉਨ੍ਹਾਂ ਕਿਹਾ ਕਿ ਤਿੰਨੇ ਖੇਤੀ ਕਾਨੂੰਨ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਦੇ ਟੀਚੇ ਨੂੰ ਹਾਸਲ ਕਰਨ 'ਚ ਮਦਦਗਾਰ ਹੋ ਸਕਦੇ ਸਨ। ਉਨ੍ਹਾਂ ਕਿਹਾ ਕੁਝ ਲੋਕਾਂ ਨੇ ਨੀਤੀ ਆਯੋਗ ਤੋਂ ਸੁਧਾਰਾਂ ਨੂੰ ਅਮਲ 'ਚ ਲਿਆਉਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਖੇਤੀ ਸੁਧਾਰ ਪ੍ਰਕਿਰਿਆ ਨੂੰ ਬਹਾਲ ਕਰਨ ਲਈ ਰਾਜਾਂ ਨਾਲ ਨਵੇਂ ਸਿਰੇ ਤੋਂ ਵਿਚਾਰ-ਚਰਚਾ ਸ਼ੁਰੂ ਕੀਤੀ ਜਾਣੀ ਚਾਹੀਦੀ ਹੈ। ਨੀਤੀ ਆਯੋਗ 'ਚ ਖੇਤੀ ਨੀਤੀਆਂ ਦੇਖਣ ਵਾਲੇ ਰਮੇਸ਼ ਚੰਦ ਨੇ ਕਿਹਾ, 'ਖੇਤੀ ਖੇਤਰ 'ਚ ਸੁਧਾਰ ਮਹੱਤਵਪੂਰਨ ਹਨ। ਕੁਝ ਕਿਸਾਨ ਇਨ੍ਹਾਂ (ਤਿੰਨ ਖੇਤੀ ਕਾਨੂੰਨ) ਦਾ ਵਿਰੋਧ ਕਰ ਰਹੇ ਹਨ। ਮੈਨੂੰ ਲੱਗਦਾ ਹੈ ਕਿ ਰਾਜਾਂ ਨਾਲ ਨਵੇਂ ਸਿਰੇ ਤੋਂ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ।' ਉਨ੍ਹਾਂ ਕਿਹਾ, 'ਲੋਕ ਸਾਡੇ ਕੋਲ ਆ ਰਹੇ ਹਨ ਅਤੇ ਕਹਿ ਰਹੇ ਹਨ ਕਿ ਸੁਧਾਰਾਂ ਦੀ ਲੋੜ ਹੈ ਪਰ ਇਹ ਕਿਸ ਤਰ੍ਹਾਂ, ਕਿਸ ਰੂਪ, ਕਿਸ ਆਕਾਰ 'ਚ ਹੋਣੇ ਚਾਹੀਦੇ ਹਨ, ਇਸ ਬਾਰੇ ਸਾਨੂੰ ਕੁਝ ਸਮਾਂ ਉਡੀਕ ਕਰਨੀ ਚਾਹੀਦੀ ਹੈ।'

ਉਨ੍ਹਾਂ ਨੂੰ ਸਵਾਲ ਕੀਤਾ ਗਿਆ ਕਿ ਕੀ ਤਿੰਨ ਖੇਤੀ ਕਾਨੂੰਨ ਲਾਗੂ ਕੀਤੇ ਬਿਨਾਂ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨੀ ਸੰਭਵ ਹੈ? ਇਸ 'ਤੇ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬਿਹਤਰ ਮੁੱਲ ਮਿਲੇ ਇਸ ਲਈ ਸੁਧਾਰ ਜ਼ਰੂਰੀ ਹਨ। ਉਨ੍ਹਾਂ ਕਿਹਾ, 'ਜੇਕਰ ਸੁਧਾਰ ਨਹੀਂ ਹੋ ਰਹੇ ਤਾਂ ਯਕੀਨੀ ਤੌਰ 'ਤੇ ਇਹ ਇਨ੍ਹਾਂ ਕੋਸ਼ਿਸ਼ਾਂ ਲਈ ਝਟਕਾ ਹੈ।' ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦਾ ਵੱਡੇ ਪੱਧਰ 'ਤੇ ਵਿਰੋਧ ਹੋਇਆ ਸੀ ਜਿਸ ਮਗਰੋਂ 1 ਦਸੰਬਰ 2021 ਨੂੰ ਇਹ ਕਾਨੂੰਨ ਰੱਦ ਕਰਨ ਲਈ ਸਰਕਾਰ ਵੱਲੋਂ ਸੰਸਦ 'ਚ ਇਕ ਬਿੱਲ ਲਿਆਂਦਾ ਗਿਆ ਸੀ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਵਿੱਤੀ ਵਰ੍ਹੇ 2021-22 'ਚ ਖੇਤੀ ਖੇਤਰ 'ਚ ਵਾਧਾ ਕਰੀਬ ਤਿੰਨ ਫੀਸਦ ਰਹੇਗਾ। ਉਨ੍ਹਾਂ ਕਿਹਾ ਕਿ ਜੇਕਰ ਮੌਨਸੂਨ ਤੇ ਹੋਰ ਹਾਲਾਤ ਸੁਖਾਵੇਂ ਰਹੇ ਤਾਂ ਚਾਲੂ ਵਿੱਤੀ ਵਰ੍ਹੇ 2022-23 'ਚ ਖੇਤੀ ਖੇਤਰ 'ਚ ਵਿਕਾਸ ਤੇ ਸੁਧਾਰ ਹੋਵੇਗਾ।

### ਕਿਸਾਨਾਂ ਦੇ ਸਮਰੱਥ ਬਣਨ ਨਾਲ ਖੁਸ਼ਹਾਲ ਭਾਰਤ ਬਣੇਗਾ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੇਸ਼ ਦਾ ਕਿਸਾਨ ਜਿੰਨਾ ਸਮਰੱਥ ਬਣੇਗਾ, ਨਵਾਂ ਭਾਰਤ ਉਨਾ ਹੀ ਖੁਸ਼ਹਾਲ ਹੋਵੇਗਾ। ਉਨ੍ਹਾਂ ਕਿਹਾ ਕਿ 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ' ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਯੋਜਨਾਵਾਂ ਕਰੋੜਾਂ ਕਿਸਾਨਾਂ ਨੂੰ ਨਵੀਂ ਤਾਕਤ ਦੇ ਰਹੀਆਂ ਹਨ। ਪ੍ਰਧਾਨ ਮੰਤਰੀ ਨੇ ਟਵੀਟ ਕਰਦਿਆਂ ਕਿਹਾ, ''ਸਾਡੇ ਕਿਸਾਨ ਭੈਣ-ਭਰਾਵਾਂ 'ਤੇ ਦੇਸ਼ ਨੂੰ ਮਾਣ ਹੈ। ਇਹ ਜਿੰਨੇ ਮਜ਼ਬੂਤ ਹੋਣਗੇ, ਨਵਾਂ ਭਾਰਤ ਵੀ ਉਨਾ ਹੀ ਖੁਸ਼ਹਾਲ ਹੋਵੇਗਾ। ਮੈਨੂੰ ਖੁਸ਼ੀ ਹੈ ਕਿ ਪੀਐੱਮ ਕਿਸਾਨ ਸਨਮਾਨ ਨਿਧੀ ਅਤੇ ਖੇਤੀ ਨਾਲ ਸਬੰਧਤ ਹੋਰ ਯੋਜਨਾਵਾਂ ਦੇਸ਼ ਦੇ ਕਰੋੜਾਂ ਕਿਸਾਨਾਂ ਨੂੰ ਨਵੀਂ ਤਾਕਤ ਦੇ ਰਹੀਆਂ ਹਨ।''

# ਕਣਕ ਦੇ ਘਟੇ ਝਾੜ ਨੇ ਕਿਸਾਨਾਂ ਦੀਆਂ ਆਸਾਂ ਉਤੇ ਪਾਣੀ ਫੇਰਿਆ



**ਚੰਡੀਗੜ੍ਹ:** ਇਕ ਪਾਸੇ ਜਿਥੇ ਰੂਸ-ਯੂਕਰੇਨ ਜੰਗ ਕਰਕੇ ਕੌਮਾਂਤਰੀ ਬਾਜ਼ਾਰ ਵਿਚ ਕਣਕ ਦੀ ਕਦਰ ਪੈਣ ਲੱਗੀ ਹੈ, ਉਥੇ ਪੰਜਾਬ ਵਿਚ ਹਾੜ੍ਹੀ ਦੀ ਵਾਢੀ ਆਰੰਭ ਹੁੰਦਿਆਂ ਹੀ ਕਣਕ ਦਾ ਝਾੜ ਘਟਣ ਦੇ ਦਾਅਵਿਆਂ ਨੇ ਕਿਸਾਨਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਮੰਡੀਆਂ ਵਿਚ ਕਣਕ ਸੁੱਟਣ ਲਈ ਆ ਰਹੇ ਕਿਸਾਨਾਂ ਦੇ ਚਿਹਰਿਆਂ ਤੋਂ ਝਾੜ ਘਟਣ ਦੀਆਂ ਮੁਢਲੀਆਂ ਨਿਸ਼ਾਨੀਆਂ ਪ੍ਰਤੱਖ ਦਿਸਣ ਲੱਗੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਅਤੇ ਖੇਤੀਬਾੜੀ ਮਹਿਕਮੇ ਦੇ ਵਿਗਿਆਨੀਆਂ ਨੇ ਮੰਨਿਆ ਕਿ ਇਸ ਵਾਰ ਮਾਰਚ ਮਹੀਨੇ ਵਿਚ ਪਈ ਗਰਮੀ ਕਾਰਨ ਕਣਕ ਦੇ ਦਾਣੇ ਸ਼ਰਬਤੀ ਅਤੇ ਮੋਟੇ ਨਹੀਂ ਹੋ ਸਕੇ। ਦਾਣੇ ਮਾਜੂ ਰਹਿਣ ਕਾਰਨ ਝਾੜ 'ਤੇ ਬਹੁਤ ਮਾੜਾ ਅਸਰ ਪਿਆ ਹੈ। ਝਾੜ ਘਟਣ ਕਾਰਨ ਕਿਸਾਨਾਂ ਦੇ ਨਾਲ ਮਜ਼ਦੂਰਾਂ, ਆੜ੍ਹਤੀਆਂ ਅਤੇ ਢੋਆ-ਢੋਆਈ ਵਾਲਿਆਂ ਸਮੇਤ ਪੰਜਾਬ ਸਰਕਾਰ ਨੂੰ ਆਰ.ਡੀ.ਐੱਫ. ਵਜੋਂ ਨੁਕਸਾਨ ਹੋਣ ਦਾ ਖਦਸ਼ਾ ਖੜ੍ਹਾ ਹੋ ਗਿਆ ਹੈ।

ਕਿਸਾਨਾਂ ਨਾਲ ਹੋਈ ਗੱਲਬਾਤ ਤੋਂ ਪਤਾ ਲੱਗਿਆ ਹੈ ਕਿ ਇਸ ਵਾਰ 10 ਤੋਂ 15 ਮਣ ਝਾੜ ਪ੍ਰਤੀ ਏਕੜ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਕਿਹਾ ਕਿ ਸਮੇਂ ਸਿਰ ਡੀ.ਏ.ਪੀ. ਖਾਦ ਨਾ ਮਿਲਣੀ ਅਤੇ ਮਗਰੋਂ ਯੂਰੀਆ ਦੀ ਘਾਟ ਇਸ ਘਟੇ ਝਾੜ ਦਾ ਵੱਡਾ ਕਾਰਨ ਹੈ। ਉਨ੍ਹਾਂ ਕਿਹਾ ਕਿ ਨਹਿਰਾਂ ਵਿਚ ਪੂਰਾ ਪਾਣੀ ਨਾ ਛੱਡਣ ਅਤੇ ਲੋੜੀਂਦੀ ਬਿਜਲੀ ਸਪਲਾਈ ਨਾ ਮਿਲਣ ਦਾ ਅਸਰ ਵੀ ਝਾੜ 'ਤੇ ਪਿਆ ਹੈ।

ਮਾਰਚ ਮਹੀਨੇ ਵਿਚ ਗਰਮੀ ਨੇ 120 ਸਾਲ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ, ਜਿਸ ਕਾਰਨ ਦਾਣਾ ਭਰਵਾਂ ਨਹੀਂ ਬਣ ਸਕਿਆ, ਜੋ ਝਾੜ ਘਟਣ ਦਾ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਕਿਸਾਨਾਂ ਤੋਂ ਪ੍ਰਤੀ ਏਕੜ 10 ਤੋਂ 15 ਮਣ ਝਾੜ ਘਟਣ ਦੀਆਂ ਰਿਪੋਰਟਾਂ ਮਿਲਣ ਲੱਗੀਆਂ ਹਨ। ਐਤਕੀਂ ਮਾਰਚ ਵਿਚ ਤਾਪਮਾਨ 37-38 ਡਿਗਰੀ ਤੋਂ ਥੱਲੇ ਨਹੀਂ ਆਇਆ, ਜਿਸ ਨੇ ਕਣਕ ਦੇ ਉਤਪਾਦਨ 'ਤੇ ਬੁਰੀ ਸੱਟ ਮਾਰੀ ਹੈ।

ਦੱਸ ਦਈਏ ਕਿ ਰੂਸ-ਯੂਕਰੇਨ ਜੰਗ ਕਰਕੇ ਐਤਕੀਂ ਅਨਾਜ ਦੀ ਵੁੱਕਤ ਵਧੀ ਹੈ ਤੇ ਕੌਮਾਂਤਰੀ ਬਾਜ਼ਾਰ ਵਿਚ ਕਣਕ ਦੀ ਪੁੱਛਗਿੱਛ ਚਮਕੀ ਹੈ। ਵਪਾਰੀ ਤਬਕਾ ਵੀ ਫਸਲ ਖਰੀਦੇਗਾ। ਹਾੜ੍ਹੀ ਦਾ ਚੰਗਾ ਪੱਖ ਦੇਖੀਏ ਤਾਂ ਪੰਜਾਬ ਦੀ ਕਣਕ ਦੀ ਮੰਗ ਵਧ ਗਈ ਹੈ ਅਤੇ ਇਸ ਵਾਰ ਭਾਰਤੀ ਖੁਰਾਕ ਨਿਗਮ ਨੇ 40 ਫੀਸਦੀ ਫਸਲ ਮੰਡੀਆਂ 'ਚੋਂ ਹੀ ਸਿੱਧੀ ਚੁਕਾਈ ਕਰਕੇ ਦੂਸਰੇ ਸੂਬਿਆਂ ਵਿਚ ਭੇਜਣੀ ਹੈ।

ਕਣਕ ਦਾ ਭਾਅ ਤੇਜ ਹੈ ਅਤੇ ਕਾਰਪੋਰੇਟ ਕਿਸਾਨਾਂ ਨੂੰ ਉਚਾ ਭਾਅ ਦੇਣ ਲਈ ਤਿਆਰ ਹਨ ਅਤੇ ਸਰਦੇ ਪੁੱਜਦੇ ਕਿਸਾਨ ਤਾਂ ਇਸ ਵਾਰ ਕਣਕ ਭੰਡਾਰ ਕਰਨ ਦੇ ਮੂਡ ਵਿਚ ਵੀ ਹਨ। ਪੰਜਾਬ ਸਰਕਾਰ ਨੇ 132 ਲੱਖ ਮੀਟਰਿਕ ਟਨ ਕਣਕ ਖਰੀਦ ਦਾ ਟੀਚਾ ਰੱਖਿਆ ਹੈ। ਭਾਰਤ ਸਰਕਾਰ ਨੇ ਚਾਲੂ ਮਾਲੀ ਵਰ੍ਹੇ ਵਿਚ 100 ਲੱਖ ਮੀਟਰਿਕ ਟਨ ਕਣਕ ਬਰਾਮਦ ਕਰਨ ਦਾ ਟੀਚਾ ਮਿਥਿਆ ਹੈ। ਸੂਤਰਾਂ ਮੁਤਾਬਕ ਇਸ ਵਾਰ ਪੰਜਾਬ ਦੀ ਕਣਕ ਦੀ ਬਰਾਮਦ ਕੀਤੀ ਜਾਵੇਗੀ। ਕਣਕ ਦੀ ਮੰਗ ਵਧਣ ਕਰਕੇ ਪੰਜਾਬ ਦੇ ਅੰਨਦਾਤੇ ਦੀ ਵੁੱਕਤ ਪਈ ਹੈ ਅਤੇ ਲੰਘੇ ਦੋ ਮਹੀਨਿਆਂ ਵਿਚ ਪੰਜਾਬ ਵਿਚੋਂ 14 ਲੱਖ ਮੀਟਰਿਕ ਟਨ ਅਨਾਜ ਪੰਜਾਬ 'ਚੋਂ ਮੂਵ ਹੋਇਆ ਹੈ।

### ਕਣਕ ਦੀ ਖਰੀਦ 'ਚ ਕੋਈ ਪਰੇਸ਼ਾਨੀ ਨਹੀਂ ਆਵੇਗੀ: ਮਾਨ

**ਖੰਨਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਕਣਕ ਦੀ ਖਰੀਦ ਸਬੰਧੀ ਪ੍ਰਬੰਧ ਸੁਚੱਜੇ ਢੰਗ ਨਾਲ ਕੀਤੇ ਗਏ ਹਨ ਤੇ ਕਿਸਾਨਾਂ ਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਵਾਰ ਕਣਕ ਥੋੜੀ ਪੱਛੜ ਕੇ ਆਈ ਹੈ ਤੇ ਝਾੜ ਵੀ ਘੱਟ ਹੈ, ਪਰ ਫਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਯੂਕਰੇਨ ਦੇ ਹਾਲਾਤ ਕਾਰਨ ਕਣਕ ਦੀ ਮੰਗ ਵਧੀ ਹੈ ਤੇ ਵਪਾਰੀਆਂ ਵੱਲੋਂ ਐੱਮ.ਐੱਸ.ਪੀ. ਤੋਂ ਵੱਧ ਭਾਅ 'ਤੇ ਕਣਕ ਖਰੀਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਫਸਲ ਦਾ ਸਮਾਂਬੱਧ ਢੰਗ ਨਾਲ ਭੁਗਤਾਨ ਕੀਤਾ ਜਾਣਾ ਯਕੀਨੀ ਬਣਾਇਆ ਗਿਆ ਹੈ ਤੇ ਮੰਡੀਆਂ ਦੀ ਲਗਾਤਾਰ ਮੌਨੀਟਰਿੰਗ ਕੀਤੀ ਜਾ ਰਹੀ ਹੈ।

### ਕੌਮਾਂਤਰੀ ਬਾਜ਼ਾਰ ਵਿਚ ਕਣਕ 35 ਰੁਪਏ ਕਿੱਲੋ: ਨਵਜੋਤ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਖਿਆ ਹੈ ਕਿ ਰੂਸ ਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਦੌਰਾਨ ਭਾਰਤ ਕੋਲ ਹੋਰਨਾਂ ਮੁਲਕਾਂ ਵਿਚ ਕਣਕ ਦੀ ਬਰਾਮਦ ਦਾ ਵੱਡਾ ਮੌਕਾ ਹੈ, ਜਿਸ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਇਸ ਸਬੰਧੀ ਟਵੀਟ ਕਰਦਿਆਂ ਕਿਹਾ ਕਿ ਸੰਕਟ ਵੇਲੇ ਕਈ ਮੌਕੇ ਵੀ ਪੈਦਾ ਹੁੰਦੇ ਹਨ। ਇਸ ਵੇਲੇ ਰੂਸ-ਯੂਕਰੇਨ ਜੰਗ ਦੌਰਾਨ ਕਣਕ ਦੇ ਵਿਸ਼ਵ ਬਾਜ਼ਾਰ ਵਿਚ ਇਕ ਵੱਡੀ ਥਾਂ ਖਾਲੀ ਹੋ ਗਈ ਹੈ। ਰੂਸ ਤੇ ਯੂਕਰੇਨ ਦੋਵੇਂ ਹੀ ਵਿਸ਼ਵ ਬਾਜ਼ਾਰ ਵਿਚ ਕਣਕ ਦੇ ਵੱਡੇ ਬਰਾਮਦਕਾਰਾਂ ਵਿਚ ਸ਼ਾਮਲ ਸਨ। ਇਨ੍ਹਾਂ ਵੱਲੋਂ ਲਗਭਗ 25 ਫੀਸਦ ਹਿੱਸਾ ਵਿਸ਼ਵ ਬਾਜ਼ਾਰ ਵਿਚ ਬਰਾਮਦ ਰਾਹੀਂ ਪਾਇਆ ਜਾਂਦਾ ਰਿਹਾ ਹੈ। ਇਸ ਵੇਲੇ ਕਣਕ ਲਗਭਗ 3500 ਰੁਪਏ ਪ੍ਰਤੀ ਕੁਇੰਟਲ ਵਿਕ ਰਹੀ ਹੈ। ਉਨ੍ਹਾਂ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਣਕ ਦੀ ਐੱਮ.ਐੱਸ.ਪੀ. ਦੇ ਭਾਅ ਵਧਾਏ ਜਾਣ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਇਸ ਵੇਲੇ ਪ੍ਰਸਥਿਤੀਆਂ ਮੰਗ ਕਰ ਰਹੀਆਂ ਹਨ ਕਿ ਪੰਜਾਬ ਸਰਕਾਰ ਕਣਕ ਦੇ ਵਿਸ਼ਵ ਬਾਜ਼ਾਰ ਵਿਚ ਆਪਣੀ ਬਰਾਮਦ ਨੂੰ ਉਤਸ਼ਾਹਿਤ ਕਰੇ।

# ਕੇਂਦਰ ਦੇ ਘੱਟੋ-ਘੱਟ ਸਮਰਥਨ ਮੁੱਲ ਤੋਂ ਦੁੱਗਣੇ ਭਾਅ 'ਤੇ ਵਿਕਿਆ ਨਰਮਾ

**ਮਾਨਸਾ:** ਮਾਲਵਾ ਪੱਟੀ ਵਿਚ ਨਰਮੇ ਦੀਆਂ ਕੀਮਤਾਂ ਕੇਂਦਰ ਸਰਕਾਰ ਵੱਲੋਂ ਮਿਥੇ ਘੱਟੋ ਘੱਟ ਸਮਰਥਨ ਮੁੱਲ ਤੋਂ ਦੁੱਗਣੇ ਰੇਟ 'ਤੇ ਲੱਗੀਆਂ ਹਨ। ਕੌਮਾਂਤਰੀ ਮਾਰਕੀਟ ਵਿਚ ਰੂੰ ਦੀਆਂ ਉੱਚੀਆਂ ਕੀਮਤਾਂ ਕਾਰਨ ਨਰਮਾ 12 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਵਿਕਿਆ ਹੈ, ਜੋ ਹੁਣ ਤੱਕ ਦਾ ਰਿਕਾਰਡ ਹੈ। ਨਰਮੇ ਦੀਆਂ ਕੀਮਤਾਂ ਪਹਿਲਾਂ ਰਾਜਸਥਾਨ ਅਤੇ ਹਰਿਆਣਾ ਵਿਚ ਅਸਮਾਨੀ ਪੁੱਜੀਆਂ ਸਨ ਅਤੇ ਹੁਣ ਇਹ ਭਾਅ ਮਾਲਵਾ ਪੱਟੀ ਵਿਚ ਉੱਤਰੀ ਭਾਰਤ ਦੇ ਵਪਾਰੀਆਂ ਵੱਲੋਂ ਉੱਚਾ ਚੁੱਕਿਆ ਗਿਆ ਹੈ। ਦਿਲਚਸਪ ਗੱਲ ਹੈ ਕਿ ਕੇਂਦਰ ਸਰਕਾਰ ਦੀ ਸਰਕਾਰੀ ਖਰੀਦ ਏਜੰਸੀ ਭਾਰਤੀ ਕਪਾਹ ਨਿਗਮ (ਸੀ.ਸੀ.ਆਈ.) ਨੇ ਕੀਮਤਾਂ ਵਧਣ ਕਾਰਨ ਐਤਕੀਂ ਆਪਣੀ ਖਰੀਦ ਦੇ ਬੂਹੇ ਬਿਲਕੁਲ ਬੰਦ ਕਰ ਰੱਖੇ ਹਨ।

ਮਾਨਸਾ ਦੀ ਆਧੁਨਿਕ ਕਪਾਹ ਮੰਡੀ ਸਮੇਤ ਪੂਰੇ ਮਾਲਵਾ ਪੱਟੀ ਤੋਂ ਇਕੱਤਰ ਕੀਤੇ ਵੇਰਵਿਆਂ ਤੋਂ ਪਤਾ ਲੱਗਾ ਕਿ ਆਮ ਵਪਾਰੀਆਂ ਵੱਲੋਂ ਸਰਕਾਰੀ ਭਾਅ (ਐਮ.ਐਸ.ਪੀ.) 5825 ਰੁਪਏ ਤੋਂ ਵੱਧ ਕੇ ਨਰਮੇ ਦੀ ਖਰੀਦ ਕੀਤੀ ਜਾ ਰਹੀ ਹੈ, ਜਿਸ ਕਾਰਨ ਕਿਸਾਨਾਂ ਨੇ ਘਰਾਂ ਵਿਚ ਸਟੋਰ ਕੀਤੇ ਨਰਮੇ ਨੂੰ ਹੁਣ ਕਣਕ ਦੀ ਵਾਢੀ ਦੌਰਾਨ ਵੇਚਣਾ ਆਰੰਭ ਦਿੱਤਾ ਹੈ। ਵਪਾਰੀਆਂ ਤੋਂ ਇਹ ਵੀ ਪਤਾ ਲੱਗਾ ਕਿ ਇਸ ਵਾਰ ਮੰਗ ਵਧਣ ਕਾਰਨ ਹੀ ਨਰਮੇ ਨੂੰ ਉਚੇ ਭਾਅ 'ਤੇ ਅਚਨਚੇਤ ਖਰੀਦਿਆ ਜਾਣ ਲੱਗਾ ਹੈ। ਮੰਡੀਆਂ ਵਿਚ ਹੁਣ ਆੜ੍ਹਤੀਆਂ ਵੱਲੋਂ ਖਰੀਦਿਆ ਗਿਆ ਨਰਮਾ ਹੀ ਵੱਧ ਵਿਕਣ ਲਈ ਆ ਰਿਹਾ ਹੈ। ਬਹੁਤੇ ਕਿਸਾਨਾਂ ਦਾ ਕਹਿਣਾ ਹੈ ਕਿ ਹੁਣ ਆੜ੍ਹਤੀਆਂ ਵੱਲੋਂ ਖਰੀਦਿਆ ਨਰਮਾ ਹੀ ਚਿੱਟਾ ਸੋਨਾ ਬਣਨ ਲੱਗਾ ਹੈ, ਜਦੋਂਕਿ ਆਮ ਕਿਸਾਨਾਂ ਕੋਲ ਤਾਂ ਨਰਮਾ



ਹੈ ਹੀ ਨਹੀਂ। ਜ਼ਿਲ੍ਹਾ ਮੰਡੀ ਬੋਰਡ ਵੱਲੋਂ ਪੰਜਾਬ ਸਰਕਾਰ ਨੂੰ ਭੇਜੀਆਂ ਰਿਪੋਰਟਾਂ ਮੁਤਾਬਕ ਮਾਨਸਾ ਦੀ ਅਨਾਜ ਮੰਡੀ ਵਿਚ ਵਿਕਣ ਲਈ ਆਇਆ ਨਰਮਾ 12 ਹਜ਼ਾਰ ਦੇ ਲਗਭਗ ਵਿਕਿਆ ਹੈ। ਆਮ ਨਰਮਾ 11840 ਰੁਪਏ ਲੱਗਿਆ ਹੈ। ਨਰਮੇ ਨੂੰ ਥੋਕ ਵਿਚ ਖਰੀਦਣ ਵਾਲੇ ਇਕ ਵਪਾਰੀ ਸ਼ਾਮ ਲਾਲ ਨੇ ਦੱਸਿਆ ਕਿ ਨਰਮੇ ਦੀ ਖਰੀਦ ਦਾ ਸੀਜ਼ਨ ਪਹਿਲੀ ਅਕਤੂਬਰ ਤੋਂ 31 ਮਾਰਚ ਤੱਕ ਮੰਨਿਆ ਜਾਂਦਾ ਹੈ। ਉਸ ਤੋਂ ਬਾਅਦ ਦਾ ਰੇਟ ਸਰਕਾਰੀ ਰਿਕਾਰਡ ਵਿਚ ਨਹੀਂ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਕਈ ਮੰਡੀਆਂ ਵਿਚ ਇਸ ਵਾਰ 12000 ਰੁਪਏ ਨੂੰ ਨਰਮਾ ਵਿਕ ਗਿਆ ਹੈ, ਜਿਸ ਕਰਕੇ ਨਵੇਂ ਸੀਜ਼ਨ ਦੌਰਾਨ ਨਰਮੇ ਹੇਠ ਰਕਬਾ ਵਧਣ ਦੀਆਂ ਵੱਡੀਆਂ ਉਮੀਦਾਂ ਪੈਦਾ ਹੋ ਗਈਆਂ ਹਨ।

### ਸਿੱਧੀ ਰੇਲ ਰਾਹੀਂ ਕਣਕ ਭੇਜਣ ਦਾ ਫੈਸਲਾ

**ਮਾਨਸਾ:** ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੇ ਮਾਲਵਾ ਖੇਤਰ ਵਿਚ ਐਤਕੀਂ 6 ਲੱਖ ਮੀਟਰਕ ਟਨ ਤੋਂ ਵੱਧ ਕਣਕ ਸਿੱਧੀ ਰੇਲ ਦੇ ਰੈਕ ਰਾਹੀਂ ਭੇਜਣ ਦੀਆਂ ਹਦਾਇਤਾਂ ਕੀਤੀਆਂ ਹਨ। ਐਫ.ਸੀ.ਆਈ. ਦੇ ਸੱਜਰੇ ਹੁਕਮ ਖਰੀਦ ਸੀਜ਼ਨ ਦੌਰਾਨ ਪ੍ਰਸ਼ਾਸਨ ਲਈ ਵੱਡੀ ਚੁਣੌਤੀ ਬਣ ਸਕਦੇ ਹਨ। ਐਫ.ਸੀ.ਆਈ. ਨੇ ਕਣਕ ਖਰੀਦ ਦਾ ਸੀਜ਼ਨ ਆਰੰਭ ਹੋਣ ਸਾਰ ਜਾਰੀ ਕੀਤੇ ਪੱਤਰ ਵਿਚ ਕਿਹਾ ਹੈ ਕਿ ਖਰੀਦੀ ਕਣਕ ਨੂੰ ਸਿੱਧਾ ਰੇਲ ਗੱਡੀਆਂ ਰਾਹੀਂ ਤੁਰਤ ਕੇਂਦਰ ਨੂੰ ਭੇਜਿਆ ਜਾਵੇ। ਕਾਰਪੋਰੇਸ਼ਨ ਵੱਲੋਂ ਇਹ ਪੱਤਰ ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਅਤੇ ਡੀ.ਐਮ. ਪਨਗਰੇਨ, ਮਾਰਕਫੈੱਡ, ਪਨਸਪ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਨੂੰ ਭੇਜ ਕੇ ਇਸ ਤੋਂ ਜਾਣੂ ਕਰਵਾਇਆ ਗਿਆ ਹੈ।

# ਬਹਿਬਲ ਗੋਲੀ ਕਾਂਡ: ਸਰਕਾਰ ਨੇ ਜਥੇਬੰਦੀਆਂ ਤੋਂ ਤਿੰਨ ਮਹੀਨੇ ਦੀ ਮੋਹਲਤ ਮੰਗੀ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕੀਤੇ ਗਏ ਪੁਲਿਸ ਅਧਿਕਾਰੀਆਂ ਤੇ ਹੋਰ ਮੁਲਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਉਣ ਲਈ ਧਰਨੇ ਵਿਚ ਪੁੱਜੀ ਐਡਵੋਕੇਟ ਜਨਰਲ ਸੰਤੋਖ ਸਿੰਘ ਦੀ ਟੀਮ ਨੇ ਬਹਿਬਲ ਗੋਲੀ ਕਾਂਡ ਦੇ ਪੀੜਤ ਪਰਿਵਾਰਾਂ ਤੇ ਸਿੱਖ ਜਥੇਬੰਦੀਆਂ ਤੋਂ ਮਾਮਲੇ ਨਿਬੇੜਨ ਲਈ ਤਿੰਨ ਮਹੀਨੇ ਦਾ ਸਮਾਂ ਮੰਗਿਆ ਹੈ। ਪੀੜਤ ਪਰਿਵਾਰ ਤੇ ਸਿੱਖ ਜਥੇਬੰਦੀਆਂ ਨੇ ਇਨਸਾਫ਼ ਨਾ ਮਿਲਣ ਕਰਕੇ 6 ਅਪਰੈਲ ਨੂੰ ਅੰਮ੍ਰਿਤਸਰ ਬਠਿੰਡਾ ਹਾਈਵੇਅ ਜਾਮ ਕਰ ਦਿੱਤਾ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਕ ਕਮੇਟੀ ਦਾ ਗਠਨ ਕੀਤਾ ਸੀ।



ਪੰਜਾਬ ਸਰਕਾਰ ਦੀ ਕਮੇਟੀ ਨੇ ਇਥੇ ਬਹਿਬਲ ਕਲਾਂ ਵਿਚ ਅੰਦੋਲਨਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਆਉਣ ਵਾਲੇ ਤਿੰਨਾਂ ਮਹੀਨਿਆਂ ਵਿਚ ਬਹਿਬਲ, ਕੋਟਕਪੂਰਾ ਅਤੇ ਬੇਅਦਬੀ ਨਾਲ ਜੁੜੇ ਮਾਮਲੇ ਨਿਬੇੜਨ ਲਈ ਕਾਨੂੰਨੀ ਲੜਾਈ ਲੜੇਗੀ ਅਤੇ ਇਸ ਤੋਂ ਇਲਾਵਾ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਇਨ੍ਹਾਂ ਮਾਮਲਿਆਂ ਸਬੰਧੀ ਪੈਂਡਿੰਗ ਪਈਆਂ ਰਿੱਟਾਂ ਦੇ ਜਲਦ ਫੈਸਲਿਆਂ ਲਈ ਵੀ ਕੋਸ਼ਿਸ਼ ਕਰੇਗੀ।

ਵਧੀਕ ਐਡਵੋਕੇਟ ਜਨਰਲ ਸੰਤੋਖ ਸਿੰਘ ਅਤੇ ਬਲਰਾਜ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਕੀਲਾਂ ਦੀ ਗਠਿਤ ਕੀਤੀ ਗਈ ਟੀਮ ਹਰ ਮਹੀਨੇ ਪੀੜਤ ਪਰਿਵਾਰ ਨੂੰ ਕੇਸਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਦੇਵੇਗੀ ਅਤੇ ਬੇਅਦਬੀ ਤੇ ਬਹਿਬਲ ਗੋਲੀ ਕਾਂਡ ਨਾਲ ਜੁੜੇ ਕੇਸਾਂ ਦੀ ਜਲਦ ਸੁਣਵਾਈ ਲਈ ਹਾਈ ਕੋਰਟ ਵਿਚ ਬਕਾਇਦਾ ਅਰਜ਼ੀਆਂ ਵੀ ਦਾਇਰ ਕੀਤੀਆਂ ਜਾਣਗੀਆਂ। ਵਕੀਲਾਂ ਦੀ ਟੀਮ ਵਿਚ ਐਡਵੋਕੇਟ ਇਕਬਾਲ ਸਿੰਘ, ਐਡਵੋਕੇਟ ਜਗਜੀਤ ਸਿੰਘ, ਐਡਵੋਕੇਟ ਬਲਰਾਜ, ਐਡਵੋਕੇਟ ਗੁਰਪ੍ਰੀਤ ਸਿੰਘ ਸ਼ਾਮਲ ਸਨ। ਬਹਿਬਲ ਗੋਲੀ ਕਾਂਡ ਵਾਲੀ ਥਾਂ 'ਤੇ ਧਰਨੇ ਉਪਰ ਬੈਠੇ ਸੁਖਰਾਜ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਹੁਣ ਤੱਕ ਇਨਸਾਫ਼ ਦੇ ਨਾਂ 'ਤੇ ਜਾਂਚ ਕਮਿਸ਼ਨ ਅਤੇ ਜਾਂਚ ਟੀਮਾਂ ਦਾ ਕਈ ਵਾਰ ਗਠਨ ਕਰ ਚੁੱਕੀ ਹੈ ਪਰ ਮਾਮਲਾ ਕਿਸੇ ਸਿਰੇ ਨਹੀਂ ਲੱਗਾ ਅਤੇ ਜੇਕਰ ਨਵੀਂ ਟੀਮ ਨੇ ਵੀ ਇਨਸਾਫ ਨਾ ਦਿਵਾਇਆ ਤਾਂ ਉਹ ਮੁੜ ਚੱਕਾ ਜਾਮ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਸਿੱਖ ਸੰਗਤ ਨੇ ਬੰਦ ਕਮਰਾ ਮੀਟਿੰਗ ਕੀਤੇ ਜਾਣ 'ਤੇ ਇਤਰਾਜ਼ ਪ੍ਰਗਟ ਕਰਦਿਆਂ ਵਿਰੋਧ ਵਿਚ ਕੁਝ ਸਮੇਂ ਲਈ ਬਠਿੰਡਾ-ਅੰਮ੍ਰਿਤਸਰ ਹਾਈਵੇਅ ਵੀ ਜਾਮ ਕੀਤਾ।

## ਗੁਰਬਾਣੀ ਪ੍ਰਸਾਰਨ: ਸਰਕਾਰ ਦੀ ਪੇਸ਼ਕਸ਼ ਪ੍ਰਵਾਨ ਕਰਨ ਦੀ ਸਲਾਹ

**ਅੰਮ੍ਰਿਤਸਰ:** ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਇਕ ਪੱਤਰ ਭੇਜ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਪੰਜਾਬ ਸਰਕਾਰ ਵੱਲੋਂ ਲੋੜੀਂਦਾ ਖਰਚ ਕੀਤੇ ਜਾਣ ਦੀ ਕੀਤੀ ਗਈ ਪੇਸ਼ਕਸ਼ ਪ੍ਰਵਾਨ ਕਰਨ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਸ਼ਬਦੀ ਅਤੇ ਲਿਖਤੀ ਤੌਰ 'ਤੇ ਦੋ ਵਾਰ ਆਪਣਾ ਚੈਨਲ ਸ਼ੁਰੂ ਕਰਨ ਲਈ ਕਿਹਾ ਹੈ। ਜਥੇਦਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਚੈਨਲ ਸ਼ੁਰੂ ਹੋਣ ਤੱਕ ਆਪਣੇ ਵੈੱਬ ਚੈਨਲ ਰਾਹੀਂ ਗੁਰਬਾਣੀ ਦੇ ਕੀਰਤਨ ਦਾ ਪ੍ਰਸਾਰਨ ਕਰਨ ਲਈ ਆਖਿਆ ਗਿਆ ਹੈ, ਜਿਸ ਵਾਸਤੇ ਸ਼੍ਰੋਮਣੀ ਕਮੇਟੀ ਨੇ ਲਗਭਗ ਇਕ ਹਫਤੇ ਦਾ ਸਮਾਂ ਮੰਗਿਆ ਹੈ। ਇਸੇ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਨੂੰ ਮੁੜ ਪੱਤਰ ਭੇਜ ਕੇ ਆਪਣੀ ਪੇਸ਼ਕਸ਼ ਦੁਹਰਾਈ ਹੈ। ਇਸ ਪੱਤਰ ਵਿਚ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ



ਸਰਬ ਸਾਂਝੀ ਗੁਰਬਾਣੀ ਦਾ ਦੁਨੀਆਂ ਭਰ ਵਿਚ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਤਿਆਰ ਹੈ। ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਧੁਨਿਕ ਸੰਚਾਰ ਤਕਨੀਕਾਂ ਸਥਾਪਤ ਕਰਨ ਲਈ ਪ੍ਰਵਾਨਗੀ ਦੇਵੇ। ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਭੇਜ ਕੇ ਇਹ ਪੇਸ਼ਕਸ਼ ਸਵੀਕਾਰ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦਾ ਨਾ ਤਾਂ ਕੋਈ ਆਪਣਾ ਚੈਨਲ ਹੈ ਅਤੇ ਨਾ ਹੀ ਕਿਸੇ ਚੈਨਲ ਵਿਚ ਹਿੱਸੇਦਾਰੀ ਹੈ। ਉਹ ਬਤੌਰ ਸ਼ਰਧਾਲੂ ਇਹ ਪੇਸ਼ਕਸ਼ ਕਰ ਰਹੇ ਹਨ, ਜਿਸ ਨੂੰ ਸਵੀਕਾਰ ਕਰ ਲੈਣਾ ਚਾਹੀਦਾ ਹੈ।

### ਮਾਤਾ ਸਾਹਿਬ ਕੌਰ ਬਾਰੇ ਐਨੀਮੇਸ਼ਨ ਫਿਲਮ ਬਣਾਉਣ 'ਤੇ ਇਤਰਾਜ਼

**ਅੰਮ੍ਰਿਤਸਰ:** ਮਾਤਾ ਸਾਹਿਬ ਕੌਰ ਦੀ ਜੀਵਨੀ 'ਤੇ ਬਣਾਈ ਐਨੀਮੇਸ਼ਨ ਫਿਲਮ 'ਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕਰਦਿਆਂ ਇਸ ਨੂੰ ਰਿਲੀਜ਼ ਕਰਨ ਤੋਂ ਰੋਕਣ ਲਈ ਆਖਿਆ ਹੈ। ਕਮੇਟੀ ਦੇ ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਨੇ ਦੱਸਿਆ ਕਿ ਇਹ ਐਨੀਮੇਸ਼ਨ ਫਿਲਮ 'ਨਿਹਾਲ ਨਿਹਾਲ ਨਿਹਾਲ ਪ੍ਰੋਡਕਸ਼ਨਜ' ਵੱਲੋਂ ਮਾਤਾ ਸਾਹਿਬ ਕੌਰ ਦੀ ਜੀਵਨੀ 'ਤੇ ਬਣਾਈ ਗਈ ਹੈ, ਜੋ 14 ਅਪਰੈਲ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਆਦੇਸ਼ ਅਨੁਸਾਰ ਗੁਰੂ ਸਾਹਿਬਾਨ ਨੂੰ ਐਨੀਮੇਸ਼ਨ ਦੇ ਰੂਪ ਵਿਚ ਨਹੀਂ ਦਿਖਾਇਆ ਜਾ ਸਕਦਾ।

## ਭਾਈ ਰਣਜੀਤ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਕਾਲਜ ਬੰਦ ਹੋਣ 'ਤੇ ਫਿਕਰਮੰਦੀ

**ਅਮਲੋਹ:** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਗੁਰਦੁਆਰਾ ਸਿੰਘ ਸਭਾ ਅਮਲੋਹ ਵਿਖੇ ਪੰਥਕ ਅਕਾਲੀ ਲਹਿਰ ਅਧੀਨ ਰੱਖੀ ਇਕ ਮੀਟਿੰਗ ਨੂੰ ਸੰਬੋਧਨ ਕੀਤਾ। ਉਨ੍ਹਾਂ ਦੋਸ਼ ਲਗਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾੜੀ ਕਾਰਗੁਜ਼ਾਰੀ ਕਾਰਨ ਸ਼੍ਰੋਮਣੀ ਕਮੇਟੀ ਅਧੀਨ ਚੱਲ ਰਹੇ 11 ਕਾਲਜ ਤੇ 37 ਸਕੂਲ ਬੰਦ ਹੋ ਚੁੱਕੇ ਹਨ, ਜੋ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਬਾਦਲ ਪਰਿਵਾਰ ਦਾ ਕਬਜ਼ਾ ਹੋਣ ਕਾਰਨ ਅੱਜ ਇਸ ਦੀ ਹਾਲਤ ਤਰਸਯੋਗ ਬਣ ਗਈ ਹੈ, ਜਿਸ ਕਾਰਨ ਪੂਰੇ ਪੰਜਾਬ ਵਿਚ ਪੰਥਕ ਅਕਾਲੀ ਲਹਿਰ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚ ਸੁਧਾਰ ਲਿਆਉਣ ਲਈ ਸਿੱਖ ਕੌਮ ਨੂੰ ਇਸ ਲਹਿਰ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਇਸ ਮੌਕੇ ਪੰਥਕ ਅਕਾਲੀ ਲਹਿਰ ਦੇ ਪ੍ਰਮੁੱਖ ਆਗੂ ਅਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਸ਼੍ਰੋਮਣੀ ਕਮੇਟੀ ਵਿਚ ਵੱਡੀ ਪੱਧਰ 'ਤੇ ਬੇਨਿਯਮੀਆਂ ਹੋਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਵਾਰ-ਵਾਰ ਧਿਆਨ ਵਿਚ ਲਿਆਉਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿਚ ਕੋਈ ਸੁਧਾਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਬਦਲਾਅ ਦੇ ਰੁਖ ਵਿਚ ਹੈ, ਇਸ ਲਈ ਸਾਨੂੰ ਵੀ ਵਧ-ਚੜ੍ਹ ਕੇ ਸਾਥ ਦੇਣਾ ਚਾਹੀਦਾ ਹੈ।

### ਪਰਵਾਸੀ ਭਾਰਤੀਆਂ ਲਈ ਨਵੀਂ ਨੀਤੀ ਤਿਆਰ ਕਰਨ ਦਾ ਐਲਾਨ

**ਜਲੰਧਰ:** ਨੇੜਲੇ ਪਿੰਡ ਅਠੌਲਾ ਪਹੁੰਚੇ ਪੰਜਾਬ ਦੇ ਪੇਂਡੂ ਵਿਕਾਸ, ਪੰਚਾਇਤਾਂ ਅਤੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡਾਂ ਦੇ ਸਰਬਪੱਖੀ ਵਿਕਾਸ ਵਿਚ ਪਰਵਾਸੀ ਭਾਰਤੀਆਂ ਦੇ ਵਡਮੁੱਲੇ ਯੋਗਦਾਨ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਇਕ ਵਿਆਪਕ ਨੀਤੀ ਤਿਆਰ ਕਰ ਕੇ ਜਲਦੀ ਲਾਗੂ ਕਰਨ ਦਾ ਐਲਾਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਨੀਤੀ ਦਾ ਖਰੜਾ ਅਗਲੇ ਦੋ ਹਫਤਿਆਂ ਵਿਚ ਤਿਆਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਅਤੇ ਉਨ੍ਹਾਂ ਦੇ ਕਾਨੂੰਨੀ ਕੇਸਾਂ ਸਮੇਤ ਹੋਰ ਮੁੱਦੇ ਆਉਣ ਵਾਲੀ ਨੀਤੀ ਦਾ ਮੁੱਖ ਵਿਸ਼ਾ ਹੋਣਗੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪਰਵਾਸੀ ਭਾਰਤੀਆਂ ਨਾਲ ਮਜ਼ਬੂਤ ਸੰਪਰਕ ਸਾਧਣ 'ਤੇ ਵੀ ਧਿਆਨ ਕੇਂਦਰਿਤ ਕਰੇਗੀ। ਉਨ੍ਹਾਂ ਦੱਸਿਆ ਕਿ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਸਾਰੇ ਜ਼ਿਲ੍ਹਿਆਂ ਵਿਚ ਨੋਡਲ ਅਫਸਰ ਤਾਇਨਾਤ ਕੀਤੇ ਜਾ ਰਹੇ ਹਨ।

## ਗੁਰੂ ਤੇਗ ਬਹਾਦਰ ਦੇ ਪ੍ਰਕਾਸ਼ ਪੁਰਬ ਸਬੰਧੀ ਸਮਾਗਮਾਂ ਦੀ ਸੰਪੂਰਨਤਾ 21 ਨੂੰ

**ਅੰਮ੍ਰਿਤਸਰ:** ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਆਰੰਭ ਸਮਾਗਮਾਂ ਦੀ ਸੰਪੂਰਨਤਾ ਸਬੰਧੀ ਸ਼੍ਰੋਮਣੀ ਕਮੇਟੀ 21 ਅਪਰੈਲ ਨੂੰ ਗੁਰਮਤਿ ਸਮਾਗਮ ਕਰਵਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦੀ ਚੌਥੀ ਸ਼ਤਾਬਦੀ ਸਬੰਧੀ ਪਹਿਲੀ ਮਈ 2021 ਨੂੰ ਗੁਰਮਤਿ ਸਮਾਗਮ ਸ਼ੁਰੂ ਕਰਵਾਏ ਸਨ, ਪੂਰਾ ਸਾਲ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਸੀ ਜਿਸ ਦੀ ਸੰਪੂਰਨਤਾ 21 ਅਪਰੈਲ ਨੂੰ ਹੋਵੇਗੀ। ਇਸ ਸਬੰਧੀ 19 ਅਪਰੈਲ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਅਖੰਡ ਪਾਠ ਆਰੰਭ ਹੋਣਗੇ, ਜਿਸ ਦੇ ਭੋਗ 21 ਅਪਰੈਲ ਨੂੰ ਪਾਏ ਜਾਣਗੇ। 20 ਅਪਰੈਲ ਨੂੰ ਸੋਦਰਿ ਸਾਹਿਬ ਦੇ ਪਾਠ ਉਪਰੰਤ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਕੀਰਤਨ ਦਰਬਾਰ ਹੋਵੇਗਾ, ਜਿਸ ਵਿਚ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਅਤੇ ਸਿੰਘ ਸਾਹਿਬਾਨ ਹਾਜ਼ਰੀ ਭਰਨਗੇ। 21 ਅਪਰੈਲ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਸ਼ਸਤਰਾਂ ਵਾਲੀ ਵਿਸ਼ੇਸ਼ ਬੱਸ ਰਾਹੀਂ ਸੰਗਤ ਨੂੰ ਗੁਰੂ ਸਾਹਿਬ ਦੇ ਸ਼ਸਤਰਾਂ ਦੇ ਦਰਸ਼ਨ ਵੀ ਕਰਵਾਏ ਜਾਣਗੇ। 21 ਨੂੰ ਹਰਿਮੰਦਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਵੇਗੀ ਅਤੇ ਸੋਦਰਿ ਸਾਹਿਬ ਦੇ ਪਾਠ ਉਪਰੰਤ ਆਤਿਸ਼ਬਾਜ਼ੀ ਵੀ ਹੋਵੇਗੀ।

## ਡੀ.ਜੀ.ਪੀ. ਵੱਲੋਂ ਪਿਛਲੇ ਸਾਲਾਂ ਮੁਕਾਬਲੇ ਕਤਲਾਂ ਦੀ ਗਿਣਤੀ ਘਟਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਵੀ.ਕੇ. ਭਾਵੜਾ ਨੇ ਕਤਲਾਂ ਦੀ ਗਿਣਤੀ ਵਧਣ ਦੇ ਵਿਰੋਧੀ ਧਿਰ (ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ) ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਸਾਲ ਹੁਣ ਤੱਕ 158 ਕਤਲ ਹੋਏ ਹਨ ਜਦੋਂਕਿ 2021 ਤੇ 2020 ਵਿਚ ਇਹ ਅੰਕੜਾ ਕ੍ਰਮਵਾਰ 725 ਤੇ 757 ਸੀ।

ਉਨ੍ਹਾਂ ਕਿਹਾ ਕਿ ਪਹਿਲਾਂ ਦੇ ਮੁਕਾਬਲੇ ਇਸ ਸਾਲ ਕਤਲਾਂ ਦੀ ਮਾਸਿਕ ਔਸਤ 50 ਹੈ ਤੇ ਪਹਿਲਾਂ ਇਹ 65 ਤੋਂ 70 ਰਹਿੰਦੀ ਸੀ। ਡੀ.ਜੀ.ਪੀ. ਨੇ ਕਿਹਾ, ''ਮੈਂ ਨਹੀਂ ਕਹਿੰਦਾ ਕਿ ਇਹ ਖੁਸ਼ਗਵਾਰ ਹਾਲਾਤ ਹਨ, ਪਰ ਪਿਛਲੇ ਸਾਲਾਂ ਦੇ ਮੁਕਾਬਲੇ ਇਹ ਅੰਕੜਾ ਘੱਟ ਹੈ। ਸਾਨੂੰ ਇਹ ਅੰਕੜਾ ਹੋਰ ਹੇਠਾਂ ਲਿਆਉਣ ਦੀ ਲੋੜ ਹੈ।''

ਉਨ੍ਹਾਂ ਕਿਹਾ ਕਿ ਇਸ ਸਾਲ ਰਿਪੋਰਟ ਹੋਏ 158 ਕਤਲਾਂ ਵਿਚੋਂ 6 ਕੇਸਾਂ ਵਿਚ ਗੈਂਗਸਟਰਾਂ ਦੀ ਸ਼ਮੂਲੀਅਤ ਸੀ। ਉਨ੍ਹਾਂ ਕਿਹਾ, ''ਅਸੀਂ ਇਨ੍ਹਾਂ ਕੇਸਾਂ ਦੀ ਪੈੜ ਨੱਪੀ ਸੀ ਤੇ ਇਸ ਵਿਚ ਗੈਂਗਸਟਰਾਂ ਦੀ ਭੂਮਿਕਾ ਸੀਮਤ ਹੈ। ਸਾਨੂੰ ਪਤਾ ਹੈ ਕਿਸ ਨੇ ਰੇਕੀ ਕੀਤੀ ਤੇ ਕਿਸ ਨੇ ਗੋਲੀਆਂ ਚਲਾਈਆਂ। ਇਨ੍ਹਾਂ ਕੇਸਾਂ ਵਿਚ ਹੁਣ ਤੱਕ 24 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸੱਤ ਪਿਸਤੌਲਾਂ ਤੇ ਇੰਨੇ ਹੀ ਵਾਹਨ ਬਰਾਮਦ ਕੀਤੇ ਗਏ ਹਨ।''

### ਕੰਟਰੈਕਟ ਮੁਲਾਜ਼ਮਾਂ ਦੇ ਸੇਵਾਕਾਲ 'ਚ ਵਾਧਾ

**ਚੰਡੀਗੜ੍ਹ:** ਸਰਕਾਰ ਨੇ ਸੂਬੇ ਵਿਚ ਕੰਮ ਕਰ ਰਹੇ ਕੰਟਰੈਕਟ ਮੁਲਾਜ਼ਮਾਂ ਦੇ ਸੇਵਾਕਾਲ ਵਿਚ ਵਾਧਾ ਕਰ ਦਿੱਤਾ ਹੈ। ਇਸ ਸਬੰਧੀ ਸੂਬੇ ਦੇ ਸਮੂਹ ਵਿਭਾਗਾਂ ਦੇ ਮੁਖੀਆਂ, ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਜਿਸਟਰਾਰ, ਡਿਵੀਜ਼ਨਾਂ ਦੇ ਕਮਿਸ਼ਨਰ, ਜ਼ਿਲ੍ਹਾ ਅਦਾਲਤਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਡੀ.ਐਮਜ਼ ਤੱਕ ਨੂੰ ਪੱਤਰ ਜਾਰੀ ਕਰ ਦਿੱਤੇ ਹਨ। ਜਾਰੀ ਪੱਤਰ ਅਨੁਸਾਰ ਜਦੋਂ ਤੱਕ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਵਿਚ ਸਮਾਂ ਲੱਗਦਾ ਹੈ ਜਾਂ ਨਵੀਂ ਨੀਤੀ ਤਿਆਰ ਨਹੀਂ ਹੋ ਜਾਂਦੀ, ਕੰਟਰੈਕਟ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੀਆਂ ਸੇਵਾਵਾਂ 31 ਮਾਰਚ 2023 ਤੱਕ ਵਧਾ ਦਿੱਤੀਆਂ ਹਨ। ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ 25 ਹਜ਼ਾਰ ਨਵੀਆਂ ਨੌਕਰੀਆਂ ਕੱਢਣ ਅਤੇ 35 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਐਲਾਨ ਕੀਤਾ ਸੀ।

## ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਵੱਲੋਂ ਸਰਕਾਰ ਦੀ ਘੇਰਾਬੰਦੀ

**ਸੰਗਰੂਰ:** ਪੰਜਾਬ ਭਰ ਤੋਂ ਪੁੱਜੇ ਬੇਰੁਜ਼ਗਾਰ ਈ.ਟੀ.ਟੀ. ਟੈਟ ਪਾਸ ਅਧਿਆਪਕਾਂ ਨੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਇਥੇ ਸਿਖ਼ਰ ਦੁਪਹਿਰੇ ਰੋਸ ਮਾਰਚ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਸੂਬਾ ਪੱਧਰੀ ਮੁਜ਼ਾਹਰਾ ਕੀਤਾ। ਪ੍ਰਦਰਸ਼ਨਕਾਰੀ ਮੁੱਖ ਮੰਤਰੀ ਲਈ 'ਹਰੇ ਪੈੱਨ' ਲੈ ਕੇ ਪੁੱਜੇ ਸਨ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਬੇਰੁਜ਼ਗਾਰੀ ਖਤਮ ਕਰਨ ਲਈ ਹਰਾ ਪੈੱਨ ਦੇਣ ਦੀ ਪੇਸ਼ਕਸ਼ ਵੀ ਕੀਤੀ। ਜਿਉਂ ਹੀ ਪੁਲਿਸ ਨੇ ਬੇਰੁਜ਼ਗਾਰ ਅਧਿਆਪਕਾਂ ਨੂੰ ਮੁੱਖ ਮੰਤਰੀ ਦੀ ਕੋਠੀ ਵੱਲ ਅੱਗੇ ਵਧਣ ਤੋਂ ਰੋਕਿਆ ਤਾਂ ਪੁਲਿਸ ਨਾਲ ਮਾਮੂਲੀ ਖਿੱਚ-ਧੂਹ ਵੀ ਹੋਈ।



ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਅਧਿਆਪਕ ਮੁੱਖ ਮੰਤਰੀ ਲਈ ਹਰੇ ਪੈੱਨ ਲੈ ਕੇ ਆਏ ਹਨ ਤਾਂ ਜੋ ਹਰੇ ਪੈੱਨ ਨਾਲ ਮੁੱਖ ਮੰਤਰੀ ਬੇਰੁਜ਼ਗਾਰੀ ਦੂਰ ਕਰ ਸਕਣ।

## ਆਮ ਆਦਮੀ ਪਾਰਟੀ ਨੇ ਚਾਰ ਨਿਗਮ ਚੋਣਾਂ ਲਈ ਬਣਾਈ ਰਣਨੀਤੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਪਣੀ ਸ਼ਾਨਦਾਰ ਸਫਲਤਾ ਤੋਂ ਖੁਸ਼ ਆਮ ਆਦਮੀ ਪਾਰਟੀ ਹੁਣ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਚਾਰ ਨਗਰ ਨਿਗਮ ਚੋਣਾਂ 'ਤੇ ਨਜ਼ਰ ਰੱਖ ਰਹੀ ਹੈ। ਰਾਜ ਦੀਆਂ ਸਭ ਤੋਂ ਵੱਡੀਆਂ ਚਾਰ ਨਗਰ ਨਿਗਮਾਂ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੀਆਂ ਚੋਣਾਂ ਦਸੰਬਰ ਵਿਚ ਹੋਣਗੀਆਂ।

ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਪਾਰਟੀ ਇੰਚਾਰਜ ਜਰਨੈਲ ਸਿੰਘ ਦਰਮਿਆਨ ਪਾਰਟੀ ਰਣਨੀਤੀ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਮੀਟਿੰਗ ਹੋਈ। ਦੋਵਾਂ ਨੇ ਵਾਰਡ ਪੱਧਰ 'ਤੇ ਪਾਰਟੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਚੋਣਾਂ ਤੋਂ ਪਹਿਲਾਂ ਜਾਰੀ ਕੀਤੀ ਜਾਣ ਵਾਲੀ ਸ਼ਹਿਰੀ ਵਿਕਾਸ ਯੋਜਨਾ ਬਾਰੇ ਚਰਚਾ ਕੀਤੀ। 'ਆਪ' ਨੇ ਐਮਸੀ ਚੋਣਾਂ ਦੀ ਨਿਗਰਾਨੀ ਦਾ ਕੰਮ ਜਰਨੈਲ ਸਿੰਘ ਨੂੰ ਸੌਂਪਿਆ ਹੈ, ਜਿਨ੍ਹਾਂ ਹਾਲ ਹੀ ਵਿਚ ਹੋਈਆਂ ਚੰਡੀਗੜ੍ਹ ਐੱਮਸੀ ਚੋਣਾਂ ਵਿਚ ਪਾਰਟੀ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਹਰਚੰਦ ਸਿੰਘ ਬਰਸਾਟ, ਜਿਨ੍ਹਾਂ ਨੂੰ ਐੱਮਸੀ ਚੋਣਾਂ ਲਈ ਰਣਨੀਤੀ ਦੀ ਨਿਗਰਾਨੀ ਕਰਨ ਦਾ ਕੰਮ ਵੀ ਸੌਂਪਿਆ ਗਿਆ ਹੈ, ਨੇ ਦੱਸਿਆ ਕਿ ਪਾਰਟੀ ਸ਼ਹਿਰੀ ਖੇਤਰਾਂ ਵਿਚ ਵਾਅਦਾ ਕੀਤੇ ਵਿਕਾਸ ਏਜੰਡੇ ਨੂੰ ਲਾਗੂ ਕਰਨ ਲਈ ਇਕ ਖਾਕਾ ਤਿਆਰ ਕਰਨ ਦੇ ਅੰਤਮ ਪੜਾਅ ਵਿਚ ਹੈ। ਜਿਕਰਯੋਗ ਹੈ ਕਿ 'ਆਪ' ਨੇ ਪਟਿਆਲਾ ਨਿਗਮ ਦੇ ਖੇਤਰ 'ਚ ਆਉਂਦੀਆਂ ਸਾਰੀਆਂ ਅੱਠ ਵਿਧਾਨ ਸਭਾ ਸੀਟਾਂ, ਲੁਧਿਆਣਾ ਨਿਗਮ ਦੇ ਖੇਤਰ ਵਿਚ ਆਉਂਦੀਆਂ 14 'ਚੋਂ 13, ਅੰਮ੍ਰਿਤਸਰ ਨਿਗਮ ਦੀਆਂ 11 ਵਿੱਚੋਂ 9 ਤੇ ਜਲੰਧਰ ਨਗਰ ਨਿਗਮ ਦੀਆਂ ਨੌਂ 'ਚੋਂ ਚਾਰ ਸੀਟਾਂ ਜਿੱਤੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਜਿੱਥੇ ਪਟਿਆਲਾ ਦੇ ਸਾਬਕਾ ਮੇਅਰ ਅਜੀਤਪਾਲ ਸਿੰਘ ਕੋਹਲੀ ਹੁਣ 'ਆਪ' ਵਿਧਾਇਕ ਹਨ, ਉਥੇ ਅੰਮ੍ਰਿਤਸਰ ਦੇ ਮੌਜੂਦਾ ਮੇਅਰ ਕਰਮਜੀਤ ਸਿੰਘ ਰਿੰਟੂ ਵੀ ਵਿਧਾਨ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ 'ਆਪ' ਵਿਚ ਸ਼ਾਮਲ ਹੋ ਗਏ ਸਨ।

# ਅਮਰੀਕਾ 'ਚ ਐਚ-4 ਵੀਜ਼ਾ ਧਾਰਕਾਂ ਦੇ ਹੱਕਾਂ ਨਾਲ ਜੁੜਿਆ ਬਿੱਲ ਪੇਸ਼




**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੇ ਮੈਂਬਰਾਂ ਨੇ ਐਚ-4 ਵੀਜ਼ਾ ਧਾਰਕਾਂ ਨੂੰ ਦੇਸ਼ ਵਿਚ ਕੰਮ ਕਰਨ ਦਾ ਹੱਕ ਬਿਨਾਂ ਅਗਾਊਂ ਮਨਜ਼ੂਰੀ ਦਿੱਤੇ ਜਾਣ ਬਾਰੇ ਇਕ ਬਿੱਲ ਪ੍ਰਤੀਨਿਧੀ ਸਭਾ ਵਿਚ ਪੇਸ਼ ਕੀਤਾ ਹੈ। ਫਿਲਹਾਲ ਇਸ ਕਾਰਜ ਲਈ ਇਜਾਜ਼ਤ ਜ਼ਰੂਰ ਲੈਣੀ ਪੈਂਦੀ ਹੈ ਤੇ ਇਹ ਸਬੰਧਿਤ ਵਿਅਕਤੀ ਨੂੰ ਆਪਣੇ ਆਪ ਨਹੀਂ ਮਿਲਦਾ।

ਇਸ ਬਿੱਲ ਦੇ ਪਾਸ ਹੋਣ ਨਾਲ ਭਾਰਤ ਸਣੇ ਹਜ਼ਾਰਾਂ ਵਿਦੇਸ਼ੀਆਂ ਦੇ ਜੀਵਨ ਸਾਥੀਆਂ ਨੂੰ ਲਾਭ ਮਿਲੇਗਾ ਤੇ ਅਮਰੀਕੀ ਕਾਰੋਬਾਰਾਂ ਵਿਚ ਕਾਮਿਆਂ ਦੀ ਘਾਟ ਦੂਰ ਕਰਨ ਵਿਚ ਵੀ ਮਦਦ ਮਿਲੇਗੀ। ਅਮਰੀਕਾ ਵਿਚ ਐਚ-1ਬੀ, ਐਚ-2ਏ, ਐਚ-2ਬੀ ਤੇ ਐਚ-3 ਵੀਜ਼ਾ ਧਾਰਕਾਂ ਉਤੇ ਨਿਰਭਰ ਉਨ੍ਹਾਂ ਦੇ ਜੀਵਨ ਸਾਥੀਆਂ (ਪਤੀ-ਪਤਨੀ) ਤੇ ਬੱਚਿਆਂ ਨੂੰ ਐਚ-4 ਵੀਜ਼ਾ ਦਿੱਤਾ ਜਾਂਦਾ ਹੈ। ਕਈ ਐਚ-4 ਵੀਜ਼ਾ ਧਾਰਕ ਆਪੋ-ਆਪਣੇ ਕੰਮਾਂ ਵਿਚ ਸਿਖਰਲੇ ਮਾਹਿਰ ਹਨ ਤੇ ਕੰਮ ਕਰਦੇ ਰਹੇ ਹਨ। ਬਿੱਲ ਸੰਸਦ ਵਿਚ ਕੈਰੋਲਿਨ ਬੋਰਡੌਕਸ ਤੇ ਮਾਰੀਆ ਐਲਵੀਰਾ ਨੇ ਪੇਸ਼ ਕੀਤਾ, ਜਿਸ ਵਿਚ ਮੌਜੂਦਾ ਕਾਨੂੰਨ ਨੂੰ ਬਦਲ ਕੇ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਐਚ-4 ਵੀਜ਼ਾ ਮਿਲਣ ਤੋਂ ਬਾਅਦ ਕੰਮ ਦਾ ਆਟੋਮੈਟਿਕ ਹੱਕ ਦਿੱਤੇ ਜਾਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇ ਇਹ ਬਿੱਲ ਪਾਸ ਹੋ ਜਾਂਦਾ ਹੈ ਤਾਂ ਵੀਜ਼ਾ ਧਾਰਕਾਂ ਨੂੰ ਰੁਜ਼ਗਾਰ ਦੇ ਹੱਕ ਸਬੰਧੀ ਦਸਤਾਵੇਜ਼ ਲੈਣ ਲਈ ਅਰਜ਼ੀ ਨਹੀਂ ਦੇਣੀ ਪਵੇਗੀ।

### ਅਮਰੀਕਾ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 12 ਫੀਸਦ ਵਧੀ

**ਵਾਸ਼ਿੰਗਟਨ:** ਅਮਰੀਕਾ ਵਿਚ 2021 ਵਿਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 12 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ, ਜਦਕਿ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿਚ ਅੱਠ ਫੀਸਦੀ ਤੋਂ ਵੱਧ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਜਾਣਕਾਰੀ ਸਰਕਾਰੀ ਰਿਪੋਰਟ 'ਚੋਂ ਮਿਲੀ ਹੈ। ਸਭ ਤੋਂ ਵੱਧ ਚੀਨੀ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਆਉਂਦੇ ਹਨ।

# ਕੈਨੇਡਾ 'ਚ ਲੁਟੇਰਿਆਂ ਵੱਲੋਂ ਭਾਰਤੀ ਵਿਦਿਆਰਥੀ ਦਾ ਕਤਲ

**ਟੋਰਾਂਟੋ:** ਇਥੇ ਸਬਵੇਅ ਸਟੇਸ਼ਨ ਦੇ ਗੇਟ ਕੋਲ ਲੁਟੇਰਿਆਂ ਨੇ 21 ਸਾਲਾ ਭਾਰਤੀ ਵਿਦਿਆਰਥੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਪੁਲਿਸ ਨੇ ਦੱਸਿਆ ਕਿ ਇਹ ਘਟਨਾ ਉਸ ਸਮੇਂ ਦੀ ਹੈ, ਜਦੋਂ ਇਹ ਵਿਦਿਆਰਥੀ ਆਪਣੇ ਕੰਮ 'ਤੇ ਜਾ ਰਿਹਾ ਸੀ। ਪੁਲਿਸ ਮੁਤਾਬਕ, ਮ੍ਰਿਤਕ ਦੀ ਪਛਾਣ ਕਾਰਤਿਕ ਵਾਸੂਦੇਵ ਵਜੋਂ ਹੋਈ ਹੈ। ਉਹ ਗਾਜ਼ੀਆਬਾਦ (ਯੂਪੀ) ਤੋਂ ਕੈਨੇਡਾ ਆ ਕੇ ਮੈਨੇਜਮੈਂਟ ਦੀ ਉਚ ਪੜ੍ਹਾਈ ਦੇ ਨਾਲ ਨੌਕਰੀ ਕਰਦਾ ਸੀ। ਰੇਲਵੇ ਸਟੇਸ਼ਨ ਕੋਲ ਕਾਰਤਿਕ ਦੀ ਲੁਟੇਰਿਆਂ ਨਾਲ ਬਹਿਸ ਹੋ ਗਈ। ਲੁਟੇਰੇ ਉਸ ਨੂੰ ਕਈ ਗੋਲੀਆਂ ਮਾਰਨ ਮਗਰੋਂ ਫਰਾਰ ਹੋ ਗਏ।

ਸੇਂਟ ਜੇਮਜ਼ ਟਾਊਨ ਵਿੱਚ ਸ਼ੇਰਬੋਰਨ ਟੀ.ਟੀ.ਸੀ. ਸਟੇਸ਼ਨ ਦੇ ਗਲੇਨ ਰੋਡ ਦੇ ਅੰਦਰ ਜਾਣ ਵਾਲੇ ਗੇਟ 'ਤੇ ਵਾਸੂਦੇਵ ਨੂੰ ਨੂੰ ਗੋਲੀਆਂ ਮਾਰੀਆਂ ਗਈਆਂ। ਟੋਰਾਂਟੋ ਪੁਲਿਸ ਸਰਵਿਸ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਵਾਸੂਦੇਵ ਨੂੰ ਮੁੱਢਲੀ ਸਹਾਇਤਾ ਦੇਣ ਮਗਰੋਂ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ।

# ਹੁਣ ਅੰਗਰੇਜ਼ ਵੀ ਪੰਜਾਬ ਵਿਚ ਨੌਕਰੀ ਕਰਨ ਆਉਣਗੇ: ਭਗਵੰਤ ਮਾਨ



**ਬਠਿੰਡਾ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਥੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.) ਦੇ ਪਹਿਲੇ ਕਨਵੋਕੇਸ਼ਨ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਡਿਗਰੀਆਂ ਵੰਡੀਆਂ।

ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰ ਕੇ ਸੂਬੇ 'ਚੋਂ ਹੁਨਰ ਦੀ ਹਿਜਰਤ ਰੋਕਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਜਿਹੀਆਂ ਯੋਜਨਾਵਾਂ ਉਲੀਕੀਆਂ ਜਾਣਗੀਆਂ ਕਿ ਇੱਥੇ ਅੰਗਰੇਜ਼ ਵੀ ਨੌਕਰੀ ਕਰਨ ਆਉਣਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਤਕਨੀਕੀ ਸਿੱਖਿਆ ਦਾ ਯੁੱਗ ਹੈ, ਇਸ ਲਈ ਮੌਜੂਦਾ ਸਿੱਖਿਆ ਨੂੰ ਰੁਜ਼ਗਾਰ ਦੀ ਹਾਣੀ ਬਣਾਉਣ ਦੀ ਲੋੜ ਹੈ।

ਉਨ੍ਹਾਂ ਪੰਜਾਬ ਵਿਚ ਹੀ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਸੂਬੇ ਵਿਚ ਸਨਅਤ ਪੱਖੀ ਮਾਹੌਲ ਸਿਰਜਣ ਵਾਸਤੇ ਲੋਕਾਂ ਤੋਂ ਕੁਝ ਸਮਾਂ ਮੰਗਦਿਆਂ ਨੌਜਵਾਨਾਂ ਨੂੰ ਆਪਣੀ ਮਾਤ ਭੂਮੀ ਦੀ ਸੇਵਾ ਕਰਨ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ, ਖਾਸ ਕਰ ਕੇ ਲੜਕੀਆਂ ਨੂੰ ਆਪਣੀ ਪਸੰਦ ਦੇ ਖੇਤਰ ਵਿਚ ਮੱਲਾਂ ਮਾਰਨ ਦੀ ਆਜ਼ਾਦੀ ਦੇਣ।

ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 'ਬੋਲੇ ਸੋ ਨਿਹਾਲ' ਨਾਲ ਆਪਣਾ ਭਾਸ਼ਣ ਸ਼ੁਰੂ ਕਰਦਿਆਂ ਕਿਹਾ ਕਿ ਨੌਜਵਾਨ ਦੇਸ਼ ਅਤੇ ਸਮਾਜ ਲਈ ਆਮਦਨੀ ਦਾ ਸਾਧਨ ਬਣ ਸਕਦੇ ਹਨ। ਉਨ੍ਹਾਂ ਕਿਹਾ ਕਿ ਟੈਕਨਾਲੋਜਿਸਟ ਸਮੱਸਿਆ ਹੱਲ ਕਰਨ ਵਾਲੇ ਹੁੰਦੇ ਹਨ, ਜੋ ਮੁਸ਼ਕਲ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੁਖਾਲੇ, ਬਿਹਤਰ ਅਤੇ ਕਿਫ਼ਾਇਤੀ ਢੰਗ-ਤਰੀਕੇ ਤਲਾਸ਼ਦੇ ਹਨ। ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਰਗੇ ਵੱਕਾਰੀ ਇੰਸਟੀਚਿਊਟ ਇਹ ਚੁਣੌਤੀਆਂ ਪੂਰੀਆਂ ਕਰਨ ਲਈ ਟੈਕਨਾਲੋਜਿਸਟ ਤਿਆਰ ਕਰਦੇ ਹਨ। ਉਨ੍ਹਾਂ ਨੌਜਵਾਨ ਟੈਕਨਾਲੋਜਿਸਟਾਂ ਨੂੰ ਸੱਦਾ ਦਿੱਤਾ ਕਿ ਉਹ ਰੁਜ਼ਗਾਰ ਦੇ ਮੌਕੇ ਲੱਭਣ ਦੀ ਜਗ੍ਹਾ ਰੁਜ਼ਗਾਰ ਸਿਰਜਣ। ਉਨ੍ਹਾਂ ਨੇ ਯੂਨੀਵਰਸਿਟੀ ਨੂੰ ਆਪਣੇ ਸਬੰਧਤ ਕਾਲਜਾਂ ਵਿਚ ਉੱਦਮਤਾ ਅਤੇ ਨਵੀਨਤਾ ਲਈ ਉਸਾਰੂ ਮਾਹੌਲ ਸਿਰਜਣ ਦਾ ਸੱਦਾ ਦਿੱਤਾ।

# ਕੈਨੇਡਾ ਦੇ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਮਾਨ ਨਾਲ ਰਾਬਤਾ

**ਟੋਰਾਂਟੋ:** ਕੈਨੇਡਾ ਦੇ ਓਂਟਾਰੀਓ ਸੂਬੇ ਦੇ ਵਿਧਾਇਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਵਰਚੁਅਲ ਮੀਟਿੰਗ ਕੀਤੀ ਹੈ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਮਾਨ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਦੁਵੱਲੇ ਸਹਿਯੋਗ ਦਾ ਭਰੋਸਾ ਵੀ ਦਿੱਤਾ। ਵਿਧਾਇਕਾਂ ਨੇ ਓਂਟਾਰੀਓ ਸੂਬੇ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸ਼ੁੱਭ ਇਛਾਵਾਂ ਭਗਵੰਤ ਮਾਨ ਤੱਕ ਪਹੁੰਚਾਈਆਂ।

ਮਾਨ ਨੇ ਧੰਨਵਾਦ ਕਰਦਿਆਂ ਇਸ ਉਤੇ ਖੁਸ਼ੀ ਪ੍ਰਗਟ ਕੀਤੀ। ਟੋਰਾਂਟੋ ਵਸਦੇ ਆਮ ਆਦਮੀ ਪਾਰਟੀ ਆਗੂ ਸੰਦੀਪ ਸਿੰਗਲਾ ਦੇ ਯਤਨਾਂ ਨਾਲ ਹੋਈ ਵਰਚੁਅਲ ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਵਿਚ ਵਿਧਾਇਕ ਪਰਮ ਗਿੱਲ, ਪ੍ਰਭਮੀਤ ਸਿੰਘ ਸਰਕਾਰੀਆ (ਮੰਤਰੀ), ਨੀਨਾ ਤਾਂਗੜੀ, ਦੀਪਕ ਅਨੰਦ, ਅਮਰਜੀਤ ਸੰਧੂ ਮੁੱਖ ਸਨ। ਕੈਨੇਡੀਅਨ ਵਿਧਾਇਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਵਿਦੇਸ਼ ਵਸਦੇ ਪੰਜਾਬੀਆਂ ਨੂੰ ਵਤਨ ਵਿਚ ਆਉਂਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਸਾਰਥਕ ਹੱਲ ਦੀਆਂ ਤਜਵੀਜ਼ਾਂ ਵੀ ਸੁਝਾਈਆਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਸਾਰੇ ਮੁੱਦਿਆਂ ਨੂੰ ਪਹਿਲਾਂ ਹੀ ਗੰਭੀਰਤਾ ਨਾਲ ਲਿਆ ਹੈ ਤੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਵਿਦੇਸ਼ ਵਸਦੇ ਪੰਜਾਬੀ ਹੁਣ ਜਦ ਵੀ ਪੰਜਾਬ ਆਉਣਗੇ ਤਾਂ ਬੜਾ ਕੁਝ ਬਦਲਿਆ ਹੋਇਆ ਮਹਿਸੂਸ ਕਰਨਗੇ। ਮੁੱਖ ਮੰਤਰੀ ਨੇ ਇਸ ਮੌਕੇ ਕਿਹਾ ਕਿ ਦੁਵੱਲਾ ਸਹਿਯੋਗ ਜਿੱਥੇ ਪੰਜਾਬ ਦੇ ਵਿਕਾਸ ਦੀ ਰਫਤਾਰ ਤੇਜ਼ ਕਰੇਗਾ, ਉਥੇ ਕਈ ਹੋਰਾਂ ਲਈ ਉਦਾਹਰਣ ਵੀ ਬਣੇਗਾ।

# ਬਹਿਬਲ ਗੋਲੀ ਕਾਂਡ ਦੇ ਪੀੜਤਾਂ ਨੂੰ ਇਨਸਾਫ ਦੇਵੇ ਆਪ ਸਰਕਾਰ: ਨਵਜੋਤ ਸਿੱਧੂ

**ਕੋਟਕਪੂਰਾ:** ਬਹਿਬਲ ਗੋਲੀ ਕਾਂਡ ਵਿਚ ਪੀੜਤਾਂ ਨੂੰ ਇਨਸਾਫ ਨਾ ਮਿਲਣ ਅਤੇ ਇਸ ਕਾਂਡ ਵਿਚ ਨਾਮਜ਼ਦ ਮੁਲਜ਼ਮਾਂ ਖਿਲਾਫ ਸੱਤ ਸਾਲ ਬਾਅਦ ਵੀ ਕੋਈ ਕਾਰਵਾਈ ਨਾ ਹੋਣ ਦੇ ਰੋਸ ਵਜੋਂ ਪੀੜਤ ਪਰਿਵਾਰ ਅਤੇ ਸਿੱਖ ਜਥੇਬੰਦੀਆਂ ਨੇ ਸ਼ਾਹਰਾਹ ਨੰਬਰ-54 (ਬਠਿੰਡਾ-ਅੰਮ੍ਰਿਤਸਰ) ਨੂੰ ਅਣਮਿੱਥੇ ਸਮੇਂ ਲਈ ਜਾਮ ਕਰ ਦਿੱਤਾ।

ਇਸ ਮੌਕੇ ਪੰਜਾਬ ਪ੍ਰਦੇਸ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਵੀ ਇਨਸਾਫ ਮੋਰਚੇ 'ਚ ਸ਼ਾਮਲ ਹੋਏ। ਸ੍ਰੀ ਸਿੱਧੂ ਨੇ ਆਪਣੇ ਸੰਬੋਧਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਸਬੰਧੀ ਕੇਸ ਦੀ ਸੁਣਵਾਈ ਫਾਸਟ ਟਰੈਕ ਕੋਰਟ ਵਿਚ ਕਰਵਾਈ ਜਾਵੇ ਤਾਂ ਜੋ ਪੀੜਤ ਪਰਿਵਾਰਾਂ ਨੂੰ ਜਲਦੀ ਇਨਸਾਫ ਮਿਲੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਮਿਲਣ। ਉਨ੍ਹਾਂ ਕਿਹਾ ਕਿ ਜੇਕਰ ਭਗਵੰਤ ਮਾਨ ਉਨ੍ਹਾਂ ਦੀ ਮੰਗ ਨੂੰ ਮੰਨ ਕੇ ਇਨਸਾਫ ਦਿਵਾਉਂਦੇ ਹਨ ਤਾਂ ਉਹ ਵੀ ਮਾਨ ਨਾਲ ਖੜ੍ਹਨਗੇ, ਨਹੀਂ ਤਾਂ ਮਾਨ ਸਰਕਾਰ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਇਕ ਬਿਆਨ ਦਾ ਹਵਾਲਾ ਦਿੰਦਿਆਂ ਸ੍ਰੀ ਸਿੱਧੂ ਨੇ ਆਖਿਆ ਕਿ ਸੱਤਾ 'ਚ ਆਉਣ ਤੋਂ ਪਹਿਲਾਂ ਕੇਜਰੀਵਾਲ ਨੇ ਕਿਹਾ ਸੀ ਕਿ ਇਨ੍ਹਾਂ ਸੰਜੀਦਾ ਮਸਲਿਆਂ ਦੀਆਂ ਪੜਤਾਲਾਂ ਹੋ ਚੁੱਕੀਆਂ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਸ ਮਾਮਲੇ ਵਿਚ ਦੋਸ਼ੀ ਕੌਣ ਹਨ, ਸਰਕਾਰ ਆਉਣ 'ਤੇ 24 ਘੰਟਿਆਂ ਦੇ ਅੰਦਰ ਇਨਸਾਫ ਦਿਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਿਚ 'ਆਪ' ਦੀ ਸਰਕਾਰ ਹੈ, ਇਸ ਲਈ ਹੁਣ ਪੰਜਾਬ ਸਰਕਾਰ ਇਨ੍ਹਾਂ ਸੰਜੀਦਾ ਮਾਮਲਿਆਂ ਦੀ ਸੁਣਵਾਈ ਕਰਵਾ ਕੇ ਦੋਸ਼ੀਆਂ ਨੂੰ ਬਣਦੀਆਂ ਸਜ਼ਾਵਾਂ ਦਿਵਾਏ।

ਫਰੀਦਕੋਟ ਤੋਂ 'ਆਪ' ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਭਰੋਸਾ ਦਿਵਾਇਆ ਕਿ ਛੇਤੀ ਹੀ ਸਰਕਾਰ ਇਸ ਮਾਮਲੇ ਵਿਚ ਕਾਰਵਾਈ ਕਰੇਗੀ। ਉਨ੍ਹਾਂ ਵੱਲੋਂ ਇਸ ਸਬੰਧੀ ਉੱਚ ਪੁਲਿਸ ਅਧਿਕਾਰੀਆਂ ਨਾਲ ਸੰਪਰਕ ਕਾਇਮ ਕੀਤਾ ਗਿਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਪੀੜਤ ਪਰਿਵਾਰ ਦੇ ਮੈਂਬਰ ਸੁਖਰਾਜ ਸਿੰਘ ਅਤੇ ਸਾਧੂ ਸਿੰਘ ਨੇ ਕਿਹਾ ਕਿ ਸੱਤ ਸਾਲ ਬੀਤਣ ਮਗਰੋਂ ਵੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਇਸ ਮੌਕੇ ਪੰਥਕ ਆਗੂਆਂ ਨੇ ਕਿਹਾ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਬੇਅਦਬੀ ਅਤੇ ਬਹਿਬਲ ਕਾਂਡ ਦੇ ਮੁੱਦੇ 'ਤੇ ਹੁਣ ਤੱਕ ਸਿਰਫ ਸਿਆਸਤ ਕੀਤੀ ਹੈ, ਪਰ ਇਨਸਾਫ ਦਿਵਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ।

# ਰਾਜਾ ਵੜਿੰਗ ਹੱਥ ਪੰਜਾਬ ਕਾਂਗਰਸ ਦੀ ਕਮਾਨ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਕਰਾਰੀ ਹਾਰ ਤੋਂ ਬਾਅਦ ਪਾਰਟੀ ਵਿਚ ਲਗਾਤਾਰ ਚੱਲ ਰਹੀ ਸਿਆਸੀ ਖਿੱਚੋਤਾਣ ਨੂੰ ਦਰਕਿਨਾਰ ਕਰਦਿਆਂ ਕਾਂਗਰਸ ਹਾਈਕਮਾਨ ਨੇ ਸਾਬਕਾ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਐਲਾਨ ਦਿੱਤਾ ਹੈ ਜਦਕਿ ਪਾਰਟੀ ਦੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਪੰਜਾਬ ਕਾਂਗਰਸ ਦਾ ਕਾਰਜਕਾਰੀ ਪ੍ਰਧਾਨ ਲਗਾਇਆ ਗਿਆ ਹੈ।



ਇਸ ਗੱਲ ਦਾ ਐਲਾਨ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਪੱਤਰ ਜਾਰੀ ਕਰਕੇ ਕੀਤਾ ਹੈ। ਕਾਂਗਰਸ ਹਾਈਕਮਾਨ ਵੱਲੋਂ ਜਾਰੀ ਕੀਤੇ ਗਏ ਪੱਤਰ ਵਿਚ ਪੰਜਾਬ ਵਿਧਾਨ ਸਭਾ 'ਚ ਕਾਂਗਰਸ ਦਲ ਦੇ ਨੇਤਾ ਵਜੋਂ ਵਿਧਾਨ ਸਭਾ ਹਲਕਾ ਕਾਦੀਆਂ ਤੋਂ ਵਿਧਾਇਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਨਾਮ 'ਤੇ ਮੋਹਰ ਲਗਾ ਦਿੱਤੀ ਹੈ।

ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਚੱਬੇਵਾਲ ਨੂੰ ਉਪ ਨੇਤਾ ਬਣਾਇਆ ਗਿਆ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਬਜ਼ ਕਾਂਗਰਸ ਪਾਰਟੀ ਦੀ ਹਾਰ ਤੋਂ ਬਾਅਦ ਪਾਰਟੀ ਅੰਦਰ ਕਸ਼ਮਕਸ਼ ਚੱਲ ਰਹੀ ਸੀ। ਇੰਨਾ ਹੀ ਨਹੀਂ 7 ਅਪਰੈਲ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਮਹਿੰਗਾਈ ਖਿਲਾਫ਼ ਚੰਡੀਗੜ੍ਹ ਵਿਚ ਦਿੱਤੇ ਧਰਨੇ ਵਿਚ ਵੀ ਇਹ ਫੁੱਟ ਜਗ-ਜਾਹਿਰ ਹੋ ਗਈ ਸੀ ਜਦੋਂ ਪਾਰਟੀ ਆਗੂ ਨਵਜੋਤ ਸਿੰਘ ਸਿੱਧੂ ਅਤੇ ਬਰਿੰਦਰ ਸਿੰਘ ਢਿੱਲੋਂ ਆਪਸ ਵਿਚ ਭਿੜ ਗਏ ਸਨ।

ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਹਿਲਾਂ ਯੂਥ ਕਾਂਗਰਸ ਲਈ ਵੀ ਲੰਬਾ ਸਮਾਂ ਕੰਮ ਕਰ ਚੁੱਕੇ ਹਨ। ਉਹ ਤਿੰਨ ਵਾਰ ਵਿਧਾਇਕ ਤੇ ਪਿਛਲੀ ਸਰਕਾਰ 'ਚ ਟਰਾਂਸਪੋਰਟ ਮੰਤਰੀ ਰਹੇ ਹਨ।

# ਪੰਜਾਬ ਦੇ 9 ਪੁਲਿਸ ਅਧਿਕਾਰੀ ਮੁਅੱਤਲ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ 9 ਪੁਲਿਸ ਅਧਿਕਾਰੀਆਂ ਨੂੰ ਡਿਊਟੀ 'ਚ ਕੋਤਾਹੀ ਵਰਤਣ ਦੇ ਦੋਸ਼ ਹੇਠ ਮੁਅੱਤਲ ਕੀਤਾ ਗਿਆ ਹੈ। ਇਹ ਪੁਲਿਸ ਮੁਲਾਜ਼ਮ ਲੁਧਿਆਣਾ ਰੇਂਜ ਅਧੀਨ ਪੈਂਦੇ ਤਿੰਨ ਜ਼ਿਲ੍ਹਿਆਂ ਦੇ ਹਨ। ਇਨ੍ਹਾਂ ਵਿਚ ਇਕ ਐਸ.ਐਚ.ਓ. ਅਤੇ 8 ਏ.ਐਸ.ਆਈ. ਸ਼ਾਮਲ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਥਾਣਾ ਦਾਖਾ ਦੇ ਐਸ.ਐਚ.ਓ. ਇੰਸਪੈਕਟਰ ਪ੍ਰੇਮ ਸਿੰਘ, ਥਾਣਾ ਜੋਧਾਂ ਦੇ ਏ.ਐਸ.ਆਈ. ਗੁਰਮੀਤ ਸਿੰਘ, ਪੁਲਿਸ ਲਾਈਨ ਲੁਧਿਆਣਾ ਦਿਹਾਤੀ ਦੇ ਏ.ਐਸ.ਆਈ. ਗੁਰਮੀਤ ਸਿੰਘ, ਥਾਣਾ ਖੰਨਾ ਸਿਟੀ-2 ਦੇ ਏ.ਐਸ.ਆਈ. ਮੇਜਰ ਸਿੰਘ ਤੇ ਸੋਹਨ ਸਿੰਘ, ਥਾਣਾ ਖੰਨਾ ਸਿਟੀ ਦੇ ਏ.ਐਸ.ਆਈ. ਬਲਜੀਤ ਸਿੰਘ ਨੂੰ ਮੁਅੱਤਲ ਕੀਤਾ ਹੈ। ਇਸ ਤੋਂ ਇਲਾਵਾ ਥਾਣਾ ਸਦਰ ਬੰਗਾ ਦੇ ਏ.ਐਸ.ਆਈ. ਸੁਖਪਾਲ ਸਿੰਘ, ਥਾਣਾ ਰਾਹੋਂ ਦੇ ਏ.ਐਸ.ਆਈ. ਜਸਵਿੰਦਰ ਸਿੰਘ ਅਤੇ ਥਾਣਾ ਬਲਾਚੌਰ ਦੇ ਏ.ਐਸ.ਆਈ. ਪੁਸ਼ਪਿੰਦਰ ਕੁਮਾਰ ਨੂੰ ਮੁਅੱਤਲ ਕੀਤਾ ਗਿਆ ਹੈ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਉਕਤ ਮੁਲਾਜ਼ਮਾਂ ਨੂੰ ਵੱਖ-ਵੱਖ ਦੋਸ਼ਾਂ ਤਹਿਤ ਮੁਅੱਤਲ ਕੀਤਾ ਗਿਆ ਹੈ।

# ਪੰਜਾਬ ਵਿਚ ਅਪਰਾਧਕ ਘਟਨਾਵਾਂ ਵਧੀਆਂ

**ਚੰਡੀਗੜ੍ਹ:** ਪਿਛਲੇ ਕੁਝ ਦਿਨਾਂ ਤੋਂ ਪੰਜਾਬ ਵਿਚ ਅਪਰਾਧ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਹੋਣ ਕਾਰਨ ਸੂਬੇ ਵਿਚ ਨਵੀਂ-ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਉਤੇ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ। ਫਰਵਰੀ ਵਿਚ ਖਤਮ ਹੋਈਆਂ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਨੇ ਜਿਵੇਂ ਆਪਣਾ ਪੂਰਾ ਧਿਆਨ ਕਾਨੂੰਨ ਵਿਵਸਥਾ, ਨਸ਼ੇ ਦੀ ਸਮੱਸਿਆ ਅਤੇ ਅਪਰਾਧਕ ਮਾਫੀਆ ਗਰੋਹਾਂ ਉਤੇ ਨਕੇਲ ਕੱਸਣ ਦੇ ਐਲਾਨਾਂ ਵੱਲ ਲਗਾ ਰੱਖਿਆ ਸੀ ਪਰ ਇਸੇ ਇਕ ਮੁੱਦੇ ਨੂੰ ਵੇਖੀਏ ਤਾਂ ਆਮ ਆਦਮੀ ਪਾਰਟੀ ਦੀ ਬੀਤੇ ਹਫਤਿਆਂ ਦੀ ਕਾਰਗੁਜ਼ਾਰੀ ਦੀ ਤਸਵੀਰ ਧੁੰਦਲੀ ਪੈਂਦੀ ਦਿਖਾਈ ਦੇ ਰਹੀ ਹੈ।

ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਵਿਚ ਵੀ ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਦੇ ਮੁਕਾਬਲੇ ਚੋਖਾ ਵਾਧਾ ਹੀ ਹੋਇਆ ਹੈ। ਸੂਬੇ ਵਿਚ ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਦਾ ਹੋਵੇ, ਜਿਸ ਦਿਨ ਲੁੱਟਾਂ-ਖੋਹਾਂ ਅਤੇ ਹੱਤਿਆਵਾਂ ਦੀਆਂ ਦੋ-ਚਾਰ ਘਟਨਾਵਾਂ ਨਾ ਵਾਪਰੀਆਂ ਹੋਣ। ਇਕ ਖਬਰ ਅਨੁਸਾਰ ਸੂਬੇ ਵਿਚ ਬੀਤੇ 21 ਦਿਨਾਂ ਵਿਚ ਹੱਤਿਆ ਅਤੇ ਗੋਲੀਬਾਰੀ ਦੀਆਂ ਡੇਢ ਦਰਜਨ ਤੋਂ ਵੱਧ ਘਟਨਾਵਾਂ ਵਾਪਰੀਆਂ ਹਨ। ਬੈਂਕ ਲੁੱਟਣ, ਝਪਟਮਾਰੀ ਅਤੇ ਹਥਿਆਰਾਂ ਦੀ ਨੋਕ ਉਤੇ ਆਮ ਆਦਮੀ ਨਾਲ ਹੋਣ ਵਾਲੀਆਂ ਘਟਨਾਵਾਂ ਵੀ ਉਸੇ ਅਨੁਪਾਤ ਨਾਲ ਵਧੀਆਂ ਹਨ।



ਗੁਰਦਾਸਪੁਰ ਵਿਚ ਥਾਣਾ ਭੈਣੀ ਮੀਆਂ ਖਾਂ ਦੇ ਪਿੰਡ ਫੁੱਲੜਾ ਵਿਚ ਦੋ ਧਿਰਾਂ ਵਿਚਕਾਰ ਜਮੀਨ ਦੇ ਝਗੜੇ ਕਾਰਨ ਹੋਈ ਗੋਲੀਬਾਰੀ ਵਿਚ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਪਟਿਆਲਾ ਵਿਚ ਦੋ ਵੱਖ-ਵੱਖ ਘਟਨਾਵਾਂ ਵਿਚ ਦੋ ਨੌਜਵਾਨਾਂ ਦਾ ਕਤਲ ਹੋ ਗਿਆ ਹੈ। ਇਨ੍ਹਾਂ ਵਿਚੋਂ ਇਕ ਘਟਨਾ ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਸਥਿਤ ਮਾਰਕਿਟ 'ਚ ਵਾਪਰੀ। ਇਸ ਘਟਨਾ 'ਚ ਨੇੜਲੇ ਪਿੰਡ ਦੌਣਕਲਾਂ ਦੇ ਵਸਨੀਕ ਧਰਮਿੰਦਰ ਸਿੰਘ ਭਿੰਦਾ (35) ਪੁੱਤਰ ਧਨੰਤਰ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਆਪਣੇ ਪਿੰਡ ਦੇ ਯੂਥ ਕਲੱਬ 'ਚ ਮੋਹਰੀ ਭੂਮਿਕਾ ਨਿਭਾਉਂਦਿਆਂ ਕਬੱਡੀ ਟੂਰਨਾਮੈਂਟ ਵੀ ਕਰਵਾਉਂਦਾ ਰਹਿੰਦਾ ਸੀ। ਕਤਲ ਦੀ ਦੂਜੀ ਘਟਨਾ ਇਥੇ ਮਾਲ ਰੋਡ 'ਤੇ ਵਾਪਰੀ। ਦਰਸ਼ਨ ਨਗਰ ਵਾਸੀ ਪ੍ਰਿਤਪਾਲ ਸਿੰਘ ਪੁੱਤਰ ਕਰਮਜੀਤ ਸਿੰਘ ਨੂੰ ਚਾਕੂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਮੁੱਖ ਮੰਤਰੀ ਦੇ ਐਲਾਨ ਤੇ ਕੋਸ਼ਿਸ਼ਾਂ ਦੇ ਬਾਵਜੂਦ ਸੂਬੇ ਵਿਚ ਮਾਫੀਆ ਵਲੋਂ ਹੱਤਿਆਵਾਂ ਅਤੇ ਅਪਰਾਧਾਂ ਦੀ ਗਿਣਤੀ ਵਿਚ ਕਮੀ ਨਹੀਂ ਆ ਰਹੀ। ਇਸ ਦੇ ਉਲਟ ਸੂਬੇ ਦੇ ਲੋਕਾਂ ਦੀ ਹਰਮਨ-ਪਿਆਰੀ ਖੇਡ ਕਬੱਡੀ ਵਿਚ ਮਾਫੀਆ ਗਰੋਹਾਂ ਦੀ ਕਸ਼ਮਕਸ਼ ਕਾਰਨ ਹੋਣ ਵਾਲੀਆਂ ਹੱਤਿਆਵਾਂ ਨੇ ਸੂਬੇ ਦੇ ਆਮ ਲੋਕਾਂ ਨੂੰ ਸਭ ਤੋਂ ਵੱਧ ਹੈਰਾਨ ਕੀਤਾ ਹੈ। ਇਸ ਦੇ ਨਾਲ ਹੀ ਗਾਇਕੀ ਦੇ ਖੇਤਰ ਵਿਚ ਮਾਫੀਆ ਗਰੋਹਾਂ ਦੇ ਦਖਲ ਕਾਰਨ ਹੋਈ ਇਕ ਹੱਤਿਆ ਨੇ ਵੀ ਸੂਬੇ ਦੀ ਕਾਨੂੰਨ ਵਿਵਸਥਾ ਦੀਆਂ ਬੱਖੀਆਂ ਉਧੇੜ ਕੇ ਰੱਖ ਦਿੱਤੀਆਂ ਹਨ।

ਸੂਬੇ ਦੀ ਕਾਨੂੰਨ ਵਿਵਸਥਾ ਦੇ ਪੱਧਰ ਉਤੇ ਪਹਿਲੀ ਚੁਣੌਤੀ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਹੁੰ ਚੁੱਕ ਸਮਾਗਮ ਦੇ ਦਿਨ ਹੀ ਜਲੰਧਰ ਵਿਚ ਪਾਰਟੀ ਦੇ ਇਕ ਵਰਕਰ ਉਤੇ ਹੋਈ ਗੋਲੀਬਾਰੀ ਤੋਂ ਮਿਲ ਗਈ ਸੀ। ਬੀਤੇ ਮਹੀਨੇ ਇਕ ਨਾਮਵਰ ਹਾਕੀ ਖਿਡਾਰੀ ਦੀ ਗੈਂਗਸਟਰਾਂ ਵੱਲੋਂ ਹੱਤਿਆ, ਫਿਰ 7 ਅਪਰੈਲ ਨੂੰ ਪਟਿਆਲਾ ਵਿਚ ਇਕ ਕਬੱਡੀ ਕਲੱਬ ਦੇ ਪ੍ਰਧਾਨ ਦੀ ਹੱਤਿਆ ਅਤੇ 2 ਅਪ੍ਰੈਲ ਨੂੰ ਇਕ ਗੈਂਗਸਟਰ ਦੀ ਹੱਤਿਆ ਅਤੇ ਇਸੇ ਮਹੀਨੇ ਪਹਿਲੀ ਅਪ੍ਰੈਲ ਨੂੰ ਇਕ ਕਬੱਡੀ ਟੂਰਨਾਮੈਂਟ ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਵੀ ਸਾਫ-ਸਾਫ ਗੈਂਗਸਟਰਾਂ ਅਤੇ ਮਾਫੀਏ ਦੇ ਪਾਲੇ ਵਿਚ ਜਾਂਦੀ ਹੈ।

ਇਨ੍ਹੀਂ ਦਿਨੀਂ ਸ਼ਰੇਆਮ ਗੋਲੀਆਂ ਚਲਾਏ ਜਾਣ ਦੀਆਂ ਇਕ ਤੋਂ ਬਾਅਦ ਇਕ ਵਾਪਰ ਰਹੀਆਂ ਘਟਨਾਵਾਂ ਨਾਲ ਇਹ ਵੀ ਸਿੱਧ ਹੁੰਦਾ ਹੈ ਕਿ ਅਪਰਾਧੀਆਂ ਦੇ ਮਨ ਵਿਚ ਪੁਲਿਸ ਪ੍ਰਸ਼ਾਸਨ ਦਾ ਡਰ ਜਿਵੇਂ ਖ਼ਤਮ ਹੀ ਹੋ ਗਿਆ ਹੋਵੇ। ਹਾਲਾਤ ਦੀ ਗੰਭੀਰਤਾ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਇਕ ਕਲਾਕਾਰ ਮੁੱਖ ਮੰਤਰੀ ਦੇ ਸ਼ਾਸਨ ਵਿਚ ਇਕ ਹੋਰ ਕਲਾਕਾਰ ਦੀ ਮਾਂ ਨੂੰ ਘਰ ਵਿਚ ਬੰਧਕ ਬਣਾ ਕੇ ਲੁੱਟ ਲਿਆ ਗਿਆ। ਪੰਜਾਬ ਦੇ ਕਈ ਸ਼ਹਿਰਾਂ ਵਿਚ ਲੱਖਾਂ ਕਰੋੜਾਂ ਰੁਪਏ ਦੀ ਸ਼ਰੇਆਮ ਲੁੱਟ ਅਤੇ ਲੁੱਟਾਂ-ਖੋਹਾਂ ਦੀਆਂ ਹੋਰ ਘਟਨਾਵਾਂ ਨੇ ਵੀ ਆਮ ਲੋਕਾਂ ਦੇ ਸੁੱਖ-ਚੈਨ ਨੂੰ ਪ੍ਰਭਾਵਿਤ ਕੀਤਾ ਹੈ। ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਹਲਕਾ ਜ਼ੀਰਾ ਦੇ ਪਿੰਡ ਕੱਸੋਆਣਾ ਅਤੇ ਮਨਸੂਰਵਾਲ ਕਲਾਂ ਵਿਚ ਵੱਖ-ਵੱਖ ਮਾਮਲਿਆਂ 'ਚ ਹੋਈਆਂ ਝੜਪਾਂ ਦੌਰਾਨ ਮਾਰੇ ਗਏ ਕਾਂਗਰਸੀ ਵਰਕਰਾਂ ਦੀ ਅੰਤਿਮ ਅਰਦਾਸ ਵਿਚ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ। ਇਸ ਦੌਰਾਨ ਸ੍ਰੀ ਸਿੱਧੂ ਨੇ ਕਿਹਾ ਕਿ 'ਆਪ' ਸਰਕਾਰ ਦੇ ਰਾਜ ਵਿਚ ਲੋਕਾਂ ਦੀ ਜਾਨ ਮਹਿਫੂਜ਼ ਨਹੀਂ ਹੈ। ਜ਼ਿਕਰਯੋਗ ਹੈ ਕਿ ਜ਼ੀਰਾ ਦੇ ਪਿੰਡ ਕੱਸੋਆਣਾ ਵਿਚ ਪਿਛਲੇ ਦਿਨੀਂ ਪੁਰਾਣੀ ਰੰਜਿਸ਼ ਤਹਿਤ ਹੋਈ ਕੁੱਟਮਾਰ ਦੌਰਾਨ ਇਲਾਜ ਅਧੀਨ ਇਕਬਾਲ ਸਿੰਘ (50) ਪੁੱਤਰ ਵਜ਼ੀਰ ਸਿੰਘ ਵਾਸੀ ਪਿੰਡ ਕੱਸੋਆਣਾ ਦੀ ਮੌਤ ਹੋ ਗਈ ਸੀ। ਦੂਜੇ ਪਾਸੇ, ਜੀਰਾ ਦੇ ਪਿੰਡ ਮਨਸੂਰਵਾਲ ਕਲਾਂ ਵਿਚ ਦੋ ਧਿਰਾਂ ਵਿਚਾਲੇ ਹੋਈ ਝੜਪ ਕਾਰਨ ਇਕ ਕਾਂਗਰਸੀ ਵਰਕਰ ਜਸਬੀਰ ਸਿੰਘ (50) ਦੀ ਮੌਤ ਹੋ ਗਈ ਸੀ।

## ਪੰਜਾਬ 'ਚ ਕਾਨੂੰਨ ਵਿਵਸਥਾ ਢਹਿ-ਢੇਰੀ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਅਮਨ ਤੇ ਕਾਨੂੰਨ ਵਿਵਸਥਾ ਢਹਿ-ਢੇਰੀ ਹੋ ਗਈ ਹੈ, ਜਿਸ ਨਾਲ ਪੰਜਾਬੀਆਂ ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਹੈ। ਪਾਰਟੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੇਨਤੀ ਕੀਤੀ ਹੈ ਕਿ ਉਹ ਪ੍ਰਾਪੇਗੰਡਾ ਵਾਲੇ ਕੰਮ ਛੱਡ ਕੇ ਤੁਰੰਤ ਸਖਤ ਕਦਮ ਉਠਾਉਣ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਵਿਚ 'ਆਪ' ਦੇ ਸੱਤਾ ਵਿਚ ਆਉਣ ਤੋਂ ਬਾਅਦ ਅਮਨ-ਕਾਨੂੰਨ ਵਿਵਸਥਾ ਦਾ ਮਾੜਾ ਹਾਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਕਬੱਡੀ ਖਿਡਾਰੀਆਂ ਦੇ ਕਤਲ, ਗੈਂਗਸਟਰਾਂ ਵਿੱਚ ਗੋਲੀਆਂ ਚੱਲਣ ਅਤੇ ਜੈਤੋ ਟਰੱਕ ਯੂਨੀਅਨ 'ਤੇ ਕਬਜ਼ੇ ਦੌਰਾਨ ਖੂਨੀ ਟਕਰਾਅ ਹੋਇਆ।

## ਪੰਜਾਬ ਵਿਚ ਕਾਨੂੰਨ ਵਿਵਸਥਾ ਦਾ ਮਾੜਾ ਹਾਲ: ਬਾਜਵਾ

**ਅੰਮ੍ਰਿਤਸਰ:** ਸਾਬਕਾ ਕੈਬਨਿਟ ਮੰਤਰੀ ਤੇ ਕਾਂਗਰਸੀ ਆਗੂ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਆਖਿਆ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਦਾ ਮਾੜਾ ਹਾਲ ਹੈ। ਰੋਜ਼ਾਨਾ ਕਤਲ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਾਪਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੂੰ ਇਹ ਮਸਲਾ ਗੰਭੀਰਤਾ ਨਾਲ ਲੈਂਦਿਆਂ ਸਥਿਤੀ ਸੰਭਾਲਣੀ ਚਾਹੀਦੀ ਹੈ ਤਾਂ ਜੋ ਲੋਕ ਬਿਨਾਂ ਕਿਸੇ ਡਰ-ਭੈਅ ਤੋਂ ਜ਼ਿੰਦਗੀ ਬਤੀਤ ਕਰ ਸਕਣ।

# ਗੁਰਦੁਆਰਾ ਗਿਆਨ ਗੋਦੜੀ ਮਾਮਲੇ 'ਚ ਜਥੇਦਾਰ ਨੂੰ ਸਾਂਝੀ ਕਮੇਟੀ ਬਣਾਉਣ ਦੀ ਅਪੀਲ

**ਅੰਮ੍ਰਿਤਸਰ:** ਉਤਰਾਖੰਡ ਦੇ ਹਰਿਦੁਆਰ ਸਥਿਤ ਪੁਰਾਤਨ ਤੇ ਇਤਿਹਾਸਕ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਦਾ ਮਾਮਲਾ ਮੁੜ ਉਭਰਿਆ ਹੈ। ਇਸ ਸਬੰਧੀ ਇਕ ਮੀਟਿੰਗ ਦੌਰਾਨ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਮਾਮਲੇ ਬਾਰੇ ਇਕ ਸਾਂਝੀ ਕਮੇਟੀ ਬਣਾਉਣ।

ਹਾਲ ਹੀ ਵਿਚ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਗੁਰਦੁਆਰਾ ਗਿਆਨ ਗੋਦੜੀ ਦੀ ਸਥਾਪਨਾ ਲਈ ਕੇਂਦਰ ਸਰਕਾਰ ਕੋਲੋਂ ਲੋੜੀਂਦੀ ਜ਼ਮੀਨ ਦੀ ਮੰਗ ਕੀਤੀ ਗਈ ਸੀ। ਇਸ ਮਗਰੋਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਤੇ ਹੋਰਨਾਂ ਨੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਗੁਰਦੁਆਰਾ ਕਲਗੀਧਰ ਨਿਵਾਸ, ਚੰਡੀਗੜ੍ਹ ਵਿਚ ਮੀਟਿੰਗ ਕੀਤੀ। ਮੀਟਿੰਗ ਦੌਰਾਨ ਇਸ ਮਾਮਲੇ ਨੂੰ ਵਿਚਾਰਨ ਮਗਰੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਕ ਸਾਂਝੀ ਕਮੇਟੀ ਬਣਾਉਣ ਦੀ ਅਪੀਲ ਕੀਤੀ ਹੈ। ਮੀਟਿੰਗ ਵਿਚ ਮੈਂਬਰਾਂ ਨੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਲਈ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

# ਨਸ਼ੇ ਦੀ ਓਵਰਡੋਜ਼ ਕਾਰਨ ਸਿਪਾਹੀ ਦੀ ਮੌਤ

**ਮੋਗਾ:** ਇਥੇ ਥਾਣਾ ਸਦਰ ਅਧੀਨ ਪਿੰਡ ਸਲ੍ਹੀਣਾ ਵਿਚ ਪੰਜਾਬ ਪੁਲਿਸ ਦੇ ਜਵਾਨ ਦੀ ਕਥਿਤ ਤੌਰ 'ਤੇ ਵੱਧ ਨਸ਼ਾ ਕਰਨ ਕਾਰਨ ਮੌਤ ਹੋ ਗਈ ਹੈ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਉਸ ਦੀ ਮਾਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ ਅਤੇ ਉਸ ਦੇ ਬਿਰਧ ਪਿਤਾ ਨੂੰ ਘੱਟ ਸੁਣਾਈ ਦਿੰਦਾ ਹੈ। ਜਾਂਚ ਅਧਿਕਾਰੀ ਏ.ਐਸ.ਆਈ. ਤਰਸੇਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ (30) ਵਾਸੀ ਪਿੰਡ ਸਲ੍ਹੀਣਾ ਵਜੋਂ ਹੋਈ ਹੈ। ਉਸ ਦੀਆਂ ਦੋਵੇਂ ਭੈਣਾਂ ਵਿਦੇਸ਼ 'ਚ ਹਨ ਅਤੇ ਉਨ੍ਹਾਂ ਦੇ ਆਉਣ ਉਤੇ ਹੀ ਅਗਲੀ ਕਾਰਵਾਈ ਹੋਵੇਗੀ।




# ਪੰਜਾਬ ਵਿਚ ਗੈਰਕਾਨੂੰਨੀ ਖਣਨ ਬਣਿਆ 'ਆਪ' ਸਰਕਾਰ ਲਈ ਵੱਡੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਨੇਤਾ ਨਵਜੋਤ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵਿਅੰਗ ਕਰਦਿਆਂ ਕਿਹਾ ਕਿ ਸਰਕਾਰ ਦੇ ਸਸਤਾ ਰੇਤਾ-ਬੇਜਰੀ ਮੁਹੱਈਆ ਕਰਵਾਉਣ ਦੇ ਵਾਅਦੇ ਦਾ ਕੀ ਹੋਇਆ। ਸ੍ਰੀ ਸਿੱਧੂ ਨੇ ਟਵੀਟ ਕਰਕੇ ਕਿਹਾ ਕਿ ਮਹੀਨਾ ਪਹਿਲਾਂ ਰੇਤੇ ਦੀ ਟਰਾਲੀ 4000 ਰੁਪਏ ਸੀ ਤੇ ਇਹ ਹੁਣ 9000 ਰੁਪਏ ਹੈ। ਇਹ 'ਆਮ ਆਦਮੀ' ਦੀ ਪਹੁੰਚ ਤੋਂ ਬਾਹਰ ਹੈ, ਇਸ ਲਈ ਉਸਾਰੀਆਂ ਰੁਕ ਗਈਆਂ ਹਨ। ਟਵਿੱਟਰ ਉਤੇ ਗੈਰ-ਕਾਨੂੰਨੀ ਮਾਈਨਿੰਗ ਦੀ ਵੀਡੀਓ ਸਾਂਝਾ ਕਰਦੇ ਹੋਏ ਸ੍ਰੀ ਸਿੱਧੂ ਨੇ ਲਿਖਿਆ, 'ਗੈਰ-ਕਾਨੂੰਨੀ ਮਾਈਨਿੰਗ ਜਾਰੀ ਹੈ, ਸਰਕਾਰ ਕੀ ਕਰ ਰਹੀ ਹੈ?'

ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੀ 'ਆਪ' ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਦੋਸ਼ ਲਾਇਆ ਹੈ ਕਿ ਸੂਬੇ ਵਿਚ ਹਾਲੇ ਵੀ ਗੈਰਕਾਨੂੰਨੀ ਖਣਨ ਬਿਨਾਂ ਰੋਕ-ਟੋਕ ਜਾਰੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਇਕ ਮਹੀਨੇ ਦੌਰਾਨ ਰੇਤ ਦਾ ਭਾਅ ਦੁੱਗਣਾ ਹੋ ਗਿਆ ਹੈ, ਜਿਸ ਕਾਰਨ ਹੁਣ ਕਿਸੇ ਵੀ ਕਿਸਮ ਦੀ ਉਸਾਰੀ ਕਰਵਾ ਸਕਣਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ।

ਸਿੱਧੂ ਨੇ ਟਵੀਟ ਕੀਤਾ, 'ਇਕ ਮਹੀਨਾ ਪਹਿਲਾਂ ਜਿਸ ਰੇਤ ਦੀ ਟਰਾਲੀ ਦੀ ਕੀਮਤ ਚਾਰ ਹਜ਼ਾਰ ਰੁਪਏ ਸੀ, ਉਹ ਹੁਣ ਵੱਧ ਕੇ ਨੌਂ ਹਜ਼ਾਰ ਰੁਪਏ ਹੋ ਗਈ ਹੈ। ਇਹ ਰੇਤ ਹੁਣ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ ਤੇ ਵੱਡੀ ਪੱਧਰ 'ਤੇ ਉਸਾਰੀ ਕਾਰਜ ਰੁਕ ਗਏ ਹਨ।' ਕਾਂਗਰਸੀ ਆਗੂ ਨੇ ਟਵਿੱਟਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਟੈਗ ਕਰ ਕੇ ਲਿਖਿਆ ਹੈ, "ਗੈਰਕਾਨੂੰਨੀ ਖਣਨ ਬਿਨਾਂ ਰੋਕ-ਟੋਕ ਜਾਰੀ ਹੈ, ਸਰਕਾਰ ਕੀ ਕਰ ਰਹੀ ਹੈ? ਅਰਵਿੰਦ ਕੇਜਰੀਵਾਲ ਜੀ ਰੇਤ ਵਾਲੇ ਵੀਹ ਹਜ਼ਾਰ ਕਰੋੜ ਰੁਪਏ ਕਿੱਥੇ ਹਨ?" ਇਸ ਦੇ ਨਾਲ ਹੀ ਸ੍ਰੀ ਸਿੱਧੂ ਨੇ ਖਣਨ ਕੀਤੇ ਜਾਣ ਦੀ ਇਕ ਵੀਡੀਓ ਵੀ ਸਾਂਝੀ ਕੀਤੀ ਹੈ।



ਜ਼ਿਕਰਯੋਗ ਹੈ ਕਿ ਨਵਜੋਤ ਸਿੱਧੂ ਨੇ ਆਪਣੇ ਟਵੀਟ ਵਿਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਪਿਛਲੇ ਸਾਲ ਗੈਰਕਾਨੂੰਨੀ ਖਣਨ ਸਬੰਧੀ ਲਾਏ ਗਏ ਦੋਸ਼ਾਂ ਦਾ ਹਵਾਲਾ ਦਿੱਤਾ ਹੈ, ਜਿਸ ਵਿਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਵੇਲੇ 20 ਹਜ਼ਾਰ ਕਰੋੜ ਰੁਪਏ ਦਾ ਨਾਜਾਇਜ਼ ਖਣਨ ਹੋ ਰਿਹਾ ਹੈ। ਕੇਜਰੀਵਾਲ ਨੇ ਇਹ ਵੀ ਕਿਹਾ ਸੀ ਕਿ ਪੰਜਾਬ 'ਚ ਸਰਕਾਰ ਬਣਾਉਣ ਮਗਰੋਂ ਉਨ੍ਹਾਂ ਦੀ ਪਾਰਟੀ ਗੈਰਕਾਨੂੰਨੀ ਖਣਨ ਨੂੰ ਰੋਕੇਗੀ।

ਉਧਰ, ਖਣਨ ਠੇਕੇਦਾਰਾਂ ਵੱਲੋਂ ਕਥਿਤ ਤੌਰ 'ਤੇ ਵਸੂਲੇ ਜਾ ਰਹੇ ਗੁੰਡਾ ਟੈਕਸ ਖਿਲਾਫ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਕੇਸ ਲੜ ਰਹੇ ਸਮਾਜ ਸੇਵੀ ਬਚਿੱਤਰ ਸਿੰਘ ਜਟਾਣਾ ਨੇ ਕਿਹਾ ਕਿ ਪੰਜਾਬ ਵਿਚ ਸੱਤਾ ਪਰਿਵਰਤਨ ਦੇ ਬਾਵਜੂਦ ਖਣਨ ਠੇਕੇਦਾਰ ਵਾਤਾਵਰਨ ਦੀ ਕਲੀਅਰੈਂਸ ਤੋਂ ਬਿਨਾਂ ਹੀ ਰੇਤੇ ਦੀਆਂ ਖੱਡਾਂ ਚਲਾ ਰਹੇ ਹਨ।

ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਖਣਨ ਕਾਰੋਬਾਰ ਵਿਚੋਂ ਠੇਕੇਦਾਰਾਂ ਨੂੰ ਚੱਲਦਾ ਕਰਕੇ ਕਾਰਪੋਰੇਸ਼ਨ ਸਿਸਟਮ ਚਾਲੂ ਕਰਨ ਦੀ ਗੱਲ ਆਖੀ ਸੀ ਪਰ ਹੁਣ ਮੁੱਖ ਮੰਤਰੀ ਵੱਲੋਂ ਖਣਨ ਠੇਕੇਦਾਰਾਂ ਨੂੰ ਇਕ ਸਾਲ ਦਾ ਸਮਾਂ ਦੇਣ ਦੀ ਗੱਲ ਆਖੀ ਜਾ ਰਹੀ ਹੈ। ਸ੍ਰੀ ਜਟਾਣਾ ਨੇ ਮੰਗ ਕੀਤੀ ਕਿ ਪੰਜਾਬ ਦੀ 'ਆਪ' ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਮੁਤਾਬਕ ਜਲਦੀ ਕਾਰਪੋਰੇਸ਼ਨ ਬਣਾ ਕੇ ਕਰੱਸ਼ਰ ਕਾਰੋਬਾਰੀਆਂ ਨੂੰ ਸਸਤੇ ਰੇਟਾਂ 'ਤੇ ਕੱਚਾ ਮਾਲ ਉਪਲਬਧ ਕਰਾਵੇ ਤਾਂ ਕਿ ਲੋਕਾਂ ਨੂੰ ਸਸਤਾ ਰੇਤਾ ਬਜਰੀ ਮਿਲ ਸਕੇ ਤੇ ਕਰੱਸ਼ਰ ਇੰਡਸਟਰੀ ਵੀ ਬਰਬਾਦ ਹੋਣ ਤੋਂ ਬਚ ਸਕੇ। ਦੱਸਣਯੋਗ ਹੈ ਕਿ ਪੰਜਾਬ ਦੇ ਠੇਕੇਦਾਰਾਂ ਕੋਲ ਵਾਤਾਵਰਨ ਦੀ ਕਲੀਅਰੈਂਸ ਨਾ ਹੋਣ ਸਬੰਧੀ ਸ੍ਰੀ ਜਟਾਣਾ ਨੇ ਹਾਈਕੋਰਟ ਵਿਚ ਕੇਸ ਦਾਇਰ ਕੀਤਾ ਹੋਇਆ ਹੈ।

## ਖਣਨ ਨਾਲ ਜੁੜੇ ਸਿਆਸਤਦਾਨਾਂ ਦਾ ਪਰਦਾਫਾਸ਼ ਹੋਵੇ: ਖਹਿਰਾ

**ਚੰਡੀਗੜ੍ਹ:** ਪੰਜਾਬ ਦੇ ਕਾਂਗਰਸੀ ਆਗੂ ਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਗੈਰਕਾਨੂੰਨੀ ਖਣਨ ਦੇ ਧੰਦੇ ਨਾਲ ਜੁੜੇ ਸਿਆਸਤਦਾਨਾਂ, ਨੌਕਰਸ਼ਾਹਾਂ ਤੇ ਵਿਚੋਲਿਆਂ ਦਾ ਪਰਦਾਫਾਸ਼ ਕੀਤਾ ਜਾਵੇ। ਕਾਂਗਰਸੀ ਵਿਧਾਇਕ ਨੇ ਕਿਹਾ ਕਿ ਇਸ ਕਾਰੋਬਾਰ ਦੀ ਕਾਲਾਬਾਜਾਰੀ ਕਾਰਨ ਸੂਬੇ ਨੂੰ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਸ੍ਰੀ ਖਹਿਰਾ ਨੇ ਮੰਗ ਕੀਤੀ ਕਿ ਕਰੋੜਾਂ ਰੁਪਏ ਤੋਂ ਵੱਧ ਦੀ ਲੁੱਟ ਕਰਨ ਵਾਲੇ ਮਾਈਨਿੰਗ ਮਾਫੀਆ ਦਾ ਪਰਦਾਫਾਸ਼ ਕੀਤਾ ਜਾਵੇ। ਕਾਂਗਰਸੀ ਵਿਧਾਇਕ ਨੇ ਮੰਗ ਕੀਤੀ ਕਿ ਗੈਰਕਾਨੂੰਨੀ ਖਣਨ ਦੇ ਮੁੱਦੇ 'ਤੇ ਇਕ ਵ੍ਹਾਈਟ ਪੇਪਰ ਲਿਆਂਦਾ ਜਾਵੇ ਤਾਂ ਜੋ ਉਪਰੋਕਤ ਗਤੀਵਿਧੀਆਂ ਵਿਚ ਸ਼ਾਮਲ ਦੋਸ਼ੀਆਂ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਬੇਨਕਾਬ ਕੀਤਾ ਜਾ ਸਕੇ।

## ਰੇਤ ਖਣਨ 'ਚ ਦਖਲ ਬਰਦਾਸ਼ਤ ਨਹੀਂ ਹੋਵੇਗਾ: ਮਾਨ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਰੇਤ ਦੇ ਠੇਕੇਦਾਰਾਂ ਨੂੰ ਸੂਬੇ ਵੱਲੋਂ ਤੈਅ ਕੀਤੇ ਗਏ ਰੇਟਾਂ 'ਤੇ ਲੋਕਾਂ ਨੂੰ ਰੇਤ ਦੀ ਨਿਰਵਿਘਨ ਅਤੇ ਸੁਚੱਜੀ ਸਪਲਾਈ ਯਕੀਨੀ ਬਣਾਉਣ ਲਈ ਅਤੇ ਸੂਬਾ ਸਰਕਾਰ ਨਾਲ ਕੀਤੇ ਸਮਝੌਤੇ ਅਨੁਸਾਰ ਨਿਰਧਾਰਤ ਮਾਈਨਿੰਗ ਸ਼ਰਤਾਂ ਦੀ ਸਖਤੀ ਨਾਲ ਪਾਲਣਾ ਕਰਨ ਦੀ ਹਦਾਇਤ ਕੀਤੀ ਹੈ। ਉਹ ਇਥੇ ਖਣਨ ਵਿਭਾਗ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਨਾਲ ਮੀਟਿੰਗ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮੌਜੂਦਾ ਖਣਨ ਨੀਤੀ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਜੋ ਨਵੀਂ ਵਿਆਪਕ ਖਣਨ ਨੀਤੀ ਤਿਆਰ ਕੀਤੀ ਜਾ ਸਕੇ। ਠੇਕੇਦਾਰਾਂ ਨੇ ਸਥਾਨਕ ਆਗੂਆਂ ਤੇ ਮਾਮੂਲੀ ਸਿਆਸਤਦਾਨਾਂ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੇ ਲੋਕਾਂ ਤੋਂ ਇਲਾਵਾ ਪੁਲਿਸ ਵੱਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਦਾ ਮੁੱਦਾ ਉਠਾਇਆ, ਜਿਸ ਦੇ ਜਵਾਬ ਵਿਚ ਭਗਵੰਤ ਮਾਨ ਨੇ ਉਨ੍ਹਾਂ ਨੂੰ ਕਿਸੇ ਵੀ ਮੰਤਰੀ, ਵਿਧਾਇਕ ਜਾਂ ਪਾਰਟੀ ਵਾਲੰਟੀਅਰਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਜਾਂ ਕੋਈ ਸਿਆਸੀ ਦਬਾਅ ਨਾ ਪਾਏ ਜਾਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

# ਗੁਰਬਾਣੀ ਪ੍ਰਸਾਰਨ: ਸ਼੍ਰੋਮਣੀ ਕਮੇਟੀ ਨੇ ਮੁੱਖ ਮੰਤਰੀ ਦੀ ਪੇਸ਼ਕਸ਼ ਠੁਕਰਾਈ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਹੁਕਮ ਮੰਨਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਪਹਿਲਾਂ ਯੂ-ਟਿਊਬ ਚੈਨਲ ਲਾਂਚ ਕੀਤਾ ਜਾਵੇਗਾ ਅਤੇ ਮਗਰੋਂ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਤੋਂ ਪ੍ਰਵਾਨਗੀ ਲੈ ਕੇ ਜਲਦੀ ਹੀ ਸੈਟੇਲਾਈਟ ਚੈਨਲ ਵੀ ਸ਼ੁਰੂ ਕਰ ਦਿੱਤਾ ਜਾਵੇਗਾ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਗੁਰਬਾਣੀ ਦੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਨੂੰ ਹਰ ਸੰਭਵ ਮਦਦ ਦਿੱਤੇ ਜਾਣ ਸਬੰਧੀ ਕੀਤੇ ਦਾਅਵੇ 'ਤੇ ਸ਼੍ਰੋਮਣੀ ਕਮੇਟੀ ਨੇ ਸਖਤ ਪ੍ਰਤੀਕਰਮ ਦਿੱਤਾ ਤੇ ਇਸ ਨੂੰ ਗੁਰੂ ਘਰ ਦੇ ਮਾਮਲਿਆਂ ਵਿਚ ਦਖਲਅੰਦਾਜ਼ੀ ਕਰਾਰ ਦਿੱਤਾ ਹੈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਰਕਾਰ ਗੁਰੂ ਘਰ ਦੇ ਮਾਮਲਿਆਂ ਵਿਚ ਦਖਲ ਨਾ ਦੇਵੇ। ਉਨ੍ਹਾਂ ਕਿਹਾ ਕਿ ਸਰਕਾਰ ਦੇ ਆਪਣੇ ਕੰਮ ਹੁੰਦੇ ਹਨ ਤੇ ਧਰਮ ਦੇ ਖੇਤਰ ਦਾ ਕੰਮ ਵੱਖਰਾ ਹੁੰਦਾ ਹੈ। ਉਨ੍ਹਾਂ ਮੁੱਖ ਮੰਤਰੀ ਦਾ ਧਿਆਨ ਸ੍ਰੀ ਹਰਿਮੰਦਰ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਦੇ ਸੁੰਦਰੀਕਰਨ ਅਤੇ ਉਨ੍ਹਾਂ ਨੂੰ ਖੁੱਲ੍ਹਾ ਕਰਨ ਵੱਲ ਦਿਵਾਇਆ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਦੀ ਵਿੱਤੀ ਸਥਿਤੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਰਕਾਰ ਵੱਲੋਂ ਐਸ.ਸੀ. ਸਕਾਲਰਸ਼ਿਪ ਦੀ ਦਿੱਤੀ ਜਾਣ ਵਾਲੀ ਕਰੋੜਾਂ ਰੁਪਏ ਦੀ ਰਕਮ ਰੁਕੀ ਹੋਈ ਹੈ, ਜਿਸ ਨੂੰ ਜਾਰੀ ਕੀਤਾ ਜਾਵੇ।

ਯਾਦ ਰਹੇ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਪੂਰੀ ਦੁਨੀਆਂ ਤੱਕ ਕਰਵਾਉਣ ਲਈ ਕੀਤੇ ਐਲਾਨ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਲਿਖਿਆ ਸੀ। ਇਸ ਪੱਤਰ ਵਿਚ ਸ੍ਰੀ ਮਾਨ ਨੇ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕੀਤੀ ਹੈ ਕਿ 'ਸਰਬਸਾਂਝੀ ਗੁਰਬਾਣੀ' ਦੇ ਦੁਨੀਆਂ ਭਰ ਵਿਚ ਪ੍ਰਚਾਰ ਤੇ ਪਸਾਰ ਲਈ ਪੰਜਾਬ ਸਰਕਾਰ ਤਿਆਰ ਹੈ।

ਇਸ ਲਈ ਸ੍ਰੀ ਦਰਬਾਰ ਸਾਹਿਬ ਵਿਖੇ ਆਧੁਨਿਕ ਸੰਚਾਰ ਤਕਨੀਕਾਂ ਸਥਾਪਿਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਮੁੱਖ ਮੰਤਰੀ ਨੇ ਪੱਤਰ ਰਾਹੀਂ ਕਿਹਾ ਕਿ ਗੁਰਬਾਣੀ ਦੇ ਇਲਾਹੀ ਸੰਦੇਸ਼ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣਾ ਸਮੇਂ ਦੀ ਮੁੱਖ ਲੋੜ ਹੈ। ਇਸ ਲਈ ਗੁਰਬਾਣੀ ਦੇ ਪ੍ਰਸਾਰਨ ਲਈ ਪੰਜਾਬ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਨਵੀਨਤਮ ਬੁਨਿਆਦੀ ਢਾਂਚਾ ਤੇ ਤਕਨਾਲੋਜੀ ਸਥਾਪਤ ਕਰਨ ਦੀ ਪੇਸ਼ਕਸ਼ ਕੀਤੀ ਹੈ, ਜਿਸ ਵਿਚ ਨਵੀਨਤਮ ਕੈਮਰੇ ਅਤੇ ਪ੍ਰਸਾਰਨ ਉਪਕਰਨ ਸ਼ਾਮਲ ਹਨ। ਇਨ੍ਹਾਂ ਤਕਨੀਕਾਂ ਨਾਲ ਗੁਰਬਾਣੀ ਦਾ ਪ੍ਰਸਾਰਨ ਯੂ-ਟਿਊਬ, ਮੋਬਾਈਲ ਐਪਸ, ਧਾਰਮਿਕ ਚੈਨਲ ਜਾਂ ਹੋਰਨਾਂ ਚਾਹਵਾਨ ਚੈਨਲਾਂ ਰਾਹੀਂ ਕੀਤਾ ਜਾ ਸਕੇਗਾ।

## ਢੀਂਡਸਾ ਵੱਲੋਂ ਐਸ.ਜੀ.ਪੀ.ਸੀ. ਚੋਣਾਂ ਲੜਨ ਦਾ ਐਲਾਨ

**ਹੰਡਿਆਇਆ:** ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਇਥੇ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ 'ਚ ਐਸ.ਜੀ.ਪੀ.ਸੀ. ਦੀਆਂ ਆ ਰਹੀਆਂ ਚੋਣਾਂ ਸਬੰਧੀ ਵਿਚਾਰ ਚਰਚਾ ਕੀਤੀ। ਸ੍ਰੀ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਕੋਲੋਂ ਆਜ਼ਾਦ ਕਰਵਾਉਣ ਲਈ ਉਹ ਮੁਹਿੰਮ ਵਿੱਢਣ ਜਾ ਰਹੇ ਹਨ, ਜਿਸ ਤਹਿਤ ਹਮਖਿਆਲੀ ਜਥੇਬੰਦੀਆਂ ਨੂੰ ਨਾਲ ਲੈ ਕੇ ਚੋਣਾਂ ਲੜੀਆਂ ਜਾਣਗੀਆਂ।

# ਮੈਂਬਰਾਂ ਨੇ ਸ਼੍ਰੋਮਣੀ ਕਮੇਟੀ 'ਤੇ ਬੇਨੇਮੀਆਂ ਦੇ ਦੋਸ਼ ਲਾਏ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਕਮੇਟੀ ਵਿਚ ਬੇਨੇਮੀਆਂ ਦੇ ਦੋਸ਼ ਲਾਉਂਦਿਆਂ ਲਾਮਬੰਦੀ ਵਿੱਢ ਦਿੱਤੀ ਹੈ। ਸ਼੍ਰੋਮਣੀ ਕਮੇਟੀ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ, ਹਰਦੇਵ ਸਿੰਘ ਰੋਗਲਾ, ਹਰਪ੍ਰੀਤ ਸਿੰਘ ਗਰਚਾ, ਰਾਮਪਾਲ ਸਿੰਘ ਬਹਿਣੀਵਾਲ, ਮਲਕੀਤ ਸਿੰਘ ਚੰਗਾਲ, ਅਮਰੀਕ ਸਿੰਘ ਸ਼ਾਹਪੁਰ ਅਤੇ ਜਗਰਾਜ ਸਿੰਘ ਦੌਧਰ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਇਕ ਮੰਗ ਪੱਤਰ ਸੌਂਪਿਆ ਜਾਵੇਗਾ।

ਪੱਤਰ ਵਿਚ ਸ਼੍ਰੋਮਣੀ ਕਮੇਟੀ ਨੂੰ ਪੀ.ਟੀ.ਸੀ. ਚੈਨਲ ਤੋਂ ਗੁਰਬਾਣੀ ਦਾ ਪ੍ਰਸਾਰਨ ਬੰਦ ਕਰਕੇ ਆਪਣਾ ਨਿੱਜੀ ਚੈਨਲ ਸ਼ੁਰੂ ਕਰਨ, ਪ੍ਰਕਾਸ਼ ਸਿੰਘ ਬਾਦਲ ਤੋਂ ਫਖਰ-ਏ-ਕੌਮ ਦਾ ਖਿਤਾਬ ਵਾਪਸ ਲੈਣ, ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਹੋਏ ਪਾਵਨ ਸਰੂਪਾਂ ਦੇ ਮਾਮਲੇ ਵਿਚ ਨਿਰਪੱਖ ਜਾਂਚ ਅਤੇ ਮਾਮਲੇ ਵਿਚ ਐਫ.ਆਈ.ਆਰ. ਦਰਜ ਕਰਵਾਉਣ ਦੀ ਮੰਗ ਕੀਤੀ ਜਾਵੇਗੀ। ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਦੋਸ਼ ਲਾਇਆ ਕਿ ਕਮੇਟੀ ਦੀਆਂ ਆਪਹੁਦਰੀਆਂ ਅਤੇ ਧੱਕੇਸ਼ਾਹੀਆਂ ਕਾਰਨ ਸਿੱਖ ਪੰਥ ਦੇ ਸਿਧਾਂਤਾਂ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੀ.ਟੀ.ਸੀ. ਚੈਨਲ 'ਤੇ ਗੁਰਬਾਣੀ ਦੇ ਪ੍ਰਸਾਰਨ ਦੀ ਦਿੱਤੀ ਗਈ ਇਜਾਜ਼ਤ ਗੈਰ-ਕਾਨੂੰਨੀ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨੁਮਾਇੰਦਾ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਪਤਨ ਕਰਨ ਦੇ ਜਿੰਮੇਵਾਰ ਪ੍ਰਕਾਸ਼ ਸਿੰਘ ਬਾਦਲ ਤੋਂ ਫਖਰ-ਏ-ਕੌਮ ਦਾ ਖਿਤਾਬ ਵਾਪਸ ਲੈ ਲੈਣਾ ਚਾਹੀਦਾ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪਰੋਕਤ ਮੈਂਬਰਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਕਮੇਟੀ ਦੇ ਬਰਖਾਸਤ ਕੀਤੇ ਗਏ ਤਿੰਨ ਮੁਲਾਜ਼ਮਾਂ ਨੂੰ ਮੁੜ ਬਹਾਲ ਕਰਨ ਸਬੰਧੀ ਹੁਕਮਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ਵਿਚ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ।

# ਸਕੂਲਾਂ ਵਿਚ ਵਿਵਾਦ ਵਾਲੀ ਕਿਤਾਬ ਦਾ ਮਾਮਲਾ ਭਖਿਆ

**ਮੁਹਾਲੀ:** ਪੰਜਾਬ ਦੇ ਸਕੂਲਾਂ ਵਿਚ ਇਤਿਹਾਸ ਦੀ ਵਿਵਾਦਤ ਕਿਤਾਬ ਪੜ੍ਹਾਉਣ ਦਾ ਮਾਮਲਾ ਲਗਾਤਾਰ ਭਖਦਾ ਜਾ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬਾਹਰ ਦਿੱਤਾ ਜਾ ਰਿਹਾ ਲੜੀਵਾਰ ਧਰਨਾ ਜਾਰੀ ਹੈ। ਜਥੇਦਾਰ ਸਿਰਸਾ ਦੀ ਅਗਵਾਈ ਹੇਠ ਵੱਖ-ਵੱਖ ਆਗੂਆਂ ਨੇ ਸੂਬੇ ਦੇ ਸਿੱਖਿਆ ਮੰਤਰੀ ਮੀਤ ਹੇਅਰ ਨਾਲ ਮੁਲਾਕਾਤ ਕੀਤੀ।



ਉਨ੍ਹਾਂ ਨੇ ਸਿੱਖਿਆ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਸਿੱਖਿਆ ਬੋਰਡ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਤਿਹਾਸ ਦੀਆਂ ਕਿਤਾਬਾਂ ਵਿਚ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੜ੍ਹਾਇਆ ਜਾ ਰਿਹਾ ਹੈ, ਜਿਸ ਦਾ ਬੱਚਿਆਂ 'ਤੇ ਕਾਫੀ ਬੁਰਾ ਪ੍ਰਭਾਵ ਪੈ ਰਿਹਾ ਹੈ।

ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਇਹ ਕਿਤਾਬਾਂ ਵੱਖ-ਵੱਖ ਲੇਖਕਾਂ ਵੱਲੋਂ ਲਿਖੀਆਂ ਗਈਆਂ ਹਨ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉੱਚ ਅਧਿਕਾਰੀਆਂ ਵੱਲੋਂ ਇਹ ਵਿਵਾਦਤ ਕਿਤਾਬ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਥੇਦਾਰ ਸਿਰਸਾ ਨੇ ਦੱਸਿਆ ਕਿ ਸਿੱਖਿਆ ਮੰਤਰੀ ਨੇ ਬਹੁਤ ਹੀ ਸੁਚੱਜੇ ਤਰੀਕੇ ਨਾਲ ਉਨ੍ਹਾਂ ਦੀ ਸਾਰੀ ਗੱਲ ਸੁਣੀ ਅਤੇ ਇਕ ਹਫਤੇ ਦੇ ਅੰਦਰ-ਅੰਦਰ ਇਸ ਮਸਲੇ ਦਾ ਹੱਲ ਕਰਨ ਦਾ ਭਰੋਸਾ ਦਿੱਤਾ। ਜਥੇਦਾਰ ਸਿਰਸਾ ਨੇ ਕਿਹਾ ਕਿ ਜਦੋਂ ਤੱਕ ਜ਼ਿੰਮੇਵਾਰ ਅਫਸਰਾਂ ਅਤੇ ਹੋਰ ਸਬੰਧਤ ਵਿਅਕਤੀਆਂ ਖਿਲਾਫ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ ਅਤੇ ਇਤਿਹਾਸ ਦੀਆਂ ਕਿਤਾਬਾਂ ਵਿੱਚ ਸੋਧ ਨਹੀਂ ਕੀਤੀ ਜਾਂਦੀ, ਉਦੋਂ ਤੱਕ ਧਰਨਾ ਜਾਰੀ ਰਹੇਗਾ।

# ਸਿਆਸੀ ਕੈਦੀਆਂ ਦੀ ਰਿਹਾਈ ਲਈ ਤਿੱਖੀ ਲਾਮਬੰਦੀ

**ਅੰਮ੍ਰਿਤਸਰ:** ਜਨਤਕ ਜਥੇਬੰਦੀਆਂ ਦੇ ਕਾਰਕੁਨਾਂ ਵੱਲੋਂ ਬੰਦੀ ਸਿੱਖਾਂ ਅਤੇ ਹੋਰ ਸਿਆਸੀ ਕਾਰਕੁਨਾਂ ਦੀ ਰਿਹਾਈ ਦੀ ਮੰਗ ਲਈ ਅੰਮ੍ਰਿਤਸਰ, ਗੁਰਦਾਸਪੁਰ, ਮੋਗਾ, ਫਰੀਦਕੋਟ, ਸੰਗਰੂਰ ਅਤੇ ਪਟਿਆਲਾ ਸਮੇਤ ਸੂਬੇ ਭਰ ਵਿਚ ਰੋਸ ਮਾਰਚ ਤੇ ਮੁਜ਼ਾਹਰੇ ਕੀਤੇ ਗਏ।



ਇਸ ਤਹਿਤ ਕਿਰਤੀ ਕਿਸਾਨ ਯੂਨੀਅਨ ਨੇ ਇਥੇ ਅੰਮ੍ਰਿਤਸਰ ਵਿਚ ਭੰਡਾਰੀ ਪੁਲ 'ਤੇ ਮੁਜ਼ਾਹਰਾ ਕਰਦਿਆਂ ਸ਼ਹਿਰ ਦੇ ਕਈ ਇਲਾਕਿਆਂ ਵਿਚ ਮਾਰਚ ਕੀਤਾ। ਕੜਕਦੀ ਧੁੱਪ ਵਿਚ ਪ੍ਰਦਰਸ਼ਨਕਾਰੀਆਂ ਨੇ ਬੰਦੀਆਂ ਦੀਆਂ ਤਸਵੀਰਾਂ, ਬੈਨਰ ਤੇ ਹੋਰ ਤਖਤੀਆਂ ਚੁੱਕੀਆਂ ਹੋਈਆਂ ਸਨ। ਇਸ ਮੌਕੇ ਉਨ੍ਹਾਂ ਬੰਦੀ ਸਿੱਖਾਂ ਅਤੇ ਸਿਆਸੀ ਕਾਰਕੁਨਾਂ ਦੀ ਰਿਹਾਈ ਲਈ ਧਰਮ, ਜਾਤਾਂ ਤੇ ਸਿਆਸਤ ਤੋਂ ਉਪਰ ਉਠ ਕੇ ਸਾਂਝਾ ਮੰਚ ਬਣਾ ਕੇ ਜਨ ਅੰਦੋਲਨ ਵਿੱਢਣ ਦਾ ਸੱਦਾ ਦਿੱਤਾ।

ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਤਿੰਦਰ ਸਿੰਘ ਛੀਨਾ ਨੇ ਦੱਸਿਆ ਕਿ ਵੱਖ-ਵੱਖ ਥਾਵਾਂ 'ਤੇ ਸੂਬਾ ਪ੍ਰਧਾਨ ਨਿਰਭੈਅ ਸਿੰਘ ਢੁੱਡੀਕੇ, ਜਨਰਲ ਸਕੱਤਰ ਸਤਬੀਰ ਸਿੰਘ ਸੁਲਤਾਨੀ, ਮੀਤ ਪ੍ਰਧਾਨ ਰਜਿੰਦਰ ਸਿੰਘ ਜੀਤ ਸਿੰਘ ਵਾਲਾ, ਨੌਜਵਾਨ ਭਾਰਤ ਸਭਾ ਦੇ ਰੁਪਿੰਦਰ ਸਿੰਘ, ਪੀ.ਐਸ.ਯੂ. ਦੇ ਰਣਬੀਰ ਸਿੰਘ ਰੰਧਾਵਾ, ਪੇਂਡੂ ਮਜ਼ਦੂਰ ਯੂਨੀਅਨ ਦੇ ਅਵਤਾਰ ਸਿੰਘ ਦੀ ਅਗਵਾਈ ਹੇਠ ਮੁਜ਼ਾਹਰੇ ਤੇ ਮਾਰਚ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ, ਗੁਰਮੀਤ ਸਿੰਘ ਖੇੜਾ, ਜਗਤਾਰ ਸਿੰਘ ਤਾਰਾ, ਪਰਮਬੀਰ ਸਿੰਘ ਭਿਉਰਾ, ਬਲਵੰਤ ਸਿੰਘ ਰਾਜੋਆਣਾ ਤੇ ਹੋਰ ਕਈਆਂ ਦੀਆਂ ਸਜ਼ਾਵਾਂ ਦੀ ਮਿਆਦ ਪੂਰੀ ਹੋ ਚੁੱਕੀ ਹੈ। ਉਨ੍ਹਾਂ ਨੂੰ ਦਹਾਕਿਆਂ ਤੋਂ ਗੈਰ-ਕਾਨੂੰਨੀ ਤੌਰ 'ਤੇ ਜੇਲ੍ਹਾਂ ਵਿਚ ਬੰਦ ਕਰ ਕੇ ਰੱਖਿਆ ਹੋਇਆ ਹੈ। ਉਨ੍ਹਾਂ ਦੀ ਤੁਰਤ ਰਿਹਾਈ ਕੀਤੀ ਜਾਣੀ ਚਾਹੀਦੀ ਹੈ। ਇਸੇ ਤਰ੍ਹਾਂ ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ ਕੋਲੋਂ ਸਿਆਸੀ ਕਾਰਕੁਨ ਉਮਰ ਖਾਲਿਦ, ਆਨੰਦ ਤੈਲਤੁੰਬੜੇ, ਗੌਤਮ ਨਵਲੱਖਾ, ਸਾਈਂ ਬਾਬਾ ਨੂੰ ਵੀ ਤੁਰਤ ਰਿਹਾਅ ਕਰਨ ਦੀ ਮੰਗ ਕੀਤੀ।

# ਗੁਰੂ ਸ਼ਸਤਰ ਲਾਲ ਕਿਲ੍ਹੇ 'ਤੇ ਭੇਜਣ ਲਈ ਪ੍ਰਧਾਨ ਨੂੰ ਅਪੀਲ ਕਰਾਂਗੇ: ਜਗੀਰ ਕੌਰ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੀ ਇਸਤਰੀ ਵਿੰਗ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਦਾ ਜਾਇਜ਼ਾ ਲੈਣ ਲਈ ਬਣਾਈ ਕਮੇਟੀ ਨੂੰ ਆਗੂਆਂ ਵੱਲੋਂ ਵਡਮੁੱਲੇ ਸੁਝਾਅ ਮਿਲ ਰਹੇ ਹਨ, ਜਿਨ੍ਹਾਂ 'ਤੇ ਸਮੁੱਚੀ ਲੀਡਰਸ਼ਿਪ ਨੂੰ ਗੌਰ ਕਰਨੀ ਪਵੇਗੀ। ਉਹ ਇਥੇ ਇਸਤਰੀ ਅਕਾਲੀ ਦਲ ਦੇ ਕੁਝ ਰੁੱਸੇ ਆਗੂਆਂ ਨੂੰ ਮਨਾਉਣ ਲਈ ਆਏ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਇਸਤਰੀ ਵਿੰਗ ਦੀ ਵੱਧ ਹਿੱਸੇਦਾਰੀ ਲਾਜ਼ਮੀ ਬਣਾਉਣੀ ਪਵੇਗੀ। ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਕਮੇਟੀ ਨੂੰ ਲਾਲ ਕਿਲ੍ਹੇ 'ਤੇ ਗੁਰੂ ਤੇਗ ਬਹਾਦਰ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਲਈ ਸ਼ਸਤਰ ਦੇਣ ਤੋਂ ਇਨਕਾਰ ਕਰਨ ਬਾਰੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਕਮੇਟੀ ਪ੍ਰਧਾਨ ਨੂੰ ਬੇਨਤੀ ਕਰਨਗੇ ਕਿ ਗੁਰੂ ਸਾਹਿਬਾਨ ਦੇ ਸ਼ਸਤਰ ਆਪਣੀ ਗੱਡੀ ਵਿਚ ਸਜਾ ਕੇ ਦਿੱਲੀ ਲਾਲ ਕਿਲ੍ਹੇ 'ਤੇ ਭੇਜੇ ਜਾਣ ਤਾਂ ਜੋ ਸਿੱਖ ਧਰਨ ਨਾਲ ਸਬੰਧਤ ਵਿਰਸਾ ਪ੍ਰਦਰਸ਼ਿਤ ਹੋ ਸਕੇ। ਉਨ੍ਹਾਂ ਕਿਹਾ ਕਿ ਸਿੱਖੀ ਮਸਲਿਆਂ ਬਾਰੇ ਜਦੋਂ ਵੀ ਕੋਈ ਗੱਲ ਹੁੰਦੀ ਹੈ ਤਾਂ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਜਗੀਰ ਕੌਰ ਨੇ ਕਿਹਾ ਕਿ ਉਹ ਆਪਣੇ ਆਲੋਚਕਾਂ ਤੋਂ ਵੀ ਸੁਝਾਅ ਲੈਣਗੇ।



# ਭਾਜਪਾ ਆਗੂਆਂ ਨੇ ਅਕਾਲ ਤਖਤ ਦੇ ਜਥੇਦਾਰ ਨਾਲ ਮੀਟਿੰਗ ਕੀਤੀ



**ਅੰਮ੍ਰਿਤਸਰ:** ਭਾਜਪਾ ਆਗੂ ਡਾ. ਜਗਮੋਹਨ ਸਿੰਘ ਰਾਜੂ ਨੇ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੀਟਿੰਗ ਕੀਤੀ, ਜਿਸ ਵਿਚ ਸਿੱਖ ਸਮਾਜ ਨੂੰ ਦਰਪੇਸ਼ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਵਿਚ ਡਾ. ਰਾਜੂ ਨਾਲ ਭਾਜਪਾ ਆਗੂ ਪ੍ਰੋ. ਸਰਚਾਂਦ ਸਿੰਘ ਤੇ ਕੰਵਰਬੀਰ ਸਿੰਘ ਮੰਜਿਲ ਵੀ ਮੌਜੂਦ ਸਨ। ਮੀਟਿੰਗ ਤੋਂ ਬਾਅਦ ਡਾ. ਰਾਜੂ ਨੇ ਦੱਸਿਆ ਕਿ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿੱਖ ਸਰੋਕਾਰਾਂ ਬਾਰੇ ਉਸਾਰੂ ਪਹੁੰਚ ਬਾਰੇ ਜਾਣੂ ਕਰਵਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪ੍ਰਧਾਨ ਮੰਤਰੀ ਨੇ ਕਈ ਸਿੱਖ ਆਗੂਆਂ ਨਾਲ ਮੀਟਿੰਗਾਂ ਵੀ ਕੀਤੀਆਂ ਹਨ। ਸਿੱਖਾਂ ਪ੍ਰਤੀ ਉਸਾਰੂ ਸੋਚ ਤਹਿਤ ਹੀ ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਿਆ, ਬੰਦੀ ਸਿੱਖਾਂ ਦੀ ਰਿਹਾਈ ਲਈ ਹਰੀ ਝੰਡੀ ਦਿੱਤੀ, ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਤੇ ਵੀਰ ਬਾਲ ਦਿਵਸ ਰਾਹੀਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਵਰਤਾਰੇ ਬਾਰੇ ਦੇਸ਼ ਭਰ ਵਿਚ ਲੋਕਾਂ ਨੂੰ ਜਾਣੂ ਕਰਾਉਣ ਦਾ ਯਤਨ ਕੀਤਾ ਹੈ। ਇਸ ਤੋਂ ਇਲਾਵਾ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਨੂੰ ਦੇਸ਼ ਪੱਧਰ 'ਤੇ ਮਨਾਇਆ ਹੈ ਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨਾਲ ਸਬੰਧਤ ਦੋ ਰੋਜ਼ਾ ਸਮਾਗਮ 21 ਅਪਰੈਲ ਨੂੰ ਦਿੱਲੀ ਦੇ ਲਾਲ ਕਿਲ੍ਹੇ ਦੇ ਮੈਦਾਨ ਵਿੱਚ ਕਰਵਾਏ ਜਾ ਰਹੇ ਹਨ।

ਇਸ ਮੌਕੇ ਉਨ੍ਹਾਂ ਜਥੇਦਾਰ ਨੂੰ ਇਕ ਮੰਗ ਪੱਤਰ ਵੀ ਸੌਂਪ ਕੇ ਅਪੀਲ ਕੀਤੀ ਲੋਕਾਂ ਨੂੰ ਅਰਦਾਸ ਦੀ ਮਹਾਨਤਾ ਬਾਰੇ ਜਾਣੂ ਕਰਾਇਆ ਜਾਵੇ ਅਤੇ ਟੀਵੀ 'ਤੇ ਪ੍ਰਸਾਰਨ ਵੇਲੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸੰਗਤ ਨੂੰ ਠੋਸ ਤੇ ਯੋਗ ਵਿਵਸਥਾ ਅਪਣਾਉਣ ਲਈ ਜਾਗਰੂਕ ਕੀਤਾ ਜਾਵੇ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਅਪਰੈਲ 2022*

# ਨਵੀਂ ਸਿਆਸਤ ਪੁਰਾਣੀ ਸਿਆਸਤ

ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਅਜੇ ਮਹੀਨਾ ਹੀ ਹੋਇਆ ਹੈ ਕਿ ਇਸ ਉਤੇ ਤਿੱਖੇ ਸਵਾਲਾਂ ਦੀ ਵਾਛੜ ਵੀ ਸ਼ੁਰੂ ਹੋ ਗਈ ਹੈ। ਅਸਲ ਵਿਚ ਪੰਜਾਬ ਅਜਿਹੇ ਚੌਤਰਫਾ ਸੰਕਟ ਵਿਚ ਘਿਰਿਆ ਹੋਇਆ ਹੈ ਕਿ ਲੋਕ ਤੱਟ-ਫੱਟ ਹੱਲ ਦੀ ਤਵੱਕੋ ਕਰ ਰਹੇ ਹਨ। ਇਸ ਕਰਕੇ ਸਰਕਾਰ ਦੇ ਮੁਖੀ, ਮੁੱਖ ਮੰਤਰੀ ਭਗਵੰਤ ਮਾਨ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ ਵਾਰ-ਵਾਰ ਕਹਿਣਾ ਪੈ ਰਿਹਾ ਹੈ ਕਿ ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਕੁਝ ਸਮਾਂ ਤਾਂ ਦਿਉ। ਉਨ੍ਹਾਂ ਦਾ ਇਹ ਕਹਿਣਾ ਬਿਲਕੁਲ ਸਹੀ ਹੈ; ਠੀਕ ਹੀ, ਲੋਕਾਂ ਨੂੰ ਕੁਝ ਸਮਾਂ ਉਡੀਕ ਕਰਨੀ ਚਾਹੀਦੀ ਹੈ। ਆਮ ਆਦਮੀ ਪਾਰਟੀ ਨੂੰ ਜਿਸ ਪੰਜਾਬ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ, ਉਸ ਦੀ ਤਾਣੀ ਬਹੁਤ ਬੁਰੀ ਤਰ੍ਹਾਂ ਉਲਝੀ ਹੋਈ ਹੈ। ਸੱਚ ਇਹ ਵੀ ਕਿ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਜਿਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਸੂਬੇ ਵਿਚ ਸਰਕਾਰਾਂ ਦੀ ਅਗਵਾਈ ਕੀਤੀ ਹੈ, ਨੇ ਵੱਖ-ਵੱਖ ਸਮੱਸਿਆਵਾਂ ਨੂੰ ਨਜਿੱਠਣ ਲਈ ਕੋਈ ਖਾਸ ਤਰੱਦਦ ਨਹੀਂ ਕੀਤਾ। ਉਂਞ, ਲੋਕ ਇਹੀ ਨੁਕਤਾ ਉਭਾਰ ਰਹੇ ਹਨ ਕਿ ਇਨ੍ਹਾਂ ਪਾਰਟੀਆਂ ਦੀ ਇਸੇ ਨਾਲਾਇਕੀ ਕਾਰਨ ਹੀ ਤਾਂ ਇਨ੍ਹਾਂ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਰਕੇ ਕਮਾਨ ਆਮ ਆਦਮੀ ਪਾਰਟੀ ਦੇ ਹੱਥ ਸੌਂਪੀ ਗਈ ਹੈ; ਨਾਲੇ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸਾਰੇ ਆਗੂ ਜਿਨ੍ਹਾਂ ਵਿਚ ਖੁਦ ਭਗਵੰਤ ਮਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਸ਼ਾਮਿਲ ਸਨ, ਵਾਰ-ਵਾਰ ਕਹਿ ਰਹੇ ਸਨ ਕਿ ਆਮ ਆਦਮੀ ਪਾਰਟੀ ਨੂੰ ਸਿਰਫ ਇਕ ਮੌਕਾ ਦਿਉ, ਉਨ੍ਹਾਂ ਨੇ ਪੰਜਾਬ ਦੀ ਕਾਇਆ-ਕਲਪ ਲਈ ਰੂਪ-ਰੇਖਾ ਤਿਆਰ ਕੀਤੀ ਹੋਈ ਹੈ, ਬੱਸ ਮੌਕੇ ਦੀ ਹੀ ਉਡੀਕ ਹੈ। ਖੈਰ, ਵਿਧਾਨ ਸਭਾ ਚੋਣਾਂ ਦੇ ਜੋ ਨਤੀਜੇ ਆਏ ਹਨ, ਉਹ ਸੱਚਮੁੱਚ ਮਿਸਾਲੀ ਹਨ। ਆਮ ਆਦਮੀ ਪਾਰਟੀ ਨੇ 117 ਵਿਚੋਂ 92 ਸੀਟਾਂ ਉਤੇ ਜਿੱਤ ਹਾਸਲ ਕਰਕੇ ਵਿਧਾਨ ਸਭਾ ਚੋਣ ਇਤਿਹਾਸ ਦਾ ਨਵਾਂ ਵਰਕਾ ਲਿਖ ਦਿੱਤਾ।

ਇਸ ਮਿਸਾਲੀ ਜਿੱਤ ਅਤੇ ਦਿੱਲੀ ਮਾਡਲ ਦੇ ਪ੍ਰਚਾਰ ਕਰਕੇ ਲੋਕਾਂ ਨੂੰ ਆਸ ਸੀ ਕਿ ਇਹ ਸਰਕਾਰ ਘੱਟੋ-ਘੱਟ ਪ੍ਰਸ਼ਾਸਨ ਨੂੰ ਤਾਂ ਠੁੱਕ ਸਿਰ ਕਰ ਹੀ ਦੇਵੇਗੀ ਪਰ ਇਸ ਤੋਂ ਪਹਿਲਾਂ ਪਾਰਟੀ ਹੋਰ ਵਿਵਾਦਾਂ ਵਿਚ ਘਿਰਨ ਲੱਗ ਪਈ। ਸਭ ਤੋਂ ਵੱਡਾ ਮਸਲਾ ਪਾਰਟੀ ਅਤੇ ਸਰਕਾਰ ਨੂੰ ਦਿੱਲੀ ਤੋਂ ਚਲਾਉਣ ਦਾ ਹੈ। ਹੁਣ ਪੰਜਾਬ ਦੇ ਉਚ ਅਫਸਰਾਂ ਨਾਲ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨਾਲ ਮੀਟਿੰਗ ਨੇ ਪਾਰਟੀ ਨੂੰ ਕਸੂਤੀ ਸਥਿਤੀ ਵਿਚ ਫਸਾ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਇਸ ਮੀਟਿੰਗ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਮੌਜੂਦ ਨਹੀਂ ਸਨ। ਇਹੀ ਨਹੀਂ, ਮੁੱਖ ਮੰਤਰੀ ਦੇ ਇਕ ਮਹੀਨੇ ਦੇ ਵਿਹਾਰ ਨੇ ਭਲੀਭਾਂਤ ਦਰਸਾ ਦਿੱਤਾ ਹੈ ਕਿ ਉਹ ਪਾਰਟੀ ਮੁਖੀ ਦੇ ਅਸਰ ਹੇਠ ਹਨ। ਇਹ ਸਾਰੇ ਵਿਵਾਦ ਉਸ ਵਕਤ ਉਠ ਰਹੇ ਹਨ ਜਦੋਂ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਉਤੇ ਸ਼ਿਕੰਜਾ ਕੱਸਣ ਲਈ ਘਾਤ ਲਾਈ ਬੈਠੇ ਹਨ। ਕੇਂਦਰ ਸਰਕਾਰ ਇਕ-ਇਕ ਕਰਕੇ ਸੂਬਿਆਂ ਦੇ ਹੱਕ ਖੋਹ ਰਹੀ ਹੈ। ਭਾਖੜਾ ਮੈਨੇਜਮੈਂਟ ਬੋਰਡ ਅਤੇ ਚੰਡੀਗੜ੍ਹ ਵਾਲੇ ਮਸਲੇ, ਕੇਂਦਰ ਸਰਕਾਰ ਦੀ ਇਸੇ ਕੋਝੀ ਸਿਆਸਤ ਦਾ ਹਿੱਸਾ ਜਾਪਦੇ ਹਨ। ਇਸ ਸੂਰਤ ਵਿਚ ਪੰਜਾਬ ਵਰਗੇ ਸੂਬੇ ਨੂੰ ਮਜ਼ਬੂਤ ਸਰਕਾਰੀ ਧਿਰ ਦੀ ਜ਼ਰੂਰਤ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਦੇ ਮਸਲੇ 'ਤੇ ਤੁਰੰਤ ਵਿਧਾਨ ਸਭਾ ਦਾ ਇਕ ਦਿਨਾ ਸੈਸ਼ਨ ਬੁਲਾ ਕੇ ਭਾਵੇਂ ਚੰਡੀਗੜ੍ਹ ਉਤੇ ਦਾਅਵੇ ਲਈ ਮਤਾ ਪਾਸ ਕਰਵਾ ਲਿਆ ਹੈ ਪਰ ਇਹ ਕਵਾਇਦ ਰਸਮੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਸੀ, ਕਿਉਂਕਿ ਛੇਤੀ ਹੀ ਹਰਿਆਣਾ ਵਿਧਾਨ ਸਭਾ ਨੇ ਵੀ ਅਜਿਹਾ ਮਤਾ ਪਾਸ ਕਰਵਾ ਲਿਆ। ਹਰਿਆਣਾ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ।

ਅਸਲ ਵਿਚ ਭਾਰਤ ਅੰਦਰ ਸਮੁੱਚੀ ਸਿਆਸਤ ਅਤੇ ਜਮਹੂਰੀਅਤ ਦਾ ਤਾਣਾ-ਬਾਣਾ ਸਿਰਫ ਤੇ ਸਿਰਫ ਚੋਣ ਸਿਸਟਮ ਦੁਆਲੇ ਕੇਂਦਰਤ ਹੋ ਗਿਆ ਹੈ। ਵੱਖ-ਵੱਖ ਪਾਰਟੀਆਂ ਹਰ ਹੀਲੇ ਚੋਣਾਂ ਜਿੱਤਣ ਲਈ ਹਰ ਹਰਬਾ ਵਰਤਦੀਆਂ ਹਨ। ਇਨ੍ਹਾਂ ਵਿਚ ਉਹ ਵਾਅਦੇ ਅਤੇ ਦਾਅਵੇ ਵੀ ਸ਼ਾਮਿਲ ਕਰ ਲਏ ਜਾਂਦੇ ਹਨ ਜੋ ਵਿਹਾਰਕ ਰੂਪ ਵਿਚ ਕਦੀ ਲਾਗੂ ਨਹੀਂ ਹੋ ਸਕਦੇ। ਸਭ ਧਿਰਾਂ ਇਸ ਵਕਤ ਇਹੀ ਰਾਗ ਅਲਾਪ ਰਹੀਆਂ ਹਨ ਕਿ ਪੰਜਾਬ ਸਿਰ 3 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ ਸਗੋਂ ਆਮ ਆਦਮੀ ਪਾਰਟੀ ਦੇ ਲੀਡਰਾਂ ਨੇ ਤਾਂ ਇਹ ਰਕਮ 4 ਲੱਖ ਕਰੋੜ ਰੁਪਏ ਹੋਣ ਦਾ ਦਾਅਵਾ ਕੀਤਾ ਹੈ; ਫਿਰ ਜੇ ਪੰਜਾਬ ਇੰਨੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ ਤਾਂ ਸਰਕਾਰ ਦਾ ਸਭ ਤੋਂ ਪਹਿਲਾਂ ਕਾਰਜ ਤਾਂ ਇਹ ਹੋਣਾ ਚਾਹੀਦਾ ਹੈ ਕਿ ਇਹ ਪੈਸਾ ਕਿਸ ਤਰ੍ਹਾਂ ਜੁਟਾਇਆ ਜਾਵੇ ਅਤੇ ਲਗਦੇ ਹੱਥ ਫਜ਼ੂਲਖਰਚੀ ਤੋਂ ਹੱਥ ਰਤਾ ਕੁ ਘੁੱਟ ਕੇ ਰੱਖਿਆ ਜਾਵੇ ਪਰ ਹਕੀਕਤ ਇਹ ਹੈ ਕਿ ਨਵੀਂ ਬਣੀ ਸਰਕਾਰ ਇਹ ਦੋਵੇਂ ਕੰਮ ਕਰਨ ਵਾਲੇ ਰਾਹ ਨਹੀਂ ਤੁਰੀ ਹੈ। ਸੂਬੇ ਅੰਦਰ ਇਸ ਵਕਤ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਬਹੁਤ ਬੁਰਾ ਹਾਲ ਹੈ। ਇਨ੍ਹਾਂ ਦੋਹਾਂ ਅਹਿਮ ਖੇਤਰਾਂ ਨਾਲ ਜੁੜੇ ਪ੍ਰਾਈਵੇਟ ਅਦਾਰੇ ਲੋਕਾਂ ਨੂੰ ਸ਼ਰੇਆਮ ਲੁੱਟ ਰਹੇ ਹਨ। ਇਨ੍ਹਾਂ ਮਾਮਲਿਆਂ 'ਤੇ ਸਰਕਾਰ ਅਜੇ ਤੱਕ ਕੋਈ ਸੰਕੇਤ ਵੀ ਨਹੀਂ ਸੁੱਟ ਸਕੀ ਹੈ ਸਗੋਂ ਹੁਣ ਇਸ ਨੂੰ ਮੁਫਤ ਬਿਜਲੀ ਅਤੇ ਵਾਅਦੇ ਮੁਤਾਬਿਕ 18 ਸਾਲ ਤੋਂ ਵੱਧ ਉਮਰ ਵਾਲੀਆਂ ਔਰਤਾਂ ਨੂੰ 1000 ਰੁਪਏ ਦੇਣ ਦਾ ਫਿਕਰ ਪਿਆ ਹੋਇਆ ਹੈ। ਜ਼ਾਹਿਰ ਹੈ ਕਿ ਜਿੰਨਾ ਚਿਰ ਸਿਆਸਤ, ਚੋਣ ਸਿਆਸਤ ਦੇ ਅਸਰ ਹੇਠੋਂ ਬਾਹਰ ਨਹੀਂ ਆਉਂਦੀ, ਮਿਸਾਲੀ ਤਬਦੀਲੀ ਵੀ ਯਥਾ-ਸਥਿਤੀ ਵਾਲੀ ਜੂਨੇ ਪੈਣ ਲਈ ਸਰਾਪੀ ਹੋਈ ਹੈ। ਬਿਨਾਂ ਸ਼ੱਕ, ਆਮ ਆਦਮੀ ਪਾਰਟੀ ਨੂੰ ਮਿਲੀ ਮਿਸਾਲੀ ਬਹੁਮਤ ਕਾਰਨ ਸਰਕਾਰ ਨੂੰ ਕਿਸੇ ਪਾਸਿਉਂ ਕੋਈ ਖਤਰਾ ਨਹੀਂ, ਇਸ ਲਈ ਸਰਕਾਰ ਨੂੰ ਵਾਰ-ਵਾਰ ਸਮਾਂ ਮੰਗਣ ਦੀ ਥਾਂ ਆਪਣੇ ਵਿਚ ਵਿਹਾਰ ਵਿਚ ਤਬਦੀਲੀ ਵਾਲੀ ਤਾਂਘ ਦਿਖਾਉਣੀ ਚਾਹੀਦੀ ਹੈ ਅਤੇ ਲੋਕਾਂ ਸਾਹਮਣੇ ਆਪਣੀ ਸਰਕਾਰ ਦਾ ਅਜਿਹਾ ਨਕਸ਼ਾ ਪੇਸ਼ ਕਰਨਾ ਚਾਹੀਦਾ ਹੈ ਜੋ ਸੂਬੇ ਨੂੰ ਦਰਪੇਸ਼ ਸੰਕਟਾਂ ਦੇ ਹੱਲ ਲਈ ਅਹੁਲਦਾ ਹੋਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨਵਿਆਂ ਦਾ ਇਮਤਿਹਾਨ*

ਰੱਖਿਆ ਕਰਨਗੇ ਰੱਖੀਏ ਆਸ ਯਾਰੋ, ਭ੍ਰਿਸ਼ਟਾਚਾਰ ਦੇ ਵਾਧੂ ਜਿਹੇ ਦੰਦਿਆਂ ਤੋਂ।
ਨਾਲ ਜੁਗਤਨਗੇ ਆਪਣੇ 'ਆਪ' ਲੋਕੀਂ, ਜੇ ਬਚਾਉਣਗੇ ਰਿਸ਼ਵਤੀ ਫੰਧਿਆਂ ਤੋਂ।
ਮੁਕਤ ਹੋਣ ਲਈ ਲੱਗਣਾ ਟਾਈਮ ਹਾਲੇ, ਪਏ 'ਸਿਸਟਮ' ਦੇ ਪੂਰਨੇ 'ਗੰਦਿਆਂ' ਤੋਂ।
ਆਉਣੀ ਹੋਰ ਗਰਾਂਟ ਨਾ ਕਿਤੋਂ ਕੋਈ, ਬਿਨਾ ਰਾਜ ਸਰਕਾਰ ਦੇ ਚੰਦਿਆਂ ਤੋਂ।
ਅਫਸਰ ਕਿੱਥੋਂ ਲਿਆਉਣਗੇ ਦੁੱਧ-ਧੋਤੇ, ਰਹਿਤ ਹੋਣ ਬਦਨਾਮੀ ਦੇ 'ਧੰਦਿਆਂ' ਤੋਂ।
ਜੁਗਤਿ ਨਾਲ ਕਰਵਾਉਣੇ ਨੇ ਕੰਮ ਪੈਣੇ, 'ਬੌਸ' ਦਫਤਰਾਂ ਦੇ 'ਅਤੁਲ ਨੰਦਿਆਂ' ਤੋਂ!

# ਵਧ ਰਿਹਾ ਆਰਥਕ ਪਾੜਾ

**ਕਾਰਪੋਰੇਟ ਘਰਾਣਿਆਂ ਅਤੇ ਇਨ੍ਹਾਂ ਦੇ ਕਾਰੋਬਾਰ ਨੂੰ ਵਧਾਉਣ ਲਈ ਰਿਆਇਤਾਂ ਤੇ ਸਹੂਲਤਾਂ ਦੇਣ ਤੋਂ ਇਲਾਵਾ ਇਨ੍ਹਾਂ ਨੂੰ ਕਈ ਨਵੇਂ ਖੇਤਰਾਂ ਵਿਚ ਲਿਆਂਦਾ ਗਿਆ ਹੈ। ਸੰਨ 2020 ਵਿਚ ਭਾਰਤ ਸਰਕਾਰ ਨੇ ਤਿੰਨ ਨਵੇਂ ਖੇਤੀ ਕਾਨੂੰਨ ਲਾਗੂ ਕਰ ਕੇ ਖੇਤੀ ਪੈਦਾਵਾਰ, ਵਪਾਰ ਅਤੇ ਐਗਰੋ-ਪ੍ਰੋਸੈਸਿੰਗ ਨੂੰ ਇਨ੍ਹਾਂ ਘਰਾਣਿਆਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਘਰਾਣਿਆਂ ਨੇ ਪਰਚੂਨ ਵਪਾਰ ਦੇ ਵੱਡੇ ਹਿੱਸੇ 'ਤੇ ਵੀ ਕਬਜ਼ਾ ਕਰ ਲਿਆ ਹੈ।**

ਭਾਰਤ ਵਿਚ ਆਰਥਕ ਨਾ-ਬਰਾਬਰੀ ਲਗਾਤਾਰ ਵਧ ਰਹੀ ਹੈ। ਇਹ ਵਾਧਾ ਪਿਛਲੇ 30 ਸਾਲਾਂ ਦੌਰਾਨ ਤੇਜ਼ੀ ਨਾਲ ਹੋਇਆ ਹੈ। ਵਧ ਰਹੇ ਆਰਥਕ ਪਾੜੇ ਵਿਚ ਤੇਜ਼ੀ ਲਿਆਉਣ ਲਈ ਕਾਰਪੋਰੇਟ ਘਰਾਣਿਆਂ ਦੀ ਬੇਤਹਾਸ਼ਾ ਵਧ ਰਹੇ ਧਨ-ਦੌਲਤ ਨੇ ਵੱਡੀ ਭੂਮਿਕਾ ਨਿਭਾਈ ਹੈ। 1950-51 ਵਿਚ ਮੁਲਕ ਦੀ ਕੁੱਲ ਆਮਦਨ ਵਿਚ ਕਾਰਪੋਰੇਟ ਸੈਕਟਰ ਦਾ ਹਿੱਸਾ 5% ਸੀ। ਖੇਤੀ ਸੈਕਟਰ ਦਾ ਕੁੱਲ ਆਮਦਨ ਵਿਚ 60% ਯੋਗਦਾਨ ਸੀ। ਉਸ ਸਮੇਂ ਆਰਥਕ ਨਾ-ਬਰਾਬਰੀ ਦਾ ਮੁੱਖ ਕੇਂਦਰ ਖੇਤੀਬਾੜੀ ਹੇਠਾਂ ਜ਼ਮੀਨ ਨੂੰ ਮੰਨਿਆ ਜਾਂਦਾ ਸੀ। ਇਸ ਕਰਕੇ ਜ਼ਮੀਨੀ ਸੁਧਾਰਾਂ ਰਾਹੀਂ ਇਸ ਨਾ-ਬਰਾਬਰੀ ਨੂੰ ਠੀਕ ਕਰਨ ਦੇ ਯਤਨ ਕੀਤੇ ਗਏ। ਜ਼ਮੀਨੀ ਸੁਧਾਰਾਂ ਬਾਰੇ ਅਧਿਐਨ ਦੱਸਦੇ ਹਨ ਕਿ ਇਹ ਠੀਕ ਤਰ੍ਹਾਂ ਲਾਗੂ ਨਹੀਂ ਕੀਤੇ ਜਾ ਸਕੇ। ਇਸ ਦੇ ਦੋ ਮੁੱਖ ਕਾਰਨ ਸਨ। ਪਹਿਲਾ, ਜ਼ਮੀਨੀ ਸੁਧਾਰਾਂ ਬਾਰੇ ਕਾਨੂੰਨ ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿਚ ਬਣੇ ਜਿਨ੍ਹਾਂ ਉਪਰ ਉਸ ਸਮੇਂ ਵੱਡੇ ਵੱਡੇ ਜ਼ਿਮੀਦਾਰਾਂ ਦਾ ਗਲਬਾ ਸੀ। ਇਨ੍ਹਾਂ ਕਾਨੂੰਨਾਂ ਵਿਚ ਚੋਰ ਮੋਰੀਆਂ ਇਸ ਤਰ੍ਹਾਂ ਰੱਖੀਆਂ ਕਿ ਵੱਡੇ ਜ਼ਿਮੀਦਾਰ ਭੂਮੀ ਸੀਮਾ ਕਾਨੂੰਨ ਤੋਂ ਕਾਫੀ ਵੱਧ ਜ਼ਮੀਨ ਆਪਣੇ ਕਬਜ਼ੇ ਵਿਚ ਰੱਖਣ ਵਿਚ ਕਾਮਯਾਬ ਹੋ ਗਏ। ਦੂਜਾ, ਭੂਮੀਹੀਣ ਮੁਜ਼ਾਰੇ ਅਤੇ ਗਰੀਬ ਕਿਸਾਨ ਜਥੇਬੰਦ ਨਹੀਂ ਸਨ। ਜਿਥੇ ਮੁਜ਼ਾਰੇ ਜਥੇਬੰਦ ਸਨ ਜਾਂ ਸਰਕਾਰ ਉਨ੍ਹਾਂ ਦੇ ਪੱਖੀ ਸੀ, ਉਥੇ ਇਨ੍ਹਾਂ ਸੁਧਾਰਾਂ ਦਾ ਫਾਇਦਾ ਉਠਾਉਣ ਵਿਚ ਮੁਜ਼ਾਰੇ ਅਤੇ ਗਰੀਬ ਕਿਸਾਨ ਕਾਮਯਾਬ ਹੋ ਗਏ। ਇਸ ਦੀਆਂ ਮੁੱਖ ਮਿਸਾਲਾਂ ਜੰਮੂ ਕਸ਼ਮੀਰ, ਪੈਪਸੂ ਅਤੇ ਕੇਰਲ ਦੇ ਇਲਾਕੇ ਸਨ।



**ਸੁੱਚਾ ਸਿੰਘ ਗਿੱਲ**

**ਫੋਨ: +91-98550-82857**

ਸਮੁੱਚੇ ਭਾਰਤ ਦਾ ਹਾਲ ਇਹ ਹੈ ਕਿ ਜ਼ਮੀਨ ਹਲ ਵਾਹਕ ਨੂੰ ਨਹੀਂ ਮਿਲ ਸਕੀ, ਇਸ ਉਪਰ ਵੱਡੇ ਜ਼ਿਮੀਦਾਰਾਂ ਦਾ ਕੰਟਰੋਲ ਰਿਹਾ। ਜ਼ਮੀਨੀ ਸੁਧਾਰ ਠੀਕ ਤਰ੍ਹਾਂ ਲਾਗੂ ਨਾ ਕਰਨ ਦਾ ਨਤੀਜਾ ਇਹ ਨਿਕਲਿਆ ਕਿ ਬੇਜ਼ਮੀਨੇ ਦਲਿਤਾਂ ਅਤੇ ਔਰਤਾਂ ਨੂੰ ਜ਼ਮੀਨ ਮਾਲਕੀ ਦੇ ਹੱਕ ਤੋਂ ਵਾਂਝੇ ਕਰ ਦਿੱਤਾ। ਉਂਞ, ਆਰਥਕ ਸਮਾਜਕ ਵਿਕਾਸ ਅਤੇ ਖੇਤੀ ਨਾਲ ਵਿਤਕਰੇ ਵਾਲੀ ਨੀਤੀ ਕਾਰਨ ਜ਼ਿਮੀਦਾਰਾਂ ਦਾ ਗਲਬਾ ਜ਼ਮੀਨ ਤੋਂ ਹੌਲੀ-ਹੌਲੀ ਘਟਦਾ ਗਿਆ। ਜ਼ਮੀਨ ਦੀ ਪੀੜ੍ਹੀ-ਦਰ-ਪੀੜ੍ਹੀ ਵੰਡ ਨਾਲ ਮਾਲਕੀ ਵਾਲੀਆਂ ਜੋਤਾਂ ਦਾ ਅਕਾਰ ਛੋਟਾ ਹੁੰਦਾ ਗਿਆ। ਨੈਸ਼ਨਲ ਸੈਂਪਲ ਸਰਵੇ ਦੇ ਸਰਵੇਖਣ ਮੁਤਾਬਿਕ 2012-13 ਵਿਚ ਮੁਲਕ ਵਿਚ ਔਸਤਨ ਜੋਤਾਂ ਦਾ ਅਕਾਰ 0.512 ਹੈਕਟਰ (1.27 ਏਕੜ) ਰਹਿ ਗਿਆ। ਕੁਲ ਜੋਤਾਂ ਵਿਚੋਂ 85% ਤੋਂ ਵੱਧ ਜੋਤਾਂ ਦੀ ਮਾਲਕੀ 5 ਏਕੜ ਤੋਂ ਘੱਟ ਹੈ ਅਤੇ ਕੁਲ ਖੇਤੀ ਹੇਠ ਰਕਬੇ ਦੇ 52% ਤੋਂ ਵੱਧ ਤੇ ਛੋਟੇ ਮਾਲਕ ਖੇਤੀ ਕਰ ਰਹੇ ਹਨ। ਸਿਰਫ 0.24% ਮਾਲਕ ਅਜਿਹੇ ਹਨ ਜਿਨ੍ਹਾਂ ਕੋਲ 10 ਹੈਕਟੇਅਰ (25 ਏਕੜ) ਜਾਂ ਇਸ ਤੋਂ ਵੱਧ ਜ਼ਮੀਨ ਹੈ। ਇਨ੍ਹਾਂ ਵੱਡੇ ਮਾਲਕਾਂ ਕੋਲ ਕੁੱਲ ਖੇਤੀ ਹੇਠ ਰਕਬੇ ਦਾ 5.81% ਹਿੱਸਾ ਹੀ ਹੈ।

ਖੇਤੀ ਸੈਕਟਰ ਵਿਚ ਕੰਮ ਕਰਦੇ ਬਹੁਤੇ ਕਿਸਾਨ ਅਤੇ ਮਜ਼ਦੂਰ ਗਰੀਬ ਹਨ। ਮੁਲਕ ਦੇ 44% ਤੋਂ ਵੱਧ ਲੋਕ (ਕਿਰਤੀ) ਸਿੱਧੇ ਤੌਰ 'ਤੇ ਖੇਤੀ ਉਤੇ ਕਿਸਾਨ ਤੇ ਖੇਤ ਮਜ਼ਦੂਰ ਵਜੋਂ ਨਿਰਭਰ ਹਨ ਪਰ ਇਨ੍ਹਾਂ ਕੋਲ ਮੁਲਕ ਦੀ ਕੁੱਲ ਆਮਦਨ ਦਾ ਸਿਰਫ 17-18% ਹਿੱਸਾ ਹੀ ਆਉਂਦਾ ਹੈ। ਇਨ੍ਹਾਂ ਦੀ ਔਸਤਨ ਆਮਦਨੀ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ 2012-13 ਵਿਚ 10218 ਰੁਪਏ ਸੀ। ਇਸ ਕਰਕੇ ਮੌਜੂਦਾ ਸਮੇਂ ਧਨ-ਦੌਲਤ ਦੀ ਇਕੱਤਰਤਾ ਖੇਤੀ ਸੈਕਟਰ ਵਿਚ ਕਾਫੀ ਘਟ ਗਈ ਹੈ। 2020-21 ਦੇ ਕਿਸਾਨ ਅੰਦੋਲਨ ਸਮੇਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਸੀ। ਇਸ ਸਮੇਂ ਧਨ-ਦੌਲਤ ਦੀ ਜ਼ਿਆਦਾ ਇਕੱਤਰਤਾ ਕਾਰਪੋਰੇਟ ਸੈਕਟਰ/ਘਰਾਣਿਆਂ ਕੋਲ ਹੀ ਇਕੱਠੀ ਹੋ ਰਹੀ ਹੈ। ਇਸ ਸੈਕਟਰ ਨੂੰ 1950-51 ਵਿਚ ਕੁੱਲ ਆਮਦਨ ਦਾ ਸਿਰਫ 5% ਹਾਸਲ ਹੁੰਦਾ ਸੀ ਜੋ ਵਧ ਕੇ 1992-93 ਵਿਚ 13% ਹੋ ਗਿਆ ਸੀ। 2018-19 ਵਿਚ ਇਹ ਹਿੱਸਾ 40% ਦੇ ਕਰੀਬ ਪਹੁੰਚ ਗਿਆ ਹੈ।

ਕਾਰਪੋਰੇਟ ਸੈਕਟਰ ਦੀ ਆਮਦਨ ਵਿਚ ਅਥਾਹ ਵਾਧੇ ਨੂੰ ਸਮਝਣਾ, ਵਧ ਰਹੇ ਪਾੜੇ ਨੂੰ ਸਮਝਣ ਲਈ ਅਹਿਮ ਹੈ। ਕਾਰਪੋਰੇਟ ਸੈਕਟਰ ਦੇ 1991 ਤੋਂ ਬਾਅਦ ਤੇਜ਼ੀ ਨਾਲ ਵਧਣ ਦਾ ਮੁੱਖ ਕਾਰਨ ਆਰਥਕ ਨੀਤੀਆਂ ਵਿਚ ਤਬਦੀਲੀ ਮੰਨਿਆ ਜਾ ਸਕਦਾ ਹੈ। ਨਵੇਂ ਆਰਥਕ ਸੁਧਾਰਾਂ ਤੋਂ ਬਾਅਦ



ਇਨ੍ਹਾਂ ਘਰਾਣਿਆਂ ਦੇ ਧਨ-ਦੌਲਤ ਦੀ ਸੀਮਾ ਖਤਮ ਕਰ ਦਿੱਤੀ ਗਈ। ਇਹ ਸੀਮਾ 1960ਵਿਆਂ ਵਿਚ 20 ਕਰੋੜ ਰੁਪਏ ਸੀ, 70ਵਿਆਂ ਵਿਚ ਵਧਾ ਕੇ 50 ਕਰੋੜ ਮਿਥੀ ਗਈ ਅਤੇ 80ਵਿਆਂ ਵਿਚ 100 ਕਰੋੜ ਰੁਪਏ ਕਰ ਦਿੱਤੀ। ਬਾਅਦ ਵਿਚ ਇਹ ਸੀਮਾ ਵੀ ਖਤਮ ਕਰ ਦਿੱਤੀ। ਇਸ ਨਾਲ ਵੱਡੀਆਂ ਕਾਰਪੋਰੇਟ ਕੰਪਨੀਆਂ ਨੂੰ ਮਿਲਣ ਵਾਲੀਆਂ ਹੋਰ ਸਹੂਲਤਾਂ ਦਾ ਸ਼ਰੇਆਮ ਰਸਤਾ ਖੁੱਲ੍ਹ ਗਿਆ। ਇਸ ਨੂੰ ਵੱਡੇ ਘਰਾਣਿਆਂ ਨੇ ਖੁੱਲ੍ਹ ਕੇ ਵਰਤਿਆ। ਇਨ੍ਹਾਂ ਦੇ ਵਿਕਾਸ ਲਈ ਸਪੈਸ਼ਲ ਆਰਥਕ ਜ਼ੋਨ ਕਾਇਮ ਕੀਤੇ ਗਏ। ਇਥੇ ਲਗਣ ਵਾਲੇ ਉਦਯੋਗਿਕ ਅਤੇ ਵਪਾਰਕ ਅਦਾਰਿਆਂ ਨੂੰ ਸਸਤੀ ਜ਼ਮੀਨ/ਪਲਾਟ, ਪੰਜ ਸਾਲਾਂ ਲਈ ਕਰਾਂ ਤੋਂ ਛੋਟ, ਇਨ੍ਹਾਂ ਜ਼ੋਨਾਂ ਵਿਚ ਕਿਰਤੀਆਂ 'ਤੇ ਲਾਗੂ ਕਾਨੂੰਨਾਂ ਦੇ ਵਖਰੇ ਨਿਯਮ ਲਾਗੂ ਕੀਤੇ। ਇਸ ਤੋਂ ਇਲਾਵਾ ਬਿਜਲੀ ਪਾਣੀ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਉਣਾ ਅਤੇ ਇਨ੍ਹਾਂ ਜ਼ੋਨਾਂ ਨੂੰ ਸਰਕਾਰਾਂ ਵਲੋਂ ਮੁੱਖ ਸੜਕਾਂ ਤੇ ਰੇਲ ਮਾਰਗਾਂ ਨਾਲ ਵੀ ਜੋੜਿਆ ਗਿਆ ਹੈ। ਵਿਦੇਸ਼ਾਂ ਤੋਂ ਮੰਗਵਾਈਆਂ ਮਸ਼ੀਨਾਂ ਅਤੇ ਹੋਰ ਸਮਾਨ 'ਤੇ ਕਸਟਮ ਦਰਾਂ ਵਿਚ ਰਿਆਇਤਾਂ ਦਿੱਤੀਆਂ। ਸਰਕਾਰੀ ਬੈਂਕਾਂ ਨੇ ਸਸਤੀਆਂ ਦਰਾਂ 'ਤੇ ਕਰੋੜਾਂ ਦੇ ਕਰਜ਼ੇ ਅਤੇ ਸਬਸਿਡੀਆਂ ਦਿਤੀਆਂ। ਵਿਦੇਸ਼ੀ ਕੰਪਨੀਆਂ ਨਾਲ ਭਿਆਲੀ ਪਾਉਣ ਵਾਸਤੇ ਖੁੱਲ੍ਹ ਅਤੇ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ। ਇਉਂ ਕਾਰਪੋਰੇਟ ਘਰਾਣਿਆਂ ਦੇ ਵਿਕਾਸ ਲਈ ਕੇਂਦਰ ਤੇ ਸੂਬਾ ਸਰਕਾਰਾਂ ਨੇ ਪੂਰਾ ਜ਼ੋਰ ਲਗਾਇਆ।

2014 ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਇਸ ਪਾਸੇ ਹੋਰ ਜ਼ੋਰ ਲਗਾਇਆ ਗਿਆ। 1950ਵਿਆਂ ਤੋਂ ਚੱਲ ਰਿਹਾ ਧਨ-ਦੌਲਤ ਟੈਕਸ 2016 ਵਿਚ ਖਤਮ ਕਰ ਦਿੱਤਾ। ਕਾਰਪੋਰੇਟ ਆਮਦਨ ਕਰ 35% ਤੋਂ ਘਟਾ ਕੇ 22% ਕਰ ਦਿੱਤਾ। ਮੱਧ ਵਰਗ ਦੇ ਮੁਲਾਜ਼ਮਾਂ 'ਤੇ ਆਮਦਨ ਕਰ ਦੀ ਅਧਿਕਤਮ ਦਰ 30% ਹੈ ਅਤੇ ਸਰਚਾਰਜ ਤੋਂ ਬਾਅਦ ਉਨ੍ਹਾਂ ਨੂੰ 33% ਦੀ ਦਰ ਨਾਲ ਕਰ ਦੇਣਾ ਪੈਂਦਾ ਹੈ ਪਰ ਸੁਪਰ ਅਮੀਰ ਕਰੋੜਪਤੀਆਂ ਨੂੰ ਕਾਰਪੋਰੇਟ ਟੈਕਸ ਬਹੁਤ ਘੱਟ ਦਰਾਂ 'ਤੇ ਅਦਾ ਕਰਨਾ ਪੈਂਦਾ ਹੈ। ਜਿਹੜੀਆਂ ਕੰਪਨੀਆਂ ਬੈਂਕ ਕਰਜ਼ੇ ਵਾਪਸ ਨਹੀਂ ਕਰਦੀਆਂ ਜਾਂ ਘਾਟੇ ਵਿਚ ਚਲੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਇਕ ਵਾਰ ਸੈਟਲਮੈਂਟ ਸਕੀਮ ਤਹਿਤ ਲੱਖਾਂ ਕਰੋੜਾਂ ਦੇ ਕਰਜ਼ੇ ਕੌਡੀਆਂ ਦੇ ਭਾਅ ਮੁਆਫ ਕਰ ਦਿੱਤੇ ਜਾਂਦੇ ਹਨ। ਅਜਿਹੇ ਕਰਜ਼ਿਆਂ ਦੀ ਮੁਆਫੀ ਦੀ ਰਿਆਇਤ 2014-15 ਤੋਂ ਬਾਅਦ ਤੇਜ਼ੀ ਨਾਲ ਵਧੀ ਹੈ; ਇਸ ਬਾਰੇ ਜਾਣਕਾਰੀ ਵੀ ਲੋਕਾਂ ਤੋਂ ਗੁਪਤ ਰੱਖੀ ਜਾਂਦੀ ਹੈ। ਦੂਜੇ ਪਾਸੇ, ਗਰੀਬ ਕਿਸਾਨ ਤੇ ਖੇਤ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਆਤਮ-ਹੱਤਿਆਵਾਂ ਕਰ ਰਹੇ ਹਨ ਪਰ ਉਨ੍ਹਾਂ ਵਾਸਤੇ ਸਰਕਾਰੀ ਬੈਂਕ ਅਜਿਹੀ ਕੋਈ ਸਕੀਮ ਨਹੀਂ ਚਲਾਉਂਦੇ। ਜੇ ਕੋਈ ਸੂਬਾ ਸਰਕਾਰ ਅਜਿਹਾ ਕੋਈ ਪ੍ਰੋਗਰਾਮ ਉਲੀਕਦੀ ਹੈ ਤਾਂ ਮੀਡੀਆ ਵਿਚ ਸ਼ੋਰ ਮੱਚ ਜਾਂਦਾ ਹੈ ਕਿ ਮੁਲਕ ਦਾ ਬੈਂਕਿੰਗ ਸਿਸਟਮ ਖਤਰੇ ਵਿਚ ਪੈ ਜਾਵੇਗਾ। ਕਾਰਪੋਰੇਟ ਸੈਕਟਰ ਦੇ ਕਰਜ਼ਿਆਂ ਨੂੰ ਮੁਆਫ ਕਰਨਾ, ਛੁਪੇ ਰੂਪ ਵਿਚ ਸਬਸਿਡੀਆਂ ਦੇਣਾ ਅਤੇ ਟੈਕਸ ਘਟਾਉਣ ਦਾ ਬੋਝ ਆਮ ਲੋਕਾਂ ਉਪਰ ਪਾਇਆ ਜਾਂਦਾ ਹੈ। ਕਾਰਪੋਰੇਟ ਟੈਕਸ ਦੀ ਦਰ ਘਟਾਉਣ ਨਾਲ ਸਰਕਾਰ ਨੂੰ ਲਗਭਗ ਹਰ ਸਾਲ 1.5 ਲੱਖ ਕਰੋੜ ਦਾ ਘਾਟਾ ਪਿਆ ਹੈ। ਇਹ ਘਾਟਾ ਸਰਕਾਰ ਅਸਿੱਧੇ ਟੈਕਸਾਂ ਦੇ ਸਹਾਰੇ ਪੂਰਾ ਕਰਦੀ ਹੈ। ਇਸ ਵਿਚ ਜੀਐਸਟੀ ਵਿਚ ਵਾਧਾ ਕੀਤਾ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਸਰਕਾਰ ਨੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਿਚ ਲਗਾਤਾਰ ਵਾਧਾ ਕਾਰਪੋਰੇਟ ਨੂੰ ਰਿਆਇਤਾਂ ਦੇਣ ਕਾਰਨ ਪੈਦਾ ਹੋਏ ਘਾਟੇ ਨੂੰ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ। ਇਸ ਨਾਲ ਪ੍ਰਾਈਵੇਟ ਤੇਲ ਕੰਪਨੀਆਂ ਵੀ ਮਾਲਾ-ਮਾਲ ਹੋ ਗਈਆਂ ਹਨ।

ਕਾਰਪੋਰੇਟ ਘਰਾਣਿਆਂ ਅਤੇ ਇਨ੍ਹਾਂ ਦੇ ਕਾਰੋਬਾਰ ਨੂੰ ਵਧਾਉਣ ਲਈ ਰਿਆਇਤਾਂ ਅਤੇ ਸਹੂਲਤਾਂ ਦੇਣ ਤੋਂ ਇਲਾਵਾ ਇਨ੍ਹਾਂ ਨੂੰ ਕਈ ਨਵੇਂ ਖੇਤਰਾਂ ਵਿਚ ਲਿਆਂਦਾ ਗਿਆ ਹੈ। ਪੰਜ ਤਾਰਾ ਹੋਟਲ, ਹਸਪਤਾਲ, ਸਿੱਖਿਆ, ਟੈਲੀਫੋਨ, ਟੈਲੀਵਿਜ਼ਨ ਚੈਨਲ, ਬੰਦਰਗਾਹਾਂ, ਹਵਾਈ ਅੱਡੇ, ਏਅਰਲਾਈਨ, ਰੇਲਵੇ, ਸੁਰੱਖਿਆ ਨਾਲ ਸਬੰਧਿਤ ਸਮਾਨ ਆਦਿ ਦੇ ਖੇਤਰ ਇਨ੍ਹਾਂ ਘਰਾਣਿਆਂ ਵਾਸਤੇ ਖੋਲ੍ਹ ਦਿੱਤੇ ਹਨ। ਸੰਨ 2020 ਵਿਚ ਕੇਂਦਰ ਸਰਕਾਰ ਨੇ ਤਿੰਨ ਨਵੇਂ ਖੇਤੀ ਕਾਨੂੰਨ ਲਾਗੂ ਕਰ ਕੇ ਖੇਤੀ ਪੈਦਾਵਾਰ, ਵਪਾਰ ਅਤੇ ਐਗਰੋ-ਪ੍ਰੋਸੈਸਿੰਗ ਨੂੰ ਇਨ੍ਹਾਂ ਘਰਾਣਿਆਂ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਪਰ ਕਿਸਾਨਾਂ ਦੇ ਵਿਰੋਧ ਕਾਰਨ ਕਾਨੂੰਨ ਵਾਪਸ ਲੈਣੇ ਪਏ। ਇਨ੍ਹਾਂ ਘਰਾਣਿਆਂ ਨੇ ਪਰਚੂਨ ਵਪਾਰ ਦੇ ਵੱਡੇ ਹਿੱਸੇ 'ਤੇ ਵੀ ਕਬਜ਼ਾ ਕਰ ਲਿਆ ਹੈ। ਲੋਕਾਂ ਦੇ ਟੈਕਸਾਂ ਨਾਲ ਬਣਾਏ ਪਬਲਿਕ ਸੈਕਟਰ ਦੇ ਅਦਾਰੇ ਇਨ੍ਹਾਂ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਨਾਲ ਵੇਚੇ ਗਏ ਹਨ। ਸਰਕਾਰੀ ਅਦਾਰੇ ਪ੍ਰਾਈਵੇਟ ਕੰਪਨੀਆਂ ਨੂੰ ਬਗੈਰ ਵੇਚਣ ਤੋਂ ਮੁਦਰੀਕਰਨ ਦੀ ਨੀਤੀ ਤਹਿਤ ਉਨ੍ਹਾਂ ਦੇ ਹਵਾਲੇ ਕੀਤੇ ਜਾ ਰਹੇ ਹਨ। ਪਬਲਿਕ ਪ੍ਰਾਈਵੇਟ ਭਾਈਵਾਲੀ ਤਹਿਤ ਕਾਫੀ ਕਾਰਜ ਅਤੇ ਪ੍ਰਾਜੈਕਟ ਇਨ੍ਹਾਂ ਕੰਪਨੀਆਂ ਦੇ ਹਵਾਲੇ ਕੀਤੇ ਗਏ ਹਨ। ਇਸ ਦੀ ਮੁੱਖ ਮਿਸਾਲ ਮੁੱਖ ਸੜਕਾਂ ਦੇ ਨਿਰਮਾਣ ਤੇ ਮੁਰੰਮਤ ਦਾ ਕੰਮ ਕੰਪਨੀਆਂ ਨੂੰ ਦੇਣਾ ਹੈ।

ਜ਼ਾਹਿਰ ਹੈ ਕਿ ਸਰਕਾਰਾਂ ਪ੍ਰਾਈਵੇਟ ਕਾਰਪੋਰੇਟ ਅਦਾਰਿਆਂ ਦੀ ਤਰੱਕੀ ਵਾਸਤੇ ਹੀ ਕੰਮ ਕਰ ਰਹੀਆਂ ਹਨ। ਇਸ ਦਾ ਮਤਲਬ ਇਹ ਵੀ ਹੈ ਕਿ ਪ੍ਰਾਈਵੇਟ ਕੰਪਨੀਆਂ ਹੀ ਹੁਣ ਸਰਕਾਰਾਂ ਚਲਾ ਰਹੀਆਂ ਹਨ ਅਤੇ ਆਰਥਕ ਨੀਤੀਆਂ ਵੀ ਉਹੋ ਹੀ ਘੜ ਰਹੀਆਂ ਹਨ। ਨਤੀਜੇ ਸਾਡੇ ਸਾਹਮਣੇ ਹਨ। ਔਕਸਫੈਮ ਦੀ 2022 ਦੀ ਰਿਪੋਰਟ ਅਨੁਸਾਰ ਮੁਲਕ ਦੀ ਕੁੱਲ ਧਨ-ਦੌਲਤ ਦਾ 77% ਹਿੱਸਾ 10% ਆਬਾਦੀ ਕੋਲ ਇਕੱਤਰ ਹੋ ਗਿਆ ਹੈ। ਬਾਕੀ ਦੀ 90% ਆਬਾਦੀ ਕੋਲ ਧਨ-ਦੌਲਤ ਦਾ ਸਿਰਫ 23% ਹਿਸਾ ਰਹਿ ਗਿਆ ਹੈ। ਅਮੀਰਾਂ ਦੀ ਧਨ-ਦੌਲਤ ਦਸਾਂ ਸਾਲਾਂ ਵਿਚ ਦਸ ਗੁਣਾ ਹੋ ਗਈ, ਇਸੇ ਸਮੇਂ ਦੌਰਾਨ ਆਮ ਲੋਕਾਂ ਦੀ ਧਨ-ਦੌਲਤ ਸਿਰਫ 1% ਹੀ ਵਧੀ ਹੈ। ਇਸੇ ਕਾਰਨ ਮੁਲਕ ਵਿਚ ਅਰਬਪਤੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਸੰਨ 2000 ਵਿਚ ਅਰਬਪਤੀਆਂ ਦੀ ਗਿਣਤੀ ਸਿਰਫ ਨੌਂ ਸੀ ਜਿਹੜੀ 2017 ਵਿਚ 101 ਅਤੇ 2022 ਵਿਚ 119 ਹੋ ਗਈ। ਇਨ੍ਹਾਂ ਅਰਬਪਤੀਆਂ ਦੇ ਨਾਲ ਮੱਧ ਵਰਗ ਦੇ ਇਕ ਹਿੱਸੇ ਨੇ ਵੀ ਮੁਲਕ ਵਿਚ ਹੋਏ ਆਰਥਕ ਵਿਕਾਸ ਦਾ ਫਾਇਦਾ ਉਠਾਇਆ ਹੈ। ਇਸੇ ਕਰਕੇ ਮੱਧ ਵਰਗ ਦਾ ਵੱਡਾ ਹਿੱਸਾ ਅਰਬਪਤੀਆਂ ਦੀ ਹਮਾਇਤ ਕਰਨ ਲੱਗ ਪਿਆ ਹੈ। ਉਂਞ, 77% ਆਬਾਦੀ ਗਰੀਬਾਂ ਤੇ ਲੋੜਵੰਦਾਂ/ਲਾਚਾਰਾਂ ਦੀ ਹੈ ਜਿਹੜੀ ਇਸ ਦੌੜ ਵਿਚ ਪਛੜ ਗਈ ਹੈ। ਇੰਨੀ ਵੱਡੀ ਪੱਧਰ 'ਤੇ ਆਰਥਕ ਨਾ-ਬਰਾਬਰੀ ਆਪਣੇ ਆਪ ਨਹੀਂ ਵਾਪਰੀ, ਇਹ ਸੋਚੀ ਸਮਝੀ ਆਰਥਕ ਨੀਤੀ ਤਹਿਤ ਵਾਪਰਿਆ ਹੈ। ਇਸ ਨੂੰ ਘਟਾਉਣ/ਕੰਟਰੋਲ ਕਰਨ ਵਾਸਤੇ ਇਸ ਨੀਤੀ ਨੂੰ ਬਦਲਣਾ ਪਵੇਗਾ।

# ਦਿਨੋ-ਦਿਨ ਵਧ ਰਹੀ ਹੈ ਮੀਡੀਆ ਦੀ ਜ਼ੁਬਾਨਬੰਦੀ

ਪ੍ਰੈੱਸ, ਖਾਸ ਕਰ ਨਿਧੜਕ ਪੱਤਰਕਾਰੀ ਆਰ.ਐਸ.ਐਸ. ਤੇ ਭਾਜਪਾ ਦੇ ਖਾਸ ਨਿਸ਼ਾਨੇ 'ਤੇ ਹੈ ਅਤੇ ਉਨ੍ਹਾਂ ਦੀ ਜ਼ੁਬਾਨਬੰਦੀ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ ਕਿਉਂਕਿ ਇਹ ਆਪਣੇ ਕਿੱਤੇ ਨੂੰ ਸਮਰਪਿਤ ਇਮਾਨਦਾਰ ਪੱਤਰਕਾਰ ਹੀ ਹਨ ਜੋ ਸੱਤਾਧਾਰੀ ਧਿਰ ਦੇ ਕਥਿਤ ਵਿਕਾਸ ਦਾ ਰਾਗ ਪ੍ਰਚਾਰਨ ਵਾਲੀ ਦਰਬਾਰੀ ਪੱਤਰਕਾਰੀ ਕਰਨ ਦੀ ਬਜਾਇ ਹਕੀਕਤ ਪੇਸ਼ ਕਰ ਰਹੇ ਹਨ। ਹਿੰਦੂਤਵੀ ਜਥੇਬੰਦੀਆਂ ਪੱਤਰਕਾਰਾਂ ਨੂੰ ਸ਼ਰੇਆਮ ਡਰਾ-ਧਮਕਾ ਰਹੀਆਂ ਹਨ ਅਤੇ ਕੁੱਟਮਾਰ ਤੋਂ ਵੀ ਗੁਰੇਜ਼ ਨਹੀਂ ਕਰਦੀਆਂ। ਭਾਜਪਾ ਦੀ ਹਕੂਮਤ ਵਾਲੇ ਰਾਜਾਂ ਵਿਚ ਪੁਲਿਸ ਨੂੰ ਪੱਤਰਕਾਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਲੱਠਮਾਰਾਂ ਵਾਂਗ ਵਰਤਿਆ ਜਾ ਰਿਹਾ ਹੈ। ਘਟਨਾਵਾਂ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਸਾਫ ਇਸ਼ਾਰਾ ਕਰ ਰਹੀਆਂ ਹਨ ਕਿ ਨਫਰਤ ਦੀ ਸਿਆਸਤ ਦਾ ਪ੍ਰਚਾਰ ਅਤੇ ਘੱਟਗਿਣਤੀਆਂ ਵਿਰੁੱਧ ਹਮਲੇ ਤੇਜ਼ ਕਰਨ ਦੇ ਨਾਲ-ਨਾਲ ਪੱਤਰਕਾਰਾਂ ਨੂੰ ਇਸ ਦੀ ਕਵਰੇਜ ਤੋਂ ਰੋਕਣ ਲਈ ਦਹਿਸ਼ਤਜ਼ਦਾ ਕਰਨ ਦੀ ਮੁਹਿੰਮ ਬਹੁਤ ਤੇਜ਼ ਕੀਤੀ ਰਹੀ ਹੈ।

ਇਸ ਪ੍ਰਸੰਗ ਵਿਚ ਮੱਧ ਪ੍ਰਦੇਸ਼ ਦੀ ਘਟਨਾ ਚਰਚਾ ਦਾ ਵਿਸ਼ਾ ਬਣੀ ਹੈ ਜਿਥੇ ਸੀਧੀ ਜ਼ਿਲ੍ਹੇ ਵਿਚ ਭਾਜਪਾ ਵਿਧਾਇਕ ਕੇਦਾਰਨਾਥ ਸ਼ੁਕਲਾ ਬਾਰੇ ਖਬਰਾਂ ਚਲਾਉਣ ਵਾਲੇ ਪੱਤਰਕਾਰਾਂ ਵਿਰੁੱਧ ਪੁਲਿਸ ਨੇ ਐਫ.ਆਈ.ਆਰ. ਦਰਜ ਕੀਤੀ ਅਤੇ ਉਨ੍ਹਾਂ ਨੂੰ ਥਾਣੇ ਲਿਜਾ ਕੇ ਨਿਰਵਸਤਰ ਕਰਕੇ ਜ਼ਲੀਲ ਵੀ ਕੀਤਾ। ਉਨ੍ਹਾਂ ਦੀ ਨਿਰਵਸਤਰ ਕੀਤਿਆਂ ਦੀ ਫੋਟੋ ਵੀ ਸੋਸ਼ਲ ਮੀਡੀਆ ਉਪਰ ਪਾ ਦਿੱਤੀ। ਦਾਅਵਾ ਇਹ ਕੀਤਾ ਗਿਆ ਕਿ ਇਹ ਫਰਜ਼ੀ ਮੀਡੀਆ ਵਾਲੇ ਹਨ ਜੋ ਯੂਟਿਊਬ ਉਪਰ ਭਾਜਪਾ ਸਰਕਾਰ ਵਿਰੁੱਧ ਝੂਠੀਆਂ ਖਬਰਾਂ ਪ੍ਰਸਾਰਿਤ ਕਰਦੇ ਹਨ। ਹਾਲਾਤ ਦੀ ਵਿਡੰਬਨਾ ਦੇਖੋ, ਸਭ ਝੂਠੀਆਂ ਖਬਰਾਂ ਅਤੇ ਅਫਵਾਹਾਂ ਦੀ ਮੁੱਖ ਫੈਕਟਰੀ ਆਰ. ਐਸ.ਐਸ.-ਭਾਜਪਾ ਦਾ ਪ੍ਰਚਾਰ ਤੰਤਰ ਹੈ ਜਿਸ ਦੀ ਤਾਜ਼ਾ ਮਿਸਾਲ 'ਦਿ ਕਸ਼ਮੀਰ ਫਾਈਲਜ਼' ਫਿਲਮ ਹੈ ਪਰ ਪੁਲਿਸ ਅਧਿਕਾਰੀ ਉਨ੍ਹਾਂ ਪੱਤਰਕਾਰਾਂ ਨੂੰ ਚਿਤਾਵਨੀ ਦੇ ਰਹੇ ਹਨ ਜੋ ਸੱਚ ਸਾਹਮਣੇ ਲਿਆ ਰਹੇ ਹਨ।

ਪੱਤਰਕਾਰ ਕਨਿਸ਼ਕ ਤਿਵਾੜੀ ਨੇ ਆਪਣੀ ਹੱਡਬੀਤੀ ਦੱਸੀ ਕਿ ਕਿਵੇਂ ਉਨ੍ਹਾਂ ਨੂੰ ਥਾਣੇ ਲਿਜਾ ਕੇ ਕੁੱਟਿਆ ਗਿਆ ਅਤੇ ਜ਼ਲੀਲ ਕੀਤਾ ਗਿਆ। ਤਿਵਾੜੀ ਨਿਊਜ਼ ਨੇਸ਼ਨ ਦਾ ਸਟਿੰਗਰ ਹੈ ਅਤੇ 'ਐਮ.ਪੀ. ਸੰਦੇਸ਼ 24' ਨਾਂ ਦਾ ਕਾਮਯਾਬ ਯੂਟਿਊਬ ਚੈਨਲ ਚਲਾ ਰਿਹਾ ਹੈ ਜਿਸ ਉਪਰ ਉਹ 2018 ਤੋਂ ਸਥਾਨਕ ਖਬਰਾਂ ਰਿਪੋਰਟ ਕਰ ਰਿਹਾ ਹੈ। ਤਿਵਾੜੀ ਦੀ ਸਥਾਨਕ ਖਬਰਾਂ ਦੀ ਕਵਰੇਜ ਅਤੇ ਪ੍ਰਮਾਣਕ ਰਿਪੋਰਟਾਂ, ਸਥਾਪਤੀ ਤੇ ਪੁਲਿਸ ਵਿਰੁੱਧ ਹੋਣ ਕਾਰਨ ਉਨ੍ਹਾਂ ਨੂੰ ਬਹੁਤ ਚੁੱਭਦੀਆਂ ਹਨ।

ਦਰਅਸਲ, 2 ਅਪਰੈਲ ਨੂੰ ਵਿਰੋਧ ਪ੍ਰਦਰਸ਼ਨ ਤੋਂ 9 ਜਣਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਵਿਚ ਤਿਵਾੜੀ ਅਤੇ ਉਸ ਦਾ ਕੈਮਰਾਮੈਨ ਵੀ ਸਨ। ਉਹ ਉਸ ਵਿਰੋਧ ਪ੍ਰਦਰਸ਼ਨ ਨੂੰ ਕਵਰ ਕਰ ਰਹੇ ਸਨ। ਵਿਰੋਧ ਪ੍ਰਦਰਸ਼ਨ ਸਥਾਨਕ ਥੀਏਟਰ ਕਲਾਕਾਰ ਦੀ ਗ੍ਰਿਫਤਾਰੀ ਵਿਰੁੱਧ ਸੀ ਜਿਸ ਉਪਰ ਫਰਜ਼ੀ ਫੇਸਬੁੱਕ ਪ੍ਰੋਫਾਈਲ ਵਰਤਣ ਦਾ ਦੋਸ਼ ਲਗਾਇਆ ਗਿਆ ਸੀ। ਵਿਰੋਧ ਪ੍ਰਦਰਸ਼ਨ ਵਿਚ ਥੀਏਟਰ ਕਲਾਕਾਰ ਦੇ 60 ਸਾਲਾ ਪਿਤਾ ਜੀ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਸਮੇਤ 40 ਲੋਕ ਸ਼ਾਮਿਲ ਸਨ। ਜਦੋਂ ਤਿਵਾੜੀ ਨੇ ਕਲਾਕਾਰ ਦੇ ਪਰਿਵਾਰ ਨੂੰ ਇਹ ਸਵਾਲ ਦੁਹਰਾਇਆ ਕਿ ਜਿਸ ਨੌਜਵਾਨ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ, ਉਹ ਜੇਲ੍ਹ 'ਚ ਕਿਉਂ ਹੈ ਤਾਂ ਪੁਲਿਸ ਵਾਲੇ ਭੜਕ ਉਠੇ। ਉਹ ਪਹਿਲਾਂ ਹੀ ਕਿਸੇ ਬਹਾਨੇ ਦੀ ਭਾਲ ਵਿਚ ਸਨ ਅਤੇ ਇਸ ਮੌਕੇ ਨੂੰ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਵਰਤਿਆ ਗਿਆ।



ਮੱਧ ਪ੍ਰਦੇਸ਼ ਦੇ ਭਾਜਪਾ ਵਿਧਾਇਕ ਕੇਦਾਰਨਾਥ ਸ਼ੁਕਲਾ ਬਾਰੇ ਖਬਰਾਂ ਚਲਾਉਣ ਵਾਲੇ ਪੱਤਰਕਾਰ ਜਿਨ੍ਹਾਂ ਨੂੰ ਥਾਣੇ ਲਿਜਾ ਕੇ ਨਿਰਵਸਤਰ ਕੀਤਾ ਗਿਆ।

ਤਿਵਾੜੀ ਅਤੇ ਉਸ ਦੇ ਕੈਮਰਾਮੈਨ ਆਦਿਤਿਆ ਸਿੰਘ ਭਦੌਰੀਆ ਸਮੇਤ ਉਨ੍ਹਾਂ ਨੂੰ ਰਾਤ 9 ਵਜੇ ਦੇ ਕਰੀਬ ਗ੍ਰਿਫਤਾਰ ਕੀਤਾ ਗਿਆ ਅਤੇ 18 ਘੰਟੇ ਥਾਣੇ ਵਿਚ ਰੱਖਿਆ। ਇਸ ਦੌਰਾਨ ਉਨ੍ਹਾਂ ਨੂੰ ਖਾਣਾ ਅਤੇ ਹੋਰ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਰੱਖਿਆ। ਬਕੌਲ ਤਿਵਾੜੀ- "ਉਹ ਸਾਡੇ ਨਾਲ ਇਨਸਾਨਾਂ ਵਾਂਗ ਸਗੋਂ ਜਾਨਵਰਾਂ ਵਰਗਾ ਸਲੂਕ ਕਰ ਰਹੇ ਸਨ। ਮੇਰਾ ਕਸੂਰ ਸਿਰਫ ਇਹ ਸੀ ਕਿ ਮੈਂ ਸੱਚਾਈ ਦੱਸਣ ਦੀ ਕੋਸ਼ਿਸ਼ ਕੀਤੀ।" ਇਸ ਪਿੱਛੋਂ ਪੱਤਰਕਾਰਾਂ ਦਾ 25 ਪੁਲਿਸ ਵਾਲਿਆਂ ਦੀ ਸਖਤ ਨਿਗਰਾਨੀ ਹੇਠ ਜ਼ਿਲ੍ਹਾ ਹਸਪਤਾਲ ਤੋਂ ਡਾਕਟਰੀ ਮੁਆਇਨਾ ਕਰਵਾ ਕੇ ਇਹ ਯਕੀਨੀ ਬਣਾਇਆ ਗਿਆ ਕਿ ਉਹ ਆਪਣੇ ਨਾਲ ਹੋਈ ਬਦਸਲੂਕੀ ਬਾਰੇ ਡਾਕਟਰ ਨੂੰ ਕੁਝ ਨਹੀਂ ਦੱਸਣਗੇ। ਇਸ ਤੋਂ ਬਾਅਦ ਹੀ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ। ਸੀਧੀ ਕੋਤਵਾਲੀ ਥਾਣੇ 'ਚ ਉਨ੍ਹਾਂ ਨੂੰ ਸਾਫ ਸ਼ਬਦਾਂ 'ਚ ਚਿਤਾਵਨੀ ਦਿੱਤੀ ਗਈ ਕਿ ਜੇ ਉਹ ਪੁਲਿਸ ਅਤੇ ਸਥਾਪਤੀ ਖਿਲਾਫ ਖਬਰਾਂ ਚਲਾਉਣੀਆਂ ਬੰਦ ਨਹੀਂ ਕਰਨਗੇ ਤਾਂ ਇਹ ਥਾਣੇ ਵਾਲੀ ਨਗਨ ਪਰੇਡ ਤੱਕ ਸੀਮਤ ਨਹੀਂ ਰਹੇਗੀ ਸਗੋਂ ਉਨ੍ਹਾਂ ਨੂੰ ਨੰਗੇ ਕਰਕੇ ਪੂਰੇ ਸ਼ਹਿਰ ਵਿਚ ਘੁਮਾਇਆ ਜਾਵੇਗਾ।

ਪਿਛੇ ਜਿਹੇ ਉੱਤਰ ਪ੍ਰਦੇਸ਼ ਦੇ ਬਲੀਆ 'ਚ 'ਅਮਰ ਉਜਾਲਾ' ਦੇ ਪੱਤਰਕਾਰ ਅਜੀਤ ਓਝਾ ਨੂੰ ਥਾਣੇ 'ਚ ਤਿੰਨ ਘੰਟੇ ਇਸ ਕਰਕੇ ਬਿਠਾਈ ਰੱਖਿਆ ਕਿ ਉਸ ਨੇ ਪੇਪਰ ਲੀਕ ਹੋਣ ਦੀ ਖਬਰ ਛਾਪ ਦਿੱਤੀ ਸੀ। ਬਾਅਦ 'ਚ ਉਸੇ ਮਾਮਲੇ 'ਚ ਤਿੰਨ ਪੱਤਰਕਾਰਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਇਸੇ ਤਰ੍ਹਾਂ ਆਰ.ਟੀ.ਆਈ. ਕਾਰਕੁਨ ਡਾ. ਆਨੰਦ ਰਾਏ ਨੂੰ ਸਿੱਖਿਅਕ ਪ੍ਰੀਖਿਆ ਦਾ ਪੇਪਰ ਸੋਸ਼ਲ ਮੀਡੀਆ ਉਪਰ ਵਾਇਰਲ ਕਰਨ ਦੀ ਐਫ.ਆਈ.ਆਰ. ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਦਰਅਸਲ ਉਸ ਨੇ ਇਕ ਸਕ੍ਰੀਨ ਸ਼ਾਟ, ਪੋਸਟ ਕਰਕੇ ਸਿਰਫ ਇੰਨਾ ਪੁੱਛਿਆ ਸੀ ਕਿ ਇਸ ਉਪਰ ਜੋ ਲਕਸ਼ਮਣ ਸਿੰਘ ਨਾਂ ਲਿਖਿਆ ਹੈ, ਉਹ ਕੌਣ ਹੈ? ਭਾਵ ਜੇ ਕੋਈ ਪੇਪਰ ਲੀਕ ਹੋ ਕੇ ਸੋਸ਼ਲ ਮੀਡੀਆ ਉਪਰ ਵਾਇਰਲ ਹੋ ਜਾਵੇ ਅਤੇ ਕੋਈ ਸਮਾਜੀ ਕਾਰਕੁਨ ਜਾਂ ਪੱਤਰਕਾਰ ਇਹ ਸੂਚਨਾ ਜਨਤਕ ਕਰ ਦੇਵੇ ਤਾਂ ਲੀਕ ਕਰਨ ਵਾਲੇ ਮਾਫੀਆ ਦੀ ਸ਼ਨਾਖਤ ਕਰਕੇ ਉਸ ਵਿਰੁੱਧ ਕਾਰਵਾਈ ਕਰਨ ਦੀ ਬਜਾਇ ਸੂਚਨਾ ਜਨਤਕ ਕਰਨ ਵਾਲੇ ਨੂੰ ਮੁਜਰਿਮ ਮੰਨ ਲਿਆ ਜਾਵੇਗਾ। ਦਰਅਸਲ ਸੱਤਾ ਅਤੇ ਪੁਲਿਸ ਨੂੰ ਇਹ ਮਨਜ਼ੂਰ ਨਹੀਂ ਹੈ ਕਿ ਹੋ ਰਹੇ ਘੁਟਾਲਿਆਂ ਨੂੰ ਜਨਤਕ ਕਿਉਂ ਕੀਤਾ ਜਾਂਦਾ ਹੈ ਅਤੇ ਪੱਤਰਕਾਰ ਸੱਤਾ ਦਾ ਵਿਕਾਸ ਦਾ ਰਾਗ ਕਿਉਂ ਨਹੀਂ ਅਲਾਪ ਰਹੇ।

ਪੱਤਰਕਾਰਾਂ ਉਪਰ ਹਮਲਿਆਂ ਦੀ ਦੂਜੀ ਵੰਨਗੀ ਹਿੰਦੂਤਵ ਜਥੇਬੰਦੀਆਂ ਦੀਂ ਹੈ। ਹਾਲ ਹੀ ਵਿਚ ਦਿੱਲੀ ਵਿਚ ਹਿੰਦੂਤਵ ਜਥੇਬੰਦੀਆਂ ਨੇ ਵੱਖ-ਵੱਖ ਮੀਡੀਆ ਦੇ 7 ਪੱਤਰਕਾਰਾਂ ਉਪਰ ਆਪਣਾ ਗੁੱਸਾ ਕੱਢਿਆ। ਉਹ 3 ਅਪਰੈਲ ਨੂੰ ਦਿੱਲੀ ਦੇ ਬੁਰਾੜੀ ਮੈਦਾਨ ਵਿਚ ਕੀਤੀ ਜਾ ਰਹੀ 'ਹਿੰਦੂ ਮਹਾਪੰਚਾਇਤ' ਦੀ ਕਵਰੇਜ ਲਈ ਗਏ ਸਨ। 'ਹਿੰਦੁਸਤਾਨ ਗਜ਼ਟ' ਦੇ ਮੀਰ ਫੈਜ਼ਲ, ਫੋਟੋ ਜਰਨਲਿਸਟ ਮੁਹੰਮਦ ਮਿਹਰਬਾਨ ਅਤੇ ਨਿਊਜ਼ ਲਾਂਡਰੀ ਦੀ ਸ਼ਿਵਾਂਗੀ ਸਕਸੈਨਾ ਤੇ ਰੌਨਕ ਭੱਟ ਉਪਰ ਹਜੂਮ ਨੇ ਹਮਲਾ ਕਰ ਦਿੱਤਾ। 'ਆਰਟੀਕਲ-14' ਦੇ ਅਰਬਾਬ ਅਲੀ, 'ਦਿ ਕੁਇੰਟ' ਦੇ ਰਿਪੋਰਟਰ ਮੇਘਨਾਦ ਬੋਸ ਅਤੇ ਇਕ ਹੋਰ ਪੱਤਰਕਾਰ ਜੋ ਐਨਾ ਡਰ ਗਿਆ ਹੈ ਕਿ ਉਹ ਆਪਣਾ ਨਾਮ ਵੀ ਜਨਤਕ ਨਹੀਂ ਕਰਨਾ ਚਾਹੁੰਦਾ, ਨੂੰ ਹਜੂਮ ਨੇ ਗਾਲੀ-ਗਲੋਚ ਕੀਤਾ। 'ਹਿੰਦੂ ਮਹਾਪੰਚਾਇਤ' ਨੂੰ ਸੰਬੋਧਨ ਕਰਨ ਲਈ ਯਤੀ ਨਰਸਿੰਘਾਨੰਦ ਅਤੇ ਸੁਦਰਸ਼ਨ ਨਿਊਜ਼ ਚੈਨਲ ਦਾ ਚੀਫ ਐਡੀਟਰ ਸੁਰੇਸ਼ ਚਵਾਨਕੇ ਵੀ ਪਹੁੰਚੇ ਹੋਏ ਸਨ ਜੋ ਮੁਸਲਮਾਨਾਂ ਵਿਰੁੱਧ ਜ਼ਹਿਰ ਉਗਲਣ ਵਾਲੇ ਭਾਸ਼ਣ ਦੇਣ ਲਈ ਬਦਨਾਮ ਹਨ। ਭਗਵੇਂ ਆਗੂ ਪ੍ਰੀਤ ਸਿੰਘ ਨੇ ਸ਼ਿਵਾਂਗੀ ਸਕਸੈਨਾ ਦਾ ਨਾਮ ਸਟੇਜ ਤੋਂ ਲੈ ਕੇ ਹਜੂਮ ਨੂੰ ਉਸ ਵਿਰੁੱਧ ਉਕਸਾਇਆ। ਪਿਛਲੇ ਸਾਲ ਅਗਸਤ 'ਚ ਦਿੱਲੀ ਦੇ ਜੰਤਰ-ਮੰਤਰ ਵਿਖੇ ਮੁਸਲਮਾਨਾਂ ਵਿਰੁੱਧ ਜੋ ਭੜਕਾਊ ਤਕਰੀਰਾਂ ਕੀਤੀਆਂ ਸਨ, ਉਨ੍ਹਾਂ ਦੀ ਵੀਡੀਓ ਰਿਕਾਰਡਿੰਗ ਸਕਸੈਨਾ ਨੇ ਕੀਤੀ ਸੀ। ਉਸ ਠੋਸ ਸਬੂਤ ਦੇ ਆਧਾਰ 'ਤੇ ਪੁਲਿਸ ਨੂੰ ਪ੍ਰੀਤ ਸਿੰਘ ਨੂੰ ਜੇਲ੍ਹ ਭੇਜਣਾ ਪਿਆ ਸੀ। ਮੰਚ ਤੋਂ ਸ਼ਿਸ਼ਕੇਰੇ ਜਾਣ 'ਤੇ ਭਗਵੇਂ ਕਾਰਕੁਨਾਂ ਦੇ ਹਜੂਮ ਨੇ ਪੱਤਰਕਾਰਾਂ ਨੂੰ ਘੇਰ ਕੇ ਉਨ੍ਹਾਂ ਦੇ ਨਾਮ ਪੁੱਛਣੇ ਸ਼ੁਰੂ ਕਰ ਦਿੱਤੇ। ਮੁਸਲਿਮ ਨਾਵਾਂ ਵਾਲੇ ਪੱਤਰਕਾਰਾਂ ਦੀ ਉਚੇਚੇ ਤੌਰ 'ਤੇ ਕੁੱਟਮਾਰ ਕੀਤੀ ਗਈ। ਪੱਤਰਕਾਰਾਂ ਦੇ ਕੈਮਰੇ ਅਤੇ ਮੋਬਾਈਲ ਫੋਨ ਖੋਹ ਕੇ ਰਿਕਾਰਡਿੰਗ ਡਿਲੀਟ ਕਰ ਦਿੱਤੀਆਂ ਗਈਆਂ। ਪੁਲਿਸ ਉਨ੍ਹਾਂ ਨੂੰ ਥਾਣੇ ਲੈ ਗਈ ਜਿੱਥੇ ਐਫ.ਆਈ.ਆਰ ਦਰਜ ਕਰਨ ਦੇ ਬਹਾਨੇ ਉਨ੍ਹਾਂ ਨੂੰ ਲੰਮਾ ਸਮਾਂ ਖੱਜਲ-ਖੁਆਰ ਕੀਤਾ ਗਿਆ। ਨਫਰਤ ਫੈਲਾਉਣ ਵਾਲਿਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਸਗੋਂ ਮੀਰ ਫੈਜ਼ਲ ਅਤੇ ਆਰਟੀਕਲ-14 ਨਿਊਜ਼ ਪੋਰਟਲ ਵਿਰੁੱਧ ਭਾਈਚਾਰਿਆਂ 'ਚ ਨਫਰਤ ਅਤੇ ਦੁਸ਼ਮਣੀ ਭੜਕਾਉਣ ਦਾ ਪਰਚਾ ਦਰਜ ਕਰ ਲਿਆ।

ਨਫਰਤੀ ਭਾਸ਼ਣ ਦੇਣ ਵਾਲਿਆਂ ਨੂੰ ਪਤਾ ਹੈ ਕਿ ਪਰਚੇ ਦਰਜ ਹੋਣ ਦੇ ਬਾਵਜੂਦ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ ਹੋਵੇਗੀ। ਇਸੇ ਲਈ ਉਹ ਵਾਰ-ਵਾਰ 'ਹਿੰਦੂ ਮਹਾਪੰਚਾਇਤਾਂ' ਕਰਕੇ ਜ਼ਹਿਰੀਲੇ ਭਾਸ਼ਣ ਦੇ ਰਹੇ ਹਨ। ਜੰਤਰ-ਮੰਤਰ ਵਿਖੇ ਉਨ੍ਹਾਂ ਨੇ ਮੰਚ ਤੋਂ ਭਾਸ਼ਣ ਦੇ ਕੇ ਹਿੰਦੂਆਂ ਨੂੰ ਹਥਿਆਰ ਚੁੱਕਣ ਲਈ ਉਕਸਾਇਆ ਸੀ, ਇਹ ਡਰ ਪੈਦਾ ਕਰਕੇ ਕਿ ਜੇ ਇਕ ਵਾਰ ਮੁਸਲਿਮ ਪ੍ਰਧਾਨ ਮੰਤਰੀ ਬਣ ਗਿਆ ਤਾਂ ਅਗਲੇ ਵੀਹ ਸਾਲਾਂ 'ਚ 40% ਹਿੰਦੂ ਮਾਰ ਦਿੱਤੇ ਜਾਣਗੇ। ਉਨ੍ਹਾਂ ਨੇ ਭਵਿੱਖ ਬਚਾਉਣ ਲਈ 'ਮਰਦ ਬਣਨ' ਅਤੇ ਮੁਸਲਮਾਨਾਂ ਵਿਰੁੱਧ ਹਥਿਆਰ ਚੁੱਕਣ ਦੇ ਸੱਦੇ ਦਿੱਤੇ ਸਨ। 17 ਤੋਂ 19 ਦਸੰਬਰ ਨੂੰ ਹਰਦਵਾਰ ਵਿਚ ਕੀਤੀ ਧਰਮ ਸੰਸਦ ਵਿਚ ਵੀ ਭਗਵੇਂ ਸੰਤਾਂ ਦੇ ਭੇਖ 'ਚ ਛੁਪੇ ਹਿੰਦੂ ਰਾਸ਼ਟਰ ਦੇ ਪ੍ਰਚਾਰਕ ਕਥਿਤ ਸੰਤਾਂ ਵੱਲੋਂ ਇਸੇ ਤਰ੍ਹਾਂ ਦੇ ਸੱਦੇ ਦਿੱਤੇ ਗਏ ਕਿ ਆਰਥਕ ਬਾਈਕਾਟ ਨਾਲ ਕੰਮ ਨਹੀਂ ਚੱਲੇਗਾ; ਕਿ ਹਥਿਆਰ ਖਰੀਦੋ ਤੇ ਮੁਸਲਮਾਨਾਂ ਦਾ ਬੀਜਨਾਸ ਕਰਕੇ ਉਨ੍ਹਾਂ ਦੀ ਆਬਾਦੀ ਨੂੰ ਵਧਣ ਤੋਂ ਰੋਕੋ।

ਪੱਤਰਕਾਰਾਂ ਦੀ ਜ਼ੁਬਾਨਬੰਦੀ ਦੀ ਤੀਜੀ ਵੰਨਗੀ ਨਿਧੜਕ ਆਵਾਜ਼ਾਂ ਨੂੰ ਵਿਦੇਸ਼ਾਂ ਜਾਣ ਤੋਂ ਰੋਕਣ ਦੀ ਹੈ। ਪਿਛਲੇ ਦਿਨੀਂ ਉਘੀ ਪੱਤਰਕਾਰ ਰਾਣਾ ਆਯੂਬ (ਮਸ਼ਹੂਰ ਕਿਤਾਬ 'ਗੁਜਰਾਤ ਫਾਈਲਾਂ' ਦੀ ਲੇਖਕ) ਨੂੰ ਈ.ਡੀ. ਨੇ ਏਅਰਪੋਰਟ ਉਪਰ ਗ੍ਰਿਫਤਾਰ ਕਰ ਲਿਆ ਅਤੇ ਦੁਬਈ ਵਿਚ ਸਮਾਗਮ ਵਿਚ ਜਾਣ ਤੋਂ ਰੋਕ ਦਿੱਤਾ। 'ਦਿ ਕਸ਼ਮੀਰ ਫਾਈਲਜ਼' ਦੀ ਰਾਜਨੀਤਕ ਅਤੇ ਰਾਜਕੀ ਸਰਪ੍ਰਸਤੀ ਕਰਨ ਵਾਲੀ ਆਰ.ਐਸ.ਐਸ.-ਭਾਜਪਾ ਨੇ ਅੱਜ ਤੱਕ ਰਾਣਾ ਅਯੂਬ ਦੀ ਤੱਥਪੂਰਨ ਕਿਤਾਬ 'ਗੁਜਰਾਤ ਫਾਈਲਾਂ' ਬਾਰੇ ਮੂੰਹ ਨਹੀਂ ਖੋਲ੍ਹਿਆ ਅਤੇ ਖੁਦ ਪ੍ਰਧਾਨ ਸੇਵਕ ਨੇ ਗੁਜਰਾਤ ਕਤਲੇਆਮ ਵਿਚ ਮੋਦੀ ਸਰਕਾਰ ਦੀ ਭੂਮਿਕਾ ਬਾਬਤ ਉਸ ਵੱਲੋਂ ਪੇਸ਼ ਕੀਤੇ ਇਕ ਵੀ ਤੱਥ ਨੂੰ ਰੱਦ ਕਰਨ ਦੀ ਹਿੰਮਤ ਨਹੀਂ ਕੀਤੀ ਪਰ ਲੇਖਕ ਦੀ ਦਿਨ-ਰਾਤ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਲਗਾਤਾਰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜਦੋਂ ਉਸ ਦੀ ਕਲਮ ਫਿਰ ਵੀ ਨਹੀਂ ਰੁਕੀ ਤਾਂ ਉਸ ਦੇ ਮਗਰ ਈ.ਡੀ. ਨੂੰ ਲਾ ਦਿੱਤਾ ਕਿ ਉਸ ਨੇ ਕਰੋਨਾ ਰਾਹਤ ਫੰਡ ਦੇ ਨਾਂ 'ਤੇ ਗਲਤ ਤਰੀਕੇ ਨਾਲ ਰਾਹਤ ਫੰਡ ਇਕੱਠੇ ਕੀਤੇ ਹਨ। ਈ.ਡੀ. ਦੇ ਕਥਿਤ ਲੁੱਕ ਆਊਟ ਨੋਟਿਸ ਦੇ ਆਧਾਰ 'ਤੇ ਉਸ ਨੂੰ ਮੁੰਬਈ ਏਅਰਪੋਰਟ ਅਥਾਰਟੀ ਨੇ ਲੰਡਨ ਜਾਣ ਤੋਂ ਰੋਕ ਦਿੱਤਾ ਅਤੇ ਈ.ਡੀ. ਨੇ ਉਸ ਨੂੰ ਪੁੱਛਗਿੱਛ ਲਈ ਹਿਰਾਸਤ ਵਿਚ ਲੈ ਲਿਆ। ਇਸੇ ਤਰ੍ਹਾਂ ਐਮਨੈਸਟੀ ਇੰਟਰਨੈਸ਼ਨਲ ਦੇ ਭਾਰਤ ਦੇ ਸਾਬਕਾ ਮੁਖੀ ਅਤੇ ਉਘੇ ਲੇਖਕ/ਪੱਤਰਕਾਰ ਆਕਾਰ ਪਟੇਲ ਨੂੰ ਸੀ.ਬੀ.ਆਈ. ਨੇ ਏਅਰਪੋਰਟ ਉਪਰ ਰੋਕ ਲਿਆ ਅਤੇ ਅਮਰੀਕਾ ਨਹੀਂ ਜਾਣ ਦਿੱਤਾ ਜਿੱਥੇ ਉਸ ਨੇ ਤਿੰਨ ਯੂਨੀਵਰਸਿਟੀਆਂ ਵਿਚ ਭਾਸ਼ਣ ਦੇਣੇ ਸਨ। ਇਹ ਦੋਨੋਂ ਸ਼ਖਸੀਅਤਾਂ ਹਿੰਦੂਤਵ ਦੀ ਨਫਰਤ ਦੀ ਸਿਆਸਤ ਵਿਰੁੱਧ ਧੜੱਲੇ ਨਾਲ ਆਵਾਜ਼ ਉਠਾ ਰਹੀਆਂ ਹਨ। ਫਰਵਰੀ ਮਹੀਨੇ ਨਿਊਜ਼ ਪੋਰਟਲ ਨਿਊਜ਼ ਕਲਿੱਕ ਦੇ ਦਫਤਰ ਉਪਰ ਵੀ ਈ.ਡੀ. ਤੋਂ ਛਾਪੇ ਮਰਵਾਏ ਗਏ ਸਨ।

ਕਸ਼ਮੀਰ ਦੇ ਪੱਤਰਕਾਰ ਫਾਹਦ ਸ਼ਾਹ ਤੇ ਆਸਿਫ ਸੁਲਤਾਨ ਅਤੇ ਭਾਰਤ ਦੇ ਕਈ ਉਘੇ ਪੱਤਰਕਾਰ/ਕਾਲਮਨਵੀਸ ਜੇਲ੍ਹਾਂ ਵਿਚ ਬੰਦ ਹਨ। ਕਈ ਹੋਰ ਕਸ਼ਮੀਰੀ ਪੱਤਰਕਾਰਾਂ ਉਪਰ ਸੰਗੀਨ ਧਾਰਾਵਾਂ ਲਗਾ ਕੇ ਪਰਚੇ ਦਰਜ ਕੀਤੇ ਹੋਏ ਹਨ ਅਤੇ ਪੱਤਰਕਾਰਾਂ ਨੂੰ ਥਾਣੇ ਤੇ ਸੁਰੱਖਿਆ ਬਲਾਂ ਦੇ ਕੈਂਪਾਂ ਵਿਚ ਬੁਲਾ ਕੇ ਪ੍ਰੇਸ਼ਾਨ ਕਰਨਾ ਆਮ ਗੱਲ ਹੈ। ਮਲਿਆਲਮ ਪੱਤਰਕਾਰ ਸਿਦੀਕ ਕੱਪਨ ਨੂੰ ਦੋ ਸਾਲ ਤੋਂ ਉੱਤਰ ਪ੍ਰਦੇਸ਼ ਦੀ ਜੇਲ੍ਹ ਵਿਚ ਬਿਨਾਂ ਜ਼ਮਾਨਤ, ਬਿਨਾਂ ਮੁਕੱਦਮਾ ਡੱਕਿਆ ਹੋਇਆ ਹੈ ਕਿਉਂਕਿ ਉਹ ਹਾਥਰਸ ਵਿਚ ਦਲਿਤ ਲੜਕੀ ਦੇ ਬਲਾਤਕਾਰ ਅਤੇ ਕਤਲ ਕਾਂਡ ਦੀ ਰਿਪੋਰਟ ਕਰਨ ਲਈ ਦਿੱਲੀ ਤੋਂ ਉਸ ਇਲਾਕੇ ਵਿਚ ਜਾ ਰਿਹਾ ਸੀ।

ਪ੍ਰੈੱਸ ਅਤੇ ਆਧੁਨਿਕ ਮੀਡੀਆ ਦੀ ਜ਼ੁਬਾਨਬੰਦੀ ਗਿਣਿਆ-ਮਿਥਿਆ ਏਜੰਡਾ ਹੈ ਜਿਸ ਨੂੰ ਨਾਕਾਮ ਬਣਾਉਣਾ ਪੱਤਰਕਾਰਾਂ ਸਮੇਤ ਸਮਾਜ ਦੇ ਸਮੂਹ ਇਨਸਾਫਪਸੰਦ ਹਿੱਸਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਸਿਆਸੀ ਹੱਕਾਂ ਦੀ ਸਾਵੀਂ ਵੰਡ

ਆਜ਼ਾਦੀ ਸੰਘਰਸ਼ ਸਮੇਂ ਮਹਾਤਮਾ ਗਾਂਧੀ ਨੇ 'ਗਰਾਮ ਸਵਰਾਜ' ਵਾਸਤੇ ਆਵਾਜ਼ ਉਠਾਈ ਅਤੇ ਹਰ ਪਿੰਡ ਨੂੰ ਸੁਤੰਤਰ, ਆਤਮ-ਨਿਰਭਰ ਤੇ ਸੁਸ਼ਾਸਨ ਦਾ ਮਾਡਲ ਬਣਾਉਣ ਦਾ ਸੁਪਨਾ ਲਿਆ। ਸਮਾਜਵਾਦੀ ਨੇਤਾ ਡਾ. ਰਾਮ ਮਨੋਹਰ ਲੋਹੀਆ ਨੇ ਵੀ 'ਚੌਖੰਭਾ ਰਾਜ' ਦਾ ਕ੍ਰਾਂਤੀਕਾਰੀ ਸਿਧਾਂਤ ਪੇਸ਼ ਕੀਤਾ ਕਿ ਪਿੰਡਾਂ ਨੂੰ ਸੂਬਾਈ ਤੇ ਕੇਂਦਰ ਸਰਕਾਰਾਂ ਵੱਧ ਅਧਿਕਾਰ ਅਤੇ ਬਜਟ ਦੇਣ। ਇਹ ਸਿਧਾਂਤ ਤੇ ਸੁਪਨਾ ਸਾਕਾਰ ਹੋਣ ਦੇ ਹੀ ਸੰਕੇਤ ਹਨ ਕਿ 24 ਅਪਰੈਲ 1993 ਨੂੰ 73ਵੀਂ ਸੰਵਿਧਾਨਕ ਸੋਧ ਹੋਈ

**ਬਲਵੰਤ ਸਿੰਘ ਖੇੜਾ**

ਜਿਸ ਵਿਚ ਪ੍ਰਸ਼ਾਸਨ ਦੇ 29 ਵਿਭਾਗ ਗ੍ਰਾਮ ਪੰਚਾਇਤਾਂ, ਸਮਿਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਦੇਣ ਦਾ ਫੈਸਲਾ ਕੀਤਾ। ਪੰਚਾਇਤੀ ਰਾਜ ਕਾਨੂੰਨ 1994 ਦੇ ਮੁਤਾਬਕ 29 ਵਿਭਾਗਾਂ ਦਾ ਵਿੱਤੀ ਅਤੇ ਪ੍ਰਸ਼ਾਸਨਿਕ ਕੰਟਰੋਲ ਪੰਚਾਇਤੀ ਰਾਜ ਸੰਸਥਾਵਾਂ ਦੇ ਹਵਾਲੇ ਹੁੰਦਾ ਹੈ। ਕੇਂਦਰ ਸਰਕਾਰ ਦੀ ਹਰ ਸਕੀਮ ਨੂੰ ਗਰਾਮ ਸਭਾਵਾਂ ਰਾਹੀਂ ਲਾਗੂ ਕਰਨਾ ਬਣਦਾ ਹੈ। ਮਗਨਰੇਗਾ ਸਕੀਮ ਦਾ ਦਾਰੋਮਦਾਰ ਵੀ ਗਰਾਮ ਸਭਾ 'ਤੇ ਨਿਰਭਰ ਕਰਦਾ ਹੈ। ਗਰਾਮ ਸਭਾ ਦੇ ਇਜਲਾਸ ਜੂਨ ਅਤੇ ਦਸੰਬਰ 'ਚ ਹੋਣੇ ਹੁੰਦੇ ਹਨ। ਇਜਲਾਸ ਨਾ ਕਰਨ 'ਤੇ ਸਰਪੰਚ ਮੁਅੱਤਲ ਕੀਤੇ ਜਾਣੇ ਹੁੰਦੇ ਹਨ। ਦੇਸ਼ ਦੇ ਸਾਰੇ ਪ੍ਰਾਂਤਾਂ ਵਿਚ ਇਸ ਕਾਨੂੰਨ ਅਨੁਸਾਰ ਵਿਕੇਂਦਰੀਕਰਨ ਕਰਕੇ ਜਨਤਾ ਨੂੰ ਪ੍ਰਸ਼ਾਸਨ ਦਾ ਭਾਗੀਦਾਰ ਬਣਾਇਆ ਜਾਂਦਾ ਹੈ।

29 ਸਾਲ ਪਹਿਲਾਂ ਸੰਵਿਧਾਨਕ ਸੋਧ ਹੋਣ ਦੇ ਬਾਵਜੂਦ ਪੰਜਾਬ ਵਿਚ ਅਮਲ ਨਹੀਂ ਹੋਇਆ। ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਇਸ ਜਨਤਕ ਅਧਿਕਾਰ ਦਾ ਚੋਣ ਮੈਨੀਫੈਸਟੋ ਵਿਚ ਜ਼ਿਕਰ ਤੱਕ ਨਹੀਂ ਕਰਦੀਆਂ। ਇਥੋਂ ਤੱਕ ਕਿ ਅਕਾਲੀ-ਭਾਜਪਾ ਸਰਕਾਰਾਂ ਦੇ ਦਸ ਸਾਲਾਂ ਅਤੇ ਕਾਂਗਰਸ ਦੇ ਰਾਜ ਦੌਰਾਨ ਪਹਿਲਾਂ ਅਮਲ ਵਿਚ ਅਧਿਕਾਰਾਂ ਨੂੰ ਵੀ ਖੋਰਾ ਲਾ ਦਿੱਤਾ ਗਿਆ। ਪੰਚਾਇਤੀ ਰਾਜ ਸੰਸਥਾਵਾਂ ਅਧੀਨ ਭਰਤੀ ਕੀਤੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿਚ ਸ਼ਾਮਲ ਕੀਤਾ ਜਾ ਚੁੱਕਾ ਹੈ। ਯੋਜਨਾ ਕਮਿਸ਼ਨ ਦੀ ਸਿਫਾਰਸ਼ ਮੁਤਾਬਕ ਕੇਂਦਰੀ ਗ੍ਰਾਂਟ ਦਾ ਪੈਸਾ ਸਿੱਧਾ ਪੰਚਾਇਤੀ ਰਾਜ ਸੰਸਥਾਵਾਂ ਦੇ ਖਾਤਿਆਂ ਵਿਚ ਜਾਣਾ ਹੁੰਦਾ ਹੈ ਪਰ ਪੰਜਾਬ ਦੇ ਸੱਤਾਧਾਰੀ ਇਸ ਪ੍ਰਕਿਰਿਆ ਦਾ ਸਿਹਰਾ ਮੂਹਰੇ ਹੋ ਕੇ ਆਪਣੇ ਸਿਰ ਬੰਨ੍ਹਵਾਉਂਦੇ ਹਨ।

ਪੰਜਾਬ ਪਿਸ਼ਾਵਰ ਤੋਂ ਦਿੱਲੀ ਤੱਕ ਅਤੇ ਚੀਨ ਦੀ ਸੀਮਾ ਤੋਂ ਰਾਜਸਥਾਨ ਤੱਕ ਫੈਲਿਆ ਹੋਇਆ ਸੀ। ਇਸ ਦੀ ਵਿਰਾਸਤ ਵਿਚ ਤਕਸ਼ਿਲਾ, ਵੇਦ, ਬਾਬਾ ਫਰੀਦ ਤੇ ਹੋਰ ਬੇਸ਼ੁਮਾਰ ਰਹਿਬਰ ਚਮਕਦੇ ਸਿਤਾਰੇ ਹਨ। ਗੁਰੂ ਨਾਨਕ ਜੀ ਧੁੰਧ ਮਿਟਾਉਣ ਵਾਲੇ ਸੂਰਜ ਵਜੋਂ ਚੜ੍ਹੇ ਹਨ। ਬੱਬਰਾਂ, ਅਕਾਲੀਆਂ ਤੇ ਗਦਰੀਆਂ ਦੀ ਭੂਮਿਕਾ ਫਖਰ ਵਾਲੀ ਹੈ। ਇਸ ਦੇ ਬਾਵਜੂਦ ਫਿਰਕਾਪ੍ਰਸਤੀ ਦੀ ਸੌੜੀ ਸੋਚ ਨੇ ਪੰਜ ਦਰਿਆਵਾਂ ਦੀ ਧਰਤੀ ਨੂੰ ਸੋਕੇ ਪਾ ਦਿੱਤਾ। ਲਾਲਚੀ, ਲਾਲਸੀ ਅਤੇ ਡਰਪੋਕ ਨੇਤਾ ਕੁਰਸੀ ਖਾਤਰ ਹਰ ਕਲੰਕ ਦਾ ਹਿੱਸਾ ਬਣੇ ਅਤੇ ਬਣ ਰਹੇ ਹਨ। ਇਨ੍ਹਾਂ ਨੇਤਾਵਾਂ ਨੇ ਹਰਿਆਵਲ ਸੂਬਾ ਮਾਰੂਥਲ ਬਣਾ ਛੱਡਿਆ ਹੈ।

ਸੰਵਿਧਾਨਕ ਤੋਹਫੇ ਸੰਘੀ (ਫੈਡਰਲ) ਢਾਂਚੇ ਦੀ ਸੰਘੀ ਪੂਰੇ ਦੇਸ਼ ਵਿਚ ਘੁੱਟੀ ਜਾ ਰਹੀ ਹੈ ਪਰ ਪੰਜਾਬ ਦੀ ਸੰਘੀ ਨੂੰ ਤਾਂ ਸਿਫਰ ਡਿਗਰੀ ਤੱਕ ਨੱਪੀ ਰੱਖਿਆ ਹੈ। ਇੰਦਰਾ ਗਾਂਧੀ ਵਾਂਗ ਮੌਜੂਦਾ ਪ੍ਰਧਾਨ ਮੰਤਰੀ ਵੀ ਇਸ ਧੱਕੇਸ਼ਾਹੀ ਵਿਚ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ। ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਨੇ ਕੇਂਦਰ ਦੇ ਕਰਿੰਦੇ ਵਜੋਂ ਕੰਮ ਕਰਕੇ ਪੰਜਾਬ ਦਾ ਸਾਹ-ਸਤ ਕੱਢ ਕੇ ਰੱਖ ਦਿੱਤਾ ਹੈ। ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ।

ਚੌਖੰਭਾ ਰਾਜ ਦੀ ਉਹ ਰਾਜ ਜਾਂ ਮਾਡਲ ਹੈ ਜਿੱਥੇ ਕੇਂਦਰ, ਰਾਜ, ਜ਼ਿਲ੍ਹਾ ਅਤੇ ਪੰਚਾਇਤ ਪੱਧਰ ਉਤੇ ਅਧਿਕਾਰਾਂ ਦੀ ਸਾਵੀਂ ਵੰਡ ਹੋਵੇ ਪਰ ਹਕੂਮਤਾਂ ਨੇ ਤਾਂ ਦੇਸ਼ ਨੂੰ ਹੋਰ ਹੀ ਪਾਸੇ ਹੱਕ ਦੇਣ ਦੀ ਸ਼ਰੇਆਮ ਹਿਮਾਕਤ ਕਰ ਦਿੱਤੀ ਹੈ। ਆਜ਼ਾਦੀ ਦੇ 75 ਸਾਲਾਂ ਦੌਰਾਨ ਆਰਥਿਕ ਖੇਤਰ ਉਤੇ ਕਾਰਪੋਰੇਟ ਜਗਤ ਦਾ ਕਬਜ਼ਾ ਹੋ ਰਿਹਾ ਹੈ। ਸਿਆਸਤ ਅਤੇ ਮੀਡੀਆ ਦੇ ਸੂਤਰਧਾਰ ਕਾਰਪੋਰੇਟ ਘਰਾਣੇ ਹਨ। ਮੌਜੂਦਾ ਚੋਣ ਪ੍ਰਬੰਧ ਵਿਚ ਅਸੂਲਪ੍ਰਸਤ ਨੇਤਾਵਾਂ ਅਤੇ ਪਾਰਟੀਆਂ ਦਾ ਆਉਣਾ ਅਸੰਭਵ ਹੋ ਚੁੱਕਾ ਹੈ।

ਇਨ੍ਹਾਂ ਹਾਲਾਤਾਂ ਦੌਰਾਨ ਪੁਰਖਿਆਂ ਦੇ ਪਾਏ ਪੂਰਨਿਆਂ ਅਤੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮੈਦਾਨ ਵਿਚ ਨਿਤਰਨਾ ਪੈਣਾ ਹੈ। ਪੰਚਾਇਤੀ ਰਾਜ ਸੰਸਥਾਵਾਂ ਦੇ ਅਧਿਕਾਰਾਂ ਦੀ ਬਹਾਲੀ ਲਈ ਲੜਾਈ ਲੜਨੀ ਪਵੇਗੀ। ਲੋਕ ਤਾਕਤ ਖਿਲਾਫ ਖੜ੍ਹੇ ਸਿਆਸਤਦਾਨਾਂ, ਅਧਿਕਾਰੀਆਂ ਅਤੇ ਮੁਲਾਜ਼ਮ ਯੂਨੀਅਨਾਂ ਦੇ ਗਠਜੋੜ ਨੂੰ ਤੋੜਨਾ ਹੋਵੇਗਾ। ਅਜਿਹਾ ਤਾਂ ਹੀ ਸੰਭਵ ਹੋਵੇਗਾ ਜੇ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਨੁਮਾਇੰਦੇ ਖੁਦ ਜਾਗਣਗੇ ਅਤੇ ਲੋਕਾਂ ਨੂੰ ਜਗਾਉਣਗੇ। ਲੋਕਾਂ ਵਲੋਂ ਚੁਣੇ ਲਗਭਗ 94221 ਨੁਮਾਇੰਦਿਆਂ ਦੀ ਵੱਡੀ ਸ਼ਕਤੀ ਸੌਂ ਰਹੀ ਹੈ। ਜਿਸ ਦਿਨ ਇਹ ਰਾਜਨੀਤਕ ਧੜੇਬੰਦੀਆਂ ਤੋਂ ਉਪਰ ਉਠ ਪਈ, ਉਸ ਦਿਨ ਤੋਂ ਪੰਜਾਬ ਉਜੱੜਨਾ ਬੰਦ ਹੋ ਜਾਵੇਗਾ। ਨੁਮਾਇੰਦਿਆਂ ਨੂੰ ਹੁਣ ਆਗੂ ਬਣਨ ਦਾ ਰਸਤਾ ਚੁਣਨਾ ਪੈਣਾ ਹੈ। ਕਿਸਾਨ ਅੰਦੋਲਨ ਦੌਰਾਨ ਰਵਾਇਤੀ ਆਗੂਆਂ ਅਤੇ ਅਧਿਕਾਰੀਆਂ ਨੂੰ ਸਵਾਲ ਪੁੱਛਣ ਦੇ ਪੈਦਾ ਹੋਏ ਖਾਸੇ ਨੂੰ ਅੱਗੇ ਤੋਰਨਾ ਹੋਵੇਗਾ। ਜਵਾਬਦੇਹੀ ਦੀ ਪਿਰਤ ਨਾਲ ਮਾਨ-ਸਨਮਾਨ ਅਤੇ ਵਿਕਾਸ ਦੇ ਦਰਵਾਜ਼ੇ ਖੁੱਲ੍ਹਣਗੇ। ਅਜਿਹੀ ਚੇਤਨਾ ਲਈ ਸਰਗਰਮ ਸੰਸਥਾਵਾਂ, ਸ਼ਖਸੀਅਤਾਂ ਵਲੋਂ ਵਿੱਢਿਆ ਸੰਘਰਸ਼ ਸਲਾਹੁਣਯੋਗ ਹੈ ਪਰ ਇਸ ਲਈ ਅਜਿਹੇ ਮਜ਼ਬੂਤ ਤਾਲਮੇਲ ਦੀ ਜ਼ਰੂਰਤ ਹੈ।

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਲੋਕ ਫਤਵਾ ਆਮ ਆਦਮੀ ਪਾਰਟੀ ਦੇ ਹੱਕ ਵਿਚ ਜਾ ਚੁੱਕਾ ਹੈ। ਇਸ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਐਲਾਨ ਕੀਤਾ ਹੈ ਕਿ 26 ਜੂਨ ਨੂੰ ਗਰਾਮ ਸਭਾਵਾਂ ਅਮਲੀ ਰੂਪ ਵਿਚ ਕਰਵਾਈਆਂ ਜਾਣਗੀਆਂ। ਜੇ ਇਹ ਅਮਲੀ ਰੂਪ ਵਿਚ ਹੋਣ ਦੀ ਪਿਰਤ ਪੈਂਦੀ ਹੈ ਅਤੇ 73ਵੀਂ ਸੰਵਿਧਾਨਕ ਸੋਧ ਅਨੁਸਾਰ ਕਾਰਗੁਜ਼ਾਰੀ ਸ਼ੁਰੂ ਹੁੰਦੀ ਹੈ ਤਾਂ ਸ਼ੁਭ ਸੰਕੇਤ ਮੰਨਿਆ ਜਾ ਸਕਦਾ ਹੈ।

# ਡਾ. ਸੁਖਦੇਵ ਸਿੰਘ ਝੰਡ ਦੀ ਝੰਡੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਸੁਖਦੇਵ ਸਿੰਘ ਝੰਡ ਦੀ ਟੋਰਾਂਟੋ ਦੇ ਪੰਜਾਬੀ ਪੱਤਰਕਾਰਾਂ ਵਿਚ ਝੰਡੀ ਹੈ। ਪੰਜਾਬੀ ਭਾਈਚਾਰੇ ਦੇ ਸਮਾਗਮਾਂ ਤੇ ਸਰਗਰਮੀਆਂ ਦੀਆਂ ਰਿਪੋਰਟਾਂ ਤੁਰੰਤ ਛਪਵਾਉਣ ਵਿਚ ਉਹ ਕਿਸੇ ਨੂੰ ਡਾਹੀ ਨਹੀਂ ਦਿੰਦਾ। ਦੁੱਧ-ਮੱਖਣਾਂ ਨਾਲ ਪਾਲਿਆ ਉਹਦਾ ਜੁੱਸਾ ਹੰਢੇ ਖਿਡਾਰੀਆਂ ਵਰਗਾ ਦਮਦਾਰ ਹੈ। ਏਧਰ ਓਧਰ ਨੱਠਣ-ਭੱਜਣ ਲਈ ਹਮੇਸ਼ਾਂ ਤਿਆਰ-ਬਰ-ਤਿਆਰ। ਉਮਰ ਦੇ 70ਵਿਆਂ ਵਿਚ ਵੀ ਲੰਮੀਆਂ ਸੈਰਾਂ ਤੇ ਸਰੀਰਕ ਕਸਰਤਾਂ ਕਰਨ ਦਾ ਸ਼ੌਕੀ। ਸਕੂਲਾਂ, ਕਾਲਜਾਂ 'ਚ ਪੜ੍ਹਦਿਆਂ ਬੇਸ਼ਕ ਉਹ ਬਹੁਤਾ ਤਕੜਾ ਖਿਡਾਰੀ ਨਹੀਂ ਸੀ ਪਰ ਖੇਡਾਂ ਖਿਡਾਰੀਆਂ ਦੀ ਪੱਤਰਕਾਰੀ ਤਕੜਾ ਹੋ ਕੇ ਕਰੀ ਜਾ ਰਿਹੈ। ਉਸ ਦੀ ਫਰੀਲਾਂਸ ਪੱਤਰਕਾਰੀ ਵਿਚੋਂ ਖੇਡ ਖ਼ਬਰਾਂ ਤੇ ਖਿਡਾਰੀਆਂ ਦੇ ਰੇਖਾ ਚਿੱਤਰ ਵੀ ਪੜ੍ਹਨ ਨੂੰ ਮਿਲਦੇ ਹਨ। ਨੌਕਰੀ-ਪੇਸ਼ੇ ਵਜੋਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਭਾਈ ਗੁਰਦਾਸ ਲਾਇਬ੍ਰੇਰੀ ਦਾ ਡਿਪਟੀ ਲਾਇਬ੍ਰੇਰੀਅਨ ਸੀ। ਰਿਟਾਇਰ ਹੋਣ ਪਿੱਛੋਂ ਉਸ ਦਾ ਮੁੱਖ ਰੁਝੇਵਾਂ ਖੇਡ ਉਤਸਵਾਂ 'ਚ ਭਾਗ ਲੈਣਾ, ਸਾਹਿਤ ਸਭਾਵਾਂ 'ਚ ਜਾਣਾ ਤੇ ਸਮਾਜਿਕ/ਸਭਿਆਚਾਰਕ ਸਮਾਗਮਾਂ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀਆਂ ਰਿਪੋਰਟਾਂ ਛਪਵਾਉਣਾ ਹੈ। ਪੰਜਾਬੀਆਂ ਦਾ ਗੜ੍ਹ ਕਹੇ ਜਾਂਦੇ ਸ਼ਹਿਰ ਬਰੈਂਪਟਨ ਵਿਚ ਉਹ 'ਡਾ. ਝੰਡ' ਦੇ ਨਾਂ ਨਾਲ ਮਸ਼ਹੂਰ ਹੈ।

ਪੱਤਰਕਾਰ ਹੋਣ ਨਾਲ ਉਹ ਸ਼ੌਕੀਆ ਕਵੀ ਤੇ ਪ੍ਰਤੀਬੱਧ ਵਾਰਤਕ ਲੇਖਕ ਵੀ ਹੈ। ਉਸ ਦੀਆਂ ਸੱਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਕਵਿਤਾਵਾਂ ਦੀ ਪੁਸਤਕ 'ਕਦੋਂ?' 2015 ਵਿਚ ਛਪੀ ਸੀ। ਉਸ ਤੋਂ ਪਹਿਲਾਂ ਉਹ ਰੁੱਖਾਂ ਬਾਰੇ ਵਾਰਤਕ ਦੀਆਂ ਦੋ ਪੁਸਤਕਾਂ 'ਪੰਜਾਬ ਦੇ ਲੋਕ ਰੁੱਖ' 2000 ਵਿਚ ਅਤੇ 'ਸਾਡੇ ਰੁੱਖ' 2010 ਵਿਚ ਪਾਠਕਾਂ ਦੀ ਝੋਲੀ ਪਾ ਚੁੱਕਾ ਸੀ। ਪਹਿਲੀ ਪੁਸਤਕ ਵਿਚ ਪੰਜਾਬ 'ਚ ਪੱਲਰਨ ਵਾਲੇ 18 ਰੁੱਖਾਂ, ਨਿੰਮ, ਕਿੱਕਰ, ਟਾਹਲੀ, ਤੂਤ, ਅੰਬ, ਜਾਮਨ, ਅੱਕ, ਢੱਕ, ਜੰਡ, ਕਰੀਰ ਆਦਿ ਬਾਰੇ ਲੇਖ ਸ਼ਾਮਲ ਹਨ ਜਿਨ੍ਹਾਂ ਵਿਚ ਰੁੱਖਾਂ ਨਾਲ ਸੰਬੰਧਤ ਪੰਜਾਬੀ ਸਭਿਆਚਾਰ ਦੀ ਸਾਂਝ ਦੱਸੀ ਹੈ। ਦੂਜੀ ਪੁਸਤਕ ਵਿਚ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਰੁੱਖ ਵੀ ਸ਼ਾਮਲ ਕੀਤੇ ਗਏ, ਜਿਨ੍ਹਾਂ ਨਾਲ ਰੁੱਖਾਂ ਦੀ ਗਿਣਤੀ 38 ਹੋ ਗਈ। 2010 ਵਿਚ ਕੈਨੇਡਾ ਦੀ ਬਨਸਪਤੀ ਦਾ ਵੱਖਰਾ ਹੀ ਰੰਗ-ਰੂਪ ਵੇਖਿਆ ਤਾਂ ਉਸ ਦੇ ਮਨ ਵਿਚ ਉਨ੍ਹਾਂ ਬਾਰੇ ਵੀ ਲਿਖਣ ਦੀ ਉਤਸੁਕਤਾ ਜਾਗ ਪਈ। ਤਿੰਨ ਕੁ ਸਾਲਾਂ ਬਾਅਦ ਜਦ ਉਸ ਨੂੰ ਅਮਰੀਕਾ ਦੇ ਕੁਝ ਰਾਜਾਂ ਵਿਚ ਜਾਣ ਦਾ ਮੌਕਾ ਮਿਲਿਆ ਤਾਂ ਉਥੋਂ ਦੇ ਕਈ ਰੁੱਖ ਕੈਨੇਡਾ ਦੇ ਰੁੱਖਾਂ ਨਾਲੋਂ ਵੀ ਵੱਖਰੇ ਦਿਸੇ। ਅਮਰੀਕੀ ਰੁੱਖਾਂ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਉਨ੍ਹਾਂ ਬਾਰੇ ਤੇ ਕੈਨੇਡਾ ਦੇ ਰੁੱਖਾਂ ਬਾਰੇ ਕਈ ਲੇਖ ਲਿਖੇ ਜਿਨ੍ਹਾਂ ਨੂੰ 2015 ਵਿਚ ਪੁਸਤਕ ਦਾ ਰੂਪ ਦਿੱਤਾ ਗਿਆ। ਇਸ ਤਰ੍ਹਾਂ ਰੁੱਖਾਂ ਬਾਰੇ ਉਸ ਦੀ ਤੀਜੀ ਪੁਸਤਕ 'ਉੱਤਰੀ ਅਮਰੀਕਨ ਰੁੱਖ' ਛਪੀ। 'ਗਾਈਡ ਟੂ ਰੈਫਰੈਂਸ ਸੋਰਸਿਜ਼ ਇਨ ਪੰਜਾਬੀ' ਤੇ 'ਡਿਊਈ ਡੈਸੀਮਲ ਕਲਾਸੀਫਿਕੇਸ਼ਨ: ਅਮਲੀ ਜਾਣ-ਪਛਾਣ' 2011 ਵਿਚ ਛਪੀਆਂ। 2017 ਵਿਚ ਉਸ ਨੇ ਸਵੈ-ਜੀਵਨੀ ਲਿਖਣੀ ਸ਼ੁਰੂ ਕੀਤੀ ਜਿਸ ਨੂੰ 2019 ਵਿਚ 'ਪੱਤੇ ਤੇ ਪਰਛਾਵੇਂ: ਚੌਹਾਨ ਤੋਂ ਬਰੈਂਪਟਨ' ਦੇ ਨਾਂ ਹੇਠ ਛਪਵਾਇਆ।

ਉਹਦੀ ਸਵੈ-ਜੀਵਨੀ ਨੂੰ ਵਰਿਆਮ ਸਿੰਘ ਸੰਧੂ ਨੇ 'ਸਾਊ ਤੇ ਸੰਜੀਦਾ ਬੰਦੇ ਦਾ ਸਹਿਜ ਤੇ ਸੰਜਮੀ ਜੀਵਨ-ਬਿਰਤਾਂਤ' ਕਹਿ ਕੇ ਵਡਿਆਇਆ। ਭੂਮਿਕਾ 'ਚ ਲਿਖਿਆ: ਬਗ਼ਾਵਤ ਉਹਦੇ ਸੁਭਾਅ ਦਾ ਬੁਨਿਆਦੀ ਖ਼ਾਸਾ ਨਹੀਂ। ਉਹ ਕੰਢਿਆਂ ਵਿਚ ਵਹਿਣ ਵਾਲਾ ਦਰਿਆ ਹੈ। ਬਚਪਨ ਵਿਚ ਬੱਚਿਆਂ ਵਾਲੀ ਮੌਜ ਮਸਤੀ ਵੀ ਕੀਤੀ, ਬਾਗਾਂ 'ਚੋਂ ਚੋਰੀ ਅਮਰੂਦ ਤੋੜ ਕੇ ਵੀ ਖਾਧੇ, ਪਰ ਘਰਦਿਆਂ ਦੀ ਝਿੜਕ ਪਈ ਤਾਂ ਝੱਟ 'ਬੀਬਾ ਬੱਚਾ' ਬਣ ਗਿਆ। ਪਿੰਡ ਦੇ 'ਪੀਰਾਂ ਦੇ ਮੇਲੇ' ਵੇਲੇ ਛੱਤ ਤੋਂ ਡਿੱਗ ਕੇ ਝਰੀਟਾਂ ਪੁਆ ਲਿਆਇਆ ਤਾਂ ਘਰ ਦਿਆਂ ਨੇ ਰਾਤ ਨੂੰ ਮੇਲੇ 'ਤੇ ਜਾਣੋਂ ਵਰਜ ਦਿੱਤਾ ਤਾਂ 'ਸਤਿ ਬਚਨ' ਆਖ ਕੇ ਸਿਰ ਝੁਕਾ ਦਿੱਤਾ। ਜਵਾਨੀ ਦਾ ਕੋਈ ਇਸ਼ਕੀਆ ਕਿੱਸਾ ਨਹੀਂ। ਨਾ ਕੋਈ ਕੈਦੋ, ਨਾ ਕੋਈ ਰੁਕਾਵਟ। ਵਿਆਹ ਕੀਤਾ ਵੀ ਤਾਂ ਘਰਦਿਆਂ ਦੀ ਸਲਾਹ ਤੇ ਮਰਜ਼ੀ ਨਾਲ। ਕਿਤੇ ਵੀ ਪਾਣੀ ਕੰਢਿਆਂ ਤੋਂ ਬਾਹਰ ਉੱਛਲਿਆ ਉਬਲਿਆ ਨਹੀਂ...। ਡਾ. ਸੁਖਦੇਵ ਸਿੰਘ ਝੰਡ ਦੀ ਵਾਰਤਕ ਵਿਚੋਂ ਕਈ ਥਾਈਂ ਲਤੀਫ਼ ਪੇਸ਼ਕਾਰੀ ਦਾ ਆਨੰਦ ਲਿਆ ਜਾ ਸਕਦਾ ਹੈ।

ਪੂਰਨ ਸਿੰਘ ਪਾਂਧੀ ਨੇ ਇਸ ਸਵੈ-ਜੀਵਨੀ ਨੂੰ 'ਸੁਹਣੀ ਤੇ ਸਚਿਆਰੀ ਰੂਹ ਦਾ ਨਗ਼ਮਾ' ਲਿਖ ਕੇ ਸਲਾਹਿਆ। ਲਿਖਿਆ: 'ਡਾ. ਸੁਖਦੇਵ ਸਿੰਘ ਝੰਡ ਵਿਦਵਤਾ ਦੀਆਂ ਉੱਚੀਆਂ ਡਿਗਰੀਆਂ ਤੇ ਵੱਡੀਆਂ ਪਦਵੀਆਂ ਦਾ ਮਾਲਕ ਹੈ। ਉਹ ਬਾਇਓਕੈਮਿਸਟਰੀ ਵਿਚ ਐੱਮ.ਐੱਸਸੀ. ਅਤੇ ਲਾਇਬ੍ਰੇਰੀ ਐਂਡ ਇਨਫਾਰਮੇਸ਼ਨ ਸਾਇੰਸ ਵਿਸ਼ੇ ਵਿਚ ਮਾਸਟਰ ਤੇ ਪੀ. ਐੱਚਡੀ ਡਿਗਰੀ ਹੋਲਡਰ ਹੈ। ਉਹ ਲੋਕ-ਚਕਿਤਸਾ ਵਿਗਿਆਨੀ, ਪੰਜਾਬੀ, ਅੰਗਰੇਜ਼ੀ, ਹਿੰਦੀ, ਉਰਦੂ ਤੇ ਫਰੈਂਚ ਬੋਲੀਆਂ ਦਾ ਵਿਦਵਾਨ, ਨਿਪੁੰਨ ਲੇਖਕ ਤੇ ਸੁਲਝਿਆ ਪੱਤਰਕਾਰ ਹੈ। ਟੋਰਾਂਟੋ ਦੀ ਕੋਈ ਸਭਾ ਹੋਵੇ: ਧਾਰਮਿਕ, ਸਮਾਜਿਕ, ਸਾਹਿਤਕ ਜਾਂ ਸੀਨੀਅਰ ਕਲੱਬਾਂ ਦੀਆਂ ਮੀਟਿੰਗਾਂ, ਹਰ ਸਭਾ ਵਿਚ ਡਾ. ਝੰਡ ਆਪਣੀ ਮਿਕਨਾਤੀਸੀ ਸ਼ਖ਼ਸੀਅਤ, ਲਿਆਕਤ ਤੇ ਸਦਾਕਤ ਦੁਆਰਾ ਵਿਸ਼ੇਸ਼ ਤੇ ਮਹਾਨ ਹੁੰਦਾ ਹੈ।'




*ਡਾ. ਸੁਖਦੇਵ ਸਿੰਘ ਝੰਡ ਅਤੇ ਪੁਸਤਕ ਪੱਤੇ ਤੇ ਪਰਛਾਵੇਂ ਦਾ ਸਰਵਰਕ*

ਡਾ. ਝੰਡ ਨੇ 'ਪੱਤੇ ਤੇ ਪਰਛਾਵੇਂ' ਦੇ ਆਰੰਭ 'ਚ ਲਿਖਿਆ: 'ਰੁੱਖ ਜੀਵਨ ਹਨ। ਜੇਕਰ ਰੁੱਖ ਨਹੀਂ ਤਾਂ ਜ਼ਿੰਦਗੀ ਵੀ ਸੰਭਵ ਨਹੀਂ। ਰੁੱਖ ਭਾਵੇਂ ਹਜ਼ਾਰਾਂ ਸਾਲਾਂ ਦੀ ਉਮਰ ਭੋਗਣ, ਸਮੇਂ ਦੇ ਨਕਸ਼, ਉਨ੍ਹਾਂ ਦੇ ਪਿੰਡੇ, ਆਕਾਰ, ਪ੍ਰਕਾਰ ਤੇ ਦਿੱਖ ਤੋਂ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਉਨ੍ਹਾਂ ਦੀਆਂ ਜੜ੍ਹਾਂ, ਤਣਾ, ਟਾਹਣੀਆਂ, ਪੱਤੇ, ਫੁੱਲ ਤੇ ਫਲ ਸਮੇਂ ਦੀ ਵਿਰਾਟ ਸ਼ਕਤੀ ਦਾ ਪ੍ਰਮਾਣ ਪ੍ਰਸਤੁਤ ਕਰਦੇ ਹਨ। ਮੇਰਾ ਮੰਨਣਾ ਹੈ ਕਿ ਰੁੱਖ ਮੁੱਢ-ਕਦੀਮ ਤੋਂ ਹੀ ਗਿਆਨ ਵਿਗਿਆਨ, ਮਨੁੱਖੀ ਮਨ ਤੇ ਜੀਵਨ ਦਾ ਕੇਂਦਰ-ਬਿੰਦੂ ਰਹੇ ਹਨ। ਦੁੱਖ-ਸੁੱਖ, ਖ਼ੁਸ਼ੀ-ਗ਼ਮੀ, ਚਿੰਤਾ-ਫ਼ਿਕਰ ਤੇ ਆਨੰਦ-ਮੰਗਲਾਚਾਰ, ਗੱਲ ਕੀ ਹਰੇਕ ਅਵਸਥਾ ਵਿਚ ਰੁੱਖਾਂ ਦੀ ਅਹਿਮ ਭੂਮਿਕਾ ਹੈ...। ਮੈਂ ਸਮਝਦਾ ਹਾਂ ਸਾਡੇ ਵੱਡ-ਵਡੇਰੇ 'ਬਾਬੇ-ਬੋਹੜ' ਦੀ ਨਿਆਈਂ ਹਨ। ਮੇਰੇ ਪਿਤਾ ਜੀ ਇਕ ਰੁੱਖ ਸਨ ਤੇ ਮੈਂ ਉਸ ਵਿਚੋਂ ਨਿਕਲੀਆਂ ਕਰੂੰਬਲਾਂ ਦਾ ਇਕ ਪੱਤਾ ਹਾਂ। ਮੇਰੀਆਂ ਜੜ੍ਹਾਂ ਪੰਜਾਬ ਦੇ ਇਕ ਆਮ ਜਿਹੇ ਪਿੰਡ 'ਚੌਹਾਨ' ਵਿਚ ਹਨ ਤੇ ਰੁੱਖ ਦਾ ਇਹ ਪੱਤਾ ਉਡਦਾ-ਉਡਦਾ ਪਹਿਲਾਂ ਅੰਮ੍ਰਿਤਸਰ ਪਹੁੰਚਿਆ ਤੇ ਫਿਰ ਲੰਮੀ ਉਡਾਰੀ ਮਾਰ ਕੇ ਕੈਨੇਡਾ ਦੇ ਸ਼ਹਿਰ ਬਰੈਂਪਟਨ ਪਹੁੰਚ ਗਿਆ।'

ਸੁਖਦੇਵ ਸਿੰਘ ਦਾ ਜਨਮ ਮਾਸਟਰ ਵਰਿਆਮ ਸਿੰਘ ਝੰਡ ਦੇ ਘਰ ਪਿੰਡ ਚੌਹਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ 18 ਸਤੰਬਰ, 1950 ਨੂੰ ਹੋਇਆ। ਉਹ, ਚੌਹਾਨ, ਛੱਜਲਵੱਡੀ, ਅੰਮ੍ਰਿਤਸਰ ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਪੜ੍ਹਿਆ। ਸਰਕਾਰੀ ਕਾਲਜ ਕਪੂਰਥਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਲਾਇਬ੍ਰੇਰੀਆਂ ਵਿਚ ਸਰਵਿਸ ਕੀਤੀ। 2002 ਵਿਚ ਕੈਨੇਡਾ ਦਾ ਪਰਵਾਸੀ ਬਣ ਕੇ ਸਕਿਉਰਿਟੀ ਤੋਂ 'ਸਿੱਖ ਸਪੋਕਸਮੈਨ' ਅਖ਼ਬਾਰ ਤਕ ਦੀ ਸੰਪਾਦਨਾ ਕੀਤੀ। ਉਸ ਦੀ ਧੀ ਅਮਰੀਕਾ ਵਿਚ ਵਿਆਹੀ ਹੋਈ ਹੈ ਤੇ ਪੁੱਤਰ ਕੈਨੇਡਾ ਵਿਚ ਸਥਾਪਿਤ ਹੈ। ਹੁਣ ਉਹ ਪੋਤੇ ਪੋਤੀਆਂ ਤੇ ਦੋਹਤੇ ਦੋਹਤੀਆਂ ਦਾ ਬਾਬਾ/ਨਾਨਾ ਹੈ। ਲਓ ਉਸ ਦੀ ਕਵਿਤਾ ਪੜ੍ਹੋ ਜੋ ਆਪਣੀ ਚਹੁੰ ਕੁ ਸਾਲਾਂ ਦੀ ਦੋਹਤੀ ਇਰਸ਼ੀਨ ਬਾਰੇ ਲਿਖੀ ਗਈ:

ਠੁੰਮ-ਠੁੰਮ ਪੋਲੇ ਪੈਰੀਂ ਆਉਂਦੀ,
ਤਰੇਲ ਤੁਪਕਿਆਂ ਉਤੇ ਤੁਰਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।
ਉਸ ਦਾ ਇਕ ਸਰੂਪ ਨਹੀਂ ਏ,
ਉਹਦਾ ਕੋਈ ਹਮ-ਰੂਪ ਨਹੀਂ ਏ,
ਟਿਮ-ਟਿਮਾਉਂਦੇ ਜੁਗਨੂੰ ਵਾਂਗੂੰ,
ਕਦੇ ਬੁਝਦੀ ਤੇ ਕਦੇ ਏ ਜਗਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।
ਸਖੀਆਂ ਸੰਗ ਸਟਾਪੂ ਖੇਡੇ,
ਗੁੱਡੀਆਂ ਨਾਲ ਉਹ ਆਪੂੰ ਖੇਡੇ,
ਇਹ ਤਾਂ ਉਹਦੀ ਉਮਰ ਖੇਡਣ ਦੀ,
ਬਾਲ ਇਆਣੀ, ਉਮਰ ਨੀ ਅੱਗ ਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।
ਉਹਨੂੰ ਮੇਰੀ ਨਜ਼ਰ ਲੱਗੇ ਨਾ,
ਕੋਈ ਓਪਰੀ ਕਸਰ ਲੱਗੇ ਨਾ,
ਰਵ੍ਹੇ ਓਸ ਦੀ ਤੋਰ ਇਵੇਂ ਹੀ,
ਏਵੇਂ ਰਹੇ ਉਹ ਨੱਠਦੀ-ਭੱਜਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।
ਉਹਨੂੰ ਕੋਈ ਬਾਜ ਪਵੇ ਨਾ,
ਕੋਈ ਉਹਨੂੰ ਝਪਟ ਲਵੇ ਨਾ,
ਵਿਚ ਅਸਮਾਨੀਂ ਤਾਰੀਆਂ ਲਾਉਂਦੀ,
'ਝੰਡ' ਨਿਰੀ ਉਹ ਕੂੰਜ ਏ ਲੱਗਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।
ਠੁੰਮ-ਠੁੰਮ ਪੋਲੇ ਪੈਰੀਂ ਆਉਂਦੀ,
ਤਰੇਲ ਤੁਪਕਿਆਂ ਉਤੇ ਤੁਰਦੀ,
ਖ਼ੂਬਸੂਰਤ ਇਕ ਨਜ਼ਮ ਏ ਲੱਗਦੀ।

ਪੰਜਾਬ ਵਿਚ ਪੁਸਤਕਾਂ ਤੇ ਵਿਦਿਆਰਥੀਆਂ ਵਿਚਕਾਰ ਸਾਲਾਂ-ਬੱਧੀ ਵਿਚਰਦੇ ਰਹੇ ਡਾ. ਝੰਡ ਨੇ 2002 ਵਿਚ ਕੈਨੇਡਾ 'ਚ ਪੈਰ ਧਰਿਆ ਤਾਂ ਉਸ ਨੂੰ ਸੈਟਲ ਹੋਣ ਵਿਚ ਕਈ ਦੁਸ਼ਵਾਰੀਆਂ ਆਈਆਂ। ਕਾਫੀ ਕੁਝ ਨਵਾਂ ਸਿੱਖਣ ਨੂੰ ਮਿਲਿਆ। ਪਹਿਲੇ ਵੀਕਐਂਡ 'ਤੇ ਖ਼ੁਸ਼ੀ-ਖ਼ੁਸ਼ੀ ਕਿਸੇ ਸੱਜਣ ਨੂੰ ਮਿਲਣ ਜਾਂਦਿਆਂ ਕਾਰ ਦੀ ਪਿਛਲੀ ਸੀਟ 'ਤੇ ਬਿਨਾਂ ਬੈਲਟ ਲਗਾਏ ਬੈਠਣ ਕਾਰਨ 110 ਡਾਲਰ ਦਾ ਜੁਰਮਾਨਾ ਹੋ ਗਿਆ। ਹਿਸਾਬ ਲਾਇਆ ਤਾਂ ਡਾਢਾ ਝੋਰਾ ਲੱਗਾ ਜਿਵੇਂ ਜੇਬ ਕੱਟੀ ਗਈ ਹੋਵੇ। ਪਰ ਨਿਆਗਰਾ ਫਾਲਜ਼ ਦੀ ਸਤਰੰਗੀ ਪੀਂਘ ਵੇਖਦਿਆਂ ਝੋਰੇ-ਝਾਰੇ ਭੁੱਲਦੇ ਵੀ ਗਏ। ਇਕ ਮਖੌਲੀਆ ਦੋਸਤ ਨਿਆਗਰਾ ਫਾਲਜ਼ ਨੂੰ 'ਜਠੇਰਿਆਂ ਦੀ ਜਗ੍ਹਾ' ਆਖਦਾ ਹੋਇਆ ਕਹਿ ਰਿਹਾ ਸੀ, "ਟੋਰਾਂਟੋ ਵਾਲੇ ਆਪਣੇ ਮਹਿਮਾਨਾਂ ਨੂੰ ਸਭ ਤੋਂ ਪਹਿਲਾਂ 'ਜਠੇਰਿਆਂ' ਦਾ ਫੇਰਾ ਜ਼ਰੂਰ ਮਰਵਾਉਂਦੇ ਹਨ!"

ਡਾ. ਝੰਡ ਸ਼ੁਰੂ ਤੋਂ ਹੀ ਲੰਮੀ ਸੈਰ ਦਾ ਸ਼ੌਕੀਨ ਰਿਹਾ ਹੈ। ਉਹ ਹਰ ਰੋਜ਼ 8-10 ਕਿਲੋਮੀਟਰ ਤੁਰਦਾ ਹੈ ਅਤੇ ਉਹਦਾ ਇਹ ਸ਼ੌਕ 'ਸੁਦਾਅ' ਦੀ ਹੱਦ ਤੀਕ ਹੈ। ਸਰਦੀਆਂ ਵਿਚ ਮਾੜੀ-ਮੋਟੀ ਬਰਫ਼ਬਾਰੀ ਦੀ ਪ੍ਰਵਾਹ ਨਹੀਂ ਕਰਦਾ ਤੇ ਨੇਮ ਨਾਲ ਸੈਰ ਕਰਨ ਜਾਂਦਾ ਹੈ। ਅੰਮ੍ਰਿਤਸਰ ਰਹਿੰਦਿਆਂ ਉਹ ਯੂਨੀਵਰਸਿਟੀ ਕੈਂਪਸ ਦੀਆਂ ਸੜਕਾਂ ਅਤੇ ਖੇਡ ਮੈਦਾਨਾਂ ਦੀ ਸਾਥੀਆਂ ਨਾਲ ਸੈਰ ਕਰਦਾ ਰਿਹਾ ਅਤੇ ਕੈਨੇਡਾ ਆ ਕੇ ਬਰੈਂਪਟਨ ਦੇ ਖ਼ੂਬਸੂਰਤ 'ਵੱਕ-ਵੇਅਜ਼' ਉਸ ਦੀਆਂ ਮਨਪਸੰਦ ਸੈਰਗਾਹਾਂ ਬਣ ਗਏ। ਕਦੇ ਕਦੇ ਉਹ ਨੇੜਲੇ ਸਕੂਲ ਦੇ ਖੇਡ ਮੈਦਾਨ ਵੱਲ ਵੀ ਦੁੜਕੀ ਲਾਉਣ ਨਿਕਲ ਪੈਂਦਾ ਹੈ।

ਰੋਜ਼ਾਨਾ ਲੰਮੀ ਸੈਰ ਦੇ ਅਭਿਆਸ ਸਦਕਾ ਉਹ ਬਰੈਂਪਟਨ ਦੇ ਦੌੜਾਕਾਂ ਤੇ ਵਾਕਰਾਂ ਦੀ 'ਟੋਰਾਂਟੋ ਪੀਅਰਸਨ ਏਅਰਪੋਰਟ ਰੰਨਰਜ਼ ਕਲੱਬ' ਦਾ ਮੈਂਬਰ ਹੈ ਅਤੇ ਕਲੱਬ ਵੱਲੋਂ ਕਰਵਾਏ ਜਾਂਦੇ ਦੌੜ ਤੇ ਵਾਕ ਈਵੈਂਟਾਂ ਵਿਚ 5 ਤੇ 10 ਕਿਲੋਮੀਟਰ ਵਾਕ ਮੁਕਾਬਲਿਆਂ ਵਿਚ ਸਰਗਰਮੀ ਨਾਲ ਭਾਗ ਲੈਂਦਾ ਹੈ। ਇਸ ਤੋਂ ਇਲਾਵਾ ਬਰੈਂਪਟਨ 'ਚ ਵਿਚਰ ਰਹੀਆਂ ਅਜਿਹੀਆਂ ਹੋਰ ਸੰਸਥਾਵਾਂ 'ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ', 'ਰੰਨ ਫਾਰ ਚਿਲਡਰਨ ਐਜੂਕੇਸ਼ਨ' ਅਤੇ 'ਟੋਰਾਂਟੋ ਏਅਰਪੋਰਟ ਰੰਨਵੇਅ ਰੰਨ ਸੰਸਥਾ' ਆਦਿ ਵੱਲੋਂ ਵੱਖ-ਵੱਖ ਸਮੇਂ ਕਰਵਾਏ ਜਾਂਦੇ 'ਰੰਨ ਐਂਡ ਵਾਕ ਈਵੈਂਟਸ' ਵਿਚ ਵੀ ਬੜੇ ਸ਼ੌਕ ਨਾਲ ਹਿੱਸਾ ਲੈਂਦਾ ਹੈ। ਟੋਰਾਂਟੋ ਡਾਊਨ-ਟਾਊਨ ਵਿਚ ਹੋਣ ਵਾਲੀ ਸਾਲਾਨਾ ਵੱਕਾਰੀ 'ਸਕੋਸ਼ੀਆ ਬੈਂਕ ਵਾਟਰ ਫਰੰਟ ਮੈਰਾਥਨ ਦੌੜ' ਮਾਨਣ ਲਈ ਵੀ ਜ਼ਰੂਰ ਜਾਂਦਾ ਹੈ। ਏਸੇ ਤਰ੍ਹਾਂ ਹਰ ਸਾਲ ਟੋਰਾਂਟੋ ਦੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਵਾਲੇ ਈਵੈਂਟ ਵਿਚ ਟੀ. ਪੀ. ਏ. ਆਰ. ਕਲੱਬ ਦੇ ਸਾਥੀਆਂ ਸਮੇਤ ਸ਼ਾਮਲ ਹੁੰਦਾ ਹੈ। ਫਿਰ ਉਹ ਸਾਰੇ ਈਵੈਂਟਸ ਦੀ ਰਿਪੋਰਟਿੰਗ ਬੜੇ ਦਿਲਚਸਪ ਢੰਗ ਨਾਲ ਕਰਦਾ ਹੈ। ਉਸ ਵੱਲੋਂ ਇਨ੍ਹਾਂ ਈਵੈਂਟਾਂ ਦੀਆਂ ਲਈਆਂ ਤਸਵੀਰਾਂ ਰਿਪੋਰਟ ਵਿਚ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀਆਂ ਹਨ। ਟੋਰਾਂਟੋ ਦੀਆਂ ਸਮੂਹ ਪੰਜਾਬੀ ਅਖ਼ਬਾਰਾਂ ਅਤੇ ਕੈਨੇਡਾ/ਅਮਰੀਕਾ ਦੀਆਂ ਕਈ ਹੋਰ ਅਖ਼ਬਾਰਾਂ ਵੀ ਉਸ ਦੀ ਖ਼ਬਰ ਨੂੰ ਵਿਸ਼ੇਸ਼ ਥਾਂ ਪ੍ਰਦਾਨ ਕਰਦੀਆਂ ਹਨ।

ਡਾ. ਝੰਡ ਨੇ ਦਰਜਨ ਕੁ ਮੈਰਾਥਨ ਦੌੜਾਕਾਂ ਨੂੰ ਇੰਟਰਵਿਊ ਕੀਤਾ ਹੈ ਅਤੇ ਉਨ੍ਹਾਂ ਦੇ ਰੇਖਾ ਚਿੱਤਰ ਲਿਖੇ ਹਨ। ਉਨ੍ਹਾਂ ਵਿਚ ਮੈਰਾਥਨ ਦੌੜਾਕ ਗੁਰਚਰਨ ਸਿੰਘ ਸਿਆਣ ਵੀ ਹੈ ਜਿਸ ਨੇ ਕਈ ਮੈਰਾਥਨਾਂ ਵਿਚ ਭਾਗ ਲਿਆ ਅਤੇ ਲੰਮੀ ਦੌੜ ਸਦਕਾ ਸਾਲਾਂ ਤੋਂ ਚੱਲ ਰਹੀ 'ਸ਼ੂਗਰ' ਦੀ ਬਿਮਾਰੀ ਨੂੰ ਦੂਰ ਭਜਾਇਆ। ਅਮਰੀਕਾ ਦੇ ਕਈ ਸ਼ਹਿਰਾਂ ਤੇ ਕੈਨੇਡਾ ਦੀਆਂ ਲਗਭਗ ਸਾਰੀਆਂ ਹੀ ਮੈਰਾਥਨਾਂ ਵਿਚ ਹਿੱਸਾ ਲੈਣ ਵਾਲੇ ਸਰਬਜੀਤ ਸਿੰਘ ਚਾਹਲ, 11 ਅਕਤੂਬਰ 2021 ਨੂੰ ਅਮਰੀਕਾ ਦੇ ਸ਼ਹਿਰ ਬੋਸਟਨ ਦੀ ਵੱਕਾਰੀ ਮੈਰਾਥਨ ਵਿਚ ਭਾਗ ਲੈਣ ਵਾਲੇ ਧਿਆਨ ਸਿੰਘ ਸੋਹਲ, ਬਰੈਂਪਟਨ ਵਾਸੀ ਜਸਵੀਰ ਸਿੰਘ ਪਾਸੀ ਤੇ ਪ੍ਰਦੀਪ ਪਾਸੀ ਦੀ 'ਪਾਸੀ-ਜੋੜੀ' ਜੋ ਇਕੱਠਿਆਂ ਹੀ ਹਾਫ਼-ਮੈਰਾਥਨ ਦੌੜਾਂ ਵਿਚ ਭਾਗ ਲੈਂਦੀ ਹੈ ਅਤੇ ਇਕ ਸਾਲ 'ਚ 58 ਹਾਫ਼-ਮੈਰਾਥਨਾਂ ਲਗਾਉਣ ਦਾ ਰਿਕਾਰਡ ਰੱਖਣ ਵਾਲੇ ਸੰਜੂ ਗੁਪਤਾ ਆਦਿ ਮੈਰਾਥਨੀਏ ਦੌੜਾਕ ਸ਼ਾਮਲ ਹਨ। ਅਖ਼ਬਾਰਾਂ ਨੇ ਉਨ੍ਹਾਂ ਦੌੜਾਕਾਂ ਦੇ ਰੇਖਾ ਚਿੱਤਰ ਬੜੇ ਸ਼ੌਕ ਨਾਲ ਛਾਪੇ ਹਨ ਕਿਉਂਕਿ ਉਨ੍ਹਾਂ ਤੋਂ ਨੌਜੁਆਨਾਂ ਅਤੇ ਹੋਰਨਾਂ ਨੂੰ ਖੇਡਾਂ ਤੇ ਸਿਹਤ ਸਬੰਧੀ ਬੜਾ ਉਤਸ਼ਾਹ ਮਿਲਦਾ ਹੈ। ਪੇਸ਼ ਹਨ ਉਹਦੀਆਂ ਖੇਡ ਲਿਖਤਾਂ 'ਚੋਂ ਕੁਝ ਅੰਸ਼:

### ਗੁਰਚਰਨ ਸਿੰਘ ਸਿਆਣ

ਮੈਰਾਥਨ ਦੌੜਾਕ ਗੁਰਚਰਨ ਸਿੰਘ ਸਿਆਣ ਨੂੰ ਵੇਖ ਕੇ ਤੇ ਉਸ ਨਾਲ ਗੱਲਬਾਤ ਕਰ ਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਉਹ ਸ਼ੂਗਰ ਦੀ ਬੀਮਾਰੀ ਦਾ ਗੰਭੀਰ ਮਰੀਜ਼ ਰਿਹਾ ਹੋਵੇਗਾ। ਇਹ ਵੀ ਕਿ ਕਿਸੇ ਸਮੇਂ ਉਸ ਦੀ ਸ਼ੂਗਰ ਦਾ ਲੈਵਲ 450 ਗਰਾਮ ਤੋਂ ਉੱਪਰ ਰਿਹਾ ਹੋਵੇਗਾ ਅਤੇ ਹੁਣ ਹਰ ਰੋਜ਼ 15 ਤੋਂ 20 ਕਿਲੋਮੀਟਰ ਦੌੜਨ ਨਾਲ ਲਗਾਤਾਰ ਇਨਸੂਲੀਨ ਵੀ ਲੈਂਦਾ ਹੋਵੇਗਾ। ਫਿਰ ਵੀ 42 ਕਿਲੋਮੀਟਰ ਮੈਰਾਥਨ ਦੌੜ ਵਿਚ ਲਗਾਤਾਰ ਭਾਗ ਲੈਂਦਾ ਹੋਵੇਗਾ ਅਤੇ ਗੋਲਡ ਤੇ ਸਿਲਵਰ ਮੈਡਲ ਜਿੱਤਦਾ ਹੋਵੇਗਾ। ਉਸਦੇ ਚਿਹਰੇ-ਮੋਹਰੇ ਨੂੰ ਵੇਖ ਕੇ ਕੋਈ ਇਹ ਵੀ ਨਹੀਂ ਕਹਿ ਸਕਦਾ ਕਿ ਉਹ 'ਬਹੱਤਰਾਂ' ਨੂੰ ਪਹੁੰਚਿਆ ਹੋਵੇਗਾ। ਜੇਕਰ ਗੁਰਚਰਨ ਸਿੰਘ ਆਪਣੀ ਉਮਰ ਬਾਰੇ ਮੂੰਹ ਨਾ ਖੋਲ੍ਹੇ ਤਾਂ ਵੇਖਣ ਵਾਲਾ ਉਸ ਨੂੰ 'ਸੱਠਾਂ' ਤੋਂ ਹੇਠਾਂ ਹੀ ਕਿਆਸ ਕਰੇਗਾ। ਬੜੇ ਸਲੀਕੇ ਨਾਲ ਕਾਲੀ ਕੀਤੀ ਹੋਈ ਨੀਮ-ਫ਼ੌਜੀ ਸਟਾਈਲ ਦੀ ਡੋਰੀ/ਜਾਲੀ ਨਾਲ ਬੰਨ੍ਹੀ ਦਾੜ੍ਹੀ ਨਾਲ ਹਸੂੰ-ਹਸੂੰ ਕਰਦਾ ਇਹ 'ਨੌਜੁਆਨ' ਮੱਲੋ-ਮੱਲੀ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦਾ ਹੈ।

ਮਿਸਤਰੀਆਂ ਵਾਲਾ ਤਕਨੀਕੀ ਦਿਮਾਗ ਤੇ ਹੱਥਾਂ 'ਚ ਕਲਾ ਦਾ ਹੁਨਰ ਹੋਣ ਕਾਰਨ ਲਿਬੀਆ 'ਚੋਂ ਕਮਾਈ ਵੀਹ ਹਜ਼ਾਰ ਰੁਪਏ ਦੀ ਪੂੰਜੀ ਨਾਲ ਉਸ ਨੇ ਪੰਜਾਬ ਪਰਤ ਕੇ 22 ਮਿਸਤਰੀਆਂ/ਮਜ਼ਦੂਰਾਂ ਨਾਲ ਇਮਾਰਤ-ਉਸਾਰੀ ਦਾ ਕੰਮ ਸ਼ੁਰੂ ਕੀਤਾ। ਸਰਕਾਰੀ ਕੰਮਾਂ ਦੇ ਠੇਕੇ ਲੈ ਕੇ ਚੰਗੀ ਕਮਾਈ ਕੀਤੀ। ਅਫ਼ਸਰਾਂ ਨਾਲ ਬਹਿਣ-ਉੱਠਣ ਤੇ ਖਾਣ-ਪੀਣ ਸਾਂਝਾ ਹੋਣ ਕਰਕੇ ਸ਼ਰਾਬ ਦੀ ਆਦਤ ਦਿਨੋਂ-ਦਿਨ ਵਧਦੀ ਗਈ ਤੇ 50 ਸਾਲਾਂ ਦੀ ਉਮਰ ਵਿਚ ਭਾਰ 255 ਪੌਂਡ ਹੋ ਗਿਆ ਜਿਸ ਨਾਲ ਚੱਲਣਾ-ਫਿਰਨਾ ਦੁੱਭਰ ਹੋ ਗਿਆ। ਫਿਰ ਸ਼ੂਗਰ ਦੀ ਬੀਮਾਰੀ ਨੇ ਆ ਘੇਰਿਆ ਤੇ ਡਾਕਟਰਾਂ ਦੇ ਵੱਸ ਪੈ ਗਿਆ। ਸ਼ੂਗਰ 450 ਗਰਾਮ ਨੂੰ ਟੱਪ ਗਈ। ਉਹ ਕਿਸੇ ਰਿਸ਼ਤੇਦਾਰ ਨੂੰ ਮਿਲਣ ਮਦਰਾਸ ਗਿਆ ਤਾਂ ਉਸ ਦੀ ਹਾਲਤ ਹੋਰ ਵੀ ਖ਼ਰਾਬ ਹੋ ਗਈ। ਰਿਸ਼ਤੇਦਾਰ ਐਮਰਜੈਂਸੀ ਹਾਲਤ ਵਿਚ ਡਾਕਟਰ ਕੋਲ ਲੈ ਗਏ ਤਾਂ ਉਸ ਨੇ ਚਿਤਾਵਨੀ ਦਿੱਤੀ, "ਸਰਦਾਰ ਜੀ ਕੁਝ ਕੁ ਮਹੀਨੇ ਈ ਬਚੇ ਆ, ਤਿਆਰੀ-ਸ਼ਿਆਰੀ ਕਰ ਲੋ। ਦਵਾਈ ਤਾਂ ਮੈਂ ਦੇ ਦੇਨਾਂ ਪਰ ਇਨ੍ਹਾਂ ਦਵਾਈਆਂ ਨੇ ਤੁਹਾਡੀ ਜੀਵਨ-ਨੱਈਆ ਪਾਰ ਨਹੀਉਂ ਲਾਉਣੀ। ਪਰ ਇੱਕ ਗੱਲ ਹੈਗੀ ਆ, ਜੇਕਰ ਸਰੀਰ ਨੂੰ ਥੋੜ੍ਹਾ-ਬਹੁਤਾ ਹਿਲਾਉਂਦਾ-ਜੁਲਾਉਂਦਾ ਰਵ੍ਹੇਂ ਤੇ ਔਖਾ-ਸੌਖਾ ਤੁਰੀ ਫਿਰੀ ਜਾਵੇਂ ਤਾਂ ਤੁਹਾਡੇ ਜੀਵਨ ਨੂੰ ਕੁਝ ਮਹੀਨੇ ਹੋਰ ਅੱਗੇ ਧੱਕਾ ਲੱਗ ਸਕਦੈ।"

ਚਿਤਾਵਨੀ ਸੁਣ ਕੇ ਉਹ ਦੌੜਨ ਵਾਲਿਆਂ ਨਾਲ ਰਲ ਗਿਆ। ਦੌੜਨ ਨਾਲ ਢਲਕਦੇ ਸਰੀਰ ਦਾ ਮਾਸ ਤੇ ਚਰਬੀ ਖੁਰਨੀ ਸ਼ੁਰੂ ਹੋ ਗਈ। ਉਸ ਨੂੰ ਆਪਣਾ ਭਾਰਾ ਸਰੀਰ ਕੁਝ ਹੌਲਾ-ਹੌਲਾ ਮਹਿਸੂਸ ਹੋਣ ਲੱਗਾ। ਉਹ ਵਾਈ ਮਿੰਟਾਂ ਵਿਚ ਗਰਾਊਂਡ ਦਾ ਚੱਕਰ ਲਗਾ ਲੈਂਦਾ ਅਤੇ ਅੱਧਾ ਕੁ ਦਿਨ ਲਗਾਤਾਰ ਇਹ ਚੱਕਰ ਲਾਈ ਜਾਂਦਾ। ਕਦੇ ਦੌੜ-ਦੌੜ ਕੇ, ਕਦੇ ਤੁਰ-ਤੁਰ ਕੇ। ਉਸ ਦੀ ਦੌੜ ਨੂੰ ਵੇਖ ਕੇ ਇੱਕ ਰਿਟਾਇਰਡ ਫ਼ੌਜੀ ਅਫ਼ਸਰ ਨੇ ਉਸ ਨੂੰ ਦੌੜ ਮੁਕਾਬਲਿਆਂ ਵਿਚ ਭਾਗ ਲੈਣ ਦਾ ਮਸ਼ਵਰਾ ਦੇ ਦਿੱਤਾ। ਇਸ ਨੇਕ ਸਲਾਹ ਨੂੰ ਮੰਨ ਕੇ ਉਸ ਨੇ 12 ਮਾਰਚ 1996 ਨੂੰ ਜਲੰਧਰ ਵਿਚ 50-55 ਸਾਲ ਦੇ ਉਮਰ-ਵਰਗ ਵਿਚ ਪੰਜ ਕਿਲੋਮੀਟਰ ਦੀ ਦੌੜ ਵਿਚ ਹਿੱਸਾ ਲਿਆ ਜਿਸ ਵਿਚ ਉਹ ਅੱਵਲ ਆਇਆ। ਇਹ ਦੌੜ ਉਸ ਦੇ ਜੀਵਨ ਲਈ ਬੜੀ ਵੱਡੀ ਪ੍ਰੇਰਨਾ-ਸ੍ਰੋਤ ਬਣੀ। ਉਸ ਨੂੰ ਲੱਗਿਆ ਕਿ ਉਹ ਵੀ ਆਪਣੀ ਜ਼ਿੰਦਗੀ ਵਿਚ ਕੁਝ ਕਰ ਸਕਦਾ ਹੈ।

2013 ਵਿਚ ਟੋਰਾਂਟੋ 'ਚ ਹੋਈ 21 ਕਿਲੋਮੀਟਰ ਹਾਫ਼-ਮੈਰਾਥਨ ਵਿਚ ਉਸ ਨੇ ਗੋਲਡ ਮੈਡਲ ਹਾਸਲ ਕੀਤਾ ਅਤੇ 2014 ਵਿਚ ਫਿਰ ਗੋਲਡ ਮੈਡਲ ਜਿੱਤਿਆ। ਗੱਲਾਂ-ਗੱਲਾਂ ਵਿਚ ਹੀ ਗੁਰਚਰਨ ਸਿੰਘ ਸਿਆਣ ਦੇ ਇੱਕ ਦੋਸਤ ਨੇ ਉਹਦੀ ਸਹਿਮਤੀ ਤੋਂ ਬਗ਼ੈਰ ਹੀ ਸਹਿ-ਸੁਭਾਅ 2015 ਵਿਚ 'ਗੁੱਡ ਲਾਈਫ ਫਿੱਟਨੈੱਸ ਗਰੁੱਪ' ਦੀ 42 ਕਿਲੋਮੀਟਰ ਮੈਰਾਥਨ ਦੌੜਨ ਦਾ ਐਲਾਨ ਕਰ ਦਿੱਤਾ ਜਿਸ ਨੂੰ ਸਵੀਕਾਰ ਕਰਦਿਆਂ ਸਿਆਣ ਨੇ ਇਸ ਦੌੜ ਲਈ 60 ਕਿਲੋਮੀਟਰ ਦੌੜਨ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ 2015 ਵਿਚ 42 ਕਿਲੋਮੀਟਰ ਮੈਰਾਥਨ ਦੌੜ 6 ਘੰਟੇ 20 ਮਿੰਟ ਵਿਚ ਦੌੜ ਕੇ ਗੋਲਡ ਮੈਡਲ ਜਿੱਤਿਆ। 2016 ਵਿਚ ਫਿਰ ਇਸ ਦੌੜ ਨੂੰ 5 ਘੰਟੇ ਇਕ ਮਿੰਟ ਵਿਚ ਪੂਰਿਆਂ ਕਰ ਕੇ ਆਪਣਾ ਹੀ ਰਿਕਾਰਡ ਤੋੜਦਿਆਂ ਗੋਲਡ ਮੈਡਲ ਪ੍ਰਾਪਤ ਕੀਤਾ। ਏਸੇ ਸਾਲ 'ਸਕੋਸ਼ੀਆ ਬੈਂਕ ਮੈਰਾਥਨ ਦੌੜ' ਵਿਚ 'ਸੈਂਸਰ' ਵਾਲੇ ਰਸਤੇ ਵਿਚ ਕਿਧਰੇ ਡਿੱਗ ਜਾਣ ਕਾਰਨ ਟਾਈਮ ਪੂਰਾ ਨੋਟ ਨਹੀਂ ਹੋ ਸਕਿਆ ਪਰ ਇਸ ਵਿਚ ਮੈਡਲ ਦਾ ਫਿਰ ਵੀ ਹੱਕਦਾਰ ਬਣਿਆ। ਅਕਤੂਬਰ 2017 ਵਿਚ ਫਿਰ 'ਸਕੋਸ਼ੀਆ ਬੈਂਕ ਮੈਰਾਥਨ ਦੌੜ' ਵਿਚ ਹਿੱਸਾ ਲਿਆ ਤੇ ਹੁਣ ਵੀ ਦੌੜਦਾ ਹੋਇਆ ਚੜ੍ਹਦੀ ਕਲਾ ਦਾ ਜੀਵਨ ਮਾਣ ਰਿਹੈ...।

(ਬਾਕੀ ਸਫ਼ਾ 21 'ਤੇ)

# ਯੂਕਰੇਨ ਜੰਗ ਦਾ ਅੰਨ ਸੁਰੱਖਿਆ ’ਤੇ ਅਸਰ

**ਦਵਿੰਦਰ ਸ਼ਰਮਾ**

ਯੂਕਰੇਨ 'ਤੇ ਰੂਸੀ ਹਮਲੇ ਤੋਂ ਬਾਅਦ ਇੱਕ ਵਾਰੀ ਫਿਰ ਆਲਮੀ ਖੁਰਾਕ ਮੰਡੀਆਂ ਨੂੰ ਗੜਬੜ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਦੁਨੀਆ ਭਰ ਦੀਆਂ ਕਮਜ਼ੋਰ ਆਬਾਦੀਆਂ ਦੀ ਅੰਨ ਸੁਰੱਖਿਆ ਲਈ ਭਾਰੀ ਖਤਰਾ ਖੜ੍ਹਾ ਹੋ ਸਕਦਾ ਹੈ। ਆਲਮੀ ਖੁਰਾਕ ਪ੍ਰੋਗਰਾਮ ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਬੀਸਲੀ ਨੇ ਹਾਲ ਹੀ ਵਿਚ ਬਲੂਮਬਰਗ ਨਾਲ ਗੱਲਬਾਤ ਕਰਦਿਆਂ ਮੰਨਿਆ: "ਯੂਕਰੇਨ ਵਿਚ ਚੱਲਦੇ ਬੰਬ ਤੇ ਗੋਲੀਆਂ ਆਲਮੀ ਭੁੱਖ ਸੰਕਟ ਨੂੰ ਅਜਿਹੀ ਕਿਸੇ ਵੀ ਹੱਦ ਤੋਂ ਪਾਰ ਲਿਜਾ ਸਕਦੇ ਹਨ ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ।"

ਅਸੀਂ ਹਾਲੇ 2007-08 ਵਿਚ ਆਲਮੀ ਖੁਰਾਕ ਸੰਕਟ ਦਾ ਸਾਹਮਣਾ ਕੀਤਾ ਹੈ ਅਤੇ ਇਸ ਦੇ ਸਿੱਟੇ ਵਜੋਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਬੇਕਾਬੂ ਹੋ ਗਈਆਂ ਸਨ। ਉਦੋਂ ਕਾਰਕਾਂ ਦੀ ਲੜੀ ਜੁੜ ਗਈ ਸੀ; ਜਿਵੇਂ ਬਾਲਣ ਤੇਲ ਦੀਆਂ ਵਧਦੀਆਂ ਕੀਮਤਾਂ, ਵਧੇਰੇ ਖੁਰਾਕੀ ਪੈਦਾਵਾਰ ਦਾ ਜੈਵਿਕ-ਬਾਲਣਾਂ ਵਿਚ ਜਾਣਾ ਅਤੇ ਵਾਅਦਾ ਬਾਜ਼ਾਰ ਕਾਰਨ ਵਸਤਾਂ ਦੀਆਂ ਕੀਮਤਾਂ ਦਾ ਵਧਣਾ ਆਦਿ। ਇਸ ਸਭ ਕਾਸੇ ਨੇ ਨਾ ਸਿਰਫ ਆਲਮੀ ਖੁਰਾਕੀ ਸਪਲਾਈ ਨੂੰ ਸੁੰਗੇੜ ਦਿੱਤਾ ਸੀ ਸਗੋਂ ਇਹ 37 ਮੁਲਕਾਂ ਵਿਚ ਖੁਰਾਕੀ ਦੰਗਿਆਂ ਦਾ ਕਾਰਨ ਵੀ ਬਣਿਆ ਸੀ।

ਇਹ ਯਕੀਨੀ ਬਣਾਉਣ ਦੇ ਨੁਸਖੇ ਦੇ ਬਾਵਜੂਦ ਕਿ ਦੁਬਾਰਾ ਅਜਿਹਾ ਨਾ ਹੋਵੇ, ਮਹਿੰਗਾਈ ਤਾਂ ਜੰਗ ਤੋਂ ਪਹਿਲਾਂ ਹੀ ਵਧ ਰਹੀ ਸੀ। ਸਾਲ 2021 ਦੌਰਾਨ ਹੀ ਖੁਰਾਕੀ ਵਸਤਾਂ ਦੀ ਮਹਿੰਗਾਈ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਹੁਣ ਇਸ ਗੱਲ ਨੂੰ ਦੇਖਦਿਆਂ ਕਿ ਇਸ ਵਾਰ ਹੋਰ ਕਾਰਕ ਵੀ ਮੁੜ ਮਜ਼ਬੂਤ ਹੋ ਰਹੇ ਹਨ ਅਤੇ ਨਾਲ ਹੀ ਕਾਲਾ ਸਾਗਰ ਖਿੱਤੇ ਵਿਚ ਚੱਲ ਰਹੀ ਜੰਗ ਕਾਰਨ ਸਪਲਾਈ ਵਿਚ ਪੈ ਰਿਹਾ ਅੜਿੱਕਾ ਇਸ ਵਿਚ ਹੋਰ ਵਾਧਾ ਕਰ ਰਿਹਾ ਹੈ, ਕਿਉਂਕਿ ਇਹ ਖਿੱਤਾ ਆਲਮੀ ਸਪਲਾਈ ਦੀ 30 ਫੀਸਦੀ ਕਣਕ, 28 ਫੀਸਦੀ ਜੌਂ, 18 ਫੀਸਦੀ ਮੱਕੀ ਅਤੇ 75 ਫੀਸਦੀ ਸੂਰਜਮੁਖੀ ਤੇਲ ਮੁਹੱਈਆ ਕਰਾਉਂਦਾ ਹੈ। ਇਸ ਹਾਲਤ ਵਿਚ ਸੰਸਾਰ ਇੱਕ ਵਾਰੀ ਫਿਰ ਖੁਰਾਕੀ ਸੰਕਟ ਦੀ ਨਵੀਂ ਘੁੰਮਣਘੇਰੀ ਵਿਚ ਫਸਦਾ ਜਾ ਰਿਹਾ ਹੈ। ਇਹ ਸੰਕਟ ਕਿੰਨਾ ਕੁ ਭਿਆਨਕ ਹੋਵੇਗਾ, ਇਹ ਤਾਂ ਸਮਾਂ ਆਉਣ 'ਤੇ ਹੀ ਪਤਾ ਲੱਗੇਗਾ।

ਖੁਰਾਕੀ ਸੰਕਟ ਦੇ ਮੱਦੇਨਜ਼ਰ ਪਹਿਲਾਂ ਹੀ ਇਰਾਕ ਅਤੇ ਸ੍ਰੀਲੰਕਾ ਵਿਚ ਅੰਦੋਲਨ ਹੋ ਰਹੇ ਹਨ। ਬਹੁਤ ਸਾਰੇ ਮੁਲਕਾਂ ਨੇ ਆਪਣੀ ਘਰੇਲੂ ਖੁਰਾਕ ਸਪਲਾਈ ਕਾਇਮ ਰੱਖਣ ਦੇ ਮਕਸਦ ਨਾਲ ਪਹਿਲਾਂ ਹੀ ਰੱਖਿਆਵਾਦੀ ਕਦਮ ਉਠਾਉਣੇ ਤੇ ਸਪਲਾਈਆਂ ਰੋਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਬਲੂਮਬਰਗ ਨੇ ਠੀਕ ਹੀ ਟਿੱਪਣੀ ਕੀਤੀ ਹੈ: "ਨੇੜ ਭਵਿੱਖ ਵਿਚ ਇੱਕ ਸੰਕਟ ਦਿਖਾਈ ਦੇ ਰਿਹਾ ਹੈ: ਇਸ ਕਾਰਨ ਵਧੇਰੇ ਲੋਕਾਂ ਦੇ ਭੁੱਖੇ ਰਹਿਣ ਦਾ ਖਦਸ਼ਾ ਹੈ।"



ਮਹਿੰਗਾਈ ਵਿਚ ਪਹਿਲਾਂ ਹੀ ਵਾਧੇ ਦੇ ਰੁਝਾਨ ਅਤੇ ਦੂਜੇ ਪਾਸੇ ਬਾਜ਼ਾਰਾਂ ਅਤੇ ਸੁਪਰ ਮਾਰਕੀਟਾਂ ਵਿਚ ਵਸਤਾਂ ਦੀ ਸਪਲਾਈ ਵਿਚ ਆ ਰਹੀ ਕਮੀ ਤੋਂ ਸਾਫ ਜ਼ਾਹਰ ਹੈ ਕਿ ਅੰਨ ਸੁਰੱਖਿਆ 'ਤੇ ਖਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਰੂਸ 'ਤੇ ਅਮਰੀਕਾ ਵੱਲੋਂ ਆਇਦ ਮਾਲੀ ਪਾਬੰਦੀਆਂ ਕਾਰਨ ਖਾਦਾਂ ਦੀਆਂ ਕੀਮਤਾਂ ਵਿਚ ਵੀ ਇਜ਼ਾਫਾ ਹੋਇਆ ਹੈ। ਰੂਸ ਨਾ ਸਿਰਫ ਨਾਈਟਰੋਜਨ ਆਧਾਰਿਤ ਖਾਦਾਂ ਦਾ ਹੀ ਦੁਨੀਆ ਦਾ ਸਭ ਤੋਂ ਵੱਡਾ ਉਤਪਾਦਕ ਹੈ, ਸਗੋਂ ਇਹ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦਾ ਵੀ ਵੱਡੇ ਪੱਧਰ 'ਤੇ ਉਤਪਾਦਨ ਕਰਦਾ ਹੈ। ਇਸ ਦੇ ਸਿੱਟੇ ਵਜੋਂ ਭਾਰਤ ਸਮੇਤ ਵੱਖੋ-ਵੱਖ ਮੁਲਕਾਂ ਦੇ ਕਿਸਾਨਾਂ ਦੀ ਫਸਲਾਂ ਪੈਦਾ ਕਰਨ ਦੀ ਲਾਗਤ ਵਧ ਜਾਣ ਦੇ ਆਸਾਰ ਹਨ। ਇਸ ਨਾਲ ਫਸਲਾਂ ਦੀ ਬਿਜਾਈ 'ਤੇ ਵੀ ਅਸਰ ਪਵੇਗਾ ਅਤੇ ਇਸ ਦਾ ਸਿੱਟਾ ਖੁਰਾਕੀ ਵਸਤਾਂ ਦੀ ਕਮੀ ਵਜੋਂ ਨਿਕਲੇਗਾ। ਇਹ ਵੀ ਜਾਣਨਾ ਜ਼ਰੂਰੀ ਹੈ ਕਿ ਨਾ ਸਿਰਫ ਅੰਨ ਦੀ ਕਮੀ ਸਗੋਂ ਇਸ ਨੂੰ ਖਰੀਦਣ ਦੀ ਸਮਰੱਥਾ ਨਾਲ ਵੀ ਇਹ ਗੱਲ ਤੈਅ ਹੋਵੇਗੀ ਕਿ ਖੁਰਾਕ ਸੰਕਟ ਕਿੰਨਾ ਕੁ ਭਿਆਨਕ ਹੈ।

ਇਸ ਦੌਰਾਨ, ਇਸ ਸੰਕਟ ਦੀ ਪਹਿਲੀ ਮਾਰ ਮੱਧ ਪੂਰਬ, ਉੱਤਰੀ ਅਫਰੀਕਾ, ਸਮੇਤ ਹੌਰਨ ਆਫ ਅਫਰੀਕਾ ਖਿੱਤੇ (ਪੂਰਬੀ ਅਫਰੀਕਾ ਦਾ ਸੋਮਾਲੀਆ, ਜਿਬੂਤੀ ਤੇ ਇਥੋਪੀਆ ਆਦਿ ਮੁਲਕਾਂ ਵਾਲਾ ਖੇਤਰ) ਅਤੇ ਅਫਗਾਨਿਸਤਾਨ ਵਰਗੇ ਮੁਲਕਾਂ ਨੂੰ ਪੈਣ ਦਾ ਖਦਸ਼ਾ ਹੈ। ਨਾਲ ਹੀ ਅਫਰੀਕਾ ਤੇ ਅਰਬ ਖਿੱਤੇ ਦੇ ਮਿਸਰ, ਮੈਡਾਗਾਸਕਰ, ਮੋਰੱਕੋ, ਟਿਊਨੀਸ਼ੀਆ, ਲਿਬਨਾਨ ਤੇ ਯਮਨ, ਏਸ਼ੀਆ ਦੇ ਇੰਡੋਨੇਸ਼ੀਆ, ਫਿਲਪੀਨਜ਼, ਬੰਗਲਾਦੇਸ਼ ਤੇ ਪਾਕਿਸਤਾਨ ਅਤੇ ਨਾਲ ਹੀ ਤੁਰਕੀ, ਇਰਾਨ, ਇਰਾਕ, ਇਰੀਟ੍ਰੀਆ ਆਦਿ ਮੁਲਕ ਵੀ ਖੁਰਾਕੀ ਦਰਾਮਦਾਂ ਲਈ ਜੰਗ ਮਾਰੇ ਖਿੱਤੇ 'ਤੇ ਬਹੁਤ ਜ਼ਿਆਦਾ ਨਿਰਭਰ ਹੋਣ ਕਾਰਨ ਖਤਰੇ ਵਿਚ ਹਨ। ਯੂਰਪੀ ਯੂਨੀਅਨ ਵਿਚ ਪਸ਼ੂ ਖੁਰਾਕ ਦੀਆਂ ਵਧਦੀਆਂ ਕੀਮਤਾਂ ਦੀ ਮਾਰ ਪਸ਼ੂ ਪਾਲਣ ਸਨਅਤ ਨੂੰ ਪੈ ਰਹੀ ਹੈ ਜਿਸ ਕਾਰਨ ਮੀਟ ਪ੍ਰੋਸੈਸਿੰਗ ਮਹਿੰਗੀ ਹੋ ਰਹੀ ਹੈ। ਸਪੇਨ ਨੇ ਸੁਪਰ ਮਾਰਕੀਟਾਂ ਨੂੰ ਖੁਰਾਕੀ ਤੇਲਾਂ ਦੀ ਸਪਲਾਈ ਦੀ ਰਾਸ਼ਨਿੰਗ ਕਰ ਦਿੱਤੀ ਹੈ, ਭਾਵ ਕੋਟਾ ਤੈਅ ਕਰ ਦਿੱਤਾ ਹੈ।

ਜੇ ਜੰਗ ਥੋੜ੍ਹਾ ਹੋਰ ਲੰਮੀ ਚੱਲਦੀ ਹੈ ਤਾਂ ਬਿਨਾਂ ਸ਼ੱਕ ਖੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਦਾ ਅਸਰ ਸਾਰੇ ਸੰਸਾਰ ਵਿਚ ਦਿਖਾਈ ਦੇਣ ਤੇ ਮਹਿਸੂਸਿਆ ਜਾਣ ਲੱਗੇਗਾ। ਜੰਗ ਤੋਂ ਪਹਿਲਾਂ ਹੀ ਕਣਕ ਦੀਆਂ ਕੀਮਤਾਂ ਨੇ ਰਿਕਾਰਡ ਬੁਲੰਦੀ ਛੂਹੀ ਸੀ। ਦਰਅਸਲ, ਬਹੁਤੀਆਂ ਵਪਾਰਕ ਵਸਤਾਂ ਦੀਆਂ ਕੀਮਤਾਂ ਬੀਤੇ ਕਈ ਸਾਲਾਂ ਤੋਂ ਵਧ ਰਹੀਆਂ ਹਨ। ਸੰਯੁਕਤ ਰਾਸ਼ਟਰ ਖੁਰਾਕ ਅਤੇ ਖੇਤੀ ਸੰਸਥਾ ਮੁਤਾਬਕ ਸਾਲ 2021 ਦੌਰਾਨ ਕਣਕ ਤੇ ਜੌਂ ਦੀਆਂ ਕੀਮਤਾਂ ਵਿਚ ਇਨ੍ਹਾਂ ਦੀਆਂ 2020 ਵਾਲੀਆਂ ਕੀਮਤਾਂ ਦੇ ਮੁਕਾਬਲੇ 31 ਫੀਸਦੀ ਤੋਂ ਵੱਧ ਦਾ ਇਜ਼ਾਫਾ ਹੋਇਆ। ਇਸ ਹਾਲਾਤ ਨੇ ਮੱਕੀ ਦੀਆਂ ਕੀਮਤਾਂ ਨੂੰ ਵੀ ਹੁਲਾਰਾ ਦਿੱਤਾ ਅਤੇ ਮੱਕੀ ਨੇ ਤਾਂ ਇਸ ਤੋਂ ਪਿਛਲੇ ਸਾਲ ਦੇ ਮੁਕਾਬਲੇ ਮਹਿੰਗਾਈ 'ਚ 44 ਫੀਸਦੀ ਵਾਧੇ ਦੀ ਛਾਲ ਮਾਰੀ। ਸੂਰਜਮੁਖੀ ਤੇਲ ਵੀ 2021 ਦੌਰਾਨ 63 ਫੀਸਦੀ ਮਹਿੰਗਾ ਹੋਇਆ। ਇੰਨਾ ਹੀ ਨਹੀਂ, ਬੀਤੇ ਮਾਰਚ ਮਹੀਨੇ ਦੇ ਪਹਿਲੇ ਹਫਤੇ ਦੌਰਾਨ ਵਾਅਦਾ ਬਾਜ਼ਾਰ ਵਿਚ ਕਣਕ ਦੀ ਕੀਮਤ ਵਿਚ ਵੀ ਰਿਕਾਰਡ ਵਾਧਾ ਹੋਇਆ ਅਤੇ ਇਹ ਕੀਮਤ ਸਾਲ 2008, ਭਾਵ ਪਿਛਲੇ ਅੰਨ ਸੰਕਟ ਦੇ ਪੱਧਰ ਤੱਕ ਜਾ ਪੁੱਜੀ ਸੀ।

ਐਫ.ਏ.ਓ. ਵੱਲੋਂ ਤਿਆਰ ਕੀਤੇ ਗਏ ਦੋ ਹਾਲਾਤੀ ਖਾਕਿਆਂ ਮੁਤਾਬਕ ਇਨ੍ਹਾਂ ਪਹਿਲਾਂ ਹੀ ਵਧੀਆਂ ਹੋਈਆਂ ਕੀਮਤਾਂ ਵਿਚ ਹਾਲੇ ਹੋਰ 22 ਫੀਸਦੀ ਵਾਧਾ ਹੋਣ ਦੇ ਆਸਾਰ ਹਨ, ਜਿਸ ਦੇ ਸਿੱਟੇ ਵਜੋਂ ਸਾਲ 2022-23 ਦੌਰਾਨ ਕੁਪੋਸ਼ਣ ਦੇ ਸ਼ਿਕਾਰ ਲੋਕਾਂ ਦੀ ਆਬਾਦੀ ਵਿਚ ਹੋਰ 80 ਲੱਖ ਤੋਂ 1.30 ਕਰੋੜ ਤੱਕ ਦਾ ਇਜ਼ਾਫਾ ਹੋਵੇਗਾ। ਭੁੱਖ ਤੇ ਕੁਪੋਸ਼ਣ ਦੀ ਸਭ ਤੋਂ ਵੱਧ ਮਾਰ ਮੁੱਖ ਤੌਰ 'ਤੇ ਏਸ਼ੀਆ-ਪ੍ਰਸ਼ਾਂਤ ਖਿੱਤੇ, ਅਫਰੀਕਾ ਦੇ ਉਪ-ਸਹਾਰਾ ਖਿੱਤੇ, ਮੱਧ ਪੂਰਬ ਅਤੇ ਉੱਤਰੀ ਅਫਰੀਕਾ ਵਿਚ ਪਵੇਗੀ।

ਇਸ ਦੌਰਾਨ ਜਿੱਥੇ ਭਾਰਤੀ ਅਨਾਜ ਬਰਾਮਦਕਾਰ ਸਪਲਾਈ ਵਿਚਲੇ ਖੱਪੇ ਨੂੰ ਭਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਆਈ.ਟੀ.ਸੀ. ਦਾ ਅੰਦਾਜ਼ਾ ਹੈ ਕਿ ਆਗਾਮੀ ਸਾਲ ਦੌਰਾਨ ਮੁਲਕ ਦੀ ਕਣਕ ਬਰਾਮਦ ਤਿੰਨ ਗੁਣਾ ਤੱਕ ਵਧ ਕੇ ਕਰੀਬ 2.10 ਕਰੋੜ ਟਨ ਤੱਕ ਪੁੱਜ ਸਕਦੀ ਹੈ। ਇਸ ਮੌਕੇ ਮੈਨੂੰ ਇਹੋ ਗੱਲ ਅਜੀਬ ਲੱਗਦੀ ਹੈ ਕਿ ਜਿਹੜੇ ਲੋਕ ਸਾਲ ਦਰ ਸਾਲ ਵਧੇਰੇ ਅਨਾਜ ਉਗਾਉਂਦੇ ਜਾਣ ਲਈ ਭਾਰਤੀ ਕਿਸਾਨਾਂ ਨੂੰ ਭੰਡਦੇ ਸਨ, ਅੱਜ ਉਹੋ ਲੋਕ ਆਲਮੀ ਪੱਧਰ 'ਤੇ ਅਨਾਜ ਦੀ ਪੈਦਾ ਹੋ ਰਹੀ ਕਮੀ ਨੂੰ ਭਾਰਤੀ ਕਿਸਾਨਾਂ ਵੱਲੋਂ ਸੰਭਵ ਤੌਰ 'ਤੇ ਪੂਰ ਦਿੱਤੇ ਜਾਣ ਦੀ ਉਮੀਦ ਨਾਲ ਉਤਸ਼ਾਹਿਤ ਹੋ ਰਹੇ ਹਨ। ਇਸੇ ਤਰ੍ਹਾਂ ਜਦੋਂ ਭਾਰਤ ਵੱਡੇ ਪੱਧਰ 'ਤੇ ਅਨਾਜ, ਗਿਰੀਆਂ, ਦਾਲਾਂ ਆਦਿ ਬਰਾਮਦ ਕਰ ਰਿਹਾ ਹੈ ਤਾਂ ਇਸ ਰੂਪ ਵਿਚ ਇੱਕ ਤਰ੍ਹਾਂ ਦੇਸ਼ ਤੋਂ ਪਾਣੀ ਦੀ ਵਧ ਰਹੀ ਬਰਾਮਦ 'ਤੇ ਫਿਕਰਮੰਦੀ ਜ਼ਾਹਰ ਕਰਨ ਵਾਲੀ ਵੀ ਕੋਈ ਆਵਾਜ਼ ਸੁਣਾਈ ਨਹੀਂ ਦਿੰਦੀ।

ਜਿਵੇਂ ਪਹਿਲਾਂ ਆਖਿਆ ਜਾ ਚੁੱਕਾ ਹੈ, ਸੰਸਾਰ ਤਾਂ ਹਰ ਹਾਲ ਵਿਚ ਇੱਕ ਹੋਰ ਅੰਨ ਸੰਕਟ ਵੱਲ ਵਧ ਰਿਹਾ ਸੀ। ਤੇਲ ਦੀਆਂ ਕੀਮਤਾਂ ਬੁਲੰਦੀਆਂ ਛੂਹ ਰਹੀਆਂ ਹਨ, ਇਸ ਕਾਰਨ ਮਹਿੰਗਾਈ ਦਰ ਵੀ ਵਧ ਰਹੀ ਹੈ, ਖੁਰਾਕੀ ਵਸਤਾਂ ਦੀਆਂ ਕੀਮਤਾਂ ਪਹਿਲਾਂ ਹੀ ਬਹੁਤ ਉੱਚੀਆਂ ਹਨ, ਜਿਹੜੀਆਂ 40 ਸਾਲਾਂ ਦੌਰਾਨ ਸਭ ਤੋਂ ਵੱਧ ਹਨ। ਨਾਲ ਹੀ ਜੈਵਿਕ-ਬਾਲਣ, ਜਿਸ ਵਿਚ ਖੁਰਾਕੀ ਫਸਲਾਂ ਦਾ ਇਸਤੇਮਾਲ ਹੁੰਦਾ ਹੈ, ਵਿਚ ਵੀ ਇਜ਼ਾਫਾ ਹੋ ਰਿਹਾ ਹੈ। ਮਿਸਾਲ ਵਜੋਂ, 'ਨਿਊ ਸਾਇੰਟਿਸਟ' ਨਾਮੀ ਰਸਾਲੇ ਦੀ ਰਿਪੋਰਟ ਮੁਤਾਬਕ ਅਮਰੀਕਾ ਵਿਚ ਮੱਕੀ ਦੀ ਕੁੱਲ ਪੈਦਾਵਾਰ ਦਾ ਤੀਜਾ ਹਿੱਸਾ ਐਥਨੌਲ ਬਣਾਉਣ ਲਈ ਵਰਤਿਆ ਜਾ ਰਿਹਾ ਹੈ, ਜਿਹੜਾ ਕੁੱਲ ਖੁਰਾਕੀ ਫਸਲਾਂ ਵਿਚੋਂ 9 ਕਰੋੜ ਟਨ ਹੈ। ਇਸੇ ਤਰ੍ਹਾਂ ਯੂਰਪੀ ਯੂਨੀਅਨ ਵਿਚ 1.20 ਕਰੋੜ ਟਨ ਕਣਕ ਤੇ ਚੌਲਾਂ ਦਾ ਐਥਨੌਲ ਬਣਾਇਆ ਜਾ ਰਿਹਾ ਹੈ।

ਇਸ ਸਭ ਕਾਸੇ ਦੌਰਾਨ ਅਮਰੀਕਾ ਨੇ ਆਪਣੀਆਂ ਕੁਝ ਕੁ ਕੰਪਨੀਆਂ ਨੂੰ ਰੂਸ ਨਾਲ ਕਾਰੋਬਾਰ ਜਾਰੀ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਭਾਵੇਂ ਵੱਡੀਆਂ ਖੇਤੀ ਉਤਪਾਦਾਂ ਵਾਲੀਆਂ ਕੰਪਨੀਆਂ ਜਿਵੇਂ ਕਾਰਗਿਲ, ਨੈਸਲੇ, ਆਰਚਰ ਡੇਨੀਅਲਜ਼ ਮਿਡਲੈਂਡ, ਪੈਪਸੀਕੋ ਅਤੇ ਬਾਯਰ ਨੇ ਉੱਥੇ ਆਪਣਾ ਕੰਮ-ਕਾਜ ਘਟਾ ਦਿੱਤਾ ਹੈ, ਉਂਜ ਉਨ੍ਹਾਂ ਨੇ 'ਨਾਜ਼ੁਕ' ਸਪਲਾਈ ਸੰਪਰਕ ਕਾਇਮ ਰੱਖੀ ਹੋਈ ਹੈ। ਇਸ ਤੋਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਅੰਨ ਸੁਰੱਖਿਆ ਕਿਉਂ ਆਸਾਨੀ ਨਾਲ ਕੁਝ ਵੱਡੇ ਖਿਡਾਰੀਆਂ ਦੇ ਹੱਥਾਂ ਵਿਚ ਦੇ ਦਿੱਤੀ ਗਈ। ਬਸ ਇੱਥੇ ਹੀ ਸੰਸਾਰ ਨੂੰ 2007-08 ਦੇ ਆਲਮੀ ਖੁਰਾਕ ਸੰਕਟ ਤੋਂ ਬਚਾਉਣ ਦਾ ਨੁਸਖਾ ਗਲਤ ਹੋ ਗਿਆ। ਖੁਰਾਕੀ ਸਪਲਾਈ ਦੇ ਵਸੀਲਿਆਂ ਲਈ ਜਿਹੜੀ ਖੋਹਾ-ਖੋਹੀ ਅਸੀਂ ਇਸ ਵਕਤ ਦੇਖ ਰਹੇ ਹਾਂ, ਉਹ ਮੂਲ ਰੂਪ ਵਿਚ ਇਸ ਕਾਰਨ ਹੈ ਕਿ ਮੁਲਕਾਂ ਨੂੰ ਖੁਰਾਕ ਆਤਮ-ਨਿਰਭਰਤਾ ਤੋਂ ਲਾਂਭੇ ਰਹਿਣ ਲਈ ਆਖਿਆ ਗਿਆ ਸੀ। ਮੁਕਾਬਲੇਬਾਜ਼ੀ ਯਕੀਨੀ ਬਣਾਉਣ ਦੇ ਨਾਂ 'ਤੇ ਆਲਮੀ ਖੁਰਾਕ ਸਪਲਾਈ ਲੜੀਆਂ ਦੀ ਕਾਇਮੀ ਹੀ ਮੌਜੂਦਾ ਸੰਕਟ ਦਾ ਕਾਰਨ ਬਣੀ ਹੈ।

ਇਸ ਸੰਕਟ ਤੋਂ ਇਹੋ ਸਬਕ ਸਿੱਖਿਆ ਜਾ ਸਕਦਾ ਹੈ ਕਿ ਇਸ ਗੱਲ ਦੀ ਫੌਰੀ ਲੋੜ ਹੈ ਕਿ ਬਾਜ਼ਾਰਾਂ 'ਤੇ ਨਿਰਭਰਤਾ ਘਟਾਈ ਜਾਵੇ ਅਤੇ ਖੇਤੀਬਾੜੀ ਨੂੰ ਆਰਥਕ ਪੱਖੋਂ ਵਿਹਾਰਕ ਬਣਾਇਆ ਜਾਵੇ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਐਮ.ਐਸ. ਸਵਾਮੀਨਾਥਨ ਨੇ ਆਖਿਆ ਸੀ: "ਭਵਿੱਖ ਅਨਾਜ ਵਾਲੇ ਮੁਲਕਾਂ ਦਾ ਹੈ, ਬੰਦੂਕਾਂ ਵਾਲਿਆਂ ਦਾ ਨਹੀਂ।"

# ਇਮਰਾਨ ਖਾਨ ਦਾ ਮੁਸ਼ਕਿਲ ਵਕਤ

**ਅਭੈ ਕੁਮਾਰ ਦੂਬੇ**

ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਪਾਕਿਸਤਾਨ ਕੌਮੀ ਅਸੈਂਬਲੀ ਨੇ ਲੰਮੀ ਖਿੱਚੋਤਾਣ ਤੋਂ ਬਾਅਦ ਬੇਭਰੋਸਗੀ ਮਤੇ 'ਤੇ ਵੋਟਿੰਗ ਰਾਹੀਂ ਇਮਰਾਨ ਖਾਨ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਹੈ। ਪੌਣੇ ਚਾਰ ਸਾਲ ਤੱਕ ਪ੍ਰਧਾਨ ਮੰਤਰੀ ਦੇ ਰੂਪ 'ਚ ਇਮਰਾਨ ਵਿਲੱਖਣ ਪਾਰੀ ਖੇਡ ਰਹੇ ਸਨ। ਕ੍ਰਿਕਟ 'ਚ ਉਹ ਗੇਂਦਬਾਜ਼ੀ ਅਤੇ ਬੱਲੇਬਾਜ਼ੀ 'ਚ ਇਕ ਹੀ ਕੰਮ ਕਰ ਸਕਦੇ ਸਨ ਪਰ ਸੱਤਾ 'ਚ ਆਉਣ ਤੋਂ ਬਾਅਦ ਖਾਸਕਰ ਆਪਣੇ ਆਖਰੀ ਦੌਰ 'ਚ ਉਹ ਗੇਂਦਬਾਜ਼ੀ ਵੀ ਕਰਦੇ ਦਿਸੇ ਅਤੇ ਬੱਲੇਬਾਜ਼ੀ ਵੀ, ਇੱਥੋਂ ਤੱਕ ਕਿ ਫੀਲਡਿੰਗ ਵੀ ਉਹ ਖੁਦ ਹੀ ਕਰ ਰਹੇ ਸਨ। ਉਨ੍ਹਾਂ ਦੀ ਦੁਨੀਆ 'ਚ ਸਭ ਕੁਝ ਉਨ੍ਹਾਂ ਦੇ ਉੱਪਰ ਹੀ ਕੇਂਦਰਿਤ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ ਪਾਕਿਸਤਾਨ ਨੂੰ ਗ੍ਰਹਿ-ਯੁੱਧ ਦੀ ਕਗਾਰ 'ਤੇ ਪਹੁੰਚਾ ਦਿੱਤਾ ਹੈ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਇਮਰਾਨ ਕਾਰਨ ਉਨ੍ਹਾਂ ਦਾ ਦੇਸ਼ ਬੁਰੀ ਤਰ੍ਹਾਂ ਸੰਕਟਗ੍ਰਸਤ ਹੋ ਗਿਆ ਹੈ ਜਿਸ ਨੂੰ ਕ੍ਰਿਕਟ ਕਪਤਾਨ ਦੇ ਰੂਪ 'ਚ ਉਨ੍ਹਾਂ ਨੇ ਬੁਲੰਦੀਆਂ 'ਤੇ ਪਹੁੰਚਾਇਆ ਸੀ।

ਸੱਤਾ ਹਾਸਲ ਕਰਨ ਸਮੇਂ ਇਮਰਾਨ ਦਾ ਮੁੱਖ ਵਾਅਦਾ ਭ੍ਰਿਸ਼ਟਾਚਾਰ ਮਿਟਾਉਣ ਦਾ ਸੀ। ਦਿੱਲੀ ਦੇ ਇਕ ਪੱਤਰਕਾਰ ਨੇ ਉਨ੍ਹਾਂ ਦਾ ਸ਼ੁਰੂਆਤੀ ਬਿਆਨ ਸੁਣ ਕੇ ਵਿਅੰਗ ਕਰਦਿਆਂ ਕਿਹਾ ਸੀ ਕਿ ਉਹ ਪਾਕਿਸਤਾਨ ਦੇ ਮੋਦੀ+ਕੇਜਰੀਵਾਲ ਦੇ ਰੂਪ 'ਚ ਉੱਭਰੇ ਹਨ। ਉਨ੍ਹਾਂ ਦੀ ਪਹਿਲੀ ਅਸਲੀ ਚੁਣੌਤੀ ਇਹ ਸੀ ਕਿ ਜਿਸ ਫੌਜ ਦੇ ਸਮਰਥਨ ਨਾਲ ਉਨ੍ਹਾਂ ਨੂੰ ਗੱਦੀ ਮਿਲੀ ਸੀ, ਉਸ ਵਲੋਂ ਕੀਤੇ ਜਾਣ ਵਾਲੇ ਭ੍ਰਿਸ਼ਟਾਚਾਰ ਨਾਲ ਉਹ ਕਿਵੇਂ ਨਜਿੱਠਦੇ ਹਨ। ਦੂਜਾ, ਨੇਤਾਵਾਂ ਦੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਦਾ ਮੁੱਦਾ ਤਾਂ ਸੀ ਹੀ। ਦਿੱਕਤ ਇਹ ਸੀ ਕਿ ਨੇਤਾਵਾਂ ਦੇ ਭ੍ਰਿਸ਼ਟਾਚਾਰ ਖਿਲਾਫ ਮੁਹਿੰਮ ਚਲਾਉਣ ਨਾਲ ਉਨ੍ਹਾਂ ਨੂੰ ਲੋਕਪ੍ਰਿਅਤਾ ਮਿਲ ਸਕਦੀ ਸੀ, ਪਰ ਫੌਜ ਵੱਲ ਉਂਗਲ ਚੁੱਕਣ ਦਾ ਮਤਲਬ ਸੀ ਉਸ ਦੋਸਤ ਨੂੰ ਦੁਸ਼ਮਣ ਬਣਾਉਣਾ ਜਿਸ ਨੇ ਉਨ੍ਹਾਂ ਨੂੰ ਗੱਦੀ 'ਤੇ ਬਿਠਾਇਆ ਸੀ। ਜ਼ਾਹਰ ਹੈ ਕਿ ਇਮਰਾਨ ਕਿਸੇ ਤਰ੍ਹਾਂ ਦੇ ਵੀ ਭ੍ਰਿਸ਼ਟਾਚਾਰ ਖਿਲਾਫ ਸੰਘਰਸ਼ ਨਹੀਂ ਕਰ ਸਕੇ। ਫੌਜ ਦੇ ਭ੍ਰਿਸ਼ਟਾਚਾਰ ਖਿਲਾਫ ਬੋਲਣ ਦਾ ਤਾਂ ਮੌਕਾ ਹੀ ਨਹੀਂ ਆਇਆ। ਉਸ ਦੇ ਬਰਖਿਲਾਫ ਆਪਣੀ ਰਾਜਨੀਤਕ ਖੁਦਮੁਖਤਿਆਰੀ ਦਿਖਾਉਣ ਦੇ ਚੱਕਰ 'ਚ ਉਨ੍ਹਾਂ ਨੂੰ ਸੱਤਾ ਤੋਂ ਵਾਂਝੇ ਹੋਣਾ ਪਿਆ। ਅੱਜ ਖੁਦ ਉਨ੍ਹਾਂ ਦੇ ਉੱਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗ ਰਹੇ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਦੀ ਇਕ ਸਹੇਲੀ ਨੇ ਕਰੋੜਾਂ ਰੁਪਏ ਖਾ ਕੇ ਅਫਸਰਾਂ ਦੀਆਂ ਨਿਯੁਕਤੀਆਂ ਕਰਵਾਈਆਂ ਹਨ। ਹੋਰ ਵੀ ਕਈ ਘੁਟਾਲੇ ਹਨ, ਜਿਸ ਨਾਲ ਇਮਰਾਨ ਦੀ ਪ੍ਰਧਾਨ ਮੰਤਰੀ ਵਜੋਂ ਸ਼ਖਸੀਅਤ ਦਾਗਦਾਰ ਹੋਈ ਹੈ।

1996 'ਚ ਤਹਿਰੀਕ-ਏ-ਇਨਸਾਫ ਪਾਰਟੀ ਦੀ ਸਥਾਪਨਾ ਤੋਂ ਪਹਿਲਾਂ ਉਨ੍ਹਾਂ ਦੇ ਸਾਹਮਣੇ ਛੇ ਸਵਾਲ ਸਨ। ਕੀ ਉਹ ਪਾਕਿਸਤਾਨ ਨੂੰ ਇਕ ਲੋਕਤੰਤਰਿਕ ਨਿਜ਼ਾਮ ਦੇ ਸਕਦੇ ਹਨ? ਕੀ ਉਹ ਲੋਕਤੰਤਰ ਦੀ ਸੰਸਥਾਗਤ ਧਾਰਨਾ 'ਚ ਵਿਸ਼ਵਾਸ ਰੱਖਦੇ ਹਨ? ਕੀ ਉਨ੍ਹਾਂ ਦੇ ਕੋਲ ਪਾਕਿਸਤਾਨ ਦੇ ਆਰਥਿਕ ਵਿਕਾਸ ਨੂੰ ਅੱਗੇ ਵਧਾਉਣ ਦਾ ਰਸਤਾ ਹੈ? ਕੀ ਉਹ ਚਾਰੇ ਪਾਸੇ ਫੈਲੇ ਭ੍ਰਿਸ਼ਟਾਚਾਰ ਉੱਪਰ ਕੋਈ ਰੋਕ ਲਗਾ ਸਕਦੇ ਹਨ? ਕੀ ਉਹ ਪਾਕਿਸਤਾਨੀ ਸਮਾਜ ਨੂੰ ਜਗੀਰਦਾਰਾਂ ਦੇ ਸ਼ਿਕੰਜੇ ਤੋਂ ਕੱਢ ਕੇ ਉੱਨਤੀ ਵੱਲ ਲਿਜਾ ਸਕਦੇ ਹਨ? ਕੀ ਉਹ ਪਾਕਿਸਤਾਨ ਨੂੰ ਅਮਰੀਕਾ ਦਾ ਪਿਛਲੱਗੂ ਬਣੇ ਰਹਿਣ ਦੀ ਸਥਿਤੀ ਤੋਂ ਕੱਢ ਕੇ ਇਕ ਗੌਰਵਸ਼ਾਲੀ ਆਧੁਨਿਕ ਰਾਸ਼ਟਰ ਬਣਾ ਸਕਦੇ ਹਨ? ਕੀ ਉਹ ਪਾਕਿਸਤਾਨ ਨੂੰ ਭਾਰਤ ਵਿਰੋਧੀ ਜੰਗੀ ਕਾਰਵਾਈਆਂ ਤੋਂ ਮੁਕਤੀ ਦਿਵਾ ਕੇ ਉਪ ਮਹਾਂਦੀਪ ਨੂੰ ਸ਼ਾਂਤੀ ਤੇ ਭਾਈਚਾਰੇ ਦੇ ਰਾਹ 'ਤੇ ਲਿਜਾ ਸਕਦੇ ਹਨ? ਦੋ ਦਹਾਕਿਆਂ ਬਾਅਦ ਅੱਜ ਵੀ ਨਾ ਸਿਰਫ ਇਮਰਾਨ ਖਾਨ ਦੇ ਸਾਹਮਣੇ ਇਹੀ ਛੇ ਸਵਾਲ ਹਨ, ਸਗੋਂ ਸਮੁੱਚਾ ਪਾਕਿਸਤਾਨ ਇਨ੍ਹਾਂ ਸਵਾਲਾਂ ਦਾ ਸਾਹਮਣਾ ਕਰ ਰਿਹਾ ਹੈ।

ਇਮਰਾਨ ਦੀ ਇਕ ਵਿਲੱਖਣ ਖੂਬੀ 'ਤੇ ਗੌਰ ਕਰ ਲੈਣਾ ਜ਼ਰੂਰੀ ਹੈ। ਇਹ ਖੂਬੀ ਹੈ ਵਕਤ ਅਤੇ ਜ਼ਰੂਰਤ ਦੇ ਨਾਲ ਖੁਦ ਨੂੰ ਪੂਰੀ ਤਰ੍ਹਾਂ ਨਾਲ ਬਦਲ ਲੈਣ ਦੀ ਸਮਰੱਥਾ। ਕ੍ਰਿਕਟ 'ਚ ਆਪਣੀ ਸ਼ੁਰੂਆਤ ਕਰਦਿਆਂ ਇਮਰਾਨ ਖਾਨ ਹੁਨਰਮੰਦ ਬੱਲੇਬਾਜ਼ ਅਤੇ ਕੰਮ ਚਲਾਊ ਤੇਜ਼ ਗੇਂਦਬਾਜ਼ ਸਨ ਪਰ ਉਨ੍ਹਾਂ ਦੇ ਚਚੇਰੇ ਭਰਾ ਅਤੇ ਪਾਕਿਸਤਾਨੀ ਟੀਮ ਦੇ ਪ੍ਰਮੁੱਖ ਬੱਲੇਬਾਜ਼ ਮਾਜਿਦ ਖਾਨ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਕੌਮੀ ਟੀਮ 'ਚ ਇਕ ਤੋਂ ਇਕ ਵੱਡੇ ਬੱਲੇਬਾਜ਼ ਮੌਜੂਦ ਹਨ ਪਰ ਅਸਲ ਟੀਮ ਨੂੰ ਤੇਜ਼ ਗੇਂਦਬਾਜ਼ ਚਾਹੀਦਾ ਹੈ। ਇਹ ਸਲਾਹ ਮੰਨ ਕੇ ਇਮਰਾਨ ਨੇ ਖੁਦ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੱਤਾ। ਉਨ੍ਹਾਂ ਨੇ ਸਖਤ ਮਸ਼ੱਕਤ ਕਰਕੇ ਪਹਿਲਾਂ ਆਪਣੀ ਦੇਹ ਤੇਜ਼ ਗੇਂਦਬਾਜ਼ੀ ਦੇ ਅਨੁਕੂਲ ਬਣਾਈ ਅਤੇ ਫਿਰ ਗੇਂਦ ਸੁੱਟਦੇ ਸਮੇਂ ਇਕ ਉਛਾਲ ਵਿਕਸਿਤ ਕਰਕੇ ਆਪਣੀ ਰਫਤਾਰ ਵਧਾਈ। ਤੇਜ਼ੀ ਨਾਲ ਉਨ੍ਹਾਂ ਨੇ ਹਵਾ 'ਚ ਗੇਂਦ ਨੂੰ ਲਹਿਰਾਉਣ ਦੀ ਕਲਾ 'ਚ ਵੀ ਮੁਹਾਰਤ ਹਾਸਲ ਕੀਤੀ ਅਤੇ ਖਤਰਨਾਕ ਗੇਂਦਬਾਜ਼ ਬਣ ਗਏ। ਇਸ ਤਰ੍ਹਾਂ ਉਨ੍ਹਾਂ ਨੂੰ ਟੀਮ 'ਚ ਨਾ ਸਿਰਫ ਸ਼ਾਮਿਲ ਹੋਣ ਦਾ ਮੌਕਾ ਮਿਲਿਆ ਸਗੋਂ ਉਨ੍ਹਾਂ ਨੇ ਆਪਣੀ ਉਦਾਹਰਨ ਨਾਲ ਪਾਕਿਸਤਾਨ ਦੇ ਨੌਜਵਾਨਾਂ ਨੂੰ ਇਹ ਸੰਦੇਸ਼ ਵੀ ਦਿੱਤਾ ਕਿ ਕ੍ਰਿਕਟ ਦੀ ਖੇਡ ਵਿਚ ਨਾਇਕ ਸਿਰਫ ਬੱਲੇਬਾਜ਼ ਹੀ ਨਹੀਂ ਹੁੰਦਾ ਸਗੋਂ ਗੇਂਦਬਾਜ਼ ਵੀ ਹੁੰਦਾ ਹੈ।

ਇਸੇ ਤਰ੍ਹਾਂ ਜਦੋਂ ਉਹ ਸਿਆਸਤ 'ਚ ਆਏ ਤਾਂ ਆਪਣੇ ਮੁੱਖ ਸਲਾਹਕਾਰ ਲੈਫਟੀਨੈਂਟ ਜਨਰਲ ਹਮੀਦ ਗੁਲ (ਸਾਬਕਾ ਆਈ.ਐਸ.ਆਈ. ਮੁਖੀ) ਦੀ ਰਾਏ ਨਾਲ ਉਨ੍ਹਾਂ ਨੇ ਆਪਣੀ ਪੱਛਮੀਕ੍ਰਿਤ ਅਤੇ ਅੰਗਰੇਜ਼ੀਅਤ ਸ਼ਖਸੀਅਤ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੱਤਾ। ਆਕਸਬ੍ਰਿਜ ਕੁਨੈਕਸ਼ਨ ਦੇ ਦਮ 'ਤੇ ਇੰਗਲੈਂਡ 'ਚ ਬੇਹੱਦ ਲੋਕਪ੍ਰਿਅ ਇਮਰਾਨ ਖਾਨ ਨਾਰੀਵਾਦੀ ਚਿੱਤਰਕਾਰ ਐਮਾ ਸਾਰਜੈਂਟ ਨਾਲ ਪਿਆਰ ਕਰਦੇ ਸਨ ਪਰ ਪਾਕਿਸਤਾਨ ਦਾ ਨੇਤਾ ਬਣਨ ਲਈ ਉਨ੍ਹਾਂ ਨੇ ਪੱਛਮੀ ਕੱਪੜੇ ਛੱਡ ਦਿੱਤੇ, ਉਰਦੂ 'ਚ ਭਾਸ਼ਣ ਦੇਣਾ ਸ਼ੁਰੂ ਕੀਤਾ, ਔਰਤਾਂ ਨੂੰ ਬੱਚਿਆਂ ਦੇ ਪਾਲਣ-ਪੋਸ਼ਣ 'ਚ ਧਿਆਨ ਲਗਾਉਣ ਦਾ ਉਪਦੇਸ਼ ਦਿੱਤਾ ਅਤੇ ਅਜਿਹੇ ਰੂੜ੍ਹੀਵਾਦੀ ਦੇ ਰੂਪ 'ਚ ਉੱਭਰੇ ਜੋ ਕਹਿੰਦਾ ਸੀ ਕਿ ਉਸ ਨੂੰ ਕੁਰਾਨ-ਏ-ਪਾਕ 'ਚ ਸਭ ਕੁਝ ਮਿਲ ਗਿਆ ਹੈ।

ਚੋਣਾਂ 'ਚ ਸ਼ੁਰੂਆਤੀ ਅਸਫਲਤਾਵਾਂ ਵਿਚਾਲੇ ਇਮਰਾਨ ਨੂੰ ਕਾਮਯਾਬੀ ਦਾ ਪਹਿਲਾ ਸਵਾਦ 2013 'ਚ ਮਿਲਿਆ, ਜਦੋਂ ਉਨ੍ਹਾਂ ਦੀ ਪਾਰਟੀ ਨੂੰ ਖੈਬਰ-ਪਖਤੂਨਵਾ 'ਚ ਗੱਠਜੋੜ ਸਰਕਾਰ ਦੀ ਅਗਵਾਈ ਕਰਨ ਦਾ ਮੌਕਾ ਮਿਲਿਆ। ਇਹ ਪ੍ਰਾਂਤ ਆਪਣੇ ਫੌਜੀ ਮਹੱਤਵ ਲਈ ਜਾਣਿਆ ਜਾਂਦਾ ਹੈ। ਹਾਲਾਂਕਿ ਇਮਰਾਨ ਪਹਿਲਾਂ ਤੋਂ ਹੀ ਫੌਜ ਅਤੇ ਆਈ.ਐਸ.ਆਈ. ਦੇ ਨਜ਼ਦੀਕ ਸਨ, 'ਤੇ ਇਸ ਸੂਬੇ 'ਤੇ ਹਕੂਮਤ ਦੇ ਜ਼ਰੀਏ ਉਹ ਇਸ ਮੁਲਕ ਦੇ ਫੌਜੀ ਨਿਜ਼ਾਮ ਦੇ ਪਸੰਦੀਦਾ ਨੇਤਾ ਬਣ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਫੌਜ ਦੇ ਨਾਲ ਇਕ ਅੰਦਰੂਨੀ ਸਮਝੌਤਾ ਕਰਕੇ ਨਵਾਜ਼ ਸ਼ਰੀਫ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾ ਕੇ ਉਨ੍ਹਾਂ ਨੂੰ ਠਿਕਾਣੇ ਲਗਾਉਣ ਦੀ ਯੋਜਨਾ 'ਤੇ ਅਮਲ ਸ਼ੁਰੂ ਕੀਤਾ। ਅਦਾਲਤ ਨੇ ਵੀ ਫੌਜ ਦਾ ਸਾਥ ਦਿੱਤਾ ਅਤੇ ਦੇਖਦਿਆਂ ਹੀ ਦੇਖਦਿਆਂ ਨਵਾਜ਼ ਸ਼ਰੀਫ ਲਈ ਪਾਕਿਸਤਾਨ 'ਚ ਸਿਆਸਤ ਕਰਨਾ ਲਗਭਗ ਨਾਮੁਮਕਿਨ ਹੋ ਗਿਆ। ਇਸ ਯੋਜਨਾ ਦੀ ਸਫਲਤਾ ਦਾ ਨਤੀਜਾ ਹੀ ਇਮਰਾਨ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਮਿਲਣ ਦੇ ਰੂਪ 'ਚ ਦੇਖਿਆ ਜਾ ਸਕਦਾ ਹੈ।

ਸਵਾਲ ਹੈ: ਹੁਣ ਇਮਰਾਨ ਕੀ ਕਰਨਗੇ? ਉਨ੍ਹਾਂ ਨੂੰ ਵਿਦੇਸ਼ ਜਾਣ ਤੋਂ ਰੋਕਣ ਦੀ ਅਦਾਲਤੀ ਕਾਰਵਾਈ ਸ਼ੁਰੂ ਹੋ ਚੁੱਕੀ ਹੈ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪਵੇ ਅਤੇ ਉਨ੍ਹਾਂ ਦਾ ਹਸ਼ਰ ਵੀ ਭੁੱਟੋ, ਜ਼ਰਦਾਰੀ ਅਤੇ ਨਵਾਜ਼ ਸ਼ਰੀਫ ਵਰਗਾ ਹੋਵੇ। ਅਗਲੀਆਂ ਚੋਣਾਂ ਉਨ੍ਹਾਂ ਦੀ ਲੋਕਪ੍ਰਿਅਤਾ ਦੀ ਪ੍ਰੀਖਿਆ ਲੈਣਗੀਆਂ ਪਰ ਫੌਜ ਉਨ੍ਹਾਂ ਨੂੰ ਕਿਸੇ ਕੀਮਤ 'ਤੇ ਚੋਣਾਂ ਨਹੀਂ ਜਿੱਤਣ ਦੇਵੇਗੀ। ਜਨਰਲ ਬਾਜਵਾ ਉਨ੍ਹਾਂ ਨੂੰ ਮੁੜ ਸੱਤਾ 'ਚ ਨਹੀਂ ਦੇਖਣਾ ਚਾਹੁੰਦੇ। ਵਿਰੋਧੀ ਧਿਰ ਦਾ ਕੋਈ ਨੇਤਾ ਇਮਰਾਨ ਨਾਲ ਹਮਦਰਦੀ ਨਹੀਂ ਰੱਖਦਾ। ਉਨ੍ਹਾਂ ਲਈ ਕੋਈ ਗੱਠਜੋੜ ਬਣਾਉਣਾ ਵੀ ਮੁਸ਼ਕਿਲ ਹੈ। ਕ੍ਰਿਕਟ 'ਚ ਅਜਿਹੀ ਸਥਿਤੀ ਨੂੰ 'ਰਿਟਾਇਰਡ ਹਰਟ' ਕਿਹਾ ਜਾਂਦਾ ਹੈ। ਇਹ ਸਹੀ ਹੈ ਕਿ ਜ਼ਖਮੀ ਹੋ ਕੇ ਪਵੇਲੀਅਨ ਪਰਤਣ ਵਾਲਾ ਬੱਲੇਬਾਜ਼ ਕਦੇ ਨਾ ਕਦੇ ਵਾਪਸੀ ਕਰਦਾ ਹੈ ਪਰ ਰਾਜਨੀਤੀ ਦੇ ਮੈਦਾਨ 'ਚ ਅਜਿਹੀ ਵਾਪਸੀ ਕ੍ਰਿਕਟ ਦੇ ਮੁਕਾਬਲੇ ਤੋਂ ਕਿਤੇ ਵੱਧ ਮੁਸ਼ਕਿਲ ਹੈ।

# ਚੰਡੀਗੜ੍ਹ ਦਾ ਸਵਾਲ ਅਤੇ ਸਿਆਸਤ

**_ਚੰਡੀਗੜ੍ਹ ਦੇ ਮਾਮਲੇ ਵਿਚ ਪੰਜਾਬ ਨਾਲ ਸਰਾਸਰ ਧੱਕਾ ਹੋਇਆ ਹੈ। ਇਸ ਮਾਮਲੇ ਵਿਚ ਕੇਂਦਰ ਸਰਕਾਰ ਨੇ ਉਹ ਨੀਤੀ ਨਹੀਂ ਅਪਣਾਈ ਜੋ ਭਾਰਤ ਦੀਆਂ ਬਾਕੀ ਰਾਜਧਾਨੀਆਂ ਲਈ ਅਪਣਾਈ। ਅੱਜ ਵੀ ਭਾਰਤ ਦੇ ਹਾਕਮ ਰਾਜਧਾਨੀ ਚੰਡੀਗੜ੍ਹ ਸਣੇ ਹੋਰ ਕੌਮੀ ਮਸਲਿਆਂ ਬਾਰੇ ਫੁੱਟ-ਪਾਊ ਨੀਤੀ ਆਪਣਾ ਰਹੇ ਹਨ ਤਾਂ ਜੋ ਲੋੜ ਪੈਣ 'ਤੇ ਇਸ ਮਸਲੇ ਨੂੰ ਛੇੜਿਆ ਜਾਵੇ ਅਤੇ ਫਿਰ ਪੰਜਾਬ ਤੇ ਹਰਿਆਣਾ ਦੇ ਲੋਕਾਂ ਨੂੰ ਆਪਸ ਵਿਚ ਲੜਾਇਆ ਜਾ ਸਕੇ। ਮਾਨਵ ਨੇ ਆਪਣੇ ਇਸ ਲੇਖ ਵਿਚ ਇਸ ਮਸਲੇ ਦੇ ਪਿਛੋਕੜ ਦੇ ਹਵਾਲੇ ਨਾਲ ਤੱਥ ਪੇਸ਼ ਕੀਤੇ ਹਨ।_**



**ਮਾਨਵ**
**ਫੋਨ: +91-98888-08188**

ਪਹਿਲਾਂ ਸਿਟਕੋ ਵਿਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰਨ, ਤੇ ਹੁਣ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਕੇਂਦਰ ਸਰਕਾਰ ਦੇ ਨੇਮ ਲਾਗੂ ਕਰਨ ਦੇ ਐਲਾਨ ਨਾਲ ਚੰਡੀਗੜ੍ਹ ਦਾ ਮੁੱਦਾ ਇੱਕ ਵਾਰ ਫਿਰ ਭਖ ਗਿਆ ਹੈ। ਕੇਂਦਰ ਸਰਕਾਰ ਦੀ ਇਸ ਕੇਂਦਰਵਾਦੀ ਧੁਸ ਨੇ ਪੰਜਾਬ ਦੇ ਚੰਡੀਗੜ੍ਹ 'ਤੇ ਹੱਕ ਦੇ ਸਵਾਲ ਨੂੰ ਮੁੜ ਉਭਾਰ ਦਿੱਤਾ ਹੈ। ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਕਿਉਂ ਬਣਦਾ ਹੈ, ਇਸ ਬਾਰੇ ਤਰਕਸੰਗਤ ਢੰਗ ਨਾਲ ਗੱਲ ਕਰਨ ਦੀ ਫੌਰੀ ਲੋੜ ਹੈ।

ਕਿਸੇ ਖਿੱਤੇ ਦੀ ਰਾਜਧਾਨੀ ਉਸ ਦਾ ਮੁਹਾਂਦਰਾ ਹੁੰਦੀ ਹੈ। ਇਹ ਉਸ ਕੌਮ ਦੀਆਂ ਸਿਆਸੀ, ਸਮਾਜਕ, ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਹੁੰਦੀ ਹੈ ਪਰ ਜੇ ਕਿਸੇ ਕੌਮ ਨੂੰ ਉਸ ਦੀ ਰਾਜਧਾਨੀ ਨਾਲੋਂ ਵੱਖ ਕਰ ਦਿੱਤਾ ਜਾਵੇ ਤਾਂ ਲਾਜ਼ਮੀ ਉਸ ਕੌਮ ਦੇ ਵਿਕਾਸ ਵਿਚ ਰੁਕਾਵਟ ਆਉਣੀ ਤੈਅ ਹੈ। ਪੰਜਾਬ ਦੇ ਮਾਮਲੇ ਵਿਚ ਅਜਿਹਾ ਹੀ ਹੋਇਆ। ਪਹਿਲਾਂ 1947 ਦੀ ਵੰਡ ਨੇ ਪੰਜਾਬ ਦੇ ਟੋਟੇ ਕੀਤੇ ਤੇ ਸਿਆਸੀ, ਸਭਿਆਚਾਰਕ ਸਰਗਰਮੀਆਂ ਦਾ ਗੜ੍ਹ ਲਾਹੌਰ ਲਹਿੰਦੇ ਪੰਜਾਬ ਵਿਚ ਰਹਿ ਗਿਆ, ਪੰਜਾਬ ਦੇ ਕਰੋੜਾਂ ਲੋਕਾਂ ਨੂੰ ਇਸ ਸਿਆਸੀ ਸਭਿਆਚਾਰਕ ਕੇਂਦਰ ਤੋਂ ਵੱਖ ਕਰ ਦਿੱਤਾ ਗਿਆ। ਮਗਰੋਂ ਭਾਰਤ ਦੇ ਹਾਕਮਾਂ ਨੇ ਚੜ੍ਹਦੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤਾਂ ਬਣਾਈ ਪਰ ਇਸ ਨੂੰ ਪੰਜਾਬ ਹਵਾਲੇ ਨਾ ਕੀਤਾ ਸਗੋਂ ਇਸ ਨੂੰ ਸਿੱਧਾ ਕੇਂਦਰ ਦੇ ਕਬਜ਼ੇ ਵਿਚ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਰੱਖ ਲਿਆ। ਪਹਿਲਾਂ ਅੰਗਰੇਜ਼ਾਂ, ਮਗਰੋਂ ਭਾਰਤ ਦੇ ਹਾਕਮਾਂ ਨੇ ਆਪਣੇ ਸਿਆਸੀ ਹਿੱਤਾਂ ਖਾਤਰ ਇਸ ਪੂਰੇ ਖਿੱਤੇ ਵਿਚ ਪ੍ਰਸ਼ਾਸਕੀ ਇਕਾਈਆਂ ਸਿਰਫ ਆਪਣੀ ਹਕੂਮਤ ਸੌਖਿਆਂ ਕਰਨ ਦੇ ਲਿਹਾਜ਼ ਤੋਂ ਬਣਾਈਆਂ। ਲੋਕਾਂ ਦੀ ਬੋਲੀ ਤੇ ਸਭਿਆਚਾਰ ਦੀ ਸਾਂਝ ਨੂੰ ਆਧਾਰ ਨਹੀਂ ਬਣਾਇਆ ਗਿਆ। ਅੱਜ ਕੇਂਦਰ ਸਰਕਾਰ ਨੇ ਅਖੌਤੀ 'ਹਿੰਦੂ ਰਾਸ਼ਟਰ' ਦੇ ਏਜੰਡੇ ਤਹਿਤ ਅਨੇਕਾਂ ਕੌਮਾਂ ਨੂੰ ਜ਼ੋਰ-ਜ਼ਬਰਦਸਤੀ ਕੌਮ ਬਣਾਉਣ ਦਾ ਰਾਹ ਫੜਿਆ ਹੋਇਆ ਹੈ।

ਚੰਡੀਗੜ੍ਹ ਬਣਾਉਣ ਦੀ ਪੂਰੀ ਯੋਜਨਾ ਹੇਠਲੇ ਸ਼ਿਵਾਲਿਕ ਦੀਆਂ ਪਹਾੜੀਆਂ ਨੇੜੇ ਵਸਦੇ ਪੰਜਾਬ ਦੇ 50 ਪਿੰਡ ਉਜਾੜ ਕੇ ਬਣਾਉਣੀ ਤੈਅ ਹੋਈ ਸੀ ਜਿਨ੍ਹਾਂ ਵਿਚੋਂ 28 ਪਿੰਡਾਂ ਨੂੰ ਉਜਾੜ ਦਿੱਤਾ ਗਿਆ ਜਦਕਿ 22 ਅਜੇ ਵਸਦੇ ਹਨ ਜਿੱਥੇ ਪੰਚਾਇਤਾਂ ਖਤਮ ਕਰਕੇ ਉਨ੍ਹਾਂ ਨੂੰ ਨਗਰ ਨਿਗਮ ਚੰਡੀਗੜ੍ਹ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਹ ਆਲੇ-ਦੁਆਲਿਓਂ ਪੰਜਾਬੀ ਇਲਾਕਿਆਂ ਨਾਲ ਘਿਰਿਆ ਹੋਇਆ ਸ਼ਹਿਰ ਹੈ ਪਰ ਕੁਦਰਤੀ ਤੌਰ 'ਤੇ ਇਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਥਾਵੇਂ ਕੇਂਦਰ ਹਕੂਮਤ ਨੇ ਇਸ ਨੂੰ ਬਨਾਉਟੀ ਟਾਪੂ ਵਜੋਂ ਐਨ ਵਿਚਾਲੇ ਖੜ੍ਹਾ ਕਰ ਦਿੱਤਾ। ਇਹ ਸੀ ਭੂਗੋਲਿਕ ਸਥਿਤੀ ਜਿਸ ਕਰਕੇ ਪੰਜਾਬ ਦਾ ਚੰਡੀਗੜ੍ਹ ਉੱਪਰ ਦਾਅਵਾ ਬਣਦਾ ਹੈ। ਜੇ ਅਸੀਂ ਸੰਤਾਲੀ ਤੋਂ ਮਗਰੋਂ ਦੇ ਭਾਰਤ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਜਿੱਥੇ ਕਿਤੇ ਵੀ ਰਾਜਧਾਨੀ ਦਾ ਮਸਲਾ ਅੜਿਆ, ਉਥੇ ਲੋਕ ਦਬਾਅ ਹੇਠ ਰਾਜਧਾਨੀ ਉਸ ਸੂਬੇ ਨੂੰ ਹੀ ਦਿੱਤੀ ਗਈ ਜਿੱਥੇ ਉਹ ਭੂਗੋਲਿਕ ਤੌਰ 'ਤੇ ਸਥਿਤ ਸੀ। ਸਿਰਫ ਚੰਡੀਗੜ੍ਹ ਦੇ ਮਾਮਲੇ ਵਿਚ ਅਜਿਹਾ ਨਹੀਂ ਕੀਤਾ ਗਿਆ।

ਬਰਤਾਨਵੀ ਹਾਕਮਾਂ ਨੇ ਆਪਣੀਆਂ ਪ੍ਰਸ਼ਾਸਕੀ ਲੋੜਾਂ ਖਾਤਰ ਇਸ ਪੂਰੇ ਖਿੱਤੇ ਨੂੰ ਵੱਖ ਵੱਖ ਪ੍ਰਸ਼ਾਸਕੀ ਇਕਾਈਆਂ ਤੇ ਰਾਜਿਆਂ ਅਧੀਨ ਆਉਂਦੇ ਰਾਜਾਂ ਤਹਿਤ ਵੰਡਿਆ ਹੋਇਆ ਸੀ। ਇਹ ਵੰਡ ਨਿਰੋਲ ਆਪਣੀਆਂ ਲੋੜਾਂ ਖਾਤਰ ਸੀ ਜਿਸ ਦੀ ਕੋਈ ਤਰਕਸੰਗਤ ਬੁਨਿਆਦ ਨਹੀਂ ਸੀ। ਜਦੋਂ ਅੰਗਰੇਜ਼ਾਂ ਨੇ 1905 ਵਿਚ ਬੰਗਾਲ ਨੂੰ ਵੰਡਣ ਦਾ ਫੈਸਲਾ ਕੀਤਾ ਤਾਂ ਬੰਗਾਲੀ ਲੋਕਾਂ ਅੰਦਰ ਜ਼ਬਰਦਸਤ ਰੋਸ ਦੇਖਣ ਨੂੰ ਮਿਲਿਆ। ਉਸ ਵੇਲੇ ਇਸ ਲੋਕ ਦਬਾਅ ਨੂੰ ਤਾੜਦਿਆਂ ਕਾਂਗਰਸ ਪਾਰਟੀ ਨੇ ਬੰਗਾਲੀਆਂ ਦੇ ਏਕੇ ਦੀ ਹਮਾਇਤ ਕੀਤੀ ਸਗੋਂ ਭਾਸ਼ਾਈ ਆਧਾਰ 'ਤੇ ਬਿਹਾਰ ਸੂਬਾ ਬਣਾਉਣ ਦੀ ਮੰਗ ਦਾ ਵੀ ਸਾਥ ਦਿੱਤਾ।

ਇਸੇ ਤਰ੍ਹਾਂ 1917 ਵਿਚ ਕਾਂਗਰਸ ਨੇ ਭਾਸ਼ਾਈ ਬੁਨਿਆਦ ਵਾਲ਼ੇ ਦੋ ਸੂਬੇ ਆਂਧਰਾ ਤੇ ਸਿੰਧ ਕਾਇਮ ਕਰਨ ਦੀ ਮੰਗ ਦੀ ਹਮਾਇਤ ਕੀਤੀ।



ਆਪਣੀ ਇਸ ਨੀਤੀ ਨੂੰ ਅਮਲੀ ਜਾਮਾ ਪੁਆਉਂਦਿਆਂ 1920 ਦੇ ਨਾਗਪੁਰ ਸੈਸ਼ਨ ਵਿਚ ਕਾਂਗਰਸ ਨੇ ਆਪਣੀਆਂ ਸੂਬਾਈ ਕਮੇਟੀਆਂ ਭਾਸ਼ਾ ਆਧਾਰਿਤ ਬਣਾਈਆਂ ਤੇ 1927 ਵਿਚ ਭਾਸ਼ਾਈ ਆਧਾਰ 'ਤੇ ਸੂਬੇ ਬਣਾਉਣ ਦਾ ਮਤਾ ਪ੍ਰਵਾਨ ਕੀਤਾ। ਵਧਦੇ ਲੋਕ ਦਬਾਅ ਅਧੀਨ ਬਰਤਾਨਵੀ ਹਾਕਮਾਂ ਨੂੰ 1935 ਦੇ ਭਾਰਤ ਸਰਕਾਰ ਐਕਟ ਅਧੀਨ ਸੀਮਤ ਜਿਹੀ ਸੂਬਾਈ ਖੁਦਮੁਖਤਾਰੀ ਦੇਣੀ ਪਈ ਤੇ 1936 ਵਿਚ ਉੜੀਸਾ ਤੇ ਸਿੰਧ ਪਹਿਲੇ ਸੂਬੇ ਬਣੇ ਜਿਨ੍ਹਾਂ ਨੂੰ ਭਾਸ਼ਾਈ ਆਧਾਰ 'ਤੇ ਕਾਇਮ ਕੀਤਾ ਗਿਆ। ਕਾਂਗਰਸ ਪਾਰਟੀ ਨੇ ਵੀ 1937 ਵਿਚ ਇਸੇ ਤਰਜ਼ 'ਤੇ ਆਂਧਰਾ, ਕਰਨਾਟਕਾ ਤੇ 1938 ਵਿਚ ਕੇਰਲ ਨੂੰ ਭਾਸ਼ਾਈ ਬੁਨਿਆਦ 'ਤੇ ਕਾਇਮ ਕਰਨ ਦੀ ਵਕਾਲਤ ਕੀਤੀ।

ਇਸ ਚਰਚਾ ਤੋਂ ਅਸੀਂ ਦੇਖ ਸਕਦੇ ਹਾਂ ਕਿ ਕਿਸ ਤਰ੍ਹਾਂ ਲੋਕ ਦਬਾਅ ਅਧੀਨ ਤੇ ਅੰਗਰੇਜ਼ਾਂ ਖਿਲਾਫ ਲੜਾਈ ਵਿਚ ਤਾਂ ਲੋਕ ਰਾਏ ਆਪਣੇ ਹੱਕ ਵਿਚ ਪੁਗਾਉਣ ਲਈ ਕਾਂਗਰਸ ਪਾਰਟੀ ਨੇ ਸੂਬਿਆਂ ਨੂੰ ਭਾਸ਼ਾਈ ਬੁਨਿਆਦ 'ਤੇ ਕਾਇਮ ਕਰਨ ਦਾ ਵਾਅਦਾ ਕੀਤਾ ਪਰ 1947 ਮਗਰੋਂ ਕਾਂਗਰਸ ਇਨ੍ਹਾਂ ਵਾਅਦਿਆਂ ਤੋਂ ਮੁੱਕਰ ਗਈ। ਪਹਿਲਾਂ 1948 ਦੀ ਧਰ ਕਮਿਸ਼ਨ ਦੀ ਰਿਪੋਰਟ ਤੇ ਮਗਰੋਂ ਨਹਿਰੂ, ਪਟੇਲ ਦੀ ਅਗਵਾਈ ਵਾਲ਼ੇ ਕਮਿਸ਼ਨ ਦੀ ਰਿਪੋਰਟ ਨੇ ਇਸ ਮੰਗ ਨੂੰ ਖਾਰਜ ਕਰ ਦਿੱਤਾ। 1951 ਵਿਚ ਆਪਣੇ ਐਲਾਨਨਾਮੇ ਵਿਚੋਂ ਕਾਂਗਰਸ ਨੇ ਭਾਸ਼ਾਈ ਬੁਨਿਆਦ 'ਤੇ ਸੂਬੇ ਬਣਾਉਣ ਦੀ ਮੰਗ ਨੂੰ ਕੱਢ ਦਿੱਤਾ ਪਰ ਸਭ ਤੋਂ ਪਹਿਲਾਂ ਦੱਖਣ ਦੇ ਲੋਕਾਂ ਨੇ ਆਪਣੇ ਹੱਕ ਲਈ ਇਕੱਠਾ ਹੋਣਾ ਸ਼ੁਰੂ ਕੀਤਾ।

1952 ਵਿਚ ਸਾਂਝੀ ਮਦਰਾਸ ਰਿਆਸਤ ਵਿਚ ਜ਼ਬਰਦਸਤ ਲੋਕ ਲਹਿਰ ਉੱਠੀ। ਇਹ ਲਹਿਰ ਮਦਰਾਸ ਰਿਆਸਤ ਵਿਚੋਂ ਤੈਲਗੂ ਬੋਲਦੇ ਇਲਾਕੇ ਅਲੱਗ ਕਰਕੇ ਆਂਧਰਾ ਸੂਬਾ ਬਣਾਉਣ ਦੇ ਹੱਕ ਲਈ ਸੀ। ਇੱਕ ਪਾਸੇ ਤੈਲਗੂ ਭਾਸ਼ੀ ਸਨ ਤੇ ਦੂਜੇ ਪਾਸੇ ਤਾਮਿਲ ਸਨ। ਦੋਹਾਂ ਦਾ ਦਾਅਵਾ ਰਾਜਧਾਨੀ ਮਦਰਾਸ ਨੂੰ ਲੈ ਕੇ ਭਖ ਗਿਆ ਪਰ ਅੰਤ ਨੂੰ ਅਕਤੂਬਰ 1953 ਵਿਚ ਵੱਖਰਾ ਆਂਧਰਾ ਸੂਬਾ ਬਣਾਇਆ ਗਿਆ ਜਿਸ ਦੀ ਰਾਜਧਾਨੀ ਕੁਰਨੂਲ ਬਣਾਈ ਗਈ ਤੇ ਮਦਰਾਸ ਤਾਮਿਲਨਾਡੂ ਨੂੰ ਹੀ ਦਿੱਤਾ ਗਿਆ।

ਇਸ ਪੂਰੇ ਮਾਮਲੇ ਵਿਚ ਕਈ ਅਜਿਹੇ ਸੁਝਾਅ ਵੀ ਉੱਠੇ ਜਿਨ੍ਹਾਂ ਬਾਰੇ ਜਾਨਣਾ ਦਿਲਚਸਪ ਤੇ ਜ਼ਰੂਰੀ ਹੈ। ਇੱਕ ਗਲਤ ਸੁਝਾਅ ਇਹ ਉੱਠਿਆ ਕਿ ਸ਼ਹਿਰ ਵਿਚੋਂ ਲੰਘਦੀ ਕੂਮ ਨਦੀ ਨੂੰ ਬੁਨਿਆਦ ਬਣਾ ਕੇ ਸ਼ਹਿਰ ਦੋ ਹਿੱਸਿਆਂ ਵਿਚ ਵੰਡ ਦਿੱਤਾ ਜਾਵੇ। ਸ਼ਹਿਰ ਦਾ ਉੱਤਰੀ ਹਿੱਸਾ ਆਂਧਰਾ ਨੂੰ ਤੇ ਦੱਖਣੀ ਤਾਮਿਲਨਾਡੂ ਨੂੰ ਦੇ ਦਿੱਤਾ ਜਾਵੇ ਪਰ ਇਸ ਸੁਝਾਅ 'ਤੇ ਕੋਈ ਸਹਿਮਤੀ ਨਾ ਬਣੀ। ਉਸ ਵੇਲ਼ੇ ਕਈ ਲੋਕਾਂ ਦੀ ਇਹ ਰਾਏ ਵੀ ਆਈ ਕਿ ਮਦਰਾਸ ਨੂੰ ਲੈ ਕੇ ਵੋਟਾਂ ਪੁਆ ਲਾਈਆਂ ਜਾਣ ਕਿ ਉਥੋਂ ਦੇ ਲੋਕ ਕਿਸ ਸੂਬੇ ਵਿਚ ਰਹਿਣਾ ਚਾਹੁੰਦੇ ਹਨ ਪਰ ਇਸ ਸੁਝਾਅ ਨੂੰ ਵੀ ਅਮਲਯੋਗ ਨਹੀਂ ਮੰਨਿਆ ਗਿਆ (ਕਈ ਚੰਡੀਗੜ੍ਹ ਵਿਚ ਵੀ ਵੋਟਾਂ ਪਵਾਉਣ ਦਾ ਸੁਝਾਅ ਦਿੰਦੇ ਹਨ)। ਪੱਤਾਬੀ ਸੀਤਾਰਮਈਆ ਜਿਹੜਾ ਕਿ ਨਹਿਰੂ ਤੇ ਪਟੇਲ ਨਾਲ ਭਾਸ਼ਾਈ ਬੁਨਿਆਦ 'ਤੇ ਸੂਬੇ ਕਾਇਮ ਕਰਨ ਨੂੰ ਲੈ ਕੇ ਬਣਾਈ ਕਮੇਟੀ ਦਾ ਮੈਂਬਰ ਸੀ, ਨੇ ਮੰਗ ਕੀਤੀ ਕਿ ਮਦਰਾਸ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਇਆ ਜਾਵੇ। ਇਸ ਮਗਰੋਂ ਕਾਇਮ ਕੀਤੀ ਜਸਟਿਸ ਵਾਨਚੂ ਕਮੇਟੀ ਵੱਲ਼ੋਂ ਵੀ ਸੁਝਾਅ ਆਇਆ ਕਿ ਜਦੋਂ ਤੱਕ ਨਵਾਂ ਬਣਨ ਵਾਲ਼ਾ ਸੂਬਾ ਆਂਧਰਾ ਆਪਣੀ ਕੋਈ ਹੋਰ ਰਾਜਧਾਨੀ ਕਾਇਮ ਨਹੀਂ ਕਰ ਲੈਂਦਾ, ਉਦੋਂ ਤੱਕ (ਪੰਜਾਂ ਕੁ ਸਾਲਾਂ ਤੱਕ) ਮਦਰਾਸ ਉਸ ਦੀ ਸਾਂਝੀ ਰਾਜਧਾਨੀ ਬਣੀ ਰਹੇ ਪਰ ਇਨ੍ਹਾਂ ਸਭ ਦਲੀਲਾਂ ਨੂੰ ਰੱਦ ਕਰਦਿਆਂ ਅਕਤੂਬਰ 1953 ਨੂੰ ਆਂਧਰਾ ਸੂਬਾ ਕਾਇਮ ਹੋਇਆ ਪਰ ਮਦਰਾਸ ਉਸੇ ਤਾਮਿਲਨਾਡੂ ਵਿਚ ਰਹਿਣ ਦਿੱਤਾ ਗਿਆ ਜਿੱਥੇ ਉਹ ਭੂਗੋਲਿਕ ਤੌਰ 'ਤੇ ਕਾਇਮ ਸੀ।

ਕੁਝ ਸਾਲਾਂ ਬਾਅਦ ਹੀ ਹੈਦਰਾਬਾਦ ਰਿਆਸਤ ਦੇ ਤਿੰਨ ਹਿੱਸੇ ਕੀਤੇ ਗਏ ਜਿਸ ਦਾ ਇੱਕ ਹਿੱਸਾ ਆਂਧਰਾ ਵਿਚ ਰਲਾ ਦਿੱਤਾ ਗਿਆ ਤੇ ਹੈਦਰਾਬਾਦ ਨੂੰ ਰਾਜਧਾਨੀ ਬਣਾਇਆ ਗਿਆ। ਲਗਭਗ ਉਸੇ ਵੇਲੇ ਤੋਂ ਹੀ ਆਂਧਰਾ ਵਿਚੋਂ ਤਿਲੰਗਾਨਾ ਨੂੰ ਅੱਡ ਬਣਾਉਣ ਦੀ ਮੰਗ ਉੱਠਦੀ ਆ ਰਹੀ ਹੈ। ਜੁਲਾਈ 2013 ਵਿਚ ਕੇਂਦਰ ਸਰਕਾਰ ਵੱਲੋਂ ਨਵੇਂ ਸੂਬੇ ਤਿਲੰਗਾਨਾ ਨੂੰ ਕਾਇਮ ਕਰਨ ਦਾ ਐਲਾਨ ਹੋਇਆ ਤੇ ਫੈਸਲਾ ਹੋਇਆ ਕਿ ਇਸ ਨਵੇਂ ਸੂਬੇ ਦੀ ਰਾਜਧਾਨੀ ਹੈਦਰਾਬਾਦ ਹੋਵੇਗੀ ਤੇ ਦਸ ਸਾਲਾਂ ਤੱਕ ਆਂਧਰਾ ਵੀ ਇਸ ਰਾਜਧਾਨੀ ਦੀ ਵਰਤੋਂ ਕਰ ਸਕਦਾ ਹੈ ਪਰ ਰਾਜਧਾਨੀ ਇਹ ਤਿਲੰਗਾਨਾ ਨੂੰ ਹੀ ਦਿੱਤੀ ਜਾਵੇਗੀ; ਭਾਵ, ਭੂਗੋਲਿਕ ਤੌਰ 'ਤੇ ਹੈਦਰਾਬਾਦ ਜਿੱਥੇ ਸਥਿਤ ਸੀ, ਉਸੇ ਸੂਬੇ ਨੂੰ ਹੀ ਇਸ ਨੂੰ ਦੇਣ ਦਾ ਫੈਸਲਾ ਕੀਤਾ ਗਿਆ।

**_ਚੰਡੀਗੜ੍ਹ ਬਣਾਉਣ ਦੀ ਪੂਰੀ ਯੋਜਨਾ ਹੇਠਲੇ ਸ਼ਿਵਾਲਿਕ ਦੀਆਂ ਪਹਾੜੀਆਂ ਨੇੜੇ ਵਸਦੇ ਪੰਜਾਬ ਦੇ 50 ਪਿੰਡ ਉਜਾੜ ਕੇ ਬਣਾਉਣੀ ਤੈਅ ਹੋਈ ਸੀ ਜਿਨ੍ਹਾਂ ਵਿਚੋਂ 28 ਪਿੰਡਾਂ ਨੂੰ ਉਜਾੜ ਦਿੱਤਾ ਗਿਆ ਜਦਕਿ 22 ਅਜੇ ਵਸਦੇ ਹਨ ਜਿੱਥੇ ਪੰਚਾਇਤਾਂ ਖਤਮ ਕਰਕੇ ਉਨ੍ਹਾਂ ਨੂੰ ਨਗਰ ਨਿਗਮ ਚੰਡੀਗੜ੍ਹ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਹ ਆਲੇ-ਦੁਆਲਿਓਂ ਪੰਜਾਬੀ ਇਲਾਕਿਆਂ ਨਾਲ ਘਿਰਿਆ ਹੋਇਆ ਸ਼ਹਿਰ ਹੈ ਪਰ ਕੁਦਰਤੀ ਤੌਰ 'ਤੇ ਇਸ ਨੂੰ ਪੰਜਾਬ ਵਿਚ ਸ਼ਾਮਲ ਕਰਨ ਦੀ ਥਾਵੇਂ ਕੇਂਦਰ ਹਕੂਮਤ ਨੇ ਇਸ ਨੂੰ ਬਨਾਉਟੀ ਟਾਪੂ ਵਜੋਂ ਐਨ ਵਿਚਾਲੇ ਖੜ੍ਹਾ ਕਰ ਦਿੱਤਾ।_**

ਇਸੇ ਪ੍ਰਸੰਗ ਵਿਚ ਬੰਬੇ ਦਾ ਮਾਮਲਾ ਵੀ ਦਿਲਚਸਪ ਹੈ। ਗੁਜਰਾਤ ਤੇ ਮਹਾਰਾਸ਼ਟਰ ਦਰਮਿਆਨ ਬੰਬੇ 'ਤੇ ਹੱਕ ਨੂੰ ਲੈ ਕੇ ਚੱਲਣ ਵਾਲ਼ਾ ਰੌਲ਼ਾ ਸੰਤਾਲੀ ਤੋਂ ਤੁਰੰਤ ਮਗਰੋਂ ਹੀ ਸ਼ੁਰੂ ਹੋ ਗਿਆ ਸੀ। ਬੰਬੇ ਸ਼ਹਿਰ ਦੇ ਵਪਾਰ 'ਤੇ ਗੁਜਰਾਤੀ ਵਪਾਰੀਆਂ ਦਾ ਦਬਦਬਾ ਸੀ ਤੇ ਉਨ੍ਹਾਂ ਤਰਕ ਕੀਤਾ ਕਿ ਬੰਬੇ ਸ਼ਹਿਰ ਵਿਚ ਮਰਾਠੇ ਕੋਈ ਪੁਰਾਣੇ ਬਾਸ਼ਿੰਦੇ ਨਹੀਂ ਸਗੋਂ ਉਨ੍ਹਾਂ ਦੀ ਆਮਦ ਪਰਵਾਸੀਆਂ ਵਜੋਂ ਕੁਝ ਸਮੇਂ ਤੋਂ ਹੀ ਹੋਈ ਹੈ। ਗੁਜਰਾਤੀਆਂ ਦਾ ਤਰਕ ਸੀ ਕਿ ਮਰਾਠੇ ਬੰਬੇ ਦੀ ਵਸੋਂ ਵਿਚ ਸਿਰਫ 43% ਬਣਦੇ ਹਨ; ਭਾਵ ਘੱਟਗਿਣਤੀ। ਜਵਾਬ ਵਿਚ ਮਰਾਠਿਆਂ ਵੱਲੋਂ ਉਸੇ ਤਰ੍ਹਾਂ ਦੇ ਤਰਕ ਦਿੱਤੇ ਗਏ ਜਿਸ ਤਰ੍ਹਾਂ ਦੇ 1920ਵਿਆਂ ਵਿਚ ਸੋਵੀਅਤ ਯੂਨੀਅਨ ਵਿਚ ਲਾਗੂ ਕੀਤੇ ਜਾਂਦੇ ਸਨ; ਭਾਵ, ਸ਼ਹਿਰਾਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਤੋਂ ਨਾ ਕੱਟਣਾ, ਸ਼ਹਿਰਾਂ ਨੂੰ ਉਨ੍ਹਾਂ ਕੌਮਾਂ ਹਵਾਲੇ ਕਰਨਾ ਜਿਹੜੀ ਕੌਮ ਉਸ ਸ਼ਹਿਰ ਦੇ ਆਸੇ-ਪਾਸੇ ਵਸੀ ਹੋਈ ਹੈ। ਪਹਿਲਾਂ 1948 ਦੇ ਧਰ ਕਮਿਸ਼ਨ ਤੇ ਫਿਰ 1949 ਵਿਚ ਕਾਂਗਰਸ ਦੀ ਉੱਚ ਪੱਧਰੀ ਕਮੇਟੀ ਨੇ ਇਹ ਸਿਫਾਰਿਸ਼ ਕੀਤੀ ਕਿ ਬੰਬੇ ਨੂੰ ਦੋਹਾਂ ਵਿਚੋਂ ਕਿਸੇ ਵੀ ਸੂਬੇ ਦੀ ਰਾਜਧਾਨੀ ਨਾ ਬਣਾਇਆ ਜਾਵੇ ਤੇ ਇਸ ਨੂੰ ਕੇਂਦਰ ਦੇ ਕੰਟਰੋਲ ਵਾਲ਼ੀ ਵੱਖਰੀ ਇਕਾਈ ਵਜੋਂ ਹੀ ਰੱਖਿਆ ਜਾਵੇ। ਨਹਿਰੂ ਤੇ ਉਸ ਦੇ ਹਮਾਇਤੀ ਧੜੇ ਨੇ ਕਿਹਾ ਕਿ ਬੰਬੇ ਬਹੁ-ਸਭਿਆਚਾਰਕ ਸ਼ਹਿਰ ਹੈ, ਇਸ ਦਾ ਇਹੀ ਖਾਸਾ ਕਾਇਮ ਰੱਖਿਆ ਜਾਵੇ ਪਰ ਬੰਬੇ ਦੇ ਮਰਾਠੀ ਤੇ ਗੁਜਰਾਤੀ ਲੋਕਾਂ ਨੂੰ ਇਹ ਸਰਕਾਰੀ ਫੈਸਲਾ ਮਨਜ਼ੂਰ ਨਹੀਂ ਸੀ। ਉਸ ਵੇਲ਼ੇ ਰੋਹ ਹੋਰ ਵਧ ਗਿਆ ਜਦ 1955 ਵਿਚ ਸੂਬਿਆਂ ਦੇ ਮੁੜ ਵੰਡ ਦੀ ਕਮੇਟੀ ਨੇ ਦੋ ਵੱਖਰੇ ਸੂਬੇ ਬਣਾਉਣ ਦੀ ਥਾਂ ਸਾਂਝੇ ਦੋ-ਭਾਸ਼ਾਈ ਸੂਬੇ ਦੀ ਸਿਫਾਰਿਸ਼ ਕੀਤੀ ਜਿਸ ਦੀ ਰਾਜਧਾਨੀ ਬੰਬੇ ਹੋਵੇਗੀ। ਮਰਾਠਿਆਂ ਨੇ ਇਸ ਕਮੇਟੀ ਨੂੰ ਆਪਣਾ ਤਰਕ ਦਿੰਦੇ ਹੋਏ ਕਿਹਾ, "ਸਵਾਲ ਇਹ ਨਹੀਂ ਕਿ ਬੰਬੇ 'ਤੇ ਕਿਸ ਦਾ ਕੰਟਰੋਲ ਹੈ, ਸਵਾਲ ਇਹ ਹੈ ਕਿ ਬੰਬੇ ਕਿੱਥੇ ਸਥਿਤ ਹੈ। ਬੰਬੇ ਚਾਰ-ਚੁਫੇਰਿਓਂ ਮਹਾਰਾਸ਼ਟਰ ਨਾਲ ਘਿਰਿਆ ਹੋਇਆ ਹੈ। 'ਕੁਦਰਤੀ' ਤੌਰ 'ਤੇ ਇਹ ਪਿੰਡਾਂ ਵੱਲ਼ੋਂ ਪਰਵਾਸ ਰਾਹੀਂ 'ਮਰਾਠੀ ਖਾਸਾ' ਅਖਤਿਆਰ ਕਰ ਲਵੇਗਾ ਪਰ ਜੇ ਬੰਬੇ ਨੂੰ 'ਇਸ ਦੇ ਆਲੇ-ਦੁਆਲੇ ਤੋਂ" ਅੱਡ ਕਰ ਦਿੱਤਾ ਗਿਆ ਤਾਂ 'ਇਸ ਦਾ ਵਿਕਾਸ ਵਿਗੜ ਜਾਵੇਗਾ।'

ਪਰ ਹਲਾਤ ਉਦੋਂ ਬਦਤਰ ਹੋ ਗਏ ਜਦੋਂ ਕੇਂਦਰ ਨੇ ਸਹੀ ਫੈਸਲੇ ਦੀ ਥਾਂ ਬੰਬੇ ਨੂੰ ਕੇਂਦਰ ਸ਼ਾਸਤ ਖਿੱਤਾ ਐਲਾਨ ਦਿੱਤਾ। ਬੰਬੇ ਤੇ ਅਹਿਮਦਾਬਾਦ ਸ਼ਹਿਰ ਵਿਚ ਹਿੰਸਾ ਭੜਕ ਗਈ, ਦਰਜਨਾਂ ਲੋਕ ਮਾਰੇ ਗਏ। 1956 ਵਿਚ ਕੇਂਦਰ ਸਰਕਾਰ ਨੇ ਬੰਬੇ ਬਾਰੇ ਤਾਂ ਆਪਣਾ ਫੈਸਲਾ ਵਾਪਸ ਲੈ ਲਿਆ ਪਰ ਸਾਂਝੇ ਦੋ-ਭਾਸ਼ਾਈ ਸੂਬੇ ਬਾਰੇ ਆਪਣੇ ਫੈਸਲੇ 'ਤੇ ਕਾਇਮ ਰਹੀ ਜਿਸ ਕਰਕੇ ਬੰਬੇ ਰਾਜ ਵਿਚੋਂ ਦੋ ਵੱਖਰੇ ਸੂਬੇ ਮਹਾਰਾਸ਼ਟਰ ਤੇ ਗੁਜਰਾਤ ਬਣਾਉਣ ਦੀ ਮੰਗ ਜਾਰੀ ਰਹੀ। ਚੋਣਾਂ ਵਿਚ ਹਾਲਤ ਭੈੜੀ ਹੋਣ ਤੋਂ ਮਗਰੋਂ ਕਾਂਗਰਸ ਨੂੰ ਸਮਝ ਆ ਗਿਆ ਕਿ ਬੰਬੇ ਦਾ ਮਸਲਾ ਹੱਲ ਕਰਨਾ ਉਸ ਦੀ ਸਥਾਨਕ ਹੋਂਦ ਲਈ ਜ਼ਰੂਰੀ ਹੈ। ਇਸੇ ਲਈ ਪਹਿਲੀ ਮਈ 1960 ਨੂੰ ਦੋ ਨਵੇਂ ਸੂਬੇ ਮਹਾਰਾਸ਼ਟਰ ਤੇ ਗੁਜਰਾਤ ਬਣਾਏ ਗਏ ਤੇ ਬੰਬੇ ਨੂੰ ਉਸੇ ਸੂਬੇ ਨੂੰ ਦਿੱਤਾ ਗਿਆ ਜਿੱਥੇ ਉਹ ਭੂਗੋਲਿਕ ਤੌਰ 'ਤੇ ਕਾਇਮ ਸੀ; ਭਾਵ, ਮਹਾਰਾਸ਼ਟਰ ਨੂੰ। ਇਸੇ ਤਰ੍ਹਾਂ ਭੋਪਾਲ ਰਿਆਸਤ ਨੂੰ 1949 ਵਿਚ ਆਪਣੇ ਨਾਲ ਰਲਾਉਣ ਤੋਂ ਬਾਅਦ ਕੇਂਦਰ ਸਰਕਾਰ ਨੇ ਆਪਣੇ ਅਖਤਿਆਰ ਵਿਚ ਲੈ ਲਿਆ ਪਰ ਜਦ 1956 ਵਿਚ ਇਸ ਨੂੰ ਮੱਧ ਪ੍ਰਦੇਸ਼ ਵਿਚ ਸ਼ਾਮਲ ਕੀਤਾ ਗਿਆ, ਭੋਪਾਲ ਉਸੇ ਸੂਬੇ ਮੱਧ ਪ੍ਰਦੇਸ਼ ਦੀ ਰਾਜਧਾਨੀ ਬਣਾਇਆ ਗਿਆ ਜਿੱਥੇ ਉਹ ਭੂਗੋਲਿਕ ਤੌਰ 'ਤੇ ਕਾਇਮ ਸੀ।

ਅਖੀਰ ਵਿਚ ਇੱਕ ਮਿਸਾਲ ਸੰਸਾਰ ਦੇ ਤਜਰਬੇ ਵਿਚੋਂ ਵੀ ਸਾਂਝੀ ਕਰਨੀ ਕੁਥਾਂਹ ਨਹੀਂ ਹੋਵੇਗੀ। ਸੋਵੀਅਤ ਯੂਨੀਅਨ ਦੇ ਕੱਟੜ ਆਲੋਚਕ ਤੱਕ ਇਸ ਗੱਲ ਨੂੰ ਤਸਲੀਮ ਕਰਦੇ ਹਨ ਕਿ ਰੂਸ ਵਿਚ ਸਮਾਜਵਾਦੀ ਇਨਕਲਾਬ ਮਗਰੋਂ ਸੈਂਕੜੇ ਹੀ ਕੌਮਾਂ ਤੇ ਵੱਖਰੀ ਪਛਾਣ ਵਾਲ਼ੇ ਲੋਕ ਸਮੂਹਾਂ ਨੂੰ ਨਵੀਂ ਪਛਾਣ ਦਿੱਤੀ ਗਈ, ਉਨ੍ਹਾਂ ਦਾ ਆਰਥਕ, ਸਮਾਜਕ, ਸਭਿਆਚਾਰਕ ਵਿਕਾਸ ਕੀਤਾ ਗਿਆ।

ਇਸੇ ਸੋਵੀਅਤ ਯੂਨੀਅਨ ਵਿਚ ਵੀ ਰਾਜਧਾਨੀ ਦਾ ਮਸਲਾ ਉੱਠ ਖੜ੍ਹਾ ਹੋਇਆ ਸੀ। ਜਾਰਜਿਆਈ ਸੋਵੀਅਤ ਸਮਾਜਵਾਦੀ ਗਣਰਾਜ ਦੀ ਰਾਜਧਾਨੀ ਤਿਫਲਿਸ ਅਜਿਹਾ ਹੀ ਜਟਿਲ ਮਾਮਲਾ ਸੀ ਜਿੱਥੇ ਇਤਿਹਾਸਕ ਤੌਰ 'ਤੇ ਜਾਰਜਿਆਈ ਦੇ ਮੁਕਾਬਲੇ ਆਰਮੀਨੀਆਈ ਤੇ ਰੂਸੀ ਆਬਾਦੀ ਦਾ ਦਬਦਬਾ ਸੀ। ਤਿਫਲਿਸ ਦੇ ਵਪਾਰ ਤੇ ਸਿਆਸਤ 'ਤੇ ਅਰਮੀਨੀਆਈ ਲੋਕਾਂ ਦਾ ਦਬਦਬਾ ਸੀ ਤੇ ਸ਼ਹਿਰ ਦੀ ਦੋ ਤੋਂ ਤਿੰਨ-ਚੌਥਾਈ ਵਸੋਂ ਅਰਮੀਨੀਆਈ ਲੋਕਾਂ ਦੀ ਸੀ ਪਰ ਇਸ ਦੇ ਬਾਵਜੂਦ ਤਿਫਲਿਸ ਸ਼ਹਿਰ ਨੂੰ ਜਾਰਜੀਆ ਤੋਂ ਕੱਟ ਕੇ ਕੋਈ ਵੱਖਰਾ ਖਿੱਤਾ ਨਹੀਂ ਬਣਾਇਆ ਗਿਆ ਸਗੋਂ ਇਸ ਨੂੰ ਜਾਰਜੀਆ ਦੀ ਹੀ ਰਾਜਧਾਨੀ ਬਣਾਇਆ ਗਿਆ। ਇੰਝ ਕਰਕੇ ਜਾਰਜੀਆਈ ਤੇ ਅਰਮੀਨੀਆਈ ਲੋਕਾਂ ਦਰਮਿਆਨ ਪੈਦਾ ਹੋਣ ਵਾਲ਼ੇ ਤਣਾਅ ਨੂੰ ਆਪਸੀ ਮਿਲਵਰਤਣ ਰਾਹੀਂ ਤੇ ਕੌਮੀ ਮਸਲੇ 'ਤੇ ਸਹੀ ਪਹੁੰਚ ਰਾਹੀਂ ਹੱਲ ਕਰ ਦਿੱਤਾ ਗਿਆ।

ਇਨ੍ਹਾਂ ਸਾਰੀਆਂ ਮਿਸਾਲਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਕਿਵੇਂ ਚੰਡੀਗੜ੍ਹ ਦੇ ਮਾਮਲੇ ਵਿਚ ਪੰਜਾਬ ਨਾਲ ਧੱਕਾ ਹੋਇਆ। ਚੰਡੀਗੜ੍ਹ ਦੇ ਮਾਮਲੇ ਵਿਚ ਕੇਂਦਰ ਸਰਕਾਰ ਨੇ ਉਹ ਨੀਤੀ ਨਹੀਂ ਅਪਣਾਈ ਜੋ ਭਾਰਤ ਦੀਆਂ ਬਾਕੀ ਰਾਜਧਾਨੀਆਂ ਲਈ ਅਪਣਾਈ। ਅੱਜ ਵੀ ਕੇਂਦਰ ਦੇ ਹਾਕਮ ਰਾਜਧਾਨੀ ਚੰਡੀਗੜ੍ਹ ਸਣੇ ਹੋਰ ਕੌਮੀ ਮਸਲਿਆਂ ਬਾਰੇ ਫੁੱਟ-ਪਾਊ ਨੀਤੀ ਆਪਣਾ ਰਹੇ ਹਨ ਤਾਂ ਜੋ ਲੋੜ ਪੈਣ 'ਤੇ ਇਸ ਮਸਲੇ ਨੂੰ ਛੇੜਿਆ ਜਾਵੇ ਤੇ ਪੰਜਾਬ ਤੇ ਹਰਿਆਣਾ ਦੇ ਲੋਕਾਂ ਨੂੰ ਆਪਸ ਵਿਚ ਲੜਾਇਆ ਜਾ ਸਕੇ। ਕੌਮੀ ਮਸਲੇ 'ਤੇ ਕੇਂਦਰ ਦੇ ਹਾਕਮਾਂ ਦਾ ਇਹ ਵਤੀਰਾ ਦੋਹਾਂ ਸੂਬਿਆਂ ਦੇ ਲੋਕਾਂ ਦੀ ਜਮਾਤੀ ਸਾਂਝ ਨੂੰ ਕਮਜ਼ੋਰ ਕਰਨ ਦਾ ਹਥਿਆਰ ਹੈ ਪਰ ਜਬਰ ਦੀ ਅਜਿਹੀ ਨੀਤੀ ਨਾ ਤਾਂ ਕਦੇ ਇਤਿਹਾਸ ਵਿਚ ਕਾਮਯਾਬ ਹੋਈ ਹੈ ਤੇ ਨਾ ਹੀ ਅੱਗੇ ਭਵਿੱਖ ਵਿਚ ਹੋਵੇਗੀ।

# ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਉਸਾਰੀ

***ਪੰਜਾਬ ਦੇ ਬਹੁਗਿਣਤੀ ਅਤੇ ਘੱਟਗਿਣਤੀ ਭਾਈਚਾਰਿਆਂ ਦੇ ਤੱਥ ਬੜੇ ਰੌਚਕ ਹਨ। ਸਿੱਖ ਭਾਈਚਾਰਾ ਪੰਜਾਬ ਵਿਚ ਬਹੁਗਿਣਤੀ (58%) ਅਤੇ ਕੌਮੀ ਪੱਧਰ 'ਤੇ ਅਤਿ ਘੱਟਗਿਣਤੀ (0.7%) ਵਿਚ ਹੈ। ਹਿੰਦੂ ਭਾਈਚਾਰਾ ਪੰਜਾਬ ਵਿਚ ਘੱਟਗਿਣਤੀ ਸਮੂਹ (38%) ਹੈ ਜਦੋਂਕਿ ਕੌਮੀ ਪੱਧਰ 'ਤੇ ਬਹੁਗਿਣਤੀ (80%) ਹੈ। ਪੰਜਾਬ ਦੀ ਘੱਟਗਿਣਤੀ ਹਿੰਦੂ ਵੱਸੋਂ ਸ਼ਹਿਰਾਂ ਵਿਚ ਵਸਦੀ ਹੈ ਅਤੇ ਉਦਯੋਗ ਜਾਂ ਵਪਾਰ ਕਿੱਤਾ ਕਰਦੀ ਹੈ। ਇਸ ਤੋਂ ਇਲਾਵਾ ਮੁਸਲਿਮ 1.93% ਅਤੇ ਇਸਾਈ 1.26% ਹਨ।***

ਦੁਨੀਆ ਭਰ ਦੇ ਪੰਜਾਬੀ ਵੱਖ-ਵੱਖ ਧਰਮਾਂ, ਜਾਤਾਂ ਜਮਾਤਾਂ ਦੀ ਸਾਂਝ ਦੀ ਬਿਹਤਰੀਨ ਮਿਸਾਲ ਹਨ। ਅਜੋਕੇ ਸਮੇਂ ਵਿਚ ਪੰਜਾਬੀਆਂ ਨੂੰ ਮੁੱਖ ਤੌਰ 'ਤੇ ਤਿੰਨ ਇਲਾਕਾਈ ਖਿੱਤਿਆਂ ਵਿਚ ਵੰਡਿਆ ਜਾ ਸਕਦਾ ਹੈ: ਭਾਰਤੀ ਪੰਜਾਬੀ, ਪਾਕਿਸਤਾਨੀ ਪੰਜਾਬੀ ਅਤੇ ਪਰਵਾਸੀ ਪੰਜਾਬੀ। ਇਨ੍ਹਾਂ ਤਿੰਨਾਂ ਖਿੱਤਿਆਂ ਵਿਚੋਂ ਗਿਣਤੀ ਪੱਖੋਂ ਪਾਕਿਸਤਾਨ ਦੇ ਪੰਜਾਬੀ ਸਭ ਤੋਂ ਵੱਧ ਹਨ। ਇਨ੍ਹਾਂ ਦੀ ਗਿਣਤੀ ਤਕਰੀਬਨ 10 ਕਰੋੜ ਹੈ। ਦੂਜੇ ਨੰਬਰ 'ਤੇ ਭਾਰਤੀ ਪੰਜਾਬੀ ਹਨ ਜਿਨ੍ਹਾਂ ਦੀ ਗਿਣਤੀ ਤਿੰਨ ਕਰੋੜ ਤੋਂ ਵੱਧ ਹੈ। ਤੀਜੇ ਨੰਬਰ 'ਤੇ ਪਰਵਾਸੀ ਪੰਜਾਬੀਆਂ ਦੀ ਗਿਣਤੀ ਹੈ ਜੋ ਤਕਰੀਬਨ ਇੱਕ ਕਰੋੜ ਤੋਂ ਵੱਧ ਹੈ।

ਭਾਰਤੀ ਪੰਜਾਬ ਸਿੱਖ ਬਹੁਗਿਣਤੀ ਵਾਲਾ ਰਾਜ ਹੈ। ਇੱਥੇ ਹਿੰਦੂ ਮੁੱਖ ਘੱਟਗਿਣਤੀ ਭਾਈਚਾਰਾ ਹੈ। ਜਾਤੀ/ਜਮਾਤੀ ਪੱਖ ਤੋਂ ਦਲਿਤ ਪੰਜਾਬ ਦਾ ਵੱਡਾ ਭਾਈਚਾਰਾ ਹੈ। ਇਸ ਤੋਂ ਇਲਾਵਾ ਔਰਤਾਂ, ਸੇਪੀ ਜਮਾਤਾਂ ਅਤੇ ਪੱਛੜੇ ਦਮਿਤ ਵਰਗਾਂ ਦੀ ਵੀ ਕਾਫੀ ਵੱਡੀ ਗਿਣਤੀ ਹੈ। ਪੰਜਾਬੀ ਕੌਮ ਦੀ ਸਾਕਾਰਾਤਮਕ ਉਸਾਰੀ ਵਿਚ ਇਨ੍ਹਾਂ ਭਾਈਚਾਰਿਆਂ



**ਹਰਵਿੰਦਰ ਸਿੰਘ**
ਫੋਨ: +91-97790-89450

ਦੀ ਫੈਸਲਾਕੁਨ ਭੂਮਿਕਾ ਬਣਦੀ ਹੈ। ਕਿਸੇ ਵੀ ਦੇਸ਼ ਜਾਂ ਕੌਮ ਦੀ ਉਸਾਰੀ ਲਈ ਉੱਥੋਂ ਦੀ ਬਹੁਗਿਣਤੀ ਵੱਲੋਂ ਘੱਟਗਿਣਤੀਆਂ ਦੇ ਵਿਸ਼ਵਾਸ ਨੂੰ ਜਿੱਤ ਕੇ ਉਨ੍ਹਾਂ ਦੀ ਪੂਰੀ ਸ਼ਮੂਲੀਅਤ ਲਈ ਸਾਜ਼ਗਾਰ ਹਾਲਾਤ ਪੈਦਾ ਕਰਨ ਦੀ ਬਹੁਤ ਵੱਡੀ ਭੂਮਿਕਾ ਹੁੰਦੀ ਹੈ।

ਪੰਜਾਬ ਦੇ ਬਹੁਗਿਣਤੀ ਅਤੇ ਘੱਟਗਿਣਤੀ ਭਾਈਚਾਰਿਆਂ ਦੇ ਤੱਥ ਬੜੇ ਰੌਚਕ ਹਨ। ਸਿੱਖ ਭਾਈਚਾਰਾ ਪੰਜਾਬ ਵਿਚ ਬਹੁਗਿਣਤੀ (58 ਫੀਸਦੀ) ਅਤੇ ਕੌਮੀ ਪੱਧਰ 'ਤੇ ਅਤਿ ਘੱਟਗਿਣਤੀ (0.7 ਫੀਸਦੀ) ਵਿਚ ਹੈ। ਹਿੰਦੂ ਭਾਈਚਾਰਾ ਪੰਜਾਬ ਵਿਚ ਘੱਟਗਿਣਤੀ ਸਮੂਹ (38 ਫੀਸਦੀ) ਹੈ ਜਦੋਂਕਿ ਕੌਮੀ ਪੱਧਰ 'ਤੇ ਬਹੁਗਿਣਤੀ (80 ਫੀਸਦੀ) ਹੈ। ਪੰਜਾਬ ਦੀ ਘੱਟਗਿਣਤੀ ਹਿੰਦੂ ਵੱਸੋਂ ਸ਼ਹਿਰਾਂ ਵਿਚ ਵਸਦੀ ਹੈ ਅਤੇ ਉਦਯੋਗ ਜਾਂ ਵਪਾਰ ਕਿੱਤਾ ਕਰਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿਚ ਮੁਸਲਿਮ 1.93 ਫੀਸਦੀ ਅਤੇ ਇਸਾਈ 1.26 ਫੀਸਦੀ ਹਨ। ਪੰਜਾਬ ਦੀ ਪੇਂਡੂ ਅਤੇ ਖੇਤੀ ਆਰਥਿਕਤਾ ਮੁੱਖ ਰੂਪ ਵਿਚ ਸਿੱਖਾਂ ਕੋਲ ਹੈ ਅਤੇ ਸ਼ਹਿਰੀ ਉਦਯੋਗ ਤੇ ਵਪਾਰ ਕਾਰੋਬਾਰ ਦੀ ਵਾਗਡੋਰ ਜ਼ਿਆਦਾਤਰ ਹਿੰਦੂ ਵੱਸੋਂ ਕੋਲ। ਪੰਜਾਬ ਦੇ ਉਦਯੋਗਿਕ ਵਿਕਾਸ ਵਿਚ ਪੰਜਾਬ ਦੇ ਘੱਟਗਿਣਤੀ ਹਿੰਦੂ ਭਾਈਚਾਰੇ ਦਾ ਅਹਿਮ ਯੋਗਦਾਨ ਹੈ। ਪੰਜਾਬ ਦੇ ਇਸ ਭਾਈਚਾਰੇ ਦੇ ਹੱਥ ਵਿਚ ਸੂਬੇ ਦੀ ਆਰਥਿਕਤਾ ਦਾ ਭਵਿੱਖ ਹੈ ਕਿਉਂਕਿ ਆਰਥਿਕ ਨਿਯਮਾਂ ਅਨੁਸਾਰ ਖੇਤੀ ਦਾ ਯੋਗਦਾਨ ਹੌਲੀ ਹੌਲੀ ਘਟਣਾ ਅਤੇ ਉਦਯੋਗ ਤੇ ਸੇਵਾਵਾਂ ਖੇਤਰਾਂ ਦਾ ਯੋਗਦਾਨ ਵਧਣਾ ਹੁੰਦਾ ਹੈ। ਇਸ ਤਰਤੀਬ ਦਾ ਵਿਕਾਸ ਹੀ ਸਾਕਾਰਾਤਮਕ ਅਤੇ ਅਗਾਂਹਵਧੂ ਮੰਨਿਆ ਜਾਂਦਾ ਹੈ। ਪੰਜਾਬ ਦੀ ਆਰਥਿਕਤਾ ਵਿਚ ਸਾਲ 1970-71 ਵਿਚ ਖੇਤੀ ਖੇਤਰ ਦਾ ਰਾਜ ਉਤਪਾਦਨ/ਆਮਦਨ ਯੋਗਦਾਨ 57.47 ਫੀਸਦੀ ਸੀ ਜੋ ਸਾਲ 2019-20 ਵਿਚ ਘਟ ਕੇ 28.10 ਫੀਸਦੀ ਭਾਵ ਤਕਰੀਬਨ ਅੱਧਾ ਰਹਿ ਗਿਆ। ਇਸ ਸਮੇਂ ਦੌਰਾਨ ਉਦਯੋਗਿਕ ਖੇਤਰ ਦਾ ਉਤਪਾਦਨ/ਆਮਦਨ ਯੋਗਦਾਨ 15.70 ਫੀਸਦੀ ਤੋਂ ਵਧ ਕੇ 25.10 ਫੀਸਦੀ ਹੋ ਗਿਆ ਜੋ ਆਉਣ ਵਾਲੇ ਸਮੇਂ ਵਿਚ ਹੋਰ ਵਧਦਾ ਜਾਵੇਗਾ। ਇਸੇ ਤਰ੍ਹਾਂ ਖੇਤੀ ਵਿਚ ਰੁਜ਼ਗਾਰ ਘਟਦਾ ਜਾ ਰਿਹਾ ਹੈ ਅਤੇ ਉਦਯੋਗ ਵਿਚ ਇਸ ਦਾ ਵਾਧਾ ਹੁੰਦਾ ਜਾ ਰਿਹਾ ਹੈ। ਪੰਜਾਬ ਵਿਚ 1970 ਵਿਚ ਖੇਤੀ ਅਤੇ ਇਸ ਨਾਲ ਸਬੰਧਿਤ ਖੇਤਰਾਂ ਵਿਚ ਕੁੱਲ ਕਿਰਤ ਦਾ 63 ਫੀਸਦੀ ਹਿੱਸਾ ਰੁਜ਼ਗਾਰਸ਼ੁਦਾ ਸੀ ਜੋ 2018 ਵਿਚ 26 ਫੀਸਦੀ ਰਹਿ ਗਿਆ। ਇਸੇ ਸਮੇਂ ਦੌਰਾਨ ਉਦਯੋਗਿਕ ਖੇਤਰ ਦਾ ਰੁਜ਼ਗਾਰ ਵਿਚ ਹਿੱਸਾ 13.28 ਫੀਸਦੀ ਤੋਂ ਵਧ ਕੇ 33.10 ਫੀਸਦੀ ਹੋ ਗਿਆ। ਇਸ ਤੱਥ ਅਨੁਸਾਰ ਪੰਜਾਬੀ ਕੌਮੀਅਤ ਦੀ ਉਸਾਰੀ ਵਿਚ ਉਦਯੋਗਿਕ ਅਤੇ ਵਪਾਰ ਸੰਭਾਲ ਰਹੇ ਪੰਜਾਬੀ ਹਿੰਦੂ ਭਾਈਚਾਰੇ ਦੀ ਭਵਿੱਖਮੁਖੀ ਮਹੱਤਤਾ ਵਡੇਰੀ ਹੈ। ਆਰਥਿਕਤਾ ਕਿਸੇ ਵੀ ਕੌਮੀਅਤ ਦੇ ਵਿਕਾਸ ਦੀ ਅਹਿਮ ਕੜੀ ਹੁੰਦੀ ਹੈ। ਇਸ ਲਿਹਾਜ਼ ਨਾਲ ਪੰਜਾਬ ਅਤੇ ਪੰਜਾਬੀ ਕੌਮ ਦੇ ਭਵਿੱਖ ਲਈ ਇੱਥੋਂ ਦੀ ਹਿੰਦੂ ਘੱਟਗਿਣਤੀ ਦਾ ਯੋਗਦਾਨ ਅਹਿਮ ਰਿਹਾ ਹੈ ਅਤੇ ਰਹੇਗਾ। ਪਰ ਪੰਜਾਬ ਦੇ ਇਤਿਹਾਸਕ ਘਟਨਾਕ੍ਰਮ ਵਿਚ ਹਿੰਦੂ ਘੱਟਗਿਣਤੀ ਦੇ ਆਰਥਿਕਤਾ ਦੀ ਅਹਿਮ ਕੜੀ ਵਜੋਂ ਪਾਏ ਯੋਗਦਾਨ ਨੂੰ ਗੌਰਵਮਈ ਤਰੀਕੇ ਨਾਲ ਮਾਨਤਾ ਨਹੀਂ ਦਿੱਤੀ ਗਈ। ਇਸ ਦੇ ਉਲਟ ਇਹ ਭਾਈਚਾਰਾ ਪੰਜਾਬ ਵਿਚ ਤਣਾਅ ਦੌਰਾਨ ਸਮੇਂ ਸਮੇਂ ਅਸੁਰੱਖਿਅਤ ਅਤੇ ਅਲੱਗ-ਥਲੱਗ ਮਹਿਸੂਸ ਕਰਦਾ ਰਿਹਾ ਹੈ। ਇਸੇ ਭਾਵਨਾ ਤਹਿਤ ਆਪਣੀ ਟੇਕ ਕੌਮੀ ਪੱਧਰ ਦੀ ਹਿੰਦੂ ਬਹੁਗਿਣਤੀ 'ਤੇ ਰੱਖਣ ਨੂੰ ਮਜਬੂਰ ਹੁੰਦਾ ਰਿਹਾ ਹੈ। ਇਸੇ ਕਾਰਨ ਪੰਜਾਬੀ ਕੌਮੀਅਤ ਅੰਦਰੂਨੀ ਤੌਰ 'ਤੇ ਦੋਫਾੜ ਇਕਾਈ ਬਣੀ ਰਹੀ ਹੈ। ਅਸੁਰੱਖਿਆ ਦੀ ਭਾਵਨਾ ਕਰਕੇ ਹੀ ਕਈ ਵਾਰੀ ਇੱਥੋਂ ਦੀਆਂ ਸਨਅਤੀ ਇਕਾਈਆਂ ਅਤੇ ਪੂੰਜੀ ਨਿਵੇਸ਼ ਦੇ ਪੰਜਾਬ ਤੋਂ ਬਾਹਰ ਪਲਾਇਨ ਕਰਨ ਦੀ ਵੀ ਨੌਬਤ ਆ ਜਾਂਦੀ ਹੈ। 1980ਵਿਆਂ ਦੌਰਾਨ ਪੰਜਾਬ ਸੰਤਾਪ ਦੇ ਦੌਰ ਵਿਚੋਂ ਲੰਘ ਰਿਹਾ ਸੀ। ਉਸ ਸਮੇਂ ਇੱਥੋਂ ਦੇ ਬੈਂਕਾਂ ਵਿਚ ਕੁੱਲ ਜਮ੍ਹਾਂ ਹੋਈ ਪੂੰਜੀ ਜਿਸ ਨੂੰ ਸੀ.ਡੀ. ਰੇਸ਼ੋ (ਕ੍ਰੈਡਿਟ ਡੈਬਿਟ ਰੇਸ਼ੋ) ਕਿਹਾ ਜਾਂਦਾ ਹੈ ਭਾਵ ਬੈਂਕਾਂ ਵਿਚ ਕੁੱਲ ਜਮ੍ਹਾਂ ਹੋਈ ਰਕਮ ਵਿਚੋਂ ਰਾਜ ਅੰਦਰ ਨਿਵੇਸ਼ ਹੋਈ ਪੂੰਜੀ ਦਾ ਅਨੁਪਾਤ ਮਹਿਜ਼ 28 ਫੀਸਦੀ ਸੀ। ਦੂਜੇ ਸ਼ਬਦਾਂ ਵਿਚ ਪੰਜਾਬ ਦੇ ਬੈਂਕਾਂ ਵਿਚ ਕੁੱਲ ਜਮ੍ਹਾਂ ਪੂੰਜੀ ਵਿਚੋਂ 72 ਫੀਸਦੀ ਹਿੱਸਾ ਪੰਜਾਬ ਤੋਂ ਬਾਹਰਲੇ ਰਾਜਾਂ ਵਿਚ ਨਿਵੇਸ਼ ਹੁੰਦਾ ਸੀ। ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੇ ਬੈਂਕਾਂ ਵਿਚ ਵੱਡੀ ਮਿਕਦਾਰ ਵਿਚ ਜਮ੍ਹਾਂ ਹੋਏ ਸਰਮਾਏ ਦਾ ਵੱਡਾ ਹਿੱਸਾ ਸੂਬੇ ਦੀ ਸਨਅਤ ਅਤੇ ਵਪਾਰ ਵਿਚ ਲੱਗਣ ਦੀ ਬਜਾਏ ਇਸ ਤੋਂ ਬਾਹਰ ਲੱਗਾ। 1970ਵਿਆਂ ਦੇ ਹਰੇ ਇਨਕਲਾਬ ਦੀ ਖੁਸ਼ਹਾਲੀ ਤੋਂ ਬਾਅਦ ਦੇ ਤਿੰਨ ਦਹਾਕਿਆਂ ਦੌਰਾਨ ਇੱਥੋਂ ਦੇ ਬੈਂਕਾਂ ਦੇ ਸਰਮਾਏ ਦਾ ਔਸਤ 35 ਫੀਸਦੀ ਹੀ ਪੰਜਾਬ ਵਿਚ ਲੱਗਾ ਜੋ ਰਾਸ਼ਟਰੀ ਪੱਧਰ ਦੀ 75 ਫੀਸਦੀ ਦੇ ਅਨੁਪਾਤ ਨਾਲੋਂ ਅੱਧ ਤੋਂ ਵੀ ਘੱਟ ਸੀ। ਇਸ ਦਾ ਇੱਕ ਵੱਡਾ ਕਾਰਨ ਵਪਾਰੀ ਅਤੇ ਸਨਅਤਕਾਰ ਵਰਗ ਦੇ ਮਨਾਂ ਵਿਚ ਸੰਤਾਪ ਦੇ ਦੌਰ ਵਿਚ ਪੈਦਾ ਹੋਈ ਬੇਵਿਸਾਹੀ ਦੀ ਭਾਵਨਾ ਸੀ। ਇਸ ਸੰਦਰਭ ਵਿਚ ਪੰਜਾਬੀ ਕੌਮੀਅਤ ਦੀ ਉਸਾਰੀ ਲਈ ਇਸ ਘੱਟਗਿਣਤੀ ਤਬਕੇ ਦਾ ਵਿਸ਼ਵਾਸ ਬਹਾਲ ਅਤੇ ਬਰਕਰਾਰ ਕਰਨਾ ਸਭ ਤੋਂ ਅਹਿਮ ਹੈ। ਇਸ ਵਿਚ ਬਹੁਗਿਣਤੀ ਸਿੱਖ ਭਾਈਚਾਰੇ ਦੀ ਘੱਟਗਿਣਤੀ ਭਾਈਚਾਰੇ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿਚ ਅਹਿਮ ਜ਼ਿੰਮੇਵਾਰੀ ਬਣਦੀ ਹੈ।

ਪ੍ਰਾਚੀਨ ਕਾਲ ਤੋਂ ਹਿੰਦੂ ਭਾਈਚਾਰੇ ਅਤੇ ਹਿੰਦੂ ਸੰਸਕ੍ਰਿਤੀ ਦਾ ਪੰਜਾਬ ਦੀ ਵਿਰਾਸਤ ਦੀ ਉਸਾਰੀ ਵਿਚ ਬੜਾ ਵੱਡਾ ਯੋਗਦਾਨ ਰਿਹਾ ਹੈ। ਆਮ ਤੌਰ 'ਤੇ ਪੰਜਾਬ ਦੀ ਹੋਂਦ ਨੂੰ ਸਿੱਖ ਕਾਲ ਤੋਂ ਬਾਅਦ ਵਾਲੇ ਪੰਜਾਬ ਵਜੋਂ ਜ਼ਿਆਦਾ ਉਭਾਰ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਦੀ ਅਮੀਰ ਵਿਰਾਸਤ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਪੰਜਾਬ ਸਮੁੱਚੀ ਮਾਨਵੀ ਸਭਿਅਤਾ ਦਾ ਪੰਘੂੜਾ ਰਿਹਾ ਹੈ। ਇਸ ਦੀਆਂ ਸਬਜ਼ ਵਾਦੀਆਂ ਵਿਚ ਸਿੰਧ ਘਾਟੀ ਵਜੋਂ ਜਾਣੀ ਜਾਂਦੀ ਸੱਭਿਅਤਾ ਪ੍ਰਫੁੱਲਤ ਹੋਈ। ਵੈਦਿਕ ਕਾਲ ਵਿਚ ਪੰਜਾਬ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ। ਇਹ ਹਿੰਦੂ ਸੰਸਕ੍ਰਿਤੀ ਦਾ ਕੇਂਦਰ ਸੀ। ਰਿਸ਼ੀਆਂ ਨੇ ਰਿਗਵੇਦ ਵਰਗੀ ਮਹਾਨ ਰਚਨਾ ਪੰਜਾਬ ਦੇ ਦਰਿਆਵਾਂ ਕੰਢੇ ਹੀ ਰਚੀ। ਗੀਤਾ ਅਤੇ ਮਹਾਂਭਾਰਤ ਵਰਗੀਆਂ ਉੱਚ ਪੱਧਰ ਦੀਆਂ ਰਚਨਾਵਾਂ ਵੀ ਹਿੰਦੂ ਸੰਸਕ੍ਰਿਤੀ ਦੀ ਪੰਜਾਬ ਨੂੰ ਵੱਡਮੁੱਲੀ ਦੇਣ ਹਨ। ਇਸ ਕਾਲ ਵਿਚ ਪੰਜਾਬ ਵਿੱਦਿਆ ਦਾ ਅਹਿਮ ਕੇਂਦਰ ਸੀ। ਇੱਥੇ ਤਕਸ਼ਿਲਾ ਵਰਗੀ ਉੱਚ ਕੋਟੀ ਦੀ ਯੂਨੀਵਰਸਿਟੀ ਸੀ ਜਿੱਥੇ ਸਾਰੇ ਹਿੰਦੁਸਤਾਨ ਅਤੇ ਹੋਰਨਾਂ ਦੇਸ਼ਾਂ ਦੇ ਵਿਦਿਆਰਥੀ ਅਧਿਐਨ ਕਰਨ ਆਉਂਦੇ ਸਨ। ਪਾਣਿਨੀ ਅਤੇ ਕੌਟਲਯਾ ਵਰਗੇ ਵਿਦਵਾਨਾਂ ਨੇ ਪੰਜਾਬ ਦੀ ਪੁਰਾਤਨ ਵਿਰਾਸਤ ਵਿਚ ਵੱਡਾ ਯੋਗਦਾਨ ਪਾਇਆ। ਪਾਣਨੀ ਨੇ




*1947 ਵਾਲੀ ਵੰਡ ਤੋਂ ਪਹਿਲਾਂ ਦਾ ਪੰਜਾਬ ਜਿੱਥੇ ਪੰਜ ਦਰਿਆ ਵਗਦੇ ਸਨ।*

'ਅਸ਼ਟਅਧਿਆਇ' ਨਾਮ ਦੀ ਵਿਆਕਰਨ ਅਤੇ ਕੌਟਲਯਾ ਨੇ 'ਅਰਥਸ਼ਾਸ਼ਤਰ' ਵਰਗੀਆਂ ਸ਼ਾਹਕਾਰ ਰਚਨਾਵਾਂ ਰਚੀਆਂ। ਵਿਸ਼ਵ ਜੇਤੂ ਕਹਾਉਣ ਵਾਲੇ ਸਿਕੰਦਰ ਨਾਲ ਮੱਥਾ ਲਾਉਣ ਵਾਲਾ ਪੋਰਸ ਪੰਜਾਬ ਦਾ ਮਾਣਯੋਗ ਨਾਇਕ ਸੀ। ਇਸ ਦਾ ਭਾਵ ਇਹ ਕਿ ਪ੍ਰਾਚੀਨ ਕਾਲ ਤੋਂ ਲੈ ਕੇ ਹੁਣ ਤੱਕ ਹਿੰਦੂ ਸੰਸਕ੍ਰਿਤੀ ਅਤੇ ਭਾਈਚਾਰੇ ਦਾ ਪੰਜਾਬ ਨੂੰ ਵੱਡਮੁੱਲਾ ਯੋਗਦਾਨ ਰਿਹਾ ਹੈ। ਇਸ ਤੱਥ ਨੂੰ ਗੌਰਵਮਈ ਤਰੀਕੇ ਨਾਲ ਸਵੀਕਾਰਨ ਅਤੇ ਪੇਸ਼ ਕਰਨ ਦੀ ਲੋੜ ਹੈ ਜਿਸ ਨਾਲ ਅਜੋਕੇ ਸਮੇਂ ਵਿਚ ਵੀ ਇਸ ਭਾਈਚਾਰੇ ਦੇ ਪੰਜਾਬੀ ਕੌਮੀਅਤ ਦੀ ਉਸਾਰੀ ਲਈ ਯੋਗਦਾਨ ਦੀਆਂ ਸੰਭਾਵਨਾਵਾਂ ਵਧਣਗੀਆਂ। 1961 ਦੀ ਜਨਗਣਨਾ ਵਿਚ ਹਿੰਦੂ ਭਾਈਚਾਰੇ ਦੇ ਇੱਕ ਤਬਕੇ ਵੱਲੋਂ ਆਪਣੀ ਮਾਂ ਬੋਲੀ ਪੰਜਾਬੀ ਦੀ ਬਜਾਏ ਹਿੰਦੀ ਲਿਖਵਾਉਣ ਦੀ ਗ਼ਲਤੀ, ਜੋ ਕੁਝ ਰਾਜਨੀਤਕ ਧਿਰਾਂ ਦੀ ਸ਼ਰਾਰਤ ਸੀ, ਦਾ ਦੋਸ਼ ਦੇਣ ਵਾਲੀ ਰਟ ਨੂੰ ਭੁਲਾ ਕੇ ਇਸ ਤਬਕੇ ਦੇ ਵਡੇਰੇ ਇਤਿਹਾਸਕ ਯੋਗਦਾਨ ਨੂੰ ਪ੍ਰਵਾਨ ਕਰਨ ਨਾਲ ਪੰਜਾਬੀ ਕੌਮ ਦੀ ਸਾਂਝ ਮਜ਼ਬੂਤ ਬਣ ਸਕਦੀ ਹੈ।

***ਪੰਜਾਬ ਦੀ ਉਸਾਰੀ ਵਿਚ ਨਿਮਨ ਸਮਝੀਆਂ ਜਾਂਦੀਆਂ ਸ਼੍ਰੇਣੀਆਂ ਜਿਨ੍ਹਾਂ ਨੂੰ ਹੁਣ ਦਲਿਤ ਕਿਹਾ ਜਾਂਦਾ ਹੈ, ਦਾ ਵੀ ਗੌਰਵਮਈ ਯੋਗਦਾਨ ਰਿਹਾ ਹੈ। ਇਹ ਸ਼੍ਰੇਣੀਆਂ ਜ਼ਿਆਦਾਤਰ ਕਿਰਤੀ ਵਰਗਾਂ ਨਾਲ ਸਬੰਧਿਤ ਹਨ। ਇਨ੍ਹਾਂ ਦੀ ਗਿਣਤੀ ਪੰਜਾਬ ਦੀ ਕੁੱਲ ਵੱਸੋਂ ਦਾ ਤਕਰੀਬਨ ਇੱਕ ਤਿਹਾਈ (31.94 ਫੀਸਦੀ) ਹੈ ਜੋ ਭਾਰਤ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਵੱਧ ਹੈ।***

ਪੰਜਾਬ ਵਿਚ ਔਰਤਾਂ ਇੱਕ ਵੱਡੀ ਦਮਿਤ (ਉੱਚ ਅਤੇ ਨਿਮਨ ਦੋਹਾਂ ਵਰਗਾਂ ਵਿਚ ਸ਼ੋਸ਼ਿਤ ਵਰਗ) ਸ਼੍ਰੇਣੀ ਹਨ। ਇਨ੍ਹਾਂ ਦੇ ਮਜ਼ਬੂਤੀਕਰਨ ਦਾ ਮਸਲਾ ਅਹਿਮ ਹੈ। ਸੂਬੇ ਵਿਚ ਖੁਸ਼ਹਾਲੀ ਦੇ ਬਾਵਜੂਦ ਔਰਤਾਂ ਦੀ ਦਸ਼ਾ ਤਰਸਯੋਗ ਹੈ ਜਿਸ ਦਾ ਸਭ ਤੋਂ ਵੱਡਾ ਪ੍ਰਮਾਣ ਅਸਾਵਾਂ ਲਿੰਗ ਅਨੁਪਾਤ ਹੈ (ਪ੍ਰਤੀ 1000 ਮਰਦਾਂ ਪਿੱਛੇ 895 ਔਰਤਾਂ)। ਔਰਤਾਂ ਨਾਲ ਨਾਲ ਪੈਰ ਪੈਰ 'ਤੇ ਵਿਤਕਰਾ ਹੁੰਦਾ ਹੈ ਅਤੇ ਬਲਾਤਕਾਰ ਦੀਆਂ ਘਟਨਾਵਾਂ ਆਮ ਵਰਤਾਰਾ ਹਨ। ਔਰਤਾਂ ਦੀ ਸੂਬੇ ਦੇ ਕੁੱਲ ਰੁਜ਼ਗਾਰ ਵਿਚ ਸਿਰਫ 13.90 ਫੀਸਦੀ ਭਾਗੀਦਾਰੀ ਹੈ ਜੋ ਰਾਸ਼ਟਰੀ ਪੱਧਰ ਦੀ 25.51 ਫੀਸਦੀ ਨਾਲੋਂ ਤਕਰੀਬਨ ਅੱਧੀ ਹੈ। ਹਰੇ ਇਨਕਲਾਬ ਦੀ ਖੁਸ਼ਹਾਲੀ ਨੇ ਜਗੀਰੂ ਸੋਚ ਨੂੰ ਹੋਰ ਵਧਾਇਆ ਹੈ। ਇਸ ਸੋਚ ਨਾਲ ਅਲਟਰਾਸਾਊਂਡ ਵਰਗੀਆਂ ਆਧੁਨਿਕ ਤਕਨੀਕਾਂ ਦੇ ਸੁਮੇਲ ਨੇ ਲੜਕੀਆਂ ਨੂੰ ਕੁੱਖ ਵਿਚ ਹੀ ਮਾਰਨ ਮੌਕੇ ਵਧਾ ਕੇ ਉਨ੍ਹਾਂ ਦੀ ਹੋਂਦ ਨੂੰ ਹੀ ਖਤਰੇ ਵਿਚ ਪਾ ਦਿੱਤਾ ਹੈ। ਹਰੇ ਇਨਕਲਾਬ ਦੀ ਮਸ਼ੀਨੀਕਰਨ ਵਾਲੀ ਖੇਤੀ ਨੇ ਸੇਪੀ ਜਾਤਾਂ/ਜਮਾਤਾਂ ਦੇ ਸਦੀਆਂ ਤੋਂ ਚਲੇ ਆ ਰਹੇ ਰੁਜ਼ਗਾਰ ਅਤੇ ਵੱਕਾਰ ਨੂੰ ਭਾਰੀ ਸੱਟ ਮਾਰੀ ਹੈ। ਰਵਾਇਤੀ ਕਿੱਤੇ ਲਗਭਗ ਖਤਮ ਹੋਣ ਨਾਲ ਇਹ ਦਸਤਕਾਰ ਵਰਗ ਖਲਾਅ ਵਿਚ ਲਟਕਿਆ ਜਾਪਦਾ ਹੈ। ਰਸਾਇਣਿਕ ਖੇਤੀ ਮਾਡਲ ਨੇ ਪੰਜਾਬ ਦੀ ਮਿੱਟੀ, ਹਵਾ, ਪਾਣੀ ਵਰਗੇ ਕੁਦਰਤੀ ਵਸੀਲੇ ਪ੍ਰਦੂਸ਼ਤ ਕਰ ਦਿੱਤੇ ਹਨ ਅਤੇ ਅਣਗਿਣਤ ਜੀਆ ਜੰਤ ਦਾ ਖਾਤਮਾ ਕਰ ਦਿੱਤਾ ਹੈ। ਹੁਣ ਕਿਸਾਨੀ ਵੀ ਕਰਜ਼ਾਈ ਹੋ ਕੇ ਖੁਦਕੁਸ਼ੀਆਂ ਦੇ ਰਾਹ ਪੈ ਰਹੀ ਹੈ। ਇਨ੍ਹਾਂ ਸਾਰੇ ਦਮਿਤ ਵਰਗਾਂ ਦੀ ਮੁੜ-ਸੁਰਜੀਤੀ ਅਤੇ ਬਦਲਦੇ ਹਾਲਾਤ ਅਨੁਸਾਰ ਇਨ੍ਹਾਂ ਦਾ ਰੁਜ਼ਗਾਰ ਅਤੇ ਵੱਕਾਰ ਪੰਜਾਬੀ ਕੌਮੀਅਤ ਦੀ ਪੁਨਰ ਉਸਾਰੀ ਦਾ ਅਹਿਮ ਏਜੰਡਾ ਹੋਣਾ ਚਾਹੀਦਾ ਹੈ।

ਇਸੇ ਤਰ੍ਹਾਂ ਪੰਜਾਬ ਦੀ ਉਸਾਰੀ ਵਿਚ ਨਿਮਨ ਸਮਝੀਆਂ ਜਾਂਦੀਆਂ ਸ਼੍ਰੇਣੀਆਂ ਜਿਨ੍ਹਾਂ ਨੂੰ ਹੁਣ ਦਲਿਤ ਕਿਹਾ ਜਾਂਦਾ ਹੈ, ਦਾ ਵੀ ਗੌਰਵਮਈ ਯੋਗਦਾਨ ਰਿਹਾ ਹੈ। ਇਹ ਸ਼੍ਰੇਣੀਆਂ ਜ਼ਿਆਦਾਤਰ ਕਿਰਤੀ ਵਰਗਾਂ ਨਾਲ ਸਬੰਧਿਤ ਹਨ। ਇਨ੍ਹਾਂ ਦੀ ਗਿਣਤੀ ਪੰਜਾਬ ਦੀ ਕੁੱਲ ਵੱਸੋਂ ਦਾ ਤਕਰੀਬਨ ਇੱਕ ਤਿਹਾਈ (31.94 ਫੀਸਦੀ) ਹੈ ਜੋ ਭਾਰਤ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਵੱਧ ਹੈ। ਇਨ੍ਹਾਂ ਵਰਗਾਂ ਦਾ ਪੰਜਾਬ ਦੀ ਆਰਥਿਕਤਾ ਅਤੇ ਸਮਾਜ ਦੀ ਉਸਾਰੀ ਵਿਚ ਮਾਣਯੋਗ ਯੋਗਦਾਨ ਰਿਹਾ ਹੈ। ਇਨ੍ਹਾਂ ਤਬਕਿਆਂ ਦਾ ਪੰਜਾਬ ਦੀ ਆਰਥਿਕਤਾ ਲਈ ਲੋੜੀਂਦੀ ਕਿਰਤ ਸ਼ਕਤੀ ਮੁਹੱਈਆ ਕਰਾਉਣ ਵਿਚ ਅਹਿਮ ਰੋਲ ਰਿਹਾ ਹੈ। ਇਨ੍ਹਾਂ ਵਿਚ ਮੁੱਖ ਤੌਰ 'ਤੇ ਪੇਂਡੂ ਖੇਤ ਮਜ਼ਦੂਰ, ਸਨਅਤੀ ਕਾਮੇ ਆਦਿ ਸ਼ਾਮਲ ਹਨ। ਐਪਰ ਇਨ੍ਹਾਂ ਦੇ ਯੋਗਦਾਨ ਨੂੰ ਉਹ ਮਾਣ ਸਤਿਕਾਰ ਨਹੀਂ ਦਿੱਤਾ ਗਿਆ ਜਿਸ ਦੇ ਇਹ ਹੱਕਦਾਰ ਸਨ। ਇਸ ਦਾ ਅਹਿਮ ਕਾਰਨ ਮਨੂਵਾਦੀ ਜਾਤਪਾਤੀ ਸੋਚ ਦਾ ਗਲਬਾ ਹੈ। ਪੰਜਾਬ ਜਿੱਥੇ (ਅਸੂਲੀ ਤੌਰ 'ਤੇ) ਜਾਤਪਾਤ ਨੂੰ ਨਾ ਮੰਨਣ ਵਾਲੇ ਸਿੱਖ ਭਾਈਚਾਰੇ ਦੀ ਬਹੁਗਿਣਤੀ ਹੈ, ਉੱਥੇ ਵੀ ਸਮਾਜ ਦੇ ਹਰ ਖੇਤਰ ਵਿਚ ਜਾਤਪਾਤ ਦੀ ਇੰਨੀ ਪੀਢੀ ਪਕੜ ਹੋਣਾ ਕੁਝ ਅਜੀਬ ਜਾਪਦਾ ਹੈ ਪਰ ਇਹ ਹਕੀਕਤ ਹੈ। ਇਸ ਦਾ ਮੁੱਖ ਕਾਰਨ ਸਿੱਖ ਭਾਈਚਾਰੇ ਦੇ ਅਸੂਲੀ ਅਤੇ ਅਮਲੀ ਖਾਸੇ ਵਿਚਲਾ ਪਾੜਾ ਹੈ। ਇਸੇ ਪਾੜੇ ਕਾਰਨ 1936 ਵਿਚ ਅੰਬੇਡਕਰ ਨੂੰ 6 ਕਰੋੜ ਦਲਿਤ ਆਬਾਦੀ ਨੂੰ ਸਿੱਖ ਮਤ ਵਿਚ ਤਬਦੀਲ ਕਰਨ ਦਾ ਫੈਸਲਾ ਰੱਦ ਕਰ ਕੇ ਬੁੱਧ ਧਰਮ ਵੱਲ ਰੁਖ ਕਰਨਾ ਪਿਆ ਸੀ। ਬਕੌਲ ਮੁਜ਼ੱਫਰ ਰਜ਼ਮੀ, 'ਯੇ ਜਬਰ ਭੀ ਦੇਖਾ ਹੈ ਤਾਰੀਖ ਕੀ ਨਜ਼ਰੋਂ ਨੇ, ਲਮਹੋਂ ਨੇ ਖਤਾ ਕੀ ਥੀ ਸਦੀਓਂ ਨੇ ਸਜ਼ਾ ਪਾਈ'। ਬੜਾ ਅਜੀਬ ਇਤਫਾਕ ਹੈ ਕਿ ਲਹਿੰਦੇ ਤੇ ਚੜ੍ਹਦੇ ਪੰਜਾਬ ਵਿਚ ਕ੍ਰਮਵਾਰ ਮੁਸਲਿਮ ਅਤੇ ਸਿੱਖ ਧਰਮ ਨੂੰ ਮੰਨਣ ਵਾਲੇ ਬਹੁਗਿਣਤੀ ਵਿਚ ਹਨ ਜਿਨ੍ਹਾਂ ਵਿਚ ਜਾਤਪਾਤ ਨੂੰ ਅਸੂਲੀ ਤੌਰ 'ਤੇ ਮਾਨਤਾ ਨਹੀਂ ਪਰ ਅਮਲੀ ਤੌਰ 'ਤੇ ਦੋਵਾਂ ਪੰਜਾਬਾਂ ਵਿਚ ਸਮਾਜ ਜਾਤਪਾਤ ਵਿਚ ਵੰਡਿਆ ਹੋਇਆ ਹੈ। ਇਹ ਪੰਜਾਬੀ ਕੌਮ ਦੀ ਇੱਕਜੁਟਤਾ ਕਮਜ਼ੋਰ ਹੋਣ ਦਾ ਇੱਕ ਵੱਡਾ ਕਾਰਨ ਹੈ। ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਦੇ ਪੰਜਾਬ ਵਿਚ ਖਾਸ ਕਰਕੇ ਬ੍ਰਿਟਿਸ਼ ਕਾਲ ਦੌਰਾਨ ਪੰਜਾਬ ਵਿਚ ਦੁੱਲਾ ਭੱਟੀ, ਅਹਿਮਦ ਖਾਨ ਖਰਲ, ਭਗਤ ਸਿੰਘ, ਊਧਮ ਸਿੰਘ ਨੂੰ ਉਨ੍ਹਾਂ ਦੇ ਕ੍ਰਾਂਤੀਕਾਰੀ ਰੋਲ ਦੇ ਸਨਮੁੱਖ ਕਿਸੇ ਹੱਦ ਤੱਕ ਸਾਂਝੇ ਨਾਇਕਾਂ ਦਾ ਰੁਤਬਾ ਹਾਸਲ ਹੈ ਪਰ ਦਲਿਤ ਸ਼੍ਰੇਣੀਆਂ ਦੇ ਨਾਇਕਾਂ ਜਿਵੇਂ ਪਾਕਿਸਤਾਨ ਦੇ ਨਜਾਮ ਲੁਹਾਰ, ਜਲਾਲ ਮਾਛੀ, ਜਗਰੂ ਨਾਈ ਅਤੇ ਭਾਰਤੀ ਪੰਜਾਬ ਦੇ ਮੰਗੂ ਰਾਮ ਆਦਿ ਨੂੰ ਗੌਰਵਮਈ ਥਾਂ ਨਹੀਂ ਦਿੱਤਾ ਗਿਆ। ਗਿਆਨੀ ਦਿੱਤ ਸਿੰਘ ਵਰਗੇ ਵੱਡੇ ਦਾਨਿਸ਼ਵਰ ਨੂੰ ਵੀ ਉਹ ਮੁਕਾਮ ਨਹੀਂ ਦਿੱਤਾ ਗਿਆ ਜਿਸ ਦਾ ਉਹ ਹੱਕਦਾਰ ਸੀ। ਕਾਮੀਆਂ, ਸੇਪੀ ਅਤੇ ਦਸਤਕਾਰ ਜਮਾਤਾਂ ਦਾ ਪੰਜਾਬੀ ਕੌਮੀਅਤ ਦੀ ਉਸਾਰੀ ਲਈ ਹਮੇਸ਼ਾ ਗੌਲਣਯੋਗ ਯੋਗਦਾਨ ਰਿਹਾ ਹੈ ਪਰ ਨੀਂਹ ਵਿਚ ਪੈਣ ਵਾਲੀਆਂ ਇੱਟਾਂ ਵਾਂਗ ਇਹ ਨਜ਼ਰ ਨਹੀਂ ਆਉਂਦਾ। ਮਹੀਂਵਾਲ ਦੀ ਸੋਹਣੀ ਬਾਰੇ ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ, ਪਰ ਉਸ ਦੇ ਵਾਲਿਦ ਤੁਲਾ ਘੁਮਿਆਰ ਨੂੰ ਕੋਈ ਨਹੀਂ ਜਾਣਦਾ ਜਿਸ ਦੇ ਬਣਾਏ ਮਿੱਟੀ ਦੇ ਭਾਂਡੇ ਆਪਣੇ ਸਮੇਂ ਵਿਚ ਦਸਤਕਾਰੀ ਅਤੇ ਮੀਨਾਕਾਰੀ ਦੀ ਅਦਭੁੱਤ ਮਿਸਾਲ ਸਨ। ਜਿਨ੍ਹਾਂ ਦੀ ਦੂਰ ਦੂਰ ਤੱਕ ਮਹਿਮਾ ਫੈਲਣ ਕਾਰਨ ਵਪਾਰੀ ਇਨ੍ਹਾਂ ਦੀ ਤਜਾਰਤ ਕਰਦੇ ਸਨ। ਇਸ ਬਾਰੇ ਨਾ ਕੋਈ ਖੋਜ ਹੋਈ ਹੈ ਤੇ ਨਾ ਇਸ ਬਾਰੇ ਕਦੇ ਕੋਈ ਚਰਚਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਰਤੀ ਪੰਜਾਬ ਦੇ ਕਈ ਖਿੱਤਿਆਂ ਵਿਚ ਕਮਾਲ ਦੀ ਦਸਤਕਾਰੀ ਦੇ ਨਮੂਨੇ ਮਿਲਦੇ ਹਨ। ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਠਠੇਰਾ ਦਸਤਕਾਰ ਸ਼੍ਰੇਣੀ ਦੀ ਪਿੱਤਲ ਅਤੇ ਤਾਂਬੇ ਦੇ ਭਾਂਡਿਆਂ ਦੀ ਮੀਨਾਕਾਰੀ ਨੂੰ ਯੂਨੈਸਕੋ ਨੇ ਵਿਸ਼ਵ ਸਭਿਆਚਾਰਕ ਵਿਰਾਸਤ ਦੀ ਸੂਚੀ ਸ਼ਾਮਲ ਕੀਤਾ ਹੈ ਪਰ ਪੰਜਾਬੀਆਂ ਨੇ ਖੁਦ ਇਨ੍ਹਾਂ ਦਸਤਕਾਰਾਂ ਨੂੰ ਕਦੇ ਕੋਈ ਖਾਸ ਮਾਣ ਸਤਿਕਾਰ ਨਹੀਂ ਦਿੱਤਾ। ਮੁਕਤਸਰ ਦੇ ਮੋਚੀ ਭਾਈਚਾਰੇ ਦੀ ਜੁੱਤੀ; ਪਟਿਆਲਾ ਦੀ ਫੁਲਕਾਰੀ, ਪਰਾਂਦੇ ਅਤੇ ਨਾਲੇ; ਅੰਮ੍ਰਿਤਸਰ ਦੇ ਪਾਪੜ ਵੜੀਆਂ ਆਦਿ ਪੰਜਾਬ ਦੇ ਦਸਤਕਾਰਾਂ ਦੀਆਂ ਜ਼ਿਕਰਯੋਗ ਪ੍ਰਾਪਤੀਆਂ ਹਨ। ਇਉਂ ਹੀ ਪਾਕਿਸਤਾਨੀ ਪੰਜਾਬ ਦੇ ਦਸਤਕਾਰਾਂ ਨੇ ਵੀ ਆਪੋ ਆਪਣੇ ਹੁਨਰ ਵਿਚ ਵੱਡਾ ਨਾਮਣਾ ਖੱਟਿਆ ਹੈ ਜਿਸ ਨੂੰ ਕਦੇ ਗੌਰਵਸ਼ਾਲੀ ਤਰੀਕੇ ਨਾਲ ਮਾਨਤਾ ਨਹੀਂ ਦਿੱਤੀ ਗਈ। ਇਨ੍ਹਾਂ ਧਿਰਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਦੇ ਯੋਗਦਾਨ ਨੂੰ ਮਾਣ ਸਤਿਕਾਰ ਦੇਣ ਦੇ ਨਾਲ ਨਾਲ ਇਨ੍ਹਾਂ ਸ਼੍ਰੇਣੀਆਂ ਦੇ ਮੌਜੂਦਾ ਲੋਕਾਂ ਪ੍ਰਤੀ ਵੀ ਸਤਿਕਾਰਯੋਗ ਨਜ਼ਰੀਆ ਰੱਖਣ ਨਾਲ ਹੀ ਇਹ ਸਾਂਝੀ ਪੰਜਾਬੀ ਕੌਮੀਅਤ ਦਾ ਹਿੱਸਾ ਬਣ ਸਕਦੀਆਂ ਹਨ। ਦੋਵੇਂ ਪੰਜਾਬਾਂ ਵਿਚ ਬਹੁਗਿਣਤੀ ਤਬਕਿਆਂ (ਭਾਰਤ ਵਿਚ ਸਿੱਖ ਅਤੇ ਪਾਕਿਸਤਾਨ ਵਿਚ ਮੁਸਲਿਮ) ਦੇ ਧਰਮਾਂ ਵਿਚ ਅਸੂਲੀ ਤੌਰ 'ਤੇ ਜਾਤਪਾਤ ਨੂੰ ਮਾਨਤਾ ਨਹੀਂ ਹੈ। ਇਸ ਲਈ ਦੋਵੇਂ ਪੰਜਾਬਾਂ ਵਿਚ ਇਸ ਵਿਚਾਰਧਾਰਾ ਨੂੰ ਅਮਲੀ ਰੂਪ ਦੇ ਕੇ ਸਾਰੇ ਪੰਜਾਬੀਆਂ ਦਾ ਸਾਂਝਾ ਮੁਹਾਜ਼ ਬਣਾਉਣ ਦੀਆਂ ਕਾਫੀ ਸੰਭਾਵਨਾਵਾਂ ਹਨ। ਪੰਜਾਬ ਆਦਿ ਕਾਲ ਤੋਂ ਹੀ ਕਈ ਧਰਮਾਂ, ਜਾਤਾਂ, ਗੋਤਾਂ, ਕਬੀਲਿਆਂ ਦੇ ਆਗਮਨ ਦਾ ਪ੍ਰਵੇਸ਼ ਦੁਆਰ ਰਿਹਾ ਹੈ। ਇਸ ਲਈ ਮਿਸ਼ਰਤ ਸਭਿਆਚਾਰ ਦੇ ਅਮਲ ਦੀ ਪ੍ਰਕਿਰਿਆ ਇੱਥੋਂ ਦੇ ਇਤਿਹਾਸਕ ਪ੍ਰਵਾਹ ਦਾ ਹਿੱਸਾ ਰਹੀ ਹੈ। ਇਸ ਲਈ ਪੰਜਾਬ ਸੂਫੀਆਂ, ਗੁਰੂਆਂ, ਪੀਰਾਂ ਅਤੇ ਪੈਗੰਬਰਾਂ ਵੱਲੋਂ ਦਿੱਤੇ ਸਰਬ ਸਾਂਝੀਵਾਲਤਾ ਦੇ ਦੂਤ ਬਣ ਕੇ ਸਾਂਝੀ ਪੰਜਾਬੀ ਕੌਮੀਅਤ ਦੇ ਮਾਡਲ ਰਾਹੀਂ ਆਲਮੀ ਸਹਿਹੋਂਦ ਵਾਲੇ ਇਨਸਾਨੀ ਭਾਈਚਾਰੇ ਦਾ ਮਾਡਲ ਪੇਸ਼ ਕਰ ਸਕਦਾ ਹੈ। ਇਹ ਉਪਰਾਲਾ ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵੀ ਕਾਰਗਰ ਸਾਬਿਤ ਹੋਵੇਗਾ।

# ਕਲਾਕਾਰਾਂ ਦਾ ਅਲੰਬਰਦਾਰ

ਕਲਾ ਪਰਿਕਰਮਾ


ਜਰਨੈਲ ਸਿੰਘ ਆਰਟਿਸਟ



ਡਾ. ਮਹਿੰਦਰ ਸਿੰਘ ਰੰਧਾਵਾ ਨਾਲ ਮੇਰੀ ਪਹਿਲੀ ਮੁਲਾਕਾਤ 1975 ਦੇ ਆਸ-ਪਾਸ ਹੋਈ। ਉਨ੍ਹਾਂ ਦਿਨਾਂ ਵਿਚ ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਹੁੰਦੇ ਸਨ ਅਤੇ ਪੰਜਾਬ ਸਰਕਾਰ ਦੀ ਪੰਜਾਬ ਨੂੰ ਖੂਬਸੂਰਤ ਬਣਾਉਣ ਵਾਲੀ ਕਮੇਟੀ ਦੇ ਚੇਅਰਮੈਨ। ਨਾਲ ਹੀ ਪੰਜਾਬ ਲਲਿਤ ਕਲਾ ਅਕਾਦਮੀ ਅਤੇ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਵੀ। ਉਨ੍ਹਾਂ ਦਿਨਾਂ ਵਿਚ ਮੇਰੇ ਪਿਤਾ ਜੀ, ਸ਼੍ਰੋਮਣੀ ਸਿੱਖ ਚਿੱਤਰਕਾਰ ਅਤੇ ਕੇਂਦਰੀ ਸਿੱਖ ਅਜਾਇਬ ਘਰ ਦੇ ਬਾਨੀ ਸ. ਕਿਰਪਾਲ ਸਿੰਘ ਚਿੱਤਰਕਾਰ, ਪੰਜਾਬ ਸਰਕਾਰ ਵੱਲੋਂ ਫੇਰੂ ਸ਼ਹਿਰ ਵਿਖੇ ਬਣਨ ਵਾਲੇ ਐਂਗਲੋ ਸਿੱਖ ਵਾਰਜ਼ ਮੈਮੋਰੀਅਲ ਅਜਾਇਬ ਘਰ ਵਾਸਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਤੇ ਸਿੱਖਾਂ ਦਰਮਿਆਨ ਹੋਈਆਂ ਜੰਗਾਂ, ਮੁੱਦਕੀ, ਫੇਰੂ ਸ਼ਹਿਰ, ਸਭਰਾਉ ਤੇ ਚੇਲਿਆਂਵਾਲਾ ਦੀਆਂ ਲੜਾਈਆਂ ਦੇ ਵੱਡ-ਆਕਾਰੀ ਚਿਤਰ (10 ਫੁੱਟ ਗੁਣਾ 20 ਫੁੱਟ) ਬਣਾ ਰਹੇ ਸਨ। ਇਹ ਸਾਰਾ ਪ੍ਰੋਜੈਕਟ ਡਾ. ਰੰਧਾਵਾ ਦੀ ਦੇਖ-ਰੇਖ ਹੇਠ ਹੋ ਰਿਹਾ ਸੀ ਅਤੇ ਉਹ ਅਕਸਰ ਹੀ ਬਣ ਰਹੀਆਂ ਤਸਵੀਰਾਂ ਦੇਖਣ ਸਾਡੇ ਘਰ ਚੰਡੀਗੜ੍ਹ ਆਉਂਦੇ ਰਹਿੰਦੇ ਸੀ। ਅਜਿਹੀ ਇਕ ਫੇਰੀ ਦੌਰਾਨ ਹੀ ਉਨ੍ਹਾਂ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ।

ਇਕ ਵਾਰ ਜਦੋਂ ਉਹ ਆਏ ਤਾਂ ਪਿਤਾ ਜੀ ਘਰ ਨਹੀਂ ਸਨ। ਮੈਂ ਉਨ੍ਹਾਂ ਨੂੰ ਬਣ ਰਹੀਆਂ ਤਸਵੀਰਾਂ ਦਿਖਾਈਆਂ। ਫਿਰ ਮੈਨੂੰ ਪੁੱਛਣ ਲੱਗੇ ਕਿ ਤੂੰ ਕੀ ਕਰਦਾ ਹੁੰਦਾ ਹੈਂ? ਮੈਂ ਦੱਸਿਆ ਕਿ ਮੈਂ ਵੀ ਪੇਂਟਿੰਗ ਕਰਦਾ ਹਾਂ ਤਾਂ ਉਨ੍ਹਾਂ ਕਿਹਾ ਕਿ ਲਿਆ ਦਿਖਾ ਕੀ ਬਣਾਉਂਦਾ ਹੈਂ। ਮੈਂ ਉਨ੍ਹਾਂ ਨੂੰ ਆਪਣੀ ਬਣਾਈ ਫੁਲਕਾਰੀ ਕੱਢ ਰਹੀ ਪੰਜਾਬੀ ਮੁਟਿਆਰ ਦੀ ਪੇਂਟਿੰਗ ਦਿਖਾਈ। ਉਹ ਪੇਂਟਿੰਗ ਦੇਖ ਕੇ ਬਹੁਤ ਖੁਸ਼ ਹੋਏ। ਕਹਿਣ ਲੱਗੇ, ਬਹੁਤ ਵਧੀਆ ਹੈ, ਇੱਦਾਂ ਦੀਆਂ ਪੇਟਿੰਗਾਂ ਹੀ ਬਣਾਇਆ ਕਰ। ਉਸ ਤੋਂ ਬਾਅਦ ਅਕਸਰ ਉਨ੍ਹਾਂ ਨਾਲ ਮੇਲ ਮਿਲਾਪ ਹੁੰਦਾ ਰਹਿੰਦਾ। ਉਨ੍ਹਾਂ ਦੀ ਹੌਂਸਲਾ ਅਫਜ਼ਾਈ ਤੇ ਪ੍ਰਸੰਸਾ ਨੇ ਮੈਨੂੰ ਬਹੁਤ ਉਤਸ਼ਾਹਿਤ ਕੀਤਾ; ਤੇ ਇਹ ਵੀ ਇਕ ਵੱਡਾ ਕਾਰਨ ਸੀ ਕਿ ਮੈਂ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੇ ਚਿਤਰਾਂ ਨੂੰ ਸੁਚੇਤ ਤੌਰ ਉੱਤੇ ਲੜੀਵਾਰ ਚਿਤਰਨ ਦਾ ਫੈਸਲਾ ਕਰ ਲਿਆ। ਇਹ ਤਰੀਕਾ ਸੀ ਉਨ੍ਹਾਂ ਦਾ ਹਰ ਸ਼ਖਸ ਅੰਦਰ ਛੁਪੀ ਪ੍ਰਤਿਭਾ ਨੂੰ ਪਛਾਣਨ ਅਤੇ ਉਜਾਗਰ ਕਰਨ ਦਾ।

ਮੁੱਢਲੇ ਦੌਰ ਵਿਚ ਮੇਰੀ ਕਲਾ ਦੀ ਉਨ੍ਹਾਂ ਭਰਪੂਰ ਸਰਪ੍ਰਸਤੀ ਕੀਤੀ। ਇਸੇ ਸਦਕਾ ਹੀ ਮੇਰਾ ਸਿਰਫ ਅਤੇ ਸਿਰਫ ਕਲਾ ਦੇ ਸਿਰ ਉੱਤੇ ਜਿਊਣ ਦਾ ਸ਼ੌਕ ਪਾਲਣ ਦਾ ਫੈਸਲਾ ਲੈਣ ਦਾ ਹੌਸਲਾ ਪਿਆ। ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਦਾ ਉਨ੍ਹਾਂ ਦਾ ਆਪਣਾ ਤਰੀਕਾ ਸੀ। ਨਵੇਂ ਕਾਲਕਾਰਾਂ ਨੂੰ ਉਹ ਕਹਿੰਦੇ ਕਿ ਮੇਰੇ ਕੋਲ ਪੈਸੇ ਹੈ ਨਹੀਂ, ਜ਼ਿਆਦਾ ਪੈਸੇ ਨਹੀਂ ਮੈਂ ਤੁਹਾਨੂੰ ਦੇ ਸਕਦਾ ਪਰ ਮੈਂ ਤੁਹਾਡੀਆਂ ਤਸਵੀਰਾਂ ਅਜਿਹੇ ਥਾਵਾਂ 'ਤੇ ਲਗਵਾਵਾਂਗਾ ਜਿਥੇ ਉਨ੍ਹਾਂ ਨੂੰ ਹਜ਼ਾਰਾਂ ਲੋਕੀਂ ਦੇਖਣ। ਕਲਾਕਾਰ ਦੇ ਕੰਮ ਨੂੰ ਹੁੰਗਾਰਾ (ਪ੍ਰਸੰਸਕ) ਮਿਲੇ, ਉਸ ਵਾਸਤੇ ਇਸ ਤੋਂ ਵੱਡੀ ਹੱਲਾਸ਼ੇਰੀ ਹੋਰ ਕੀ ਹੋ ਸਕਦੀ ਹੈ! ਮੈਨੂੰ ਉਨ੍ਹਾਂ ਨੇ ਅਕਸਰ ਪੁੱਛਦੇ ਰਹਿਣਾ- ਕੀ ਹਾਲ ਹੈ, ਕਿਵੇਂ ਚੱਲਦਾ ਹੈ? ਮੈਂ ਕਹਿ ਦੇਣਾ- ਜੀ ਠੀਕ ਹੈ। ਇਕ ਵਾਰੀ ਪੁੱਛਣ ਲੱਗੇ- ਨੌਕਰੀ ਕਰਦਾ ਹੈਂ ਕੋਈ? ਮੈਂ ਕਿਹਾ ਕਿ ਨਹੀਂ ਜੀ। ਕਹਿਣ ਲੱਗੇ- ਠੀਕ ਹੈ, ਨੌਕਰੀ ਕੀ ਕਰਨੀ, ਟੇਲੈਂਟ ਡੈੱਡ ਹੋ ਜਾਂਦੀ ਹੈ।



ਇੱਕ ਚਿੱਤਰਕਾਰ ਦੀ ਨਜ਼ਰ ਵਿਚ ਡਾ. ਮਹਿੰਦਰ ਸਿੰਘ ਰੰਧਾਵਾ।

ਹਮੇਸ਼ਾ ਹੀ ਉਨ੍ਹਾਂ ਨੇ ਕੋਈ ਨਾ ਕੋਈ ਤਸਵੀਰ ਕਿਸੇ ਦਫਤਰ, ਮਹਿਕਮੇ, ਯੂਨੀਵਰਸਿਟੀ, ਟੂਰਿਜ਼ਮ ਜਾਂ ਅਜਿਹੇ ਅਦਾਰੇ ਨੂੰ ਖਰੀਦਣ ਲਈ ਆਰਡਰ ਦੇਣਾ। ਉਨ੍ਹਾਂ ਦਾ ਕਿਹਾ ਮੋੜਨ ਦੀ ਕਿਸੇ ਵਿਚ ਜੁਰਅਤ ਨਹੀਂ ਸੀ। ਇਸ ਤਰ੍ਹਾਂ ਉਹ ਹਰ ਸਮੇਂ ਕਲਾਕਾਰਾਂ ਦੀ ਸਰਪ੍ਰਸਤੀ ਕਰਦੇ ਰਹਿੰਦੇ ਸਨ। ਸਾਨੂੰ ਹਮੇਸ਼ਾ ਲੱਗਦਾ ਸੀ ਕਿ ਇਹ ਸਾਡੇ ਆਪਣੇ ਹਨ। ਕੋਈ ਗੱਲ, ਕੋਈ ਸਮੱਸਿਆ ਵੀ ਅਸੀਂ ਉਨ੍ਹਾਂ ਨੂੰ ਦੱਸ ਸਕਦੇ ਸੀ ਤੇ ਉਨ੍ਹਾਂ ਨੇ ਹਮੇਸ਼ਾ ਉਸ ਦਾ ਹੱਲ ਕਰਨਾ। ਛੋਟਿਆਂ ਨੂੰ ਵੀ ਪੂਰਾ ਆਦਰ ਮਾਣ ਦਿੰਦੇ ਸੀ ਤੇ ਝੂਠੀ ਮਾਣ-ਮਰਿਆਦਾ ਤੋਂ ਕੋਹਾਂ ਦੂਰ ਸਨ।


ਇਕ ਵਾਰੀ ਮੈਨੂੰ ਉਨ੍ਹਾਂ ਆਪਣੇ ਦਫਤਰ ਬੁਲਾਇਆ, ਬਈ ਸਵੇਰੇ 10 ਵਜੇ ਆ ਜਾਈਂ। ਮੈਂ ਪਹੁੰਚਿਆ ਤਾਂ ਕੋਈ ਮੀਟਿੰਗ ਚੱਲ ਰਹੀ ਸੀ। ਉਨ੍ਹਾਂ ਨੇ ਮੈਨੂੰ ਦੇਖਿਆ ਤੇ ਮੈਂ ਫਤਹਿ ਬੁਲਾਈ। ਮੀਟਿੰਗ ਛੱਡ ਕੇ ਉਹ ਮੇਰੇ ਕੋਲ ਆਏ, ਗੱਲਬਾਤ ਕੀਤੀ। ਦੱਸਿਆ ਕਿ ਕੁਝ ਪੇਂਟਿੰਗਜ਼ ਪੰਜਾਬ ਟੂਰਿਜ਼ਮ ਵਾਸਤੇ ਬਣਾਉਣੀਆਂ ਹਨ। ਗੱਲਬਾਤ ਖਤਮ ਕਰਕੇ ਮੈਨੂੰ ਕਹਿੰਦੇ ਕਿ ਹੁਣ ਤੂੰ ਜਾ ਤੇ ਮੈਂ ਮੀਟਿੰਗ ਕਰ ਲਵਾਂ। ਅੱਜ ਮੈਂ ਸੋਚਦਾ ਹਾਂ, ਕੋਈ ਹੋਰ ਅਫਸਰ ਹੁੰਦਾ ਤਾਂ ਮੈਨੂੰ ਉਡੀਕ ਕਰਨ ਬਿਠਾ ਦਿੰਦਾ ਤੇ ਮੀਟਿੰਗ ਖਤਮ ਹੋਣ ਤੋਂ ਬਾਅਦ ਮੇਰੇ ਨਾਲ ਗੱਲ ਕਰਦਾ। ਉਹ ਕਹਿੰਦੇ ਹੁੰਦੇ ਸੀ ਕਿ ਅੱਜ ਕੱਲ੍ਹ ਅਫਸਰ ਫਜ਼ੂਲ ਹੀ ਲੋਕਾਂ ਦਾ ਟਾਈਮ ਖਰਾਬ ਕਰਦੇ ਹਨ। ਗੱਲ ਕਰਨ ਲਈ ਸਿਰਫ 10 ਮਿੰਟ ਲੱਗਦੇ ਹਨ, ਜਿਹੜੇ ਬੰਦੇ ਕਹਿੰਦੇ ਹਨ, ਟਾਈਮ ਹੈ ਨਹੀਂ, ਉਹ ਹਮੇਸ਼ਾ ਜ਼ਿੰਦਗੀ ਵਿਚ ਫੇਲ੍ਹ ਹੁੰਦੇ ਹਨ। ਕਹਿੰਦੇ ਕਿ ਮੈਂ ਐਨਾ ਕੰਮ ਤਾਂ ਹੀ ਕਰ ਸਕਿਆਂ ਕਿਉਂਕਿ ਮੈਂ ਪੂਰੀ ਪਲੈਨਿੰਗ ਕਰ ਲੈਂਦਾ ਹਾਂ ਪਹਿਲਾਂ ਹੀ।


ਡਾ. ਰੰਧਾਵਾ ਪੰਜਾਬੀ ਬੋਲੀ ਦੇ ਬਹੁਤ ਵੱਡੇ ਮੱਦਾਹ ਸਨ। ਹਮੇਸ਼ਾ ਪੰਜਾਬੀ ਵਿਚ ਗੱਲਬਾਤ ਕਰਦੇ। ਜੇ ਕੋਈ ਪੰਜਾਬੀ ਬੰਦਾ ਅੰਗਰੇਜ਼ੀ ਵਿਚ ਗੱਲਬਾਤ ਕਰਦਾ ਤਾਂ ਉਸ ਨੂੰ ਉਦੋਂ ਹੀ ਟੋਕ ਦਿੰਦੇ। ਅਕਸਰ ਕਹਿਣਾ, ਮੇਰੇ ਨਾਲ ਪੰਜਾਬੀ ਵਿਚ ਗੱਲਬਾਤ ਕਰਿਆ ਕਰੋ। ਕਹਿੰਦੇ ਕਿ ਜੇ ਮੈਂ ਪੰਜਾਬੀ ਬੰਦੇ ਨਾਲ ਅੰਗਰੇਜ਼ੀ ਵਿਚ ਗੱਲ ਕਰਾਂ ਤਾਂ ਮੈਨੂੰ ਲਗਦਾ ਹੈ, ਮੈਂ ਝੂਠ ਬੋਲ ਰਿਹਾਂ। ਮੈਨੂੰ ਵੀ ਉਨ੍ਹਾਂ ਕਿਹਾ ਕਿ ਪੇਂਟਿੰਗਾਂ ਉੱਤੇ ਦਸਤਖਤ ਪੰਜਾਬੀ ਵਿਚ ਕਰਿਆ ਕਰ। ਸੋ, ਉਸ ਦੌਰ ਵਿਚ ਮੇਰੇ ਬਹੁਤੇ ਚਿਤਰਾਂ ਉੱਤੇ ਪੰਜਾਬੀ ਵਿਚ ਦਸਤਖਤ ਦੇਖੇ ਜਾ ਸਕਦੇ ਹਨ। ਜਦੋਂ ਤਸਵੀਰਾਂ ਬਾਹਰਲੇ ਦੇਸ਼ਾਂ ਵਿਚ ਵਸੇ ਪੰਜਾਬੀ ਖਰੀਦਣ ਲੱਗੇ ਤਾਂ ਉਨ੍ਹਾਂ ਦੀ ਮੰਗ 'ਤੇ ਫਿਰ ਅੰਗਰੇਜ਼ੀ ਵਿਚ ਸਾਈਨ ਸ਼ੁਰੂ ਕੀਤੇ, ਕਿਉਂਕਿ ਉਹ ਕਹਿੰਦੇ, ਕਈ ਵਾਰ ਗੋਰੇ ਤੇ ਹੋਰ ਲੋਕਾਂ ਨੂੰ ਸਾਨੂੰ ਦੱਸਣਾ ਪੈਂਦਾ ਹੈ, ਕਿਸ ਦੀ ਪੇਂਟਿੰਗ ਹੈ, ਇਸ ਲਈ ਅੰਗਰੇਜ਼ੀ ਵਿਚ ਸਾਈਨ ਕਰੋ।


ਪੰਜਾਬ ਵਿਚ ਅੱਜ ਜੋ ਅਸੀਂ ਕਲਾ ਭਵਨ, ਅਜਾਇਬ ਘਰ, ਰੋਜ਼ ਗਾਰਡਨ, ਲਾਇਬ੍ਰੇਰੀਆਂ ਦੇਖ ਰਹੇ ਹਾਂ, ਇਹ ਸਭ ਉਨ੍ਹਾਂ ਦੀ ਦੇਣ ਹੈ। ਉਨ੍ਹਾਂ ਦਾ ਸੁਫਨਾ ਸੀ ਕਿ ਪੰਜਾਬ ਦੁਨੀਆ ਦਾ ਸਭ ਤੋਂ ਉੱਤਮ, ਖੁਸ਼ਹਾਲ ਤੇ ਸਭਿਆਚਾਰ ਪੱਖੋਂ ਉੱਨਤ ਸੂਬਾ ਹੋਵੇ। ਹਰ ਸ਼ਹਿਰ ਵਿਚ ਰੋਜ਼ ਗਾਰਡਨ, ਅਜਾਇਬ ਘਰ, ਲਾਇਬ੍ਰੇਰੀ ਬਣਾਉਣ ਦਾ ਉਨ੍ਹਾਂ ਦਾ ਸੰਕਲਪ ਸੀ। ਜਿੱਥੇ ਵੀ ਉਹ ਰਹੇ, ਕੰਧਾਂ ਤਸਵੀਰਾਂ ਨਾਲ ਭਰ ਦਿੱਤੀਆਂ। ਫੁੱਲ ਤੇ ਖੁਸ਼ਬੋਆਂ ਖਿਲਾਰੀਆਂ। ਫੁੱਲਾਂ ਵਾਲੇ ਦਰੱਖਤ ਲਗਾਏ। ਸਾਹਿਤ ਤੇ ਸਭਿਆਚਾਰ ਨੂੰ ਹੁਲਾਰਾ ਦਿੱਤਾ।

ਪੰਜਾਬੀ ਅਮੀਰ ਹਨ, ਬਹੁਤ ਅਮੀਰ। ਇਨ੍ਹਾਂ ਨੇ ਆਪਣੀ ਮਿਹਨਤ ਸਦਕਾ ਹਰ ਥਾਂ ਖੁਸ਼ਹਾਲੀ ਲਿਆਂਦੀ ਹੈ ਪਰ ਸੁਹਜ ਭਾਵਨਾ ਤੇ ਕਲਾ ਚੇਤਨਾ ਤੋਂ ਬਿਲਕੁਲ ਕੋਰੇ ਹਨ। ਦੱਬ ਕੇ ਵਾਹ ਤੇ ਰੱਜ ਕੇ ਖਾਹ ਦੇ ਸੰਕਲਪ ਨੂੰ ਇਨ੍ਹਾਂ ਨੇ ਰੂਪਮਾਨ ਕੀਤਾ ਹੈ ਪਰ ਪੰਜਾਬੀ ਵਿਚ ਇਕ ਹੋਰ ਵੀ ਕਹਾਵਤ ਹੈ ਕਿ 'ਰੱਜ ਨਾਲ ਚੱਜ'। ਇਹ ਹਾਲੇ ਸਾਡੇ ਵਿਚ ਨਹੀਂ ਆਇਆ। ਕਿਸੇ ਪੇਂਟਿੰਗ, ਚੰਗੀ ਕਿਤਾਬ ਜਾਂ ਸੰਗੀਤ 'ਤੇ ਖਰਚ ਅਜੇ ਵੀ ਸਾਡੇ ਵਿਚ ਫਜ਼ੂਲਖਰਚੀ ਸਮਝੀ ਜਾਂਦੀ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਇਨ੍ਹਾਂ ਸੁਫਨਿਆਂ ਨੂੰ ਸਾਕਾਰ ਕਰਨਾ ਅਤੇ ਪੰਜਾਬ ਵਿਚ ਸਭਿਆਚਾਰਕ ਪੁਨਰ ਜਾਗ੍ਰਿਤੀ ਦਾ ਨਵਾਂ ਦੌਰ ਸ਼ੁਰੂ ਕਰਨਾ ਹੀ ਹੋਵੇਗੀ।




ਡਾ. ਮਹਿੰਦਰ ਸਿੰਘ ਰੰਧਾਵਾ ਦੀਆਂ ਕੁਝ ਕਿਤਾਬਾਂ ਦੇ ਮੁਖੜੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਅਪਰੈਲ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-530



ਜੀਅ ਨਵਾਂ ਜਦ ਟੱਬਰ ਦੇ ਵਿਚ, ਲੈ ਕੇ ਖੁਸ਼ੀਆਂ ਆਵੇ,
ਸੁੰਨੇ ਘਰ ਵਿਚ ਲੱਗ ਜੇ ਰੌਣਕ, ਹਰ ਕੋਨਾ ਨਸ਼ਿਆਵੇ।
ਬੁੱਕਲ਼ ਦਾਦੇ ਦਾਦੀ ਵਾਲੀ, ਮੋਹ ਦਾ ਨਿੱਘ ਪਹੁੰਚਾਵੇ।
'ਮੂਲ ਦੇ ਨਾਲੋਂ ਵਿਆਜ਼ ਪਿਆਰਾ', ਸਿਆਣਾ ਸੱਚ ਸੁਣਾਵੇ।

### ਕੈਪਸ਼ਨ ਮੁਕਾਬਲਾ-528



ਬਾਬੁਲ ਦੇ ਵਿਹੜੇ, ਅੰਬੀਆਂ ਦੀ ਛਾਵੇਂ,
ਬਹਿੰਦੀਆਂ ਸੀ ਕੁੜੀਆਂ ਪੀਹੜੇ ਡਾਹ ਕੇ।
ਗੁਣਗੁਣਾਉਣੇ ਮਨ ਦੇ ਵਲਵਲੇ,
ਚਿੜੀਆਂ ਦੀ ਚੀਂ ਚੀਂ ਨੂੰ ਗੀਤ ਬਣਾ ਕੇ।
ਕਸੀਦਾ ਬਣ ਜਾਂਦਾ ਸੀ ਯਾਦਾਂ ਦੀ ਪਟਾਰੀ,
ਜਦ ਫੁਲਕਾਰੀ ਕੱਢਦੀਆਂ
ਫੁੱਲ ਬੂਟੇ ਪਾ ਕੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ***
***ਫੋਨ: 94176-49275***
---
ਦੂਰ ਅੰਦੇਸ਼ੀ ਕਲਾਕਾਰ ਨੇ
ਦੇਖੋ ਕੈਸੀ ਕਲਾ ਦਿਖਾਈ।
ਬ੍ਰਿਖਾਂ ਦੇ ਸੰਗ ਮਿੱਤਰ ਪੰਛੀ
ਰੰਗ ਬਿਰੰਗੀ ਮਜਲਿਸ ਲਾਈ।
ਅਨਮੋਲ ਖਜ਼ਾਨਾ ਕੁਦਰਤ ਵਾਲਾ
ਸੰਭਾਲਣ ਵਾਲੀ ਗੱਲ ਚਲਾਈ।
***-ਜਗਮੀਤ ਸਿੰਘ ਪੰਧੇਰ***
***ਫੋਨ:+1 2042963177***
---
ਬਰੈਂਡਡ ਆ ਗਏ ਕੱਪੜੇ,
ਬਰੈਂਡਡ ਪਾਉਂਦੇ ਬੂਟ,
ਕੌਣ ਲੈਂਦਾ ਫੁਲਕਾਰੀਆਂ,
ਨਾ ਕੋਈ ਕੱਢਦੀ ਸੂਟ।
ਰਜਾਈ ਸਰ੍ਹਾਣੇ ਚਾਦਰਾਂ,
ਪ੍ਰਿੰਟ ਹੁਣ ਕਰੇ ਮਸ਼ੀਨ,
ਜੇਬ 'ਚ ਰੱਖਦੇ ਗਾਜਰਾਂ,
ਉਂਝ ਦਿੱਲੀ ਦੇ ਸ਼ੌਕੀਨ।
***-ਸੇਵਾ ਸਿੰਘ ਨੂਰਪੁਰੀ***
***ਫ਼ੋਨ 408-912-3438***
---
ਪੰਛੀ ਕਰਦੇ ਪਏ ਕਲੋਲ
ਜਦ ਲੱਗੀ ਪੰਛੀਆਂ ਦੀ ਮਹਿਫਿਲ
ਰੱਬ ਪਿਆਰ ਸਭ ਨੂੰ ਦਿੰਦਾ ਹੈ
ਦਿਲ ਵਿਚ ਵੱਸਣ ਵਾਲਾ ਵੀ ਦਿੰਦਾ ਹੈ
ਪਰ ਦਿਲ ਨੂੰ ਸਮਝਣ ਵਾਲਾ
ਨਸੀਬ ਵਾਲੇ ਨੂੰ ਦਿੰਦਾ ਹੈ।
***-ਬੱਲਾ ਲਬਾਣਾ***
***ਫੋਨ: 848-235-8344***
---
ਸਮੇਂ ਸਮੇਂ ਦੀਆਂ ਬਾਤਾਂ
ਕੁਝ ਕਰਨ ਲਈ ਇਕਾਗਰ ਹੋਣਾ ਪੈਂਦਾ
ਫੁਲਕਾਰੀ ਹੱਥ ਬੁਣਤ ਕਸੀਦਾ
ਘੁੱਗੀਆਂ, ਤੋਤੇ, ਚਿੜੀਆਂ ਬੁਣਤੀ 'ਚ,
ਘਰ ਹੀ ਬੈਠਿਆਂ
ਬਾਹਰ ਦਾ ਕੁਦਰਤੀ ਨਜ਼ਾਰਾ
ਕਲਾ 'ਚ ਪਰੋਇਆ
ਮਨ ਨੂੰ ਸੀ ਮੁਗਧ ਕਰ ਜਾਂਦਾ,
ਸੂਈ, ਗਦੂਈ, ਚਰਮੁਖ, ਤੱਕਲਾ
ਚਰਖੇ ਦੀ ਘੂਕ ਸੀ
ਸਭ ਮਨੋਰੰਜਨ ਦੇ ਸਾਜ
ਢਾਣੀਆਂ ਜੁੜ ਕਮਾਲ ਸੀ ਹੁੰਦਾ
ਇੱਕਲਤਾ ਵਧੀ,
ਸਭ ਗੁਆਚੇ ਆਪਣੇ ਆਪ 'ਚ।
***-ਦਰਸ਼ਨ ਪਾਲ ਦੋਸਾਂਝ***
---

# ਨਫਰਤ ਤੇ ਖੌਫ ਦੀ ਸਿਆਸਤ ਦੀਆਂ ਜੜ੍ਹਾਂ ਕਿੱਥੇ?

***ਭਾਰਤ ਦੀ ਸੱਤਾਧਿਰ ਜੋ ਮੁੱਖ ਰੂਪ ਵਿਚ ਹਿੰਦੂਤਵੀ ਏਜੰਡੇ ਨੂੰ ਸਮਰਪਿਤ ਹੈ, ਆਪਣੀ ਸਿਆਸਤ ਹੁਣ ਧਾਰਮਿਕ ਕੱਟੜਤਾ ਦੇ ਸਿਰ 'ਤੇ ਚਲਾਉਣ ਵਿਚ ਇੱਕ ਹੱਦ ਤੱਕ ਕਾਮਯਾਬ ਹੋ ਗਈ ਹੈ। ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਇਹ ਸੱਤਾਧਿਰ ਜਾਣਬੁੱਝ ਕੇ ਅਣਗੌਲਿਆ ਕਰ ਰਹੀ ਹੈ ਅਤੇ ਨਫਰਤ ਦੀ ਸਿਆਸਤ ਕਰ ਰਹੇ ਜਨੂਨੀਆਂ ਨੂੰ ਹੱਲਾਸ਼ੇਰੀ ਦੇ ਰਹੀ ਹੈ। ਸਾਰਾ ਧਿਆਨ ਧਰੁਵੀਕਰਨ ਦੀ ਰਣਨੀਤੀ 'ਤੇ ਲਾਇਆ ਜਾ ਰਿਹਾ ਹੈ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਉਘੇ ਵਿਦਵਾਨ ਰਾਮਚੰਦਰ ਗੁਹਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਸ੍ਰੀਲੰਕਾ ਦੇ ਮਾਨਵ ਵਿਗਿਆਨੀ ਐਸ.ਜੇ. ਤੰਬਈਆ ਨੇ 1980ਵਿਆਂ ਵਿਚ ਆਪਣੇ ਦੇਸ਼ ਅੰਦਰਲੇ ਨਸਲੀ ਤਣਾਅ ਬਾਰੇ ਲਿਖਦਿਆਂ, ਸਿੰਹਾਲੀ ਲੋਕਾਂ ਦੀ ਤਸ਼ਬੀਹ 'ਅਜਿਹੀ ਬਹੁਗਿਣਤੀ ਨਾਲ ਕੀਤੀ ਸੀ ਜੋ ਘੱਟਗਿਣਤੀ ਮਨੋਦਸ਼ਾ ਦੀ ਸ਼ਿਕਾਰ ਹੈ।' ਸਿੰਹਾਲੀ ਕੁੱਲ ਜਨਸੰਖਿਆ ਦਾ 70 ਫੀਸਦੀ ਤੋਂ ਵੱਧ ਹਨ, ਦੇਸ਼ ਦੀ ਰਾਜਨੀਤੀ 'ਤੇ ਉਨ੍ਹਾਂ ਦਾ ਕਬਜ਼ਾ ਹੈ ਅਤੇ ਅਫਸਰਸ਼ਾਹੀ ਤੇ ਫੌਜ 'ਤੇ ਉਨ੍ਹਾਂ ਦਾ ਦਬਦਬਾ ਹੈ, ਉਨ੍ਹਾਂ ਦਾ ਬੁੱਧਮਤ ਦੇਸ਼ ਦਾ ਸਰਕਾਰੀ ਧਰਮ ਹੈ, ਉਨ੍ਹਾਂ ਦੀ ਭਾਸ਼ਾ ਸਿੰਹਾਲਾ ਨੂੰ ਹੋਰਨਾਂ ਭਾਸ਼ਾਵਾਂ ਨਾਲੋਂ ਸਰਕਾਰੀ ਤੌਰ 'ਤੇ ਉੱਚ ਦਰਜਾ ਮਿਲਿਆ ਹੋਇਆ ਹੈ। ਇਸ ਸਭ ਕੁਝ ਦੇ ਬਾਵਜੂਦ ਸਿੰਹਾਲੀ ਲੋਕ ਆਪਣੇ ਪੀੜਤ ਹੋਣ ਦੀ ਭਾਵਨਾ ਨਾਲ ਭਰੇ ਹੋਏ ਹਨ। ਉਨ੍ਹਾਂ ਨੂੰ ਘੱਟਗਿਣਤੀ ਤਮਿਲ ਭਾਈਚਾਰੇ ਤੋਂ ਖਤਰਾ ਮਹਿਸੂਸ ਹੁੰਦਾ ਹੈ ਅਤੇ ਉਹ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ



ਤਮਿਲ ਲੋਕੀਂ ਜ਼ਿਆਦਾ ਪੜ੍ਹੇ ਲਿਖੇ ਹਨ ਕਿਉਂਕਿ ਜਦੋਂ ਇਸ ਟਾਪੂ 'ਤੇ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਨ੍ਹਾਂ (ਤਮਿਲਾਂ) ਨਾਲ ਵਿਸ਼ੇਸ਼ ਰਿਆਇਤ ਕੀਤੀ

**ਰਾਮਚੰਦਰ ਗੁਹਾ**

ਜਾਂਦੀ ਸੀ, ਉਨ੍ਹਾਂ ਨੂੰ ਇਸ ਗੱਲ ਦਾ ਗਰੂਰ ਰਹਿੰਦਾ ਹੈ ਕਿ ਭਾਰਤ (ਜੋ ਸ੍ਰੀਲੰਕਾ ਨਾਲੋਂ ਕਿਤੇ ਵੱਡਾ ਤੇ ਫੌਜੀ ਤੌਰ 'ਤੇ ਤਾਕਤਵਰ ਦੇਸ਼ ਹੈ) ਦੀ ਹਮਾਇਤ ਹਾਸਲ ਹੈ ਅਤੇ ਜੇ ਇਨ੍ਹਾਂ ਦੀ ਵਧਦੀ ਤਾਕਤ ਨੂੰ ਨਾ ਰੋਕਿਆ ਗਿਆ ਤਾਂ ਸਿੰਹਲੀਆਂ ਦੇ ਆਪਣੇ ਇਕਲੌਤੇ ਦੇਸ਼ ਵਿਚ ਹੀ ਤਮਿਲ ਉਨ੍ਹਾਂ 'ਤੇ ਦਾਬਾ ਕਾਇਮ ਕਰ ਲੈਣਗੇ।

ਕੁਝ ਦਿਨ ਪਹਿਲਾਂ ਹੀ ਜਦੋਂ ਮੈਂ ਕਰਨਾਟਕ ਸੂਬੇ ਦੇ ਉਡੁੱਪੀ ਵਿਚ ਕੁਝ ਨਾਗਰਿਕਾਂ ਅਤੇ ਪੇਜਾਵਰ ਮੱਠ ਦੇ ਸਵਾਮੀ ਦੀ ਮੀਟਿੰਗ ਬਾਰੇ ਇਕ ਰਿਪੋਰਟ ਅਖਬਾਰ ਵਿਚ ਪੜ੍ਹੀ ਤਾਂ ਮੈਨੂੰ ਤੰਬਈਆ ਦੀ ਧਾਰਨਾ ਦਾ ਚੇਤਾ ਆ ਗਿਆ। ਉਡੁੱਪੀ ਜ਼ਿਲ੍ਹਾ ਤੇ ਸ਼ਹਿਰ ਪਿਛਲੇ ਕੁਝ ਸਾਲਾਂ ਤੋਂ ਕਰਨਾਟਕ ਵਿਚ ਕੱਟੜਪੰਥੀਆਂ ਦੀ ਪ੍ਰਯੋਗਸ਼ਾਲਾ ਬਣਿਆ ਹੋਇਆ ਹੈ।

ਇਹ ਉਹੀ ਸ਼ਹਿਰ ਹੈ ਜਿੱਥੇ ਇਕ ਸਿਆਸੀ ਆਗੂ ਦੀ ਸ਼ਹਿ 'ਤੇ ਇਕ ਕਾਲਜ ਵੱਲੋਂ ਹਿਜਾਬ ਪਹਿਨਣ 'ਤੇ ਪਾਬੰਦੀ ਲਾਈ ਗਈ ਸੀ। ਇਸ ਨਾਲ ਦੇਸ਼ਵਿਆਪੀ ਵਿਵਾਦ ਖੜ੍ਹਾ ਹੋ ਗਿਆ ਸੀ ਜਿਸ ਦੇ ਫਿਰਕੂ ਇਕਸੁਰਤਾ ਲਈ ਗੰਭੀਰ ਖਤਰੇ ਨਿਕਲ ਸਕਦੇ ਸਨ। ਪੇਜਾਵਰ ਮੱਠ ਦਾ ਸ਼ੁਮਾਰ ਉਨ੍ਹਾਂ ਅੱਠ ਧਾਰਮਿਕ ਸੰਗਠਨਾਂ ਵਿਚ ਹੁੰਦਾ ਹੈ ਜੋ ਸਮੂਹਿਕ ਰੂਪ ਵਿਚ ਉਡੁੱਪੀ ਦੇ ਪ੍ਰਸਿੱਧ ਧਾਰਮਿਕ ਅਸਥਾਨ ਦਾ ਪ੍ਰਬੰਧ ਚਲਾਉਂਦੇ ਹਨ।

ਹਿਜਾਬ 'ਤੇ ਪਾਬੰਦੀ ਲਾ ਕੇ ਬਹੁਤ ਸਾਰੀਆਂ ਲੜਕੀਆਂ ਨੂੰ ਸਿੱਖਿਆ ਦੇ ਹੱਕ ਤੋਂ ਵਿਰਵਾ ਕਰਨ ਦੀ ਸਫਲਤਾ ਪਾਉਣ ਤੋਂ ਬਾਅਦ ਉਡੁੱਪੀ ਦੇ ਕੱਟੜਪੰਥੀ ਬੁਰਛਾਗਰਦਾਂ ਨੇ ਆਗਿਆਕਾਰੀ ਪ੍ਰਸ਼ਾਸਨ ਨੂੰ ਇਕ ਨਵਾਂ ਫਰਮਾਨ ਚਾੜ੍ਹ ਦਿੱਤਾ ਕਿ ਮੰਦਰਾਂ ਤੇ ਤਿਓਹਾਰਾਂ ਮੌਕੇ ਲੱਗਦੇ ਮੇਲਿਆਂ 'ਤੇ ਮੁਸਲਮਾਨ ਦੁਕਾਨਦਾਰਾਂ 'ਤੇ ਦੁਕਾਨਾਂ ਲਾਉਣ ਦੀ ਪਾਬੰਦੀ ਲਾਈ ਜਾਵੇ। ਨਾਗਰਿਕਾਂ ਦੇ ਇਕ ਵਫਦ ਜਿਸ ਵਿਚ ਕੁਝ







ਮੁਸਲਮਾਨ ਵੀ ਸ਼ਾਮਲ ਸਨ, ਨੇ ਪੇਜਾਵਰ ਮੱਠ ਦੇ ਸਵਾਮੀ ਨਾਲ ਮੁਲਾਕਾਤ ਕੀਤੀ ਕਿਉਂਕਿ ਉਨ੍ਹਾਂ ਪਤਾ ਸੀ ਕਿ ਰਾਜ ਸਰਕਾਰ ਜਾਂ ਅਦਾਲਤਾਂ ਨੇ ਉਨ੍ਹਾਂ ਦੀ ਬਾਂਹ ਨਹੀਂ ਫੜਨੀ। ਉਨ੍ਹਾਂ ਸਵਾਮੀ ਨੂੰ ਮੁਸਲਮਾਨ ਦੁਕਾਨਦਾਰਾਂ 'ਤੇ ਲਾਈ ਗਈ ਪਾਬੰਦੀ ਖਿਲਾਫ ਦਖਲ ਦੇਣ ਦੀ ਅਪੀਲ ਕੀਤੀ ਤਾਂ ਕਿ ਫਿਰਕੂ ਇਕਸੁਰਤਾ ਨਾ ਵਿਗੜੇ। ਇਸ 'ਤੇ ਸਵਾਮੀ ਨੇ ਉਨ੍ਹਾਂ ਨੂੰ ਆਖਿਆ ਕਿ ਹਿੰਦੂ ਸਮਾਜ ਨੇ ਬੀਤੇ ਸਮਿਆਂ ਵਿਚ ਬਹੁਤ ਸੰਤਾਪ ਹੰਢਾਇਆ ਹੈ। ਇਕ ਅਖਬਾਰ ਵਿਚ ਸਵਾਮੀ ਦਾ ਇਹ ਬਿਆਨ ਛਪਿਆ ਕਿ "ਜਦੋਂ ਕਿਸੇ ਤਬਕੇ ਜਾਂ ਸਮੂਹ ਨੂੰ ਨਿਰੰਤਰ ਬੇਇਨਸਾਫੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਮਾਯੂਸੀ ਅਤੇ ਗੁੱਸਾ ਉਬਾਲਾ ਖਾ ਜਾਂਦਾ ਹੈ। ਹਿੰਦੂ ਸਮਾਜ ਬੇਇਨਸਾਫੀ ਤੋਂ ਅੱਕ ਚੁੱਕਿਆ ਹੈ।"

ਸਵਾਮੀ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਦਾਅਵਾ ਕੀਤਾ ਹੈ ਕਿ 'ਹਿੰਦੂ ਸਮਾਜ ਨੂੰ ਅਤੀਤ ਵਿਚ ਬਹੁਤ ਦੁੱਖ ਝਾਗਣੇ ਪਏ ਸਨ।' ਮੇਰਾ ਖਿਆਲ ਹੈ ਕਿ ਉਨ੍ਹਾਂ ਦਾ ਇਸ਼ਾਰਾ ਉਨ੍ਹਾਂ ਮੁਸਲਿਮ ਰਾਜਿਆਂ ਵੱਲ ਸੀ ਜਿਨ੍ਹਾਂ ਨੇ ਮੱਧਕਾਲ ਦੌਰਾਨ ਹਿੰਦੁਸਤਾਨ ਉਪਰ ਰਾਜ ਕੀਤਾ ਸੀ। ਬੇਸ਼ੱਕ ਇਹ ਹਵਾਲੇ ਇਕਪਾਸੜ ਪ੍ਰਵਚਨ ਵਿਚ ਭਰੇ ਪਏ ਹਨ ਜੋ ਪਿਛਲੇ ਕੁਝ ਮਹੀਨਿਆਂ ਦੌਰਾਨ ਉੱਤਰ ਪ੍ਰਦੇਸ਼ ਵਿਚ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ ਅਤੇ ਰਾਜ ਦੇ ਮੁੱਖ ਮੰਤਰੀ ਵੱਲੋਂ ਵਾਰ-ਵਾਰ ਦਿੱਤੇ ਜਾਂਦੇ ਰਹੇ ਹਨ। ਸਬਬੀਂ, ਇਕ ਧਰਮ ਨੂੰ ਛੱਡ ਕੇ ਅੱਜ 2022 ਵਿਚ ਲਖਨਊ ਜਾਂ ਉਡੁੱਪੀ ਵਿਚ ਰਹਿੰਦੇ ਮੁਸਲਮਾਨ ਮਿਹਨਤਕਸ਼ ਲੋਕਾਂ ਦਾ ਅਤੀਤ ਦੇ ਮੁਸਲਿਮ ਸ਼ਾਸਕਾਂ ਨਾਲ ਕੁਝ ਵੀ ਸਾਂਝਾ ਨਹੀਂ ਹੈ ਜੀਹਦੇ ਕਰਕੇ ਉਨ੍ਹਾਂ ਨੂੰ ਇੰਝ ਧਮਕਾਇਆ ਤੇ ਸ਼ਰਮਿੰਦਾ ਕੀਤਾ ਜਾਵੇ।

ਅੱਜ ਕੱਲ੍ਹ ਇਹ ਰਿਵਾਜ ਹੀ ਬਣ ਗਿਆ ਹੈ ਕਿ ਭਾਰਤੀ ਮੁਸਲਮਾਨਾਂ ਨੂੰ ਸਦੀਆਂ ਪਹਿਲਾਂ ਮੁਗਲਾਂ ਜਾਂ ਫਿਰ ਟੀਪੂ ਸੁਲਤਾਨ ਵੱਲੋਂ ਕੀਤੇ ਕੰਮਾਂ ਬਦਲੇ ਦੋਸ਼ੀ ਠਹਿਰਾਇਆ ਜਾਵੇ। ਬਹਰਹਾਲ, ਗੌਰਤਲਬ ਗੱਲ ਇਹ ਹੈ ਕਿ ਪੇਜਾਵਰ ਦੇ ਸਵਾਮੀ ਹਿੰਦੂਆਂ ਨਾਲ ਬੇਇਨਸਾਫੀ ਦੀ ਬਾਤ ਪਾਉਂਦਿਆਂ ਵਰਤਮਾਨ ਵਿਚ ਪ੍ਰਵੇਸ਼ ਕਰ ਗਏ ਪਰ ਉਨ੍ਹਾਂ ਇਹ ਬਿਲਕੁਲ ਨਹੀਂ ਦੱਸਿਆ ਕਿ ਹੁਣ ਹਿੰਦੂਆਂ ਨਾਲ ਬੇਇਨਸਾਫੀ ਕੌਣ ਕਰ ਰਿਹਾ ਹੈ?

ਆਬਾਦੀ ਦੇ ਲਿਹਾਜ਼ ਤੋਂ ਇਸ ਵੇਲੇ ਭਾਰਤ ਵਿਚ ਹਿੰਦੂਆਂ ਦਾ ਅਨੁਪਾਤ ਸ੍ਰੀਲੰਕਾ ਦੇ ਸਿੰਹਾਲੀਆਂ ਨਾਲੋਂ ਵੀ ਜ਼ਿਆਦਾ ਹੈ। ਪ੍ਰਸ਼ਾਸਨ ਅਤੇ ਅਮਨ ਕਾਨੂੰਨ ਵਿਵਸਥਾ ਉੱਤੇ ਇਨ੍ਹਾਂ ਦਾ ਮੁਕੰਮਲ ਗਲਬਾ ਹੈ। ਕਰਨਾਟਕ ਦੇ ਮੁਸਲਮਾਨ ਸਿਆਸੀ, ਆਰਥਿਕ, ਸਮਾਜੀ ਤੇ ਸਭਿਆਚਾਰਕ ਤੌਰ 'ਤੇ ਬਿਲਕੁਲ ਨਿਤਾਣੇ ਹਨ। ਵਿਧਾਨ ਪਾਲਿਕਾ, ਨਾਗਰਿਕ ਸੇਵਾਵਾਂ ਤੇ ਪੁਲਿਸ, ਨਿਆਂ ਪਾਲਿਕਾ ਅਤੇ ਪੇਸ਼ੇਵਰ ਕਿੱਤਿਆਂ ਵਿਚ ਉਨ੍ਹਾਂ ਦੀ ਗਿਣਤੀ ਨਾਂਮਾਤਰ ਹੈ। ਉਨ੍ਹਾਂ ਦਾ ਆਰਥਿਕ ਦਰਜਾ ਬਹੁਤ ਖਰਾਬ ਹੈ। ਕਮਾਲ ਦੀ ਗੱਲ ਇਹ ਹੈ ਕਿ ਇਸ ਵੇਲੇ ਕਰਨਾਟਕ ਅਤੇ ਸਮੁੱਚੇ ਭਾਰਤ ਵਿਚ ਹਿੰਦੂ ਸ੍ਰੇਸ਼ਠਤਾ ਦੇ ਮੰਤਵ ਨੂੰ ਸਮਰਪਿਤ ਪਾਰਟੀ ਰਾਜ ਚਲਾ ਰਹੀ ਹੈ।

ਇਸ ਦੇ ਬਾਵਜੂਦ ਸਵਾਮੀ ਆਰਾਮ ਨਾਲ ਇਹ ਗੱਲ ਕਹਿ ਦਿੰਦਾ ਹੈ ਕਿ ਹਿੰਦੂਆਂ ਨਾਲ ਵਿਤਕਰਾ ਤੇ ਬੇਇਨਸਾਫੀ ਹੋ ਰਹੀ ਹੈ। ਜਦੋਂ ਕੋਈ ਪ੍ਰਾਚੀਨ, ਉੱਤਮ ਦਰਜੇ ਦੀ ਸਤਿਕਾਰਤ ਧਾਰਮਿਕ ਵਿਵਸਥਾ ਇਸ ਕਿਸਮ ਦੀ ਗੱਲ ਕਰਦੀ ਹੈ ਤਾਂ ਅਸੀਂ ਸਮਝ ਸਕਦੇ ਹਾਂ ਕਿ ਸਾਡੀ ਬਹੁਗਿਣਤੀ ਇਕ ਕਿਸਮ ਦੀ ਘੱਟਗਿਣਤੀ ਮਨੋਦਸ਼ਾ ਦਾ ਸ਼ਿਕਾਰ ਹੈ। ਅਹਿਸਾਸ ਦੇ ਪੱਧਰ 'ਤੇ ਅਤੇ ਵਿਹਾਰਕ ਪੱਖ ਤੋਂ ਹਿੰਦੂਤਵ ਤਹਿਤ ਹਿੰਦੂਆਂ ਦਾ ਇਕ ਘੱਟਗਿਣਤੀ ਮਨੋਦਸ਼ਾ ਵਾਲੀ ਬਹੁਗਿਣਤੀ ਬਣਦੇ ਜਾਣ ਦਾ ਖਤਰਾ ਹੈ ਜੋ ਖੌਫ ਤੇ ਅੱਤਿਆਚਾਰ ਦੀ ਭਾਵਨਾ ਨਾਲ ਗ੍ਰਸੀ ਹੋਵੇ। ਆਪਣੀ ਸੰਖਿਆ ਦੇ ਜ਼ੋਰ 'ਤੇ ਉਹ ਰਾਜ, ਪ੍ਰਸ਼ਾਸਨ, ਮੀਡੀਆ ਅਤੇ ਇੱਥੋਂ ਤੱਕ ਕਿ ਨਿਆਂ ਪਾਲਿਕਾ ਦੇ ਕੁਝ ਵਰਗਾਂ ਦੇ ਕੰਟਰੋਲ ਜ਼ਰੀਏ ਬੇਕਿਰਕੀ ਨਾਲ ਆਪਣੀ ਇੱਛਾ ਗ਼ੈਰ-ਹਿੰਦੂਆਂ 'ਤੇ ਠੋਸਣ ਦਾ ਯਤਨ ਕਰਦੇ ਹਨ। ਹਿਜਾਬ, ਹਲਾਲ ਮੀਟ ਅਤੇ ਅਜ਼ਾਨ 'ਤੇ ਪਾਬੰਦੀਆਂ ਲਾਉਣ ਦੀਆਂ ਘਟਨਾਵਾਂ ਇਸ ਬਹੁਗਿਣਤੀਵਾਦ ਦੀਆਂ ਸੱਜਰੀਆਂ ਮਿਸਾਲਾਂ ਹਨ।

ਭਾਰਤੀ ਮੁਸਲਮਾਨਾਂ ਉਪਰ ਕੱਟੜਪੰਥੀ ਹਮਲੇ ਦੇ ਦੋ ਮਖਸੂਸ ਪਰ ਅੰਤਰ-ਸਬੰਧਿਤ ਪਹਿਲੂ ਹਨ। ਪਹਿਲਾ ਹੈ ਸਿਆਸੀ ਪਹਿਲੂ ਜੋ ਬਹੁਗਿਣਤੀ ਫਿਰਕੇ ਦਾ ਇਕ ਜੇਤੂ ਵੋਟ ਬੈਂਕ ਕਾਇਮ ਕਰਨ ਦੇ ਉੱਦਮ ਦਾ ਢੰਡੋਰਾ ਪਿੱਟਦਾ ਹੈ ਜਿਸ ਤਹਿਤ ਦਲਿਤਾਂ ਅਤੇ ਹੋਰਨਾਂ ਪੱਛੜੇ ਵਰਗਾਂ ਦੇ ਕੁਝ ਪ੍ਰਮੁੱਖ ਹਿੱਸਿਆਂ ਨੂੰ ਹਿੰਦੂਤਵੀ ਖੇਮੇ ਹੇਠ ਲਿਆ ਕੇ ਸਭਿਆਚਾਰਕ ਤੇ ਸਮਾਜਿਕ ਸ੍ਰੇਸ਼ਠਤਾ ਦਾ ਅਹਿਸਾਸ ਕਰਾਉਣਾ ਹੈ। ਜ਼ਿਆਦਾਤਰ ਸੂਬਿਆਂ ਵਿਚ ਅਮੂਮਨ 80 ਫੀਸਦੀ ਵੋਟਰ ਹਿੰਦੂ ਹਨ।

ਜੇ ਭਾਜਪਾ ਪਹਿਲ ਹਿੰਦੂ ਤੇ ਮੁਸਲਮਾਨ ਰਹਿਤ ਰਣਨੀਤੀ ਮੁਤਾਬਿਕ ਇਨ੍ਹਾਂ 'ਚੋਂ 60 ਫੀਸਦੀ ਵੋਟਾਂ ਲੈ ਜਾਵੇ ਤਾਂ ਉਸ ਦੀ ਜਿੱਤ ਪੱਕੀ ਹੋ ਜਾਂਦੀ ਹੈ। (ਇਹੀ ਉਹ ਖੇਤਰ ਹੈ ਜਿੱਥੇ ਭਾਜਪਾ ਦੇ ਵਿਰੋਧ ਵਿਚ ਮਹਿਜ਼ ਇਕ ਹੀ ਵੱਡੀ ਸਿਆਸੀ ਪਾਰਟੀ ਮੌਜੂਦ ਹੈ ਜਦੋਂਕਿ ਸੂਬਿਆਂ ਵਿਚ ਹਿੱਸਾ ਵੰਡਾਉਣ ਵਾਲੀਆਂ ਕਈ ਪਾਰਟੀਆਂ ਹਨ ਜਿੱਥੇ ਭਾਜਪਾ ਨੂੰ ਜਿੱਤਣ ਲਈ ਬਹੁਗਿਣਤੀ ਵੋਟ ਬੈਂਕ ਦੀਆਂ 50 ਫੀਸਦ ਵੋਟਾਂ ਲਿਜਾਣੀਆਂ ਹੀ ਕਾਫੀ ਹਨ।)

ਘੱਟਗਿਣਤੀਆਂ ਉਪਰ ਕੱਟੜਪੰਥੀ ਹਮਲੇ ਦਾ ਦੂਜਾ ਪਹਿਲੂ ਵਿਚਾਰਧਾਰਕ ਹੈ- ਭਾਵ ਇਹ ਧਾਰਨਾ ਹੈ ਕਿ ਹਿੰਦੂ ਹੀ ਇਸ ਦੇਸ਼ ਦੇ ਸੱਚੇ ਸੁੱਚੇ, ਖਰੇ, ਭਰੋਸੇਮੰਦ ਨਾਗਰਿਕ ਹਨ ਅਤੇ ਭਾਰਤੀ ਮੁਸਲਮਾਨਾਂ (ਕੁਝ ਹੱਦ ਤੱਕ ਇਸਾਈਆਂ 'ਤੇ ਵੀ) ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ (ਸਾਵਰਕਰ ਦੀ ਮਾੜੀ ਧਾਰਨਾ ਤਹਿਤ) ਉਨ੍ਹਾਂ ਦੀ ਪੁੰਨਭੂਮੀ ਆਪਣੀ ਪਿੱਤਰਭੂਮੀ ਤੋਂ ਬਾਹਰ ਸਥਿਤ ਹੈ। ਇਸ ਸਰਜ਼ਮੀਨ ਦੇ ਸੱਚੇ ਮਾਲਕ ਹੋਣ ਦੀ ਇਹ ਭਾਵਨਾ ਹੀ ਹਿੰਦੂਤਵੀ ਕਾਰਕੁਨਾਂ ਨੂੰ ਨਿਰੰਤਰ ਭਾਰਤੀ ਮੁਸਲਮਾਨਾਂ ਨੂੰ ਉਨ੍ਹਾਂ ਦੇ ਪਹਿਰਾਵੇ, ਉਨ੍ਹਾਂ ਦੇ ਖਾਣ-ਪਾਨ, ਰੀਤੀ ਰਿਵਾਜ, ਰੋਜ਼ੀ ਰੋਟੀ ਦੇ ਆਰਥਿਕ ਕਿੱਤਿਆਂ ਮੁਤੱਲਕ ਨਿਸ਼ਾਨੇ 'ਤੇ ਲਿਆਉਂਦੇ ਰਹਿਣ ਲਈ ਉਕਸਾਉਂਦੀ ਰਹਿੰਦੀ ਹੈ।

ਇਸ ਮਾਮਲੇ ਵਿਚ ਜਨਤਕ ਦਖਲ ਦੀ ਇਕ ਸੱਜਰੀ ਮਿਸਾਲ ਮਸੂਰ ਵਿਚ ਦੇਖਣ ਨੂੰ ਮਿਲੀ ਹੈ ਜਿੱਥੇ ਇਕ ਦਲੇਰ ਤੇ ਬਹੁਤ ਹੀ ਸਤਿਕਾਰਤ ਕੰਨੜ ਲੇਖਕ ਦੇਵਨੂਰ ਮਹਾਦੇਵਾ ਕੱਟੜਪੰਥੀ ਗੁੰਡਿਆਂ ਨੂੰ ਲਲਕਾਰਦੇ ਹੋਏ ਹਲਾਲ ਮੀਟ ਖਰੀਦ ਕੇ ਲਿਆਏ ਸਨ। ਇਸ ਮੌਕੇ ਮਹਾਦੇਵਾ ਨੇ ਆਖਿਆ "ਨਫਰਤ ਕੱਟੜਪੰਥੀਆਂ ਲਈ ਐਨਰਜੀ ਡਰਿੰਕ ਦੀ ਤਰ੍ਹਾਂ ਹੁੰਦੀ ਹੈ।" ਇਹ ਵਾਕਈ ਇਕ ਬਾਕਮਾਲ ਵਿਆਖਿਆ ਸੀ ਜਿਸ ਨਾਲ ਮੈਂ ਇੰਨੀ ਕੁ ਗੱਲ ਜੋੜਨ ਦੀ ਆਗਿਆ ਮੰਗਦਾ ਹਾਂ ਕਿ ਇਸ ਐਨਰਜੀ ਡਰਿੰਕ ਵਿਚ ਨਫਰਤ ਦੇ ਨਾਲ ਖੌਫ ਦੀ ਪੁੱਠ ਵੀ ਚਾੜ੍ਹੀ ਹੁੰਦੀ ਹੈ। ਇਸ ਕੱਟੜਵਾਦੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਹਿੰਦੂ ਨਾ ਕੇਵਲ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ ਸਗੋਂ ਅਕਾਰਨ ਹੀ ਆਪਣੇ ਮਨਾਂ ਵਿਚ ਆਪਣੇ ਹਮਵਤਨਾਂ ਪ੍ਰਤੀ ਨਫਰਤ ਪਾਲ ਬੈਠੇ ਹਨ।

ਸੰਖੇਪ ਸਾਰ ਇਹ ਹੈ ਕਿ ਵਿਹਾਰਕ ਰੂਪ 'ਚ ਇਸ ਵਿਚਾਰਧਾਰਾ ਦੇ ਪਸਾਰ ਨਾਲ ਭਾਰਤ ਦੀ ਵੱਡੀ ਘੱਟਗਿਣਤੀ ਨੂੰ ਤਾਂ ਗਹਿਰਾ ਆਘਾਤ ਪਹੁੰਚੇਗਾ ਹੀ (ਜਿਵੇਂ ਕਿ ਪਹਿਲਾਂ ਹੀ ਹੋ ਰਿਹਾ ਹੈ)। ਉਂਝ, ਲੰਮੇ ਦਾਅ ਤੋਂ ਹਿੰਦੂਆਂ ਨੂੰ ਵੀ ਇਸ ਦੇ ਨਤੀਜੇ ਭੁਗਤਣੇ ਪੈਣਗੇ। ਸ੍ਰੀਲੰਕਾ ਵਿਚ ਸਿੰਹਾਲੀ ਜਨਤਾ ਨੇ ਜਿਵੇਂ ਤਮਿਲਾਂ ਨੂੰ, ਪਾਕਿਸਤਾਨ ਵਿਚ ਸੁੰਨੀਆਂ ਨੇ ਹਿੰਦੂਆਂ, ਇਸਾਈਆਂ, ਅਹਿਮਦੀਆ ਅਤੇ ਸ਼ੀਆ ਲੋਕਾਂ ਨੂੰ, ਮਿਆਂਮਾਰ ਵਿਚ ਬੋਧੀਆਂ ਨੇ ਰੋਹਿੰਗੀਆ ਭਾਈਚਾਰੇ ਨੂੰ ਭੰਡਿਆ ਤੇ ਨਿਸ਼ਾਨਾ ਬਣਾਇਆ ਸੀ, ਇਹ ਇਸੇ ਕਿਸਮ ਦੇ ਖਤਰੇ ਦੀਆਂ ਘੰਟੀਆਂ ਹਨ।

ਜੇ ਕਿਤੇ ਇਹ ਤਿੰਨੋਂ ਦੇਸ਼ ਮਜ਼ਹਬੀ ਬਹੁਗਿਣਤੀਵਾਦ ਦੀ ਵਿਚਾਰਧਾਰਾ ਦੀ ਗ੍ਰਿਫਤ ਵਿਚ ਨਾ ਆਏ ਹੁੰਦੇ ਤਾਂ ਅੱਜ ਇਨ੍ਹਾਂ ਦੇ ਹਾਲਾਤ ਕਾਫੀ ਬਿਹਤਰ ਹੋਣੇ ਸਨ। ਨਫਰਤ ਅਤੇ ਖੌਫ ਉਹ ਸਾਧਨ ਹਰਗਿਜ਼ ਨਹੀਂ ਹਨ ਜਿਨ੍ਹਾਂ ਰਾਹੀਂ ਸ਼ਾਂਤਮਈ ਅਤੇ ਖੁਸ਼ਹਾਲ ਸਮਾਜਾਂ ਦਾ ਨਿਰਮਾਣ ਤੇ ਪੋਸ਼ਣ ਕੀਤਾ ਜਾਂਦਾ ਹੈ। ਇਹ ਸਗੋਂ ਉਲਟਾ ਅਸਰ ਕਰਦੇ ਹਨ।

---

# ਮਕਾਨ ਦੀ ਚੱਠ

ਕਾਫੀ ਸਾਲ ਪਹਿਲਾਂ ਸਕੂਲ ਦੇ ਕਿਸੇ ਕੰਮ ਮੁਹਾਲੀ ਸਿੱਖਿਆ ਬੋਰਡ ਦੇ ਦਫਤਰ ਵਿਚ ਗਿਆ ਹੋਇਆ ਸਾਂ। ਮੁੜ ਕੇ ਘਰ ਆਉਣ ਅਤੇ ਚਾਹ ਦਾ ਘੁੱਟ ਛਕਣ ਤੋਂ ਬਾਅਦ ਪਤਨੀ ਨੇ ਮਕਾਨ ਦੀ ਚੱਠ ਦਾ ਕਾਰਡ ਅਤੇ ਕਾਜੂ ਦੀ ਬਰਫੀ ਵਾਲਾ ਡੱਬਾ ਦਿਖਾਉਂਦਿਆਂ ਸਵਾਲ ਕੀਤਾ, "ਤੁਸੀਂ ਇਸ

**ਪ੍ਰਿੰਸੀਪਲ ਵਿਜੈ ਕੁਮਾਰ**
**ਫੋਨ: +91-98726-27136**

ਮੁੰਡੇ ਨੂੰ ਜਾਣਦੇ ਹੋ?" ਕਾਰਡ ਪੜ੍ਹ ਕੇ ਦਿਮਾਗ ਉੱਤੇ ਬਹੁਤ ਜ਼ੋਰ ਪਾਇਆ ਕਿ ਉਸ ਮੁੰਡੇ ਦੀ ਸ਼ਨਾਖਤ ਕਰ ਸਕਾਂ ਪਰ ਸਫਲ ਨਾ ਹੋ ਸਕਿਆ। ਅਖੀਰ ਇਹ ਕਹਿ ਕੇ ਸੋਚਣਾ ਛੱਡ ਦਿੱਤਾ, "ਕੋਈ ਵਿਦਿਆਰਥੀ ਹੋਵੇਗਾ ਮੇਰਾ। ਦੇਖਾਂਗੇ, ਜੇ ਸਮਾਂ ਮਿਲਿਆ ਤਾਂ ਜਾ ਵੀ ਆਵਾਂਗੇ।" ਪਤਨੀ ਬੋਲੀ, "ਨਾ ਜੀ, ਮੁੰਡੇ ਨੇ ਦੋਵੇਂ ਹੱਥ ਜੋੜ ਕੇ ਕਿਹਾ ਸੀ ਕਿ ਸਰ ਨੂੰ ਮੇਰੇ ਵੱਲੋਂ ਕਹਿਣਾ ਕਿ ਸਾਡੇ ਘਰ ਦੀ ਚੱਠ 'ਤੇ ਤੁਸੀਂ ਦੋਵਾਂ ਨੇ ਜ਼ਰੂਰ ਪਹੁੰਚਣਾ ਏ।" ਮੈਂ ਚੱਠ ਵਾਲੀ ਤਰੀਕ ਅਤੇ ਦਿਨ ਤਾਂ ਜ਼ਰੂਰ ਪੜ੍ਹ ਲਏ ਪਰ ਜਾਣ ਦਾ ਮਨ ਨਹੀਂ ਬਣਾਇਆ। ਉਂਝ, ਮਨ ਅੰਦਰ ਇਹ ਵਿਚਾਰ ਉੱਠ ਰਿਹਾ ਸੀ ਕਿ ਘਰ ਤੋਂ ਦੂਰ ਪਿੰਡ ਵਿਚ ਜਾਣਾ ਪਵੇਗਾ ਤੇ ਹਰ ਵਿਦਿਆਰਥੀ ਦੇ ਘਰ ਜਾਇਆ ਵੀ ਨਹੀਂ ਜਾ ਸਕਦਾ। ਮਕਾਨ ਦੀ ਚੱਠ ਨੂੰ ਅਜੇ ਪੂਰਾ ਹਫਤਾ ਪਿਆ ਸੀ।

ਇੱਕ ਦਿਨ ਘਰ ਦੇ ਵਿਹੜੇ ਵਿਚ ਬੈਠਾ ਅਖਬਾਰ ਪੜ੍ਹ ਰਿਹਾ ਸੀ, ਦਰਵਾਜ਼ੇ 'ਤੇ ਲਾਈ ਟੱਲੀ ਖੜਕੀ। ਦਰਵਾਜ਼ਾ ਖੋਲ੍ਹਿਆ ਤਾਂ ਅੱਗਿਓਂ ਇੱਕ ਨੌਜਵਾਨ ਨੇ ਗੋਡੇ ਨਹੀਂ ਸਗੋਂ ਪੈਰੀਂ ਹੱਥ ਲਗਾਇਆ, "ਸਰ, ਤੁਸੀਂ ਮੈਨੂੰ ਪਛਾਣਿਆ?" ਉਸ ਦੇ ਸਵਾਲ ਨੇ ਮਕਾਨ ਦੀ ਚੱਠ ਵਾਲਾ ਕਾਰਡ ਤੇ ਕਾਜੂ ਦੀ ਬਰਫੀ ਵਾਲਾ ਡੱਬਾ ਅੱਖਾਂ ਸਾਹਮਣੇ ਲਿਆ ਦਿੱਤੇ। ਫਿਰ ਵੀ ਉਹ ਮੇਰੀ ਪਛਾਣ ਵਿਚ ਨਹੀਂ ਸੀ ਆਇਆ। ਮੈਂ ਉਹਨੂੰ ਚਾਹ ਦੇ ਕੱਪ ਦਾ ਸੱਦਾ ਦਿੰਦਿਆਂ ਅੰਦਰ ਆਉਣ ਲਈ ਕਿਹਾ ਅਤੇ ਉਹ ਕਾਹਲੀ ਵਿਚ ਹੋਣ ਦੇ ਬਾਵਜੂਦ ਅੰਦਰ ਆ ਗਿਆ। ਉਸ ਨੇ ਪਹਿਲਾਂ ਵਾਲਾ ਸਵਾਲ ਦੁਹਰਾਇਆ। ਮੇਰਾ ਜਵਾਬ ਵੀ ਬਦਲਿਆ ਨਹੀਂ ਸੀ, ਸੱਚਮੁੱਚ ਉਹ ਮੇਰੀ ਪਛਾਣ ਵਿਚ ਨਹੀਂ ਆ ਸਕਿਆ ਸੀ। ਉਹਨੇ ਆਪਣਾ ਨਾਂ ਦੱਸਿਆ, ਪਿੰਡ ਦਾ ਨਾਂ ਦੱਸਿਆ ਅਤੇ ਫਿਰ ਉਸ ਸਕੂਲ ਦਾ ਨਾਂ ਦੱਸਿਆ ਜਿੱਥੇ ਉਹ ਪੜ੍ਹਦਾ ਸੀ, ਤੇ ਮੈਂ ਪੜ੍ਹਾਉਂਦਾ ਸਾਂ। ਹੁਣ ਉਹ ਮੁੰਡਾ ਮੇਰੀ ਪਛਾਣ ਵਿਚ ਆ ਗਿਆ ਸੀ। ਮੈਂ ਅਸਲ ਵਿਚ ਉਸ ਦੀ ਜਮਾਤ ਦਾ ਇੰਚਾਰਜ ਅਧਿਆਪਕ ਸਾਂ। ਉਹ ਸੱਤਵੀਂ ਜਮਾਤ ਵਿਚ ਫੇਲ੍ਹ ਹੋ ਗਿਆ ਸੀ। ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਉਹਦੇ ਪਿਤਾ ਜੀ ਚਾਹੁੰਦੇ ਸਨ ਕਿ ਉਹ ਪੜ੍ਹੇ। ਉਨ੍ਹਾਂ ਨੂੰ ਇਹ ਖਬਰ ਨਹੀਂ ਸੀ ਕਿ ਮੁੰਡਾ ਸੱਤਵੀਂ ਤੱਕ ਵੀ ਰਿਆਇਤੀ ਪਾਸ ਹੁੰਦਾ ਰਿਹਾ ਸੀ। ਉਸ ਦੇ ਪਿਤਾ ਜੀ ਮੁੱਖ ਅਧਿਆਪਕ ਨਾਲ ਕਾਫੀ ਔਖੇ ਭਾਰੇ ਹੋਏ। ਮੈਂ ਉਸ ਦੇ ਪਿਤਾ ਜੀ ਨੂੰ ਬਿਠਾ ਕੇ ਸਮਝਾਇਆ ਕਿ ਇਹਨੂੰ ਪਾਸ ਤਾਂ ਕਰਵਾ ਦਿੰਦਾ ਹਾਂ ਪਰ ਇਹ ਅਨਪੜ੍ਹਾਂ ਵਰਗਾ ਹੀ ਹੋਵੇਗਾ। ਉਹ ਸਰਟੀਫਿਕੇਟ ਬੱਚੇ ਦੇ ਕਿਸ ਕੰਮ ਦਾ ਹੋਵੇਗਾ? ਚੰਗਾ ਹੋਵੇ, ਜੇ ਤੁਸੀਂ ਮੁੰਡੇ ਨੂੰ ਕੋਈ ਕੰਮ ਸਿਖਾ ਦਿਓ। ਉਸ ਦਿਨ ਤੋਂ ਬਾਅਦ ਉਸ ਮੁੰਡੇ ਨੂੰ ਮੈਂ ਅੱਜ ਮਿਲ ਰਿਹਾ ਸਾਂ।

"ਲਗਦੈ, ਵਿਦੇਸ਼ ਜਾ ਕੇ ਚੰਗੇ ਨੋਟ ਕਮਾ ਲਏ ਆ!" ਉਹ ਬੜੀ ਮਹਿੰਗੀ ਗੱਡੀ ਵਿਚ ਆਇਆ ਸੀ ਤੇ ਗਲੇ ਵਿਚ ਸੋਨੇ ਦੀ ਮੋਟੀ ਚੇਨੀ ਅਤੇ ਉਂਗਲੀਆਂ ਵਿਚ ਸੋਨੇ ਦੀਆਂ ਮੁੰਦਰੀਆਂ ਪਾਈਆਂ ਹੋਈਆਂ ਸਨ। ਕਹਿਣ ਲੱਗਾ, "ਸਰ, ਮੈਂ ਪੜ੍ਹਾਈ ਛੱਡ ਕੇ ਦਿੱਲੀ ਚਾਚਾ ਜੀ ਕੋਲ ਜਾ ਕੇ ਕਾਰਾਂ ਦੀ ਮਕੈਨਕੀ ਸਿੱਖ ਲਈ। ਹੌਲੀ ਹੌਲੀ ਕੰਮ ਵਧਾ ਲਿਆ। ਕਾਰਾਂ ਦੇ ਪੁਰਜਿਆਂ ਦੀ ਦੁਕਾਨ ਪਾ ਲਈ। ਅੱਜ ਮੇਰੇ ਦਿੱਲੀ ਵਿਚ ਆਪਣੇ ਸ਼ੋਅ ਰੂਮ ਹਨ। ਬਾਪੂ ਜੀ ਦੀ ਇੱਛਾ ਸੀ ਕਿ ਪਿੰਡ ਵਧੀਆ ਕੋਠੀ ਹੋਵੇ। ਜੇ ਤੁਸੀਂ ਉਸ ਦਿਨ ਬਾਪੂ ਜੀ ਨੂੰ ਨਾ ਸਮਝਾਉਂਦੇ ਤਾਂ ਮੈਂ ਉਹੀ, ਖੇਤੀ ਕਰਦੇ ਹੋਣਾ ਸੀ।" ਉਹਨੇ ਜਾਂਦੇ ਹੋਏ ਨੇ ਮੁੜ ਜ਼ੋਰ ਪਾਇਆ, "ਸਰ, ਚੱਠ 'ਤੇ ਆਉਣਾ ਨਾ ਭੁੱਲਿਓ। ਬਾਪੂ ਜੀ ਨੇ ਵੀ ਤੁਹਾਨੂੰ ਉਚੇਚਾ ਆਉਣ ਲਈ ਕਿਹਾ ਹੈ।"

ਮੁੰਡੇ ਦੇ ਜਾਣ ਬਾਅਦ ਮੈਂ ਆਪਣੇ ਮੁਲਕ ਦੀ ਸਿੱਖਿਆ ਵਿਵਸਥਾ ਨੂੰ ਕੋਸ ਰਿਹਾ ਸਾਂ। ਜੇ ਬੱਚਿਆਂ ਨੂੰ ਉਨ੍ਹਾਂ ਦੀ ਦਿਲਚਸਪੀ ਅਤੇ ਯੋਗਤਾ ਮੁਤਾਬਿਕ ਰਾਹ ਪਾ ਦਿੱਤਾ ਜਾਵੇ ਤਾਂ ਉਹ ਬੇਰੁਜ਼ਗਾਰੀ ਦਾ ਸ਼ਿਕਾਰ ਹੋਣ ਤੋਂ ਬਚ ਸਕਦੇ ਹਨ ਤੇ ਕਮਾਲ ਕਰਕੇ ਦੱਸ ਸਕਦੇ ਹਨ। ਖੈਰ! ਅਸੀਂ ਦੋਵੇਂ ਉਨ੍ਹਾਂ ਦੇ ਮਕਾਨ ਦੀ ਚੱਠ 'ਤੇ ਚਾਈਂ ਚਾਈਂ ਪਹੁੰਚੇ। ਉਨ੍ਹਾਂ ਦੇ ਮਕਾਨ ਅਤੇ ਆਓ ਭਗਤ ਨੇ ਸਾਡਾ ਮਨ ਮੋਹ ਲਿਆ। ਉਨ੍ਹਾਂ ਨੇ ਘਰ ਮੁੜਦਿਆਂ ਵਿਆਹ 'ਤੇ ਆਉਣ ਲਈ ਵੀ ਕਹਿ ਦਿੱਤਾ ਸੀ।

# ਡਾ. ਹਮਦਰਦ ਦੀ ਆਵਾਜ਼ ਵਿਚ ਉਰਦੂ ਸ਼ਾਇਰੀ ਦੀਆਂ ਤਿੰਨ ਸਦੀਆਂ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਬਰਜਿੰਦਰ ਸਿੰਘ ਹਮਦਰਦ ਦੀ ਗਾਇਕੀ ਦਾ ਸ਼ੌਕ ਕਿਸੇ ਤੋਂ ਗੁੱਝਾ ਨਹੀਂ। ਉਹ ਪੰਜਾਬੀ ਦੇ ਨਵੇਂ ਤੇ ਪੁਰਾਣੇ ਕਵੀਆਂ ਨੂੰ ਆਪਣੀ ਸਹਿਜ ਸੁਰੀਲੀ ਆਵਾਜ਼ ਨਾਲ ਦਰਜਨ ਤੋਂ ਵੱਧ ਸੀਡੀਆਂ ਵਿਚ ਕੈਦ ਕਰ ਚੁੱਕਿਆ ਹੈ। ਉਸਦਾ ਨਿਰੋਲ ਉਰਦੂ ਸ਼ਾਇਰੀ ਵੱਲ ਪਰਤਣਾ ਉਰਦੂ ਜ਼ਬਾਨ ਦੇ ਮੱਦਾਹਾਂ ਲਈ ਬੜੀ ਖ਼ੁਸ਼ੀ ਦੀ ਗੱਲ ਹੈ। ਉਸ ਜ਼ਬਾਨ ਵਲ ਜਿਸ ਦੇ ਬਾਰੇ ਕਿਸੇ ਨੇ ਕਿਹਾ ਹੈ:

ਉਰਦੂ ਕਾ ਮੁਸਾਫ਼ਰ ਹੈ
ਯਹੀ ਪਹਿਚਾਨ ਹੈ ਉਸਕੀ
ਜਿਸ ਰਾਹ ਸੇ ਗੁਜ਼ਰਤਾ ਹੈ
ਸਲੀਕਾ ਛੋੜ ਜਾਤਾ ਹੈ

ਬਰਜਿੰਦਰ ਸਿੰਘ ਨੇ ਇਸ ਸਲੀਕੇ ਨੂੰ ਨਫ਼ਾਸਤ ਪ੍ਰਦਾਨ ਕੀਤੀ ਹੈ। ਤਕਨੀਕੀ ਪੱਖ ਤੋਂ ਬਦਲਵੇਂ ਰੂਪ ਵਿਚ, ਸੀਡੀ ਦੀ ਥਾਂ ਪੈੱਨ ਡਰਾਈਵ ਰਾਹੀਂ। ਖ਼ੂਬੀ ਇਹ ਕਿ ਉਸ ਨੇ ਪਿਛਲੇ ਤਿੰਨ ਸੌ ਸਾਲ ਦੀ ਉਰਦੂ ਸ਼ਾਇਰੀ ਵਿਚੋਂ ਅੱਠ ਅਜਿਹੀਆਂ ਗ਼ਜ਼ਲਾਂ ਚੁਣੀਆਂ ਹਨ ਜਿਨ੍ਹਾਂ ਵਿਚ ਰਵਾਨੀ ਵੀ ਹੈ ਤੇ ਮਹਿਕ ਵੀ। ਕਮਾਲ ਤੇ ਲਾਸਾਨੀ। ਸਭ ਤੋਂ ਪਹਿਲੀ ਗ਼ਜ਼ਲ ਖ਼ਵਾਜਾ ਮੀਰ ਦਰਦ (1720-1785) ਦੀ ਹੈ। ਬੋਲ ਹਨ:

ਸਾਕੀਆ! ਯਾਂ ਲਗ ਰਹਾ ਹੈ ਚਲ ਚਲਾਵ
ਜਬ ਤਲਕ ਬਸ, ਚਲ ਸਕੇ,
ਸਾਗਰ ਚਲੇ
'ਦਰਦ' ਕੁਛ ਮਾਲੂਮ ਹੈ
ਯੇ ਲੋਗ ਸਭ,
ਕਿਸ ਤਰਫ ਸੇ ਆਏ ਥੇ
ਕਿਧਰ ਚਲੇ?

ਮੋਮਨ ਖਾਂ ਮੋਮਨ (1808-1852) ਇਸ ਗੱਲ ਨੂੰ ਅੱਗੇ ਤੋਰਦਾ ਹੈ:

ਤੁਮ ਹਮਾਰੇ ਕਿਸੀ ਤਰਾ ਨਾ ਹੁਏ
ਵਰਨਾ ਦੁਨੀਆਂ ਮੇਂ
ਕਿਆ ਨਹੀਂ ਹੋਤਾ

ਉਹ ਪਰ ਆਪਣੇ ਦਿਲ ਦੀ ਗੱਲ ਕਹਿਣਾ ਵੀ ਨਹੀਂ ਭੁੱਲਦਾ:

ਤੁਮ ਮੇਰੇ ਪਾਸ ਹੋਤੇ ਹੋ ਗੋਇਆ
ਜਬ ਕੋਈ ਦੂਸਰਾ ਨਹੀਂ ਹੋਤਾ

ਉਰਦੂ ਅਦਬ ਦੇ ਸ਼ੌਕੀਨ ਜਾਣਦੇ ਹਨ ਕਿ ਮੋਮਨ ਦੇ ਉਪ੍ਰੋਕਤ ਸ਼ਿਅਰ ਉੱਤੇ ਮਿਰਜ਼ਾ ਗਾਲਿਬ ਏਨਾ ਫਿਦਾ ਹੋਇਆ ਸੀ ਕਿ ਉਹ ਇਸ ਇਕੱਲੇ ਸ਼ਿਅਰ ਉੱਤੇ ਆਪਣੇ-ਕਲਾਮ ਦਾ ਮੁਕੰਮਲ ਦੀਵਾਨ ਵਾਰਨ ਲਈ ਤਿਆਰ ਸੀ। ਬਰਜਿੰਦਰ ਸਿੰਘ ਇਸ ਦੇ ਮੁਕਾਬਲੇ ਵਿਚ ਨਵਾਬ ਮਿਰਜ਼ਾ ਖਾਂ ਦਾਗ (1831-1905) ਨੂੰ ਲਿਆ ਖਲਾਰਦਾ ਹੈ:

ਖ਼ਾਤਿਰ ਸੇ ਯਾ ਲਿਹਾਜ਼ ਸੇ
ਮੈਂ ਮਾਨ ਤੋ ਗਯਾ
ਝੂਠੀ ਕਸਮ ਸੇ ਆਪਕਾ
ਈਮਾਨ ਤੋ ਗਯਾ
ਦੇਖਾ ਹੈ ਬੁੱਤ-ਕਦੇ ਮੇਂ ਜੋ
ਐ ਸ਼ੇਖ ਕੁੱਛ ਨਾ ਪੂਛ
ਈਮਾਨ ਕੀ ਤੋ ਯਹ ਹੈ
ਕਿ ਈਮਾਨ ਤੋ ਗਯਾ

ਫੇਰ ਬਰਜਿੰਦਰ ਸਿੰਘ ਦਾ ਸ਼ੌਕ ਉਸਨੂੰ ਮਾਨਵ ਦੇ ਨਿੱਜ ਵੱਲ ਖਿਚ ਲਿਆਉਂਦਾ ਹੈ ਜਿਸਦੀ ਤਰਜਮਾਨੀ ਫਿਰਾਕ ਗੋਰਖਪੁਰੀ (1896-1982) ਦੇ ਹੇਠ ਲਿਖੇ ਸ਼ਿਅਰ ਕਰਦੇ ਹਨ:

ਜਿਨਕੋ ਇਤਨਾ ਯਾਦ ਕਰੋ ਹੋ
ਚਲਤੇ ਫਿਰਤੇ ਸਾਏ ਥੇ
ਉਨਕੋ ਮਿਟੇ ਤੋ ਮੁੱਦਤ ਗੁਜ਼ਰੀ
ਨਾਮ ਓ ਨਿਸ਼ਾਂ ਕਿਆ ਪੂਛੇ ਹੋ
ਅਕਸਰ ਗਹਿਰੀ ਸੋਚ ਮੇਂ ਉਨਕੋ
ਖੋਯਾ ਖੋਯਾ ਪਾਵੇਂ ਹੈਂ
ਅਬ ਤੋ ਫਿਰਾਕ ਕਾ ਕੁਛ ਰੋਜ਼ੋਂ ਸੇ
ਜੋ ਆਲਮ ਕਿਆ ਪੂਛੇ ਹੋ

ਅਜਿਹੀ ਲਾਪ੍ਰਵਾਹ ਪਹੁੰਚ ਨੂੰ ਹੌਸਲਾ ਦੇਣ ਲਈ ਸਾਡਾ ਗਾਇਕ ਯਗਾਨਾ ਯਾਸ ਚੰਗੇਜ਼ੀ (1884-1956) ਵਰਗੇ ਉਸ ਸ਼ਾਇਰ ਦਾ ਦਾਮਨ ਜਾ ਫੜਦਾ ਹੈ ਜਿਸਦੇ ਨਾਂ ਤੋਂ ਮੇਰੇ ਵਰਗੇ ਅਨੇਕਾਂ ਪਾਠਕ ਤੇ ਸਰੋਤੇ ਵੀ ਜਾਣੂ ਨਹੀਂ:

ਮੁਸੀਬਤ ਕਾ ਪਹਾੜ ਆਖਿਰ
ਕਿਸੀ ਦਿਨ ਕਟ ਹੀ ਜਾਏਗਾ
ਮੁਝੇ ਸਰ ਮਾਰ ਕਰ ਤੇਸ਼ੇ ਸੇ
ਮਰ ਜਾਨਾ ਨਹੀਂ ਆਤਾ
ਦਿਲ ਏ ਬੇਹੌਸਲਾ ਹੈ
ਇਕ ਜ਼ਰਾ ਸੀ ਠੇਸ ਕਾ ਮਹਿਮਾ
ਵੁਹ ਆਂਸੂ ਕਿਆ ਪੀਏਗਾ
ਜਿਸ ਕੋ ਗਮ ਖਾਨਾ ਨਹੀਂ ਆਤਾ

ਇਸ ਤੋਂ ਪਹਿਲਾਂ ਕਿ ਬਰਜਿੰਦਰ ਸਿੰਘ ਦੀ ਅਗਲੀ ਪਸੰਦ ਦੀ ਗੱਲ ਕਰੀਏ ਮਿਰਜ਼ਾ ਗਾਲਿਬ ਦੇ ਮੱਦਾਹ ਉਸਦਾ ਹੇਠ ਲਿਖਿਆ ਸ਼ਿਅਰ ਗੁਣਗੁਣਾਏ ਬਿਨਾਂ ਨਹੀਂ ਰਹਿ ਸਕਦੇ:

ਨਗਮਾ ਹਾਏ ਗਮ ਕੋ ਬੀ ਐ ਦਿ
ਦਲ ਗ਼ਨੀਮਤ ਜਾਨੀਏ
ਬੇਸਦਾ ਹੋ ਜਾਏਗਾ ਯੇਹ
ਸਾਜ਼ ਏ ਹਸਤੀ ਏਕ ਦਿਨ

ਪਰ ਸਾਡਾ ਗਾਇਕ ਮਿਰਜ਼ਾ ਗਾਲਿਬ ਦੀ ਟੇਕ ਲਏ ਬਿਨਾਂ ਮੁਹੰਮਦ ਨੂਰ ਨਾਰਵੀ (1878-1962) ਦੇ ਬੋਲ ਲੱਭ ਲਿਆਉਂਦਾ ਹੈ:

ਆਪ ਜਿਨ ਕੇ ਕਰੀਬ ਹੋਤੇ ਹੈਂ,
ਵੁਹ ਬੜੇ ਖ਼ੁਸ਼ ਨਸੀਬ ਹੋਤੇ ਹੈਂ
ਮੁਝ ਸੇ ਮਿਲਨਾ,



ਫਿਰ ਆਪ ਕਾ ਮਿਲਨਾ
ਆਪ ਕਿਸ ਕੇ ਨਸੀਬ ਹੋਤੇ ਹੈਂ

ਬਰਜਿੰਦਰ ਸਿੰਘ ਨੂੰ ਸਮਤੋਲ ਬਣਾਈ ਰੱਖਣ ਦੀ ਜਾਚ ਹੈ। ਜ਼ਿੰਦਗੀ ਵਿਚ ਹੀ ਨਹੀਂ ਗਾਇਕੀ ਵਿਚ ਵੀ। ਮੈਂ ਉਸਦੇ ਇਸ ਤਵਾਜ਼ਨ ਨੂੰ ਪਤਨੀ ਤੇ ਪ੍ਰੇਮਿਕਾ ਦੀ ਉਪਮਾ ਦਿੰਦਾ ਹੈ। ਉਸਦੇ ਜੀਵਨ ਵਿਚ ਪੱਤਰਕਾਰੀ ਇਕ ਪਤਨੀ ਵਾਂਗ ਜੀਵਨ ਨਿਰਵਾਹ ਤੇ ਜ਼ਿੰਦਗੀ ਨੂੰ ਮਜ਼ੇ ਨਾਲ ਜੀਊਣ ਦਾ ਵਸੀਲਾ ਬਣਦੀ ਹੈ ਤੇ ਗਾਇਕੀ ਇਕ ਪ੍ਰੇਮਿਕਾ ਵਾਂਗ ਜ਼ੌਕ ਤੇ ਸ਼ੌਕ ਬਣਾਈ ਰੱਖਣ ਦਾ। ਉਹ ਆਪਣੀ ਇਸ ਭਾਵਨਾ ਨੂੰ ਸ਼ਬਦੀ ਰੂਪ ਦੇਣ ਲਈ ਮੁਹੰਮਦ ਦੀਨ ਤਾਸੀਰ (1902-1958) ਦੇ ਬੋਲ ਲੱਭ ਲੈਂਦਾ ਹੈ:

ਜਾ ਕਰ ਭੀ ਨਾਸ਼ਾਦ ਕੀਆ ਥਾ
ਆ ਕਰ ਭੀ ਨਾਸ਼ਾਦ ਕਰੋਗੇ

ਉਸਦੀ ਇਸ ਭਾਵਨਾ ਦਾ ਸੰਪੂਰਨ ਵਰਤਾਰਾ ਵੇਖਣਾ ਹੋਵੇ ਤਾਂ ਉਹਦੇ ਵਲੋਂ ਚੁਣੀ ਗਈ ਮਖ਼ਮੂਰ ਦੇਹਲਵੀ (1900-1956) ਦੀ ਪੂਰੀ ਜਿਹੜੀ ਅੰਤਿਕਾ ਵਿਚ ਪੇਸ਼ ਹੈ:

**ਮਖ਼ਮੂਰ ਜਲੰਧਰੀ ਤੇ ਮੇਰਾ ਯਾਰ ਦਲੀਪਾ**

ਜਦੋਂ ਮੈਂ ਕਾਲਜ ਦੀ ਵਿਦਿਆ ਖ਼ਤਮ ਕਰ ਕੇ 70 ਸਾਲ ਪਹਿਲਾਂ ਦਿੱਲੀ ਪਹੁੰਚਿਆਂ ਤਾਂ ਕਨਾਟ ਪਲੇਸ ਦਾ ਕਾਫ਼ੀ ਹਾਊਸ ਬੇਕਾਰ ਤੇ ਬੇਰੁਜ਼ਗਾਰ ਲੇਖਕਾਂ ਤੇ ਕਲਾਕਾਰਾਂ ਦਾ ਅੱਡਾ ਸੀ। ਏਥੇ ਇੰਦਰ ਕੁਮਾਰ ਗੁਜਰਾਲ ਵਰਗੇ ਸਿਆਸਤਦਾਨ ਵੀ ਅਕਸਰ ਹਾਜ਼ਰ ਹੁੰਦੇ ਸਨ। ਉਰਦੂ ਸ਼ਾਇਰ ਮਖ਼ਮੂਰ ਜਲੰਧਰੀ ਤੇ ਵਿਅੰਗਕਾਰ ਫਿਕਰ ਤੌਂਸਵੀ ਵੀ ਦੋਵੇਂ ਉਰਦੂ 'ਮਿਲਾਪ' ਵਿਚ ਬਰਸਰ ਏ ਰੋਜ਼ਗਾਰ ਸਨ। ਫਿਕਰ ਤੌਂਸਵੀ ਨੂੰ ਕਾਫੀ ਹਾਊਸ ਵਿਚ ਆਪਣੇ ਕਾਲਮ 'ਪਿਆਜ਼ ਕੇ ਛਿਲਕੇ' ਵਾਸਤੇ ਮਸਾਲਾ ਮਿਲ ਜਾਂਦਾ ਸੀ ਤੇ ਮਖ਼ਮੂਰ ਨੂੰ ਨਾਟਕ ਲਿਖਣ ਲਈ ਲੋੜੀਂਦੀ ਸਮੱਗਰੀ, ਉਹ ਆਪਣੇ ਨਾਟਕਾਂ ਦੀ ਕਮਾਈ ਨੂੰ ਬਾਲਾਈ ਆਮਦਨ ਕਹਿੰਦਾ ਸੀ ਜਿਹੜੀ ਕਾਫੀ ਹਾਊਸ ਜਾਂ ਸ਼ਾਮ ਦੀ ਦਾਰੂ ਦੇ ਕੰਮ ਆਉਂਦੀ ਸੀ। ਉਂਝ ਉਸਨੂੰ ਆਪਣੀ ਸ਼ਾਇਰੀ 'ਤੇ ਮਾਣ ਸੀ। ਨਾਟਕ ਦੇ ਪਲਾਟ ਦੀ ਕਾਫੀ ਹਾਊਸ ਦੇ ਫੇਰੇ ਤੋਰੇ ਕਾਰਨ ਕਦੀ ਘਾਟ ਨਹੀਂ ਸੀ ਹੋਈ। ਉਧਰ ਰੇਡੀਓ ਵਾਲਿਆਂ ਦੀ ਬੰਦਸ਼ ਸੀ ਕਿ ਉਸਨੂੰ ਮਹੀਨੇ ਵਿਚ ਚਾਰ ਨਾਟਕਾਂ ਤੋਂ ਵੱਧ ਭਾਵ ਸੌ ਰੁਪਏ ਤੋਂ ਵੱਧ ਪੈਸੇ ਨਹੀਂ ਸਨ ਦੇ ਸਕਦੇ।

ਇਕ ਵਾਰੀ ਸਟੇਸ਼ਨ ਮਾਸਟਰ ਨੂੰ ਭੁਲੇਖਾ ਲੱਗ ਗਿਆ ਤੇ ਉਸਨੇ ਇਕ ਫਾਲਤੂ ਨਾਟਕ ਦੀ ਮੰਗ ਕੀਤੀ ਤਾਂ ਮਖ਼ਮੂਰ ਨੇ ਦਿਨ ਰਾਤ ਇਕ ਕਰ ਕੇ ਮੰਗ ਪੂਰੀ ਕਰ ਦਿੱਤੀ। ਜਦ ਸਟੇਸ਼ਨ ਮਾਸਟਰ ਨੇ ਆਪਣੇ ਭੁਲੇਖੇ ਦੀ ਖਿਮਾ ਮੰਗ ਕੇ ਇਸ ਨਾਟਕ ਦੇ ਪੈਸੇ ਦੇਣ ਦੀ ਮਜਬੂਰੀ ਜਤਲਾਈ ਤਾਂ ਮਖ਼ਮੂਰ ਨੇ ਨਾਟਕ ਦੇ ਲੇਖਕ ਦਾ ਨਾਂ ਦਲੀਪ ਸਿੰਘ ਉਰਫ ਦਲੀਪਾ ਲਿਖ ਦਿੱਤਾ ਜਿਹੜਾ ਕੈਂਪ ਕਾਲਜ ਵਿਚ ਮੇਰਾ ਹਮ-ਜਮਾਤੀ ਸੀ। ਮਿਲਣ ਵਾਲੀ ਮਾਇਆ ਤਾਂ ਉਂਝ ਵੀ ਕਾਫੀ ਤੇ ਸੋਮ ਰਸ ਲਈ ਹੀ ਸੀ। ਆਕਾਸ਼ਬਾਣੀ ਵਾਲਿਆਂ ਦਾ ਟਾਈਪਿਸਟ ਦਲੀਪੇ ਦਾ ਵੀ ਜਾਣੂ ਸੀ। ਉਸਨੂੰ ਮਿਲਿਆ ਤਾਂ ਉਸਨੇ ਦਲੀਪੇ ਦੇ ਨਾਂ ਵਾਲੇ ਨਾਟਕ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿੱਤੇ। ਉਸਦਾ ਅੰਤਲਾ ਵਾਕ ਨੋਟ ਕਰਨ ਵਾਲਾ ਸੀ। ''ਸਾਡੇ ਦਫ਼ਤਰ ਵਾਲੇ ਐਵੇਂ ਹੀ ਮਖ਼ਮੂਰ ਨੂੰ ਪੈਸੇ ਲੁਟਾਈ ਜਾਂਦੇ ਹਨ। ਅਸਲ ਨਾਟਕ ਤਾਂ ਮੈਂ ਅੱਜ ਟਾਈਪ ਕੀਤਾ ਹੈ ਜਿਸਦੇ ਮੁਕਾਬਲੇ ਵਿਚ ਮਖ਼ਮੂਰ ਦੇ ਨਾਟਕ ਤਾਂ ਇਸ ਦੇ ਪੈਰਾਂ ਵਰਗੇ ਵੀ ਨਹੀਂ ਹੁੰਦੇ।''

ਅੰਤਿਕਾ
ਮਖ਼ਮੂਰ ਦੇਹਲਵੀ

ਕਿਸੀ ਸੇ ਮੇਰੀ ਮੰਜ਼ਿਲ ਕਾ
ਪਤਾ ਪਾਇਆ ਨਹੀਂ ਜਾਤਾ,
ਜਹਾਂ ਮੈਂ ਹੂੰ ਫਰਿਸ਼ਤੋਂ ਸੇ
ਵਹਾਂ ਜਾਇਆ ਨਹੀਂ ਜਾਤਾ।
ਮੇਰੇ ਟੂਟੇ ਹੁਏ ਪਾਏ-ਤਲਬ ਕਾ
ਮੁਝ ਪੇ ਅਹਿਸਾਂ ਹੈ,
ਤੁਮਹਾਰੇ ਦਰ ਸੇ ਉਠ ਕਰ
ਅਬ ਕਹੀਂ ਜਾਇਆ ਨਹੀਂ ਜਾਤਾ।
ਮੁਹੱਬਤ ਹੋ ਹੀ ਜਾਤੀ ਹੈ,
ਮੁਹੱਬਤ ਕੀ ਨਹੀਂ ਜਾਤੀ।
ਯਹ ਸ਼ੋਲਾ ਖ਼ੁਦ ਭੜਕ ਉਠਤਾ ਹੈ,
ਭੜਕਾਇਆ ਨਹੀਂ ਜਾਤਾ।
ਚਮਨ ਤੁਮ ਸੇ ਮੁਬਾਰਕ ਹੈ,
ਬਹਾਰੇਂ ਤੁਮ ਸੇ ਜ਼ਿੰਦਾ ਹੈਂ,
ਤੁਮਹਾਰੇ ਸਾਮਨੇ ਫੂਲੋਂ ਸੇ,
ਮੁਰਝਾਇਆ ਨਹੀਂ ਜਾਤਾ।
ਹਰ ਇਕ ਦਾਗ਼ੇ ਤਮੰਨਾ ਕੋ,
ਕਲੇਜੇ ਸੇ ਲਗਾਇਆ ਹੈ,
ਕਿ ਘਰ ਆਈ ਹੁਈ ਦੌਲਤ ਕੋ,
ਠੁਕਰਾਇਆ ਨਹੀਂ ਜਾਤਾ।
ਮੁਹੱਬਤ ਕੇ ਲੀਏ ਕੁਛ
ਖ਼ਾਸ ਦਿਲ ਮਖ਼ਸੂਸ ਹੋਤੇ ਹੈਂ,
ਯੇਹ ਵੁਹ ਨਗ਼ਮਾ ਹੈ ਜੋ
ਹਰ ਸਾਜ਼ ਪੇ ਗਾਇਆ ਨਹੀਂ ਜਾਤਾ।
ਮੁਹੱਬਤ ਅਸਲ ਮੇਂ 'ਮਖ਼ਮੂਰ' ਵੋਹ
ਰਾਜ਼ੇ ਹਕੀਕਤ ਹੈ,
ਸਮਝ ਮੇਂ ਆ ਗਯਾ ਹੈ,
ਫਿਰ ਭੀ ਸਮਝਾਇਆ ਨਹੀਂ ਜਾਤਾ।

# ਖੋਜੀ ਮਸੀਹੇ



**ਹਰਜੀਤ ਦਿਓਲ, ਬਰੈਂਪਟਨ**

ਦੱਖਣੀ ਧਰੁਵ (ਅੰਟਾਰਕਟਿਕ) ਦੇ ਗੁੱਝੇ ਭੇਦਾਂ ਦੀ ਥਾਹ ਪਾਉਣ ਲਈ ਆਸਟਰੇਲੀਆ ਸਰਕਾਰ ਦੁਆਰਾ ਤਿਆਰ ਕੀਤੀ ਗਈ 31 ਬੰਦਿਆਂ ਦੀ ਟੀਮ ਦਾ ਲੀਡਰ ਤੀਹ ਸਾਲਾ ਡਗਲਸ ਮਾਅਸਨ ਬਣਾਇਆ ਗਿਆ। ਉਹ ਖੋਜ ਕਾਰਜਾਂ ਦਾ ਚੰਗਾ ਅਭਿਅਸਤ ਸੀ। ਇਸ ਮਿਸ਼ਨ ਦਾ ਉਦੇਸ਼ 2000 ਮੀਲ 'ਚ ਫੈਲੇ ਅਣਜਾਣ ਤੇ ਅਭੇਦ ਦੱਖਣੀ ਧਰੁਵ ਦੇ ਨਕਸ਼ੇ ਅਤੇ ਹੋਰ ਭੂ-ਵਿਗਿਆਨ ਸੰਬੰਧੀ ਜਾਣਕਾਰੀ ਹਾਸਲ ਕਰਨ ਲਈ ਇਸ ਦੁਰਗਮ ਤੇ ਜੋਖਮ ਭਰੇ ਬਰਫੀਲੇ ਮਹਾਦੀਪ ਦੀ ਯਾਤਰਾ ਕਰਨਾ ਸੀ। ਨਵੰਬਰ 1912 ਨੂੰ ਇਸ ਟੀਮ ਨੇ ਇਕ ਖਾੜੀ ਦੇ ਕਿਨਾਰੇ ਆਪਣੀ ਝੁੱਗੀ (ਹਟ) ਸਥਾਪਤ ਕੀਤੀ। ਇਹ ਸਥਾਨ ਅਤਿਅੰਤ ਤੇਜ਼ ਹਵਾਵਾਂ (200 ਮੀਲ ਪ੍ਰਤੀ ਘੰਟਾ) ਤੇ ਭਿਆਨਕ ਠੰਢ ਵਾਲਾ ਖੇਤਰ ਜਾਣਿਆ ਜਾਂਦਾ ਸੀ। ਤਿੰਨ-ਤਿੰਨ ਬੰਦਿਆਂ ਦੀਆਂ ਅੱਠ ਟੀਮਾਂ ਬਣਾਈਆਂ ਗਈਆਂ ਤੇ ਵੱਖ-ਵੱਖ ਰਸਤਿਆਂ ਰਾਹੀਂ ਉਨ੍ਹਾਂ ਮੰਜ਼ਲ ਵੱਲ ਕੂਚ ਕੀਤਾ। ਡਗਲਸ ਮਾਅਸਨ ਦੀ ਟੀਮ ਵਿਚ ਸਨ 29 ਸਾਲਾ ਜੇਵੀਅਰ ਮਰਟ ਅਤੇ 25 ਸਾਲਾ ਬਲਗ੍ਰੇਵ ਨਿੰਨੀ। ਦੋਨੋਂ ਖੋਜ ਕਾਰਜ ਦੇ ਮਾਹਿਰ ਸਨ। ਸਲੇਜਾਂ (ਬਰਫ ਉੱਤੇ ਕੁੱਤਿਆਂ ਜਾਂ ਘੋੜਿਆਂ ਨਾਲ ਖਿੱਚੀਆਂ ਜਾਣ ਵਾਲੀਆਂ ਗੱਡੀਆਂ) ਜੋ ਜ਼ਰੂਰੀ ਸਾਜ਼ੋ-ਸਾਮਾਨ ਜਿਵੇਂ ਤੰਬੂ, ਖਾਦ ਪਦਾਰਥ, ਰੱਸੇ ਤੇ ਸੱਬਲਾਂ ਆਦਿ ਨਾਲ ਲੱਦੀਆਂ ਸਨ, ਨੂੰ ਦਰਜਨ ਕੁ ਕੁੱਤਿਆਂ ਨੇ ਖਿਚਦੇ ਹੋਏ ਮੰਜ਼ਲ ਵੱਲ ਵਧਣਾ ਸ਼ੁਰੂ ਕੀਤਾ। 35 ਦਿਨ ਦਾ ਸਫਰ ਤੈਅ ਕਰ ਕੇ ਇਹ ਤਿਕੜੀ 14 ਦਸੰਬਰ ਨੂੰ ਕੋਈ 300 ਮੀਲ ਦਾ ਪੰਧ ਮੁਕਾ ਚੁੱਕੀ ਸੀ। ਅੱਜ ਦੁਪਹਿਰ ਵੇਲੇ ਜਦ ਮਾਅਸਨ ਇੱਕ ਡੂੰਘੀ ਦਰਾਰ ਲਾਗਿਓਂ ਬਚਦੇ ਹੋਏ ਆਪਣੀ ਸਲੇਜ ਸਹਿਤ ਦੂਜੇ ਪਾਸੇ ਪੁੱਜਾ, ਉਸ ਕੁੱਤੇ ਦੀ ਮੱਧਮ ਜਿਹੀ ਚੀਕ ਸੁਣੀ। ਉਸ ਪਲਟ ਕੇ ਦੇਖਿਆ ਤਾਂ ਠਠੰਬਰ ਗਿਆ। ਪਿੱਛੇ ਦੂਰ ਦੂਰ ਤੱਕ ਸਲੇਜ 'ਤੇ ਸਾਥੀ ਨਿੰਨੀ ਦਾ ਨਾਮੋ ਨਿਸ਼ਾਨ ਨਹੀਂ ਦਿਖਿਆ। ਅੱਗੇ ਜਾਂਦਾ ਮਰਟ ਵੀ ਪਿੱਛੇ ਮੁੜ ਆਇਆ ਸੀ। ਦੋਵਾਂ ਆਪਣੇ ਆਪ ਨੂੰ ਰੱਸਿਆਂ ਨਾਲ ਬੰਨ੍ਹ ਕੇ ਡੂੰਘੀ ਖੱਡ ਵਿਚ ਝਾਕਿਆ। ਜੋ ਦਿਖਿਆ ਓਹ ਹੌਲਨਾਕ ਸੀ। ਕੋਈ 200 ਫੁਟ ਥੱਲੇ ਇੱਕ ਕੁੱਤਾ ਬੇਹਰਕਤ ਪਿਆ ਸੀ ਤੇ ਨੇੜੇ ਕੁਝ ਹੋਰ ਸਾਮਾਨ ਬਿਖਰਿਆ ਪਿਆ ਸੀ ਤੇ ਨਿੰਨੀ ਦੀ ਕੋਈ ਉੱਘ ਸੁੱਘ ਨਹੀਂ। ਦੋਵਾਂ ਉੱਚੀ ਆਵਾਜ਼ 'ਚ ਪੁਕਾਰਿਆ ਪਰ ਕੋਈ ਪ੍ਰਤੀਕਰਮ ਨਹੀਂ ਆਇਆ। ਜ਼ਾਹਰ ਸੀ ਨਿੰਨੀ ਕੁਝ ਕੁੱਤਿਆਂ ਤੇ ਭਰੀ ਸਲੇਜ ਸਮੇਤ ਥੱਲੇ ਹੋਰ ਡੂੰਘੀ ਦਰਾਰ ਵਿਚ ਜਾ ਡਿੱਗਿਆ ਸੀ ਤੇ ਮੌਤ ਨਿਸ਼ਚਤ ਸੀ। ਥੱਲੇ ਉਤਰਨ ਲਈ ਲੋੜ ਜੋਗਾ ਰੱਸਾ ਨਹੀਂ ਸੀ ਕਿਉਂਕਿ ਬਹੁਤਾ ਸਾਜ਼ੋ-ਸਾਮਾਨ ਅਤੇ ਖਾਦ ਪਦਾਰਥ ਇਸ ਮੌਤ ਦੇ ਖੂਹ 'ਚ ਸਮਾ ਚੁੱਕਾ ਸੀ। ਆਖਰ ਉਨ੍ਹਾਂ ਹੋਣੀ ਨੂੰ ਮਨਜ਼ੂਰ ਕਰਦੇ ਹੋਏ ਵਾਪਸੀ ਦਾ ਸਫਰ ਸ਼ੁਰੂ ਕੀਤਾ। ਬਿਨਾ ਟੈਂਟ ਰਾਤ ਕੱਟਣੀ ਮੌਤ ਦਾ ਕਾਰਨ ਬਣਦੀ ਇਸ ਲਈ ਉਨ੍ਹਾਂ ਬਚੇ ਖੁਚੇ ਸਾਮਾਨ ਨਾਲ ਇੱਕ ਛੋਟਾ ਆਰਜ਼ੀ ਟੈਂਟ ਤਿਆਰ ਕੀਤਾ ਤੇ ਥੋੜ੍ਹੇ ਜਿਹੇ ਭੋਜਨ ਨੂੰ ਸੰਜਮ ਨਾਲ ਵਰਤਣਾ ਅਰੰਭ ਕੀਤਾ। ਕੁਝ ਦਿਨ ਤਾਂ ਵਾਪਸੀ ਸਫਰ ਠੀਕ ਨਿਬੜਿਆ ਪਰ ਕਿਉਂਕਿ ਕੁੱਤਿਆਂ ਦੀ ਖੁਰਾਕ ਘਟ ਗਈ ਸੀ, ਇਕ ਇਕ ਕਰ ਕੇ ਕੁੱਤਿਆਂ ਜਵਾਬ ਦੇ ਦਿੱਤਾ। ਜਦ ਦੋਵਾਂ ਖੋਜੀਆਂ ਦਾ ਆਪਣਾ ਭੋਜਨ ਵੀ ਖਤਮ ਹੋ ਗਿਆ ਤਾਂ ਸਾਹਸੱਤ ਹੀਣ ਕੁੱਤਿਆਂ ਨੂੰ ਗੋਲੀ ਮਾਰੀ ਗਈ ਤੇ ਉਨ੍ਹਾਂ ਦਾ ਮੀਟ ਵਰਤਿਆ ਗਿਆ। ਬੜੀ ਘੱਟ ਰਫਤਾਰ ਨਾਲ ਕੁਝ ਹੋਰ ਦਿਨ ਯਾਤਰਾ ਜਾਰੀ ਰੱਖੀ ਜਾ ਸਕੀ ਕਿਉਂਕਿ ਹੁਣ ਇੱਕ ਕੁੱਤੇ ਨਾਲ ਉਹ ਆਪ ਵੀ ਸਲੇਜ ਖਿੱਚ ਰਹੇ ਸਨ। ਵਜ਼ਨ ਘੱਟ ਕਰਨ ਲਈ ਕੁਝ ਹੋਰ ਸਾਮਾਨ ਸੁੱਟਣਾ ਪੈ ਗਿਆ। ਬਰਫੀਲੇ ਝੱਖੜਾਂ ਉਨ੍ਹਾਂ ਦਾ ਸਫਰ ਦੁਸ਼ਵਾਰ ਕਰੀ ਰੱਖਿਆ ਪਰ ਜੀਵਨ ਦੀ ਆਸ 'ਚ ਉਹ ਅੱਗੇ ਵਧਦੇ ਰਹੇ। ਅਚਾਨਕ ਜੇਵੀਅਰ ਮਰਟ ਬੀਮਾਰ ਪੈ ਗਿਆ ਤੇ ਉਸ ਤੁਰਨੋ ਨਾਂਹ ਕਰ ਦਿੱਤੀ। ਮਾਅਸਨ ਦੇਖਿਆ ਕਿ ਮਰਟ ਪੈਂਟ ਵਿਚ ਹੀ ਪਖਾਨਾ ਕਰ ਦਿੱਤਾ ਹੈ, ਤਾਂ ਉਸ ਇੱਕ ਨਰਸ ਵਾਂਗ ਉਸ ਨੂੰ ਸਾਫ ਕਰ ਸਲੀਪਿੰਗ ਬੈਗ ਵਿਚ ਲਿਟਾ ਦਿੱਤਾ। ਕੰਮ ਚਲਾਊ ਟੈਂਟ 'ਚ ਪਿਆ ਮਰਟ ਉਸ ਰਾਤ ਸਰਸਾਮ ਦਾ ਸ਼ਿਕਾਰ ਹੋ ਗਿਆ। ਉਹ ਜਰਮਨ 'ਚ ਅਵਾਤਵਾ ਬੋਲਦਾ ਰਿਹਾ ਤੇ ਅੰਤ ਸਵੇਰ ਤੱਕ ਪ੍ਰਾਣ ਤਿਆਗ ਗਿਆ। ਮਾਅਸਨ ਨੇ ਉਸ ਦੀ ਦੇਹ ਨੂੰ ਬਰਫ 'ਚ ਦਬਾ ਕੇ ਸਲੇਜ ਦੇ ਵਾਧੂ ਰਨਰਾਂ ਨਾਲ ਉਸ ਉੱਪਰ ਇਕ ਕਰਾਸ ਖੜ੍ਹਾ ਕਰ ਦਿੱਤਾ। ਅੱਜ 8 ਜਨਵਰੀ ਸੀ ਤੇ ਮੌਤ ਨੂੰ ਸ਼ਿਕਸਤ ਦੇਣ ਲਈ ਇਕੱਲੇ ਮਾਅਸਨ ਨੂੰ ਕੋਈ 100 ਮੀਲ ਦਾ ਪੰਧ ਤੈਅ ਕਰ ਕੇ ਬੇਸ ਕੈਂਪ ਦੇ ਹਟ ਤੱਕ ਪਹੁੰਚਣਾ ਜ਼ਰੂਰੀ ਸੀ। ਉਸ ਸਫਰ ਜਾਰੀ ਰੱਖਿਆ ਪਰ ਕੁਦਰਤ ਉਸ ਦਾ ਹੋਰ ਇਮਤਿਹਾਨ ਲੈਣਾ ਸੀ। ਅਚਾਨਕ ਓਹ ਪੋਲੀ ਬਰਫ ਥੱਲੇ ਢਕੇ ਖੂਹ ਵਿਚ ਜਾ ਡਿੱਗਾ ਤੇ ਆਪਣੇ ਨਾਲ ਬੰਨ੍ਹੇ 14 ਫੁਟ ਰੱਸੇ ਸਹਾਰੇ ਲਟਕਣ ਲੱਗਾ ਕਿਉਂਕਿ ਰੱਸੇ ਦਾ ਦੂਸਰਾ ਸਿਰਾ ਸਲੇਜ ਨਾਲ ਬੰਨ੍ਹਿਆ ਸੀ ਤੇ ਸਲੇਜ ਬਰਫ 'ਚ ਅਟਕ ਗਈ ਸੀ। ਥੱਲੇ ਮੌਤ ਦੇ ਮੂੰਹ ਵਿਚ ਤਾਂ ਜਾਣੋ ਬਚ ਗਿਆ ਪਰ ਇੱਥੋਂ ਨਿਕਲਣਾ ਕਠਨ ਸੀ। ਕੁਝ ਦੇਰ ਉਹ ਆਪਣੀ ਮੌਤ ਦੇ ਰੂਬਰੂ ਹੁੰਦਾ ਰਿਹਾ ਕਿਉਂਕਿ ਇੱਥੇ ਲਟਕਦਾ ਓਹ ਹੌਲੀ-ਹੌਲੀ ਫਰੀਜ਼ ਹੋ ਜਾਣਾ ਸੀ। ਉਸ ਬਚਣ ਲਈ ਆਖਰੀ ਸਾਹ ਤੱਕ ਕੋਸ਼ਿਸ਼ ਕਰਨਾ ਠਾਣ ਲਿਆ। ਰੱਸੇ ਉੱਪਰ ਕੁਝ ਕੁਝ ਫਾਸਲੇ 'ਤੇ ਗੰਢਾਂ ਸਨ ਜਿਸ ਦਾ ਇਸਤੇਮਾਲ ਕਰ ਉਸ ਨੇ ਉੱਪਰ ਵਧਣਾ ਸ਼ੁਰੂ ਕੀਤਾ ਪਰ ਅੱਧ 'ਚ ਜਾ ਕੇ ਉਹ ਤਿਲ੍ਹਕ ਕੇ ਫਿਰ ਥੱਲੇ ਆ ਡਿੱਗਾ। ਉਸ ਸੋਚਿਆ ਅੰਤ ਆ ਗਿਆ ਹੈ। ਅਚਾਨਕ ਉਸ ਨੂੰ ਆਪਣੇ ਚਹੇਤੇ ਕਵੀ ਰਾਬਰਟ ਸਰਵਸ ਦੇ ਬੋਲ ਯਾਦ ਆਏ 'ਬਸ ਇੱਕ ਜ਼ੋਰਦਾਰ ਹੰਭਲਾ ਹੋਰ! ਮਰਨਾ ਸੌਖਾ ਹੈ ਪਰ ਜੀਵਤ ਰਹਿਣ ਲਈ ਸੰਘਰਸ਼ ਕਰਨਾ ਹੀ ਬਹਾਦਰੀ ਹੈ'। ਉਸ ਆਪਣੀ ਸਾਰੀ ਤਾਕਤ ਇਸ ਆਖਰੀ ਹੰਭਲੇ ਵਿਚ ਝੋਕ ਦਿੱਤੀ ਤੇ ਰੱਸੇ ਦੇ ਸਿਰੇ ਤੱਕ ਅੱਪੜ ਕੇ ਖੱਡ ਤੋਂ ਬਾਹਰ ਆ ਡਿੱਗਾ। ਹਾਲ ਦੀ ਘੜੀ ਓਹ ਬਚ ਗਿਆ ਸੀ ਪਰ ਕੀ ਭੁੱਖੇ ਭਾਣੇ ਓਹ ਬਚਦਾ ਸਫਰ ਪੂਰਾ ਕਰ ਸਕੇਗਾ? ਸ਼ਾਇਦ ਨਹੀਂ। ਮਾਅਸਨ ਦਾ ਮਰਨਾ ਤਾਂ ਤੈਅ ਸੀ ਪਰ ਉਹ ਚਾਹੁੰਦਾ ਸੀ ਕਿ ਆਪਣੀ ਡਾਇਰੀ ਓਹ ਕਿਸੇ ਤਰ੍ਹਾਂ ਬੇਸ ਕੈਂਪ ਪਹੁੰਚਾ ਸਕੇ ਜਿਸ ਵਿਚ ਬਹੁਤ ਬਹੁਮੁੱਲੀਆਂ ਜਾਣਕਾਰੀਆਂ ਦਰਜ ਸਨ। ਭੋਜਨ ਖਤਮ ਸੀ। ਉਸ ਬੈਗ ਫਰੋਲਿਆ ਤੇ ਅਚਾਨਕ ਖ਼ੁਸ਼ੀ ਨਾਲ ਚੀਕ ਪਿਆ। 'ਹਿੰਮਤੇ ਮਰਦਾਂ, ਮਦਦੇ ਖ਼ੁਦਾ' ਸਹੀ ਜਾਪਿਆ ਕਿਉਂਕਿ ਉਸ ਬੈਗ 'ਚ ਇੱਕ ਮੀਟ ਸੂਪ ਦਾ ਡੱਬਾ ਲੱਭ ਪਿਆ ਸੀ। ਉਸ ਓਹ ਪੀਤਾ ਤੇ ਸਫਰ ਜਾਰੀ ਰੱਖਿਆ। ਅਰਧ ਬੇਹੋਸ਼ੀ ਦੇ ਆਲਮ 'ਚ ਡਿੱਕਡੋਲੇ ਖਾਂਦਾ ਓਹ ਅਚਾਨਕ ਅੱਖਾਂ 'ਤੇ ਯਕੀਨ ਨਾ ਕਰ ਸਕਿਆ ਜਦ ਉਸ ਸਾਹਮਣੇ ਕੁਝ ਦੂਰ ਬੇਸ ਕੈਂਪ ਹੱਟ ਦੇਖੀ। ਕੀ ਇਹ ਸੁਫਨਾ ਸੀ? ਨਹੀਂ। ਪਰ ਉਸ ਦੀ ਹੈਰਾਨੀ ਦਾ ਠਿਕਾਣਾ ਨਾ ਰਿਹਾ ਜਦ ਉਸ ਓਥੇ ਕੁਝ ਬੰਦਿਆਂ ਦੇ ਪਰਛਾਵੇਂ ਵੀ ਦੇਖੇ। ਉਨ੍ਹਾਂ ਵੀ ਮਾਅਸਨ ਨੂੰ ਦੇਖ ਲਿਆ ਸੀ ਤੇ ਫੌਰਨ ਦੌੜ ਕੇ ਆਪਣੇ ਲੀਡਰ ਨੂੰ ਚੁੱਕ ਕੇ ਬੇਸ ਕੈਂਪ ਹੱਟ ਵਿਚ ਲੈ ਗਏ। 'ਅਰੌਰਾ' ਨਾਮੀ ਬਚਾਅ ਸ਼ਿਪ ਉੱਥੋਂ ਕੁਝ ਸਮਾਂ ਪਹਿਲਾਂ ਚਲਾ ਗਿਆ ਸੀ ਪਰ ਛੇ ਬੰਦੇ ਇਸ ਕੈਂਪ 'ਚ ਛੱਡ ਦਿੱਤੇ ਗਏ ਸਨ ਤਾਂ ਕਿ ਕੋਈ ਭਟਕਿਆ ਖੋਜੀ ਵਾਪਸ ਆ ਸਕਿਆ ਤਾਂ ਬਚਾਇਆ ਜਾ ਸਕੇ। ਕੁਝ ਮਹੀਨਿਆਂ ਬਾਅਦ ਸ਼ਿਪ ਵਾਪਸ ਆਉਣਾ ਸੀ ਪਰ ਬੇਸ ਕੈਂਪ 'ਚ ਜੀਵਤ ਰਹਿਣ ਦਾ ਪੂਰਾ ਸਾਜ਼ੋ-ਸਾਮਾਨ ਉਪਲੱਬਧ ਸੀ। ਫਰਵਰੀ 1914 'ਚ ਮਾਅਸਨ ਆਸਟਰੇਲੀਆ ਅੱਪੜਿਆ ਜਿੱਥੇ ਉਸ ਦਾ ਜੌਰਜ ਪੰਜਵੇਂ ਨੇ ਸ਼ਾਹੀ ਸਨਮਾਨ ਕੀਤਾ। ਉਸ ਦੀਆਂ ਡਾਇਰੀ ਰਿਪੋਰਟਾਂ ਭੂ- ਵਿਗਿਆਨ ਲਈ ਅਨਮੋਲ ਸਾਬਤ ਹੋਈਆਂ। 1958 ਵਿਚ ਉਸ ਮਹਾਨ ਖੋਜੀ ਦੀ ਮੌਤ 'ਤੇ ਆਸਟਰੇਲੀਆ 'ਚ ਰਾਸ਼ਟਰੀ ਸ਼ੋਕ ਮਨਾਇਆ ਗਿਆ। ਇਨ੍ਹਾਂ ਖੋਜੀ ਜੁਝਾਰੂਆਂ ਨੂੰ ਸਲਾਮ! ***(ਜਨਵਰੀ 2013 ਦੇ ਨੈਸ਼ਨਲ ਜਿਓਗ੍ਰਾਫਿਕ 'ਚ ਛਪੇ ਲੇਖ 'ਤੇ ਆਧਾਰਤ)***

# ਰੂਸ-ਯੂਕਰੇਨ ਜੰਗ ਦੌਰਾਨ ਅਮਰੀਕਾ ਦਾ ਦਬਾਅ ਤੇ ਭਾਰਤ ਦੀ ਗੁੱਟ-ਨਿਰਪੱਖਤਾ ਦੀ ਰਿਵਾਇਤ


## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455


ਕਾਫੀ ਲੰਮੇ ਅਰਸੇ ਤੋਂ ਅਸੀਂ ਸੰਸਾਰ ਪੱਧਰ ਦੀ ਹਲਚਲ ਬਾਰੇ ਨਹੀਂ ਲਿਖਿਆ। ਅਸਲ ਵਿਚ ਭਾਰਤ ਵਿਚ ਵੀ ਤੇ ਸਾਡੇ ਪੰਜਾਬ ਵਿਚ ਵੀ ਹਾਲਾਤ ਦੀ ਤੋਰ ਏਨੀ ਤਿੱਖੀ ਬਣੀ ਰਹੀ ਸੀ ਕਿ ਬਾਹਰ ਵੱਲ ਝਾਕਣ ਜਾਂ ਕਦੇ ਝਾਕ ਵੀ ਲਿਆ ਤਾਂ ਉਸ ਬਾਰੇ ਲਿਖਣ ਦਾ ਕੰਮ ਸਾਨੂੰ ਆਪਣੇ ਚੁਫੇਰੇ ਦੇ ਹਾਲਾਤ ਕਾਰਨ ਕਈ ਵਾਰੀ ਟਾਲਣਾ ਪਿਆ। ਪੰਜਾਬ ਵਿਚਲੀ ਹਾਲਤ ਭਾਵੇਂ ਅਜੇ ਵੀ ਉਸ ਪੜਾਅ ਉੱਤੇ ਨਹੀਂ ਪਹੁੰਚੀ ਕਿ ਉਸ ਦੀ ਚਿੰਤਾ ਮਨਾਂ ਤੋਂ ਲਹਿ ਸਕੇ, ਪਰ ਕੁਝ ਕੁ ਸਥਿਤੀ ਏਦਾਂ ਦੀ ਬਣ ਗਈ ਹੈ ਕਿ ਹੋਰਨਾਂ ਮੁੱਦਿਆਂ ਲਈ ਸਮਾਂ ਕੱਢਿਆ ਜਾ ਸਕਦਾ ਹੈ। ਜਦੋਂ ਹੋਰਨਾਂ ਮੁੱਦਿਆਂ ਲਈ ਵਕਤ ਕੱਢੇ ਜਾਣ ਦੀ ਸਥਿਤੀ ਬਣ ਗਈ ਤਾਂ ਅਸੀਂ ਚਲੰਤ ਸਾਲ ਦੇ ਅੰਤਲੇ ਮਹੀਨੇ ਦਸੰਬਰ ਵਿਚ ਆ ਰਹੀਆਂ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦੀ ਚਰਚਾ ਵੀ ਛੇੜ ਸਕਦੇ ਹਾਂ, ਪਰ ਉਸ ਚਰਚਾ ਨੂੰ ਹਾਲ ਦੀ ਘੜੀ ਲਾਂਭੇ ਰੱਖਦੇ ਹੋਏ ਅਸੀਂ ਇਸ ਵਾਰੀ ਸੰਸਾਰ ਦੀ ਸਥਿਤੀ ਅਤੇ ਇਸ ਵਿਚ ਰੂਸ-ਯੂਕਰੇਨ ਜੰਗ ਨੂੰ ਪਹਿਲਾਂ ਵਿਚਾਰਨਾ ਠੀਕ ਸਮਝਿਆ ਹੈ।

ਰੂਸ-ਯੂਕਰੇਨ ਜੰਗ ਦੀ ਚਰਚਾ ਕਰਨਾ ਇਸ ਵੇਲੇ ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਜਿਵੇਂ ਅਮਰੀਕਾ ਤੇ ਉਸ ਦੇ ਪਿਛਲੱਗ ਦੇਸ਼ਾਂ ਨੇ ਸੰਸਾਰ ਦੀ ਹਰ ਪੰਚਾਇਤੀ ਸੱਥ ਵਿਚ ਸਿਰਫ ਰੂਸ ਨੂੰ ਜੰਗ ਦਾ ਇਕਲੌਤਾ ਦੋਸ਼ੀ ਦੱਸਣ ਦਾ ਰਾਗ ਸ਼ੁਰੂ ਕੀਤਾ ਪਿਆ ਹੈ, ਉਹ ਸਾਨੂੰ ਇੱਕਦਮ ਠੀਕ ਨਹੀਂ ਲੱਗਦਾ। ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਅਸੀਂ ਰੂਸ ਦੇ ਜੰਗੀ ਦਾਅ ਨੂੰ ਜਾਇਜ਼ ਮੰਨਦੇ ਹਾਂ, ਏਦਾਂ ਦੀ ਕੋਈ ਗੱਲ ਅਸੀਂ ਕਦੇ ਨਹੀਂ ਕਹਾਂਗੇ, ਪਰ ਇਹ ਕਹਿਣ ਤੋਂ ਸਾਨੂੰ ਕੋਈ ਝਿਜਕ ਨਹੀਂ ਕਿ ਇਸ ਜੰਗ ਦਾ ਇਕਲੌਤਾ ਦੋਸ਼ੀ ਰੂਸ ਨੂੰ ਕਹਿਣਾ ਔਖਾ ਹੈ। ਜਦੋਂ ਅਣਲਿਖੀ ਜਿਹੀ ਸਹਿਮਤੀ ਚਿਰੋਕਣੀ ਬਣ ਚੁੱਕੀ ਸੀ ਕਿ ਕਮਿਊਨਿਸਟ ਵਿਰੋਧ ਦੇ ਨਾਂਅ ਬਣਾਈ ਹੋਈ ਨਾਟੋ (ਨਾਰਥ ਐਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ) ਆਪਣੇ ਭਾਈਬੰਦ ਦੇਸ਼ਾਂ ਦਾ ਵਾਧਾ ਕਰਦਿਆਂ ਰੂਸ ਦੀਆਂ ਜੜ੍ਹਾਂ ਤੱਕ ਨਹੀਂ ਜਾਵੇਗੀ ਤਾਂ ਉਸ ਨੂੰ ਯੂਕਰੇਨ ਨੂੰ ਇਸ ਵਿਚ ਸ਼ਾਮਲ ਕਰਨ ਦੀਆਂ ਸੂਰਾਂ ਨਹੀਂ ਸਨ ਕੱਢਣੀਆਂ ਚਾਹੀਦੀਆਂ। ਇਨ੍ਹਾਂ ਸੂਰਾਂ ਦੇ ਕਾਰਨ ਹੀ ਰੂਸ ਵਾਲਿਆਂ ਨੂੰ ਇਹ ਫਿਕਰ ਪਿਆ ਕਿ ਯੂਕਰੇਨ ਜਦੋਂ ਨਾਟੋ ਨਾਲ ਜੁੜੇਗਾ, ਨਾਟੋ ਦੀਆਂ ਫੌਜਾਂ ਸਾਡੇ ਗਵਾਂਢ ਵਿਚ ਐਟਮੀ ਮਿਜ਼ਾਈਲਾਂ ਬੀੜਨਗੀਆਂ, ਇਸ ਲਈ ਯੂਕਰੇਨ ਨੂੰ ਨਾਟੋ ਦਾ ਮੈਂਬਰ ਬਣਨ ਦਾ ਰਾਹ ਰੋਕਿਆ ਜਾਵੇ। ਵਾਰ-ਵਾਰ ਕਹਿਣ ਦੇ ਬਾਵਜੂਦ ਨਾ ਤਾਂ ਨਾਟੋ ਵਾਲਿਆਂ ਨੇ ਇਸ ਚਾਲ ਤੋਂ ਪੈਰ ਪਿੱਛੇ ਖਿੱਚਿਆ ਅਤੇ ਨਾ ਯੂਕਰੇਨ ਦੇ ਰਾਸ਼ਟਰਪਤੀ ਨੇ ਏਦਾਂ ਕਰਨ ਦਾ ਖੰਡਨ ਕੀਤਾ, ਪਰ ਜਦੋਂ ਉਹ ਰੂਸ ਨਾਲ ਜੰਗ ਵਿਚ ਫਸ ਗਿਆ ਤੇ ਨਾਟੋ ਵਾਲਿਆਂ ਨੇ ਆਪਣਾ ਪੱਲਾ ਬਚਾ ਕੇ ਰੂਸ ਦੇ ਨਾਲ ਜੰਗ ਵਿਚ ਉਸ ਦਾ ਦੂਰੋਂ ਸਾਥ ਦੇਣ ਦੀਆਂ ਗੱਲਾਂ ਕਹੀਆਂ ਤਾਂ ਉਹ ਬੋਲੀ ਬਦਲ ਗਿਆ। ਪਿਛਲੇ ਹਫਤੇ ਤੋਂ ਉਹ ਕਹਿਣ ਲੱਗ ਪਿਆ ਕਿ ਨਾਟੋ ਵਾਲੇ ਡਰਾਕਲ ਹਨ, ਜਿਹੜੇ ਰੂਸ ਤੋਂ ਡਰੀ ਜਾ ਰਹੇ ਹਨ, ਅਸੀਂ ਉਨ੍ਹਾਂ ਦੀ ਮੈਂਬਰੀ ਲੈਣ ਦੀ ਲੋੜ ਨਹੀਂ ਸਮਝਦੇ। ਜੇ ਏਨੀ ਗੱਲ ਕੁਝ ਚਿਰ ਪਹਿਲਾਂ ਕਹੀ ਹੁੰਦੀ ਤਾਂ ਸ਼ਾਇਦ ਜੰਗ ਹੀ ਨਹੀਂ ਸੀ ਲੱਗਣੀ। ਫਿਰ ਵੀ ਹਾਲਾਤ ਬਾਰੇ ਇਸ ਵਿਆਖਿਆ ਦਾ ਇਹ ਮਤਲਬ ਨਹੀਂ ਕਿ ਰੂਸ ਵੱਲੋਂ ਹਮਲਾ ਕਰਨਾ ਠੀਕ ਸੀ, ਕੀਤਾ ਰੂਸ ਨੇ ਗਲਤ ਹੀ ਹੈ।



ਇਹ ਬਿਲਕੁਲ ਠੀਕ ਹੈ ਕਿ ਹਾਲਾਤ ਜੋ ਵੀ ਸਨ, ਰੂਸ ਨੇ ਹਮਲਾ ਕਰ ਕੇ ਗਲਤ ਕੀਤਾ ਸੀ, ਪਰ ਅਮਰੀਕਾ ਅਤੇ ਉਸ ਦੇ ਸਾਥੀਆਂ ਦਾ ਇਸ ਜੰਗ ਦੇ ਪਹਿਲੇ ਦਿਨ ਤੋਂ ਜੋ ਰੋਲ ਸੀ, ਉਹ ਵੀ ਜੰਗ ਰੋਕਣ ਲਈ ਕੁਝ ਕਰਨ ਦੀ ਥਾਂ ਬਲਦੀ ਉੱਤੇ ਤੇਲ ਪਾਉਣ ਵਾਲਾ ਸੀ। ਆਪ ਉਹ ਜੰਗ ਵਿਚ ਕੁੱਦਣ ਤੋਂ ਬਚਦੇ ਰਹੇ ਤੇ ਜਦੋਂ ਰੂਸ ਨੇ ਸਾਫ ਆਖਿਆ ਕਿ ਜੇ ਉਹ ਜੰਗ ਵਿਚ ਆਏ ਤਾਂ ਲੜਾਈ ਸਿਰਫ ਯੂਕਰੇਨ ਤੱਕ ਸੀਮਤ ਨਹੀਂ ਰਹਿਣੀ ਤਾਂ ਬਿਲਕੁਲ ਯਰਕ ਗਏ ਅਤੇ ਪਰਦੇ ਪਿੱਛੋਂ ਜੰਗ ਲਈ ਯੂਕਰੇਨ ਨੂੰ ਮਦਦ ਭੇਜਦੇ ਰਹੇ, ਪਰ ਇਸ ਮੌਕੇ ਉਨ੍ਹਾਂ ਨੇ ਰੂਸ ਵਿਰੁੱਧ ਕਈ ਮੋਰਚੇ ਹੋਰ ਖੋਲ੍ਹਣ ਵਾਲਾ ਕੰਮ ਆਰੰਭ ਕਰ ਦਿੱਤਾ। ਪਹਿਲਾ ਇਹ ਕੀਤਾ ਕਿ ਆਪਣੇ ਦੇਸ਼ ਵੱਲੋਂ ਵੀ ਅਤੇ ਆਪਣੇ ਪਿਛਲੱਗ ਦੇਸ਼ਾਂ ਵੱਲੋਂ ਵੀ ਰੂਸ ਵਿਰੁੱਧ ਪਾਬੰਦੀਆਂ ਲਵਾਉਣੀਆਂ ਸ਼ੁਰੂ ਕਰ ਦਿੱਤੀਆਂ। ਅੱਗੋਂ ਰੂਸ ਨੇ ਵੀ ਪਾਬੰਦੀਆਂ ਲਾ ਦਿੱਤੀਆਂ। ਫਿਰ ਅਮਰੀਕਾ ਸੰਸਾਰ ਸੱਥ ਯੂ ਐੱਨ ਓ ਦੇ ਵੱਖ-ਵੱਖ ਫੋਰਮਾਂ ਵਿਚ ਰੂਸ ਦੇ ਖਿਲਾਫ ਮਤੇ ਪਾਸ ਕਰਵਾਉਣ ਤੁਰ ਪਿਆ ਅਤੇ ਏਥੇ ਆ ਕੇ ਇੱਕ ਕੰਮ ਹੋਰ ਕੀਤਾ, ਜਿਸ ਦਾ ਅਮਰੀਕਾ ਦਾ ਪਿਛਲਾ ਇਤਹਾਸ ਸੀ, ਪਰ ਕਾਫੀ ਲੰਮੇ ਸਮੇਂ ਤੋਂ ਏਦਾਂ ਦੀ ਬਾਕਾਇਦਾ ਮੁਹਿੰਮ ਉਸ ਨੇ ਨਹੀਂ ਸੀ ਚਲਾਈ ਅਤੇ ਇਸ ਨਾਲ ਉਹ ਭਾਰਤ ਨੂੰ ਵੀ ਵਿਵਾਦ ਵਿਚ ਫਸਾਉਣ ਲੱਗ ਪਿਆ।

ਸਾਨੂੰ ਯਾਦ ਹੈ ਕਿ ਜਦੋਂ ਅਫਗਾਨਿਸਤਾਨ ਵਿਚ ਅਮਰੀਕਾ ਨੇ ਜੰਗ ਲੜਨੀ ਸੀ ਤਾਂ ਉਸ ਦੇ ਰਾਸ਼ਟਰਪਤੀ ਜਾਰਜ ਬੁੱਸ਼ ਜੂਨੀਅਰ ਨੇ ਆਖਿਆ ਸੀ ਕਿ ਕੋਈ ਨਿਰਪੱਖ ਨਹੀਂ ਗਿਣਿਆ ਜਾਵੇਗਾ, ਜਿਹੜਾ ਕੋਈ ਸਾਡੇ ਨਾਲ ਨਹੀਂ ਖੜੇਗਾ, ਉਹ ਦੁਸ਼ਮਣ ਨਾਲ ਮੰਨਿਆ ਜਾਵੇਗਾ। ਵੀਹ ਸਾਲਾਂ ਬਾਅਦ ਓਸੇ ਦੁਸ਼ਮਣ ਤਾਲਿਬਾਨ ਨਾਲ ਉਸ ਨੇ ਜਦੋਂ ਸਮਝੌਤਾ ਕੀਤਾ ਤਾਂ ਸਾਥੀ ਦੇਸ਼ਾਂ ਨੂੰ ਪੁੱਛਿਆ ਵੀ ਨਹੀਂ। ਦੁਨੀਆ ਅਮਰੀਕਾ ਦੀਆਂ ਕੂਟਨੀਤਕ ਲੋੜਾਂ ਵਾਲੇ ਪਾਵੇ ਨਾਲ ਨਹੀਂ ਬੱਝ ਸਕਦੀ, ਹਰ ਖੁਦ-ਮੁਖਤਿਆਰ ਦੇਸ਼ ਨੂੰ ਆਪਣੀ ਨੀਤੀ ਮੁਤਾਬਕ ਚੱਲਣ ਦਾ ਹੱਕ ਹੈ। ਉਸ ਵਕਤ ਭਾਰਤ ਦੀ ਅਗਵਾਈ ਕਰ ਰਹੇ ਅਟਲ ਬਿਹਾਰੀ ਵਾਜਪਾਈ ਨੇ ਇੱਕ ਪਲ ਲਾਏ ਬਿਨਾਂ ਅਮਰੀਕਾ ਨਾਲ ਖੜੋਣ ਦਾ ਐਲਾਨ ਕਰ ਕੇ ਠੀਕ ਨਹੀਂ ਸੀ ਕੀਤਾ, ਪਰ ਇਸ ਵਾਰੀ ਜਦੋਂ ਰੂਸ ਦੇ ਖਿਲਾਫ ਅਮਰੀਕਾ ਨੇ ਅਜਿਹੀ ਮੁਹਿੰਮ ਚਲਾਈ ਹੈ ਤਾਂ ਭਾਰਤ ਦੀ ਮੌਜੂਦਾ ਸਰਕਾਰ ਨੇ ਆਮ ਕਰਕੇ ਲਗਾਤਾਰ ਠੀਕ ਪੈਂਤੜਾ ਲਿਆ ਹੈ। ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਜਿਸ ਯੂਕਰੇਨ ਨਾਲ ਜੁੜਿਆ ਹੈ, ਉਸ ਦੀ ਸਰਕਾਰ ਦੀ ਨਾਰਾਜ਼ਗੀ ਵੀ ਸਹੇੜ ਲਈ ਤੇ ਅਮਰੀਕੀ ਸਰਕਾਰ ਦਾ ਬੋਲ-ਕੁਬੋਲ ਵੀ ਸਹਾਰਨ ਦੀ ਕੌੜੀ ਗੋਲੀ ਚੱਬ ਲਈ, ਪਰ ਗੁੱਟ-ਨਿਰਪੱਖਤਾ ਦਾ ਪੱਲਾ ਨਹੀਂ ਛੱਡਿਆ। ਜਦੋਂ ਵੀ ਤੇ ਜਿਸ ਵੀ ਸੰਸਾਰ ਪੱਧਰ ਦੇ ਫੋਰਮ ਵਿਚ ਰੂਸ-ਯੂਕਰੇਨ ਮੁੱਦੇ ਉੱਤੇ ਵੋਟਾਂ ਪੈਣ ਲੱਗੀਆਂ, ਵੱਡੀ ਬਹੁ-ਗਿਣਤੀ ਦੇਸ਼ ਅਮਰੀਕਾ ਨਾਲ ਖੜ੍ਹੇ ਵੇਖਣ ਦੇ ਬਾਵਜੂਦ ਭਾਰਤ ਸਰਕਾਰ ਇੱਕੋ ਰੱਟ ਲਾਈ ਗਈ ਕਿ ਜੰਗ ਦੇ ਖਾਤਮੇ ਤੇ ਅਮਨ ਦੀ ਕਾਇਮੀ ਲਈ ਡਿਪਲੋਮੇਸੀ ਵਰਤਣੀ ਚਾਹੀਦੀ ਹੈ, ਇਹੋ ਜਿਹਾ ਪਾਬੰਦੀਆਂ ਲਾਉਣ ਦਾ ਰਾਹ ਕੋਈ ਹੱਲ ਨਹੀਂ ਕੱਢ ਸਕਦਾ। ਇਸ ਦੇ ਬਾਅਦ ਭਾਰਤ ਆਮ ਕਰਕੇ ਹਰ ਮੌਕੇ ਵੋਟਿੰਗ ਵਿਚ ਕਿਸੇ ਪਾਸੇ ਖੜ੍ਹੇ ਹੋਣ ਤੋਂ ਸਿਰ ਫੇਰ ਦੇਂਦਾ ਰਿਹਾ ਅਤੇ ਠੀਕ ਕਰਦਾ ਰਿਹਾ।

ਭਾਰਤ ਦੀ ਇੱਕ ਸ਼ਾਨਦਾਰ ਵਿਰਾਸਤ ਹੈ ਅਤੇ ਰਵਾਇਤ ਵੀ। ਕਿਸੇ ਵੇਲੇ ਸੰਸਾਰ ਵਿਚ ਜਦੋਂ ਕਮਿਊਨਿਸਟ ਅਤੇ ਗੈਰ-ਕਮਿਊਨਿਸਟ ਦੇ ਦੋ ਗਰੁੱਪ ਨਾਟੋ ਅਤੇ ਵਾਰਸਾ-ਪੈਕਟ ਦੀਆਂ ਦੋ ਧਿਰਾਂ ਸੀਤ-ਯੁੱਧ ਵਾਲੇ ਦੌਰ ਵਿਚ ਸਾਰੇ ਸੰਸਾਰ ਨੂੰ ਤੀਸਰੀ ਸੰਸਾਰ ਜੰਗ ਲੱਗਣ ਦਾ ਖਤਰਾ ਵਿਖਾ ਰਹੀਆਂ ਸਨ, ਭਾਰਤ ਉਸ ਵੇਲੇ ਤੀਸਰੀ ਧਿਰ; ਗੁੱਟ-ਨਿਰਪੱਖ ਧੜੇ ਦੇ ਪਹਿਲੇ ਆਗੂਆਂ ਵਿਚੋਂ ਜਾਣਿਆ ਗਿਆ ਸੀ। ਯੁਗੋਸਲਾਵੀਆ ਦੀ ਰਾਜਧਾਨੀ ਬੈਲਗਰੇਡ ਵਿਚ ਇਸ ਮਕਸਦ ਲਈ ਜਦੋਂ ਪਹਿਲੀ ਕਾਨਫਰੰਸ ਕੀਤੀ ਗਈ ਅਤੇ ਉਸ ਵਿਚ ਗੁੱਟ-ਨਿਰਪੱਖਤਾ ਦੀ ਲਹਿਰ ਦਾ ਮੁੱਢ ਬੰਨ੍ਹਿਆ ਸੀ, ਉਸ ਵਿਚ ਪਹਿਲੇ ਪੰਜ ਆਗੂਆਂ ਵਿਚ ਭਾਰਤ ਦਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੀ ਸ਼ਾਮਲ ਸੀ। ਬਾਕੀ ਚਾਰ ਪ੍ਰਮੁੱਖ ਲੀਡਰਾਂ ਵਿਚ ਪਹਿਲਾ ਆਗੂ ਕਾਨਫਰੰਸ ਕਰਵਾ ਰਹੇ ਦੇਸ਼ ਯੁਗੋਸਲਾਵੀਆ ਦਾ ਰਾਸ਼ਟਰਪਤੀ ਜੋਜ਼ਫ ਬਰੋਜ਼ ਟੀਟੋ ਸੀ ਤੇ ਉਸ ਦੇ ਨਾਲ ਮਿਸਰ ਦਾ ਰਾਸ਼ਟਰਪਤੀ ਜਮਾਲ ਅਬਦੁਲ ਨਾਸਰ ਅਤੇ ਇੰਡੋਨੇਸ਼ੀਆ ਦਾ ਰਾਸ਼ਟਰਪਤੀ ਸੁਕਾਰਨੋ ਵੀ ਸਨ। ਘਾਨਾ ਵਰਗੇ ਛੋਟੇ ਦੇਸ਼ ਦਾ ਰਾਸ਼ਟਰਪਤੀ ਕਵਾਂਮੇ ਨਕਰੂਮਾਹ ਵੀ ਉਨ੍ਹਾਂ ਨਾਲ ਸੀ, ਪਰ ਉਸ ਦੀ ਬਹੁਤੀ ਚਰਚਾ ਨਹੀਂ ਹੁੰਦੀ, ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਹਾਲਾਤ ਕਾਰਨ ਉਸ ਨੂੰ ਵੱਧ ਧਿਆਨ ਆਪਣੇ ਦੇਸ਼ ਵਿਚ ਦੇਣਾ ਪੈਂਦਾ ਸੀ।

ਜਿਹੜਾ ਭਾਰਤ ਕਿਸੇ ਸਮੇਂ ਅਮਨ ਦੀ ਘੁੱਗੀ ਉਡਾਉਣ ਵਾਲੀ ਗੁੱਟ-ਨਿਰਪੱਖ ਲਹਿਰ ਦਾ ਮੋਢੀ ਹੁੰਦਾ ਸੀ, ਵਕਤ ਦੇ ਨਾਲ ਜਦੋਂ ਰੂਸ ਵਿਚ ਕਮਿਊਨਿਸਟ ਰਾਜ ਦਾ ਭੋਗ ਪੈ ਗਿਆ, ਉਸ ਦੇ ਬਾਅਦ ਵੀ ਭਾਰਤ ਦੀਆਂ ਸਰਕਾਰਾਂ ਆਮ ਕਰਕੇ ਉਸ ਪੁਰਾਣੀ ਰਵਾਇਤ ਦੀ ਪਾਲਣਾ ਕਰਦੀਆਂ ਰਹੀਆਂ। ਇਸ ਵਾਰੀ ਜਦੋਂ ਰੂਸ-ਯੂਕਰੇਨ ਦਾ ਪੇਚਾ ਪਿਆ ਤਾਂ ਭਾਰਤ ਨੇ ਫਿਰ ਕਈ ਕਾਰਨਾਂ ਕਰਕੇ ਦੋਵਾਂ ਵਿਚਾਲੇ ਨਿਰਪੱਖ ਰਹਿ ਕੇ ਸਾਂਝੇ ਪੰਚਾਇਤੀਏ ਦਾ ਰਾਹ ਫੜਿਆ। ਰੂਸ ਦਾ ਵਿਦੇਸ਼ ਮੰਤਰੀ ਪਿਛਲੇ ਹਫਤੇ ਭਾਰਤ ਆਇਆ ਤਾਂ ਉਸ ਨੂੰ ਸਵਾਲ ਪੁੱਛਿਆ ਗਿਆ ਕਿ ਭਾਰਤ ਤੁਹਾਡੇ ਨਾਲ ਖੜ੍ਹਾ ਹੋਣ ਤੋਂ ਕਿਉਂ ਝਿਜਕਦਾ ਹੈ ਤਾਂ ਉਸ ਨੇ ਕਿਹਾ ਸੀ ਕਿ ਭਾਰਤ ਦੀ ਇੱਕ ਆਪਣੀ ਆਜ਼ਾਦ ਨੀਤੀ ਅਤੇ ਆਜ਼ਾਦ ਹਸਤੀ ਹੈ ਅਤੇ ਅਸੀਂ ਇਸ ਦੇਸ਼ ਦੀ ਇਸ ਨੀਤੀ ਦਾ ਸਤਿਕਾਰ ਕਰਦੇ ਹਾਂ। ਦੂਸਰੇ ਪਾਸੇ ਅਮਰੀਕਾ ਵਾਲਿਆਂ ਨੂੰ ਕਿਸੇ ਨੇ ਪੁੱਛਿਆ ਵੀ ਨਾ ਹੋਵੇ ਤਾਂ ਇੱਕੋ ਗੱਲ ਕਹੀ ਜਾਂਦੇ ਹਨ ਕਿ ਭਾਰਤ ਨੂੰ ਰੂਸ ਦੀ ਦੋਸਤੀ ਮਹਿੰਗੀ ਪੈ ਸਕਦੀ ਹੈ, ਉਸ ਨੂੰ ਇਸ ਮੌਕੇ ਸਾਡੇ ਨਾਲ ਖੜ੍ਹੇ ਹੋ ਕੇ ਰੂਸ ਦਾ ਵਿਰੋਧ ਕਰਨ ਦੀ ਨੀਤੀ ਵਰਤਣੀ ਚਾਹੀਦੀ ਹੈ। ਇਹੋ ਗੱਲ ਭਾਰਤ ਵੀ ਪੁੱਛ ਸਕਦਾ ਹੈ ਕਿ ਜਦੋਂ ਭਾਰਤ ਦੇ ਵਿਰੁੱਧ ਯੂ ਐੱਨ ਓ ਵਿਚ ਮਤੇ ਪਾਸ ਹੁੰਦੇ ਸਨ, ਅਮਰੀਕਾ ਭਾਰਤ ਨਾਲ ਖੜ੍ਹਾ ਕਿਉਂ ਨਹੀਂ ਸੀ ਹੁੰਦਾ ਤੇ ਹਰ ਵਾਰੀ ਭਾਰਤ ਦੇ ਵਿਰੁੱਧ ਪਾਕਿਸਤਾਨ ਨਾਲ ਖੜ੍ਹਾ ਕਿਉਂ ਹੁੰਦਾ ਸੀ? ਅਮਰੀਕਾ ਦੀ ਨੀਤੀ ਉਂਜ ਵੀ ਹਰ ਕਿਸੇ ਦੀ ਸਮਝ ਵਿਚ ਪੈਣ ਵਾਲੀ ਨਹੀਂ, ਇਹ ਕੰਧ ਉੱਤੇ ਲੱਗੇ ਕਲਾਕ ਦੇ ਪੈਂਡਲਮ ਵਾਂਗ ਖੱਬੇ-ਸੱਜੇ ਵੱਲ ਝੂਲਦੀ ਹੋਣ ਕਰਕੇ ਯਕੀਨ ਨਹੀਂ ਹੁੰਦਾ ਕਿ ਜਿਨ੍ਹਾਂ ਨਾਲ ਅਮਰੀਕਾ ਅੱਜ ਖੜ੍ਹਾ ਹੈ, ਜਾਂ ਉਨ੍ਹਾਂ ਨੂੰ ਆਪਣੇ ਨਾਲ ਲਾਈ ਫਿਰਦਾ ਹੈ, ਉਹ ਭਲਕੇ ਉਨ੍ਹਾਂ ਨਾਲ ਖੜ੍ਹਾ ਰਹੇਗਾ। ਪਾਕਿਸਤਾਨ ਨੂੰ ਵਰਤ ਕੇ ਪਰੇ ਧੱਕ ਦੇਣ ਵਾਂਗ ਏਸੇ ਤਰ੍ਹਾਂ ਹਰ ਕਿਸੇ ਨਾਲ ਕਰ ਸਕਦਾ ਹੈ।

ਕਿਸੇ ਵੀ ਦੇਸ਼ ਵਿਚ ਏਦਾਂ ਕਦੇ ਨਹੀਂ ਹੁੰਦਾ ਕਿ ਸਾਰੇ ਲੋਕ ਆਪਣੇ ਦੇਸ਼ ਦੇ ਮੁਖੀ ਦੀ ਹਮਾਇਤ ਹੀ ਕਰਦੇ ਹੋਣ, ਭਾਰਤ ਵਿਚ ਵੀ ਨਹੀਂ। ਹਰ ਹੋਰ ਦੇਸ਼ ਵਾਂਗ ਭਾਰਤ ਵਿਚ ਵੀ ਰਾਜਨੀਤਕ ਤੇ ਵਿਚਾਰਧਾਰਕ ਮੱਤਭੇਦ ਏਨੇ ਕੁ ਹਨ ਕਿ ਗਿਣੇ ਨਹੀਂ ਜਾ ਸਕਦੇ। ਇਸ ਕਰਕੇ ਵਿਰੋਧੀ ਧਿਰਾਂ ਨੂੰ ਪ੍ਰਧਾਨ ਮੰਤਰੀ ਦਾ ਵਿਰੋਧ ਬੜੀ ਵਾਰ ਕਰਨਾ ਪੈਂਦਾ ਹੈ ਤੇ ਉਹ ਆਪਣੇ ਇਸ ਲੋਕਤੰਤਰੀ ਹੱਕ ਨੂੰ ਵਰਤਦੀਆਂ ਹਨ, ਪਰ ਭਾਰਤ ਦੀ ਇੱਕ ਪੁਰਾਣੀ ਰਵਾਇਤ ਇਹ ਹੈ ਕਿ ਉਸ ਦੇ ਅੰਦਰੂਨੀ ਮੱਤਭੇਦ ਵਿਦੇਸ਼ੀ ਮਾਮਲਿਆਂ ਵਿਚ ਕਦੇ ਹੱਦਾਂ ਨਹੀਂ ਟੱਪਦੇ। ਮਰਿਆਦਾ ਦਾ ਖਿਆਲ ਰੱਖਿਆ ਜਾਂਦਾ ਰਿਹਾ ਹੈ ਅਤੇ ਉਹ ਮਰਿਆਦਾ ਇਸ ਵੇਲੇ ਵੀ ਕਾਇਮ ਹੈ। ਰੂਸ ਅਤੇ ਯੂਕਰੇਨ ਦੀ ਜੰਗ ਦੇ ਮੁੱਦੇ ਤੋਂ ਕੋਈ ਖਾਸ ਮੱਤਭੇਦ ਭਾਰਤ ਵਿਚ ਨਹੀਂ ਉੱਭਰਿਆ, ਸਗੋਂ ਸਾਰੀਆਂ ਧਿਰਾਂ ਨੇ ਗੁੱਟਾਂ ਤੋਂ ਨਿਰਪੱਖ ਰਹਿ ਕੇ ਅਮਨ ਦੇ ਲਈ ਯਤਨ ਜਾਰੀ ਰੱਖਣ ਦਾ ਪੱਖ ਲਿਆ ਹੈ। ਠੀਕ ਨੀਤੀ ਵੀ ਇਹੀ ਹੈ, ਜਿਹੜੀ ਭਾਰਤ ਨੇ ਕਈ ਦਹਾਕਿਆਂ ਤੋਂ ਅਪਣਾ ਰੱਖੀ ਹੈ ਤੇ ਇਸ ਗੱਲ ਲਈ ਦੇਸ਼ ਦੇ ਸਾਰੇ ਲੋਕਾਂ ਨੂੰ ਸਹਿਮਤ ਹੋਣਾ ਚਾਹੀਦਾ ਹੈ ਕਿ ਭਵਿੱਖ ਵਿਚ ਵੀ ਗੁੱਟ-ਨਿਰਪੱਖਤਾ ਵਾਲੀ ਇਸ ਨੀਤੀ ਉੱਤੇ ਭਾਰਤ ਏਸੇ ਤਰ੍ਹਾਂ ਪਹਿਰਾ ਦੇਂਦਾ ਰਹੇ, ਇਸ ਨਾਲ ਸੰਸਾਰ ਸੱਥ ਵਿਚ ਸਤਿਕਾਰ ਵਧਦਾ ਰਹੇਗਾ।

---

## ਡਾ. ਸੁਖਦੇਵ ਸਿੰਘ ਝੰਡ ਦੀ ਝੰਡੀ

*(ਸਫਾ 16 ਦਾ ਬਾਕੀ)*

### 'ਪਾਸੀ ਜੋੜੀ' ਜਸਵੀਰ ਤੇ ਪ੍ਰਦੀਪ

ਕਹਾਵਤ ਹੈ, 'ਜੋੜੀਆਂ ਜੱਗ ਥੋੜ੍ਹੀਆਂ ਤੇ ਨਰੜ ਬਥੇਰੇ'। ਪਰ ਬਰੈਂਪਟਨ ਵਿਚ ਵਸਦੀ ਜਸਵੀਰ ਸਿੰਘ ਪਾਸੀ ਤੇ ਪ੍ਰਦੀਪ ਕੌਰ ਪਾਸੀ ਦੀ ਜੋੜੀ ਉਨ੍ਹਾਂ ਸੁਭਾਗ ਜੋੜੀਆਂ ਵਿਚ ਆਉਂਦੀ ਹੈ ਜਿਹੜੀਆਂ ਕਹਾਵਤ ਅਨੁਸਾਰ ਬਹੁਤ ਥੋੜ੍ਹੀਆਂ ਹਨ। ਦੋਵੇਂ ਮੀਆਂ ਬੀਵੀ 21 ਕਿਲੋਮੀਟਰ ਦੀ 'ਹਾਫ਼ ਮੈਰਾਥਨ ਦੌੜ' ਇਕੱਠੇ ਦੌੜਦੇ ਹਨ ਅਤੇ ਦੌੜ ਲਈ ਪ੍ਰੈਕਟਿਸ ਵੀ 'ਕੱਠਿਆਂ ਹੀ ਕਰਦੇ ਹਨ। ਸਰੀਰਕ ਫਿੱਟਨੈੱਸ ਲਈ ਉਹ ਇਕੱਠੇ ਜਿੰਮ ਜਾਂਦੇ ਹਨ ਅਤੇ ਦੌੜ ਦੀ ਪ੍ਰੈਕਟਿਸ ਲਈ ਹਫ਼ਤੇ ਵਿਚ ਤਿੰਨ-ਚਾਰ ਦਿਨ ਇਕੱਠੇ ਹੀ ਕਿਸੇ ਟ੍ਰੈਕ ਜਾਂ ਟ੍ਰੇਲ 'ਤੇ ਦੌੜਦੇ ਹਨ। ਦੁੜਕੀ ਚਾਲੇ ਦੌੜਦਿਆਂ ਘਰੇਲੂ ਤੇ ਹੋਰ ਆਲੇ-ਦੁਆਲੇ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰੀ ਜਾਂਦੇ ਹਨ। ਹੋਈ ਨਾ, 'ਇਕ ਪੰਥ, ਦੋ ਕਾਜ' ਵਾਲੀ ਗੱਲ।

ਮੁਕਾਬਲੇ ਸਮੇਂ ਦੋਵੇਂ ਹਾਫ਼ ਮੈਰਾਥਨਾਂ ਲਗਾਉਂਦੇ ਹਨ ਤੇ ਇਸ ਲਈ ਰਜਿਸਟ੍ਰੇਸ਼ਨ ਵੀ ਇਕੱਠੇ ਹੀ ਕਰਵਾਉਂਦੇ ਹਨ। ਦੌੜ ਵਿਚ ਭਾਗ ਲੈਂਦਿਆਂ ਪਹਿਲੇ ਕੁਝ ਮਿੰਟ ਦੌੜਦੇ ਵੀ ਇਕੱਠੇ ਹਨ। ਫਿਰ ਅੱਗੇ ਜਾ ਕੇ ਜਸਵੀਰ ਪਾਸੀ ਆਪਣੀ ਬੀਵੀ ਤੋਂ ਅੱਗੇ ਨਿਕਲ ਜਾਂਦਾ ਹੈ ਅਤੇ 'ਫਿਨਿਸ਼-ਪੁਆਇੰਟ' 'ਤੇ ਉਸ ਤੋਂ ਪਹਿਲਾਂ ਪਹੁੰਚ ਜਾਂਦਾ ਹੈ। ਦੋਹਾਂ ਦੇ ਦੌੜ ਪੂਰੀ ਕਰਨ ਦੇ ਸਮੇਂ 'ਚ ਥੋੜ੍ਹਾ ਜਿਹਾ ਅੰਤਰ ਹੀ ਰਹਿੰਦਾ ਹੈ। ਜੇ ਜਸਵੀਰ ਹਾਫ਼ ਮੈਰਾਥਨ 2 ਘੰਟੇ 21 ਮਿੰਟ ਵਿਚ ਪੂਰੀ ਕਰਦਾ ਹੈ ਤਾਂ ਪ੍ਰਦੀਪ ਨੂੰ ਪੂਰੀ ਕਰਨ ਵਿਚ 2 ਘੰਟੇ 23-24 ਮਿੰਟ ਲੱਗ ਜਾਂਦੇ ਹਨ। ਪਰ ਉਸ ਨੂੰ ਇਸ ਦਾ ਕੋਈ ਮਲਾਲ ਨਹੀਂ ਹੁੰਦਾ। ਆਖ਼ਰ ਜਸਵੀਰ ਉਹਦਾ ਘਰ-ਵਾਲਾ ਹੈ ਤੇ ਉਹ ਉਹਦੀ ਘਰ-ਵਾਲੀ। ਗੁੱਸਾ-ਗਿਲ਼ਾ ਕਾਹਦਾ? ਆਖ਼ਰ ਔਰਤ ਤੇ ਮਰਦ ਦਾ ਕੁਦਰਤ ਵੱਲੋਂ ਪਾਇਆ ਏਨਾ ਕੁ ਫ਼ਰਕ ਰਹਿ ਜਾਣਾ ਸੁਭਾਵਕ ਈ ਹੈ।

ਸਕੂਲ ਵਿਚ ਪੜ੍ਹਦਿਆਂ ਪ੍ਰਦੀਪ 100 ਮੀਟਰ ਤੇ 200 ਮੀਟਰ ਦੌੜ ਲਾਉਂਦੀ ਹੁੰਦੀ ਸੀ। ਬਾਰ੍ਹਵੀਂ ਪਾਸ ਕਰਨ ਬਾਅਦ ਉਹ ਬਰੈਂਪਟਨ ਰਹਿੰਦੇ ਆਪਣੇ ਵੱਡੇ ਭਰਾ ਭਰਮਿੰਦਰ ਸਿੰਘ ਕੋਲ ਆ ਗਈ। ਇੱਥੇ ਇਕ ਸਮਾਜਿਕ 'ਕੱਠ ਵਿਚ ਲੜਕੀਆਂ ਦੀ 'ਸ਼ੁਗਲੀਆ ਦੌੜ' ਲਗਵਾਈ ਗਈ। ਉਹ ਕਿਸੇ ਸਹੇਲੀ ਦੇ ਜ਼ੋਰ ਪਾਉਣ 'ਤੇ ਪੰਜਾਬੀ ਸੂਟ ਵਿਚ ਹੀ ਨੰਗੇ ਪੈਰੀਂ ਦੌੜ ਪਈ। ਕਈ ਹੋਰ ਲੜਕੀਆਂ ਜਿਨ੍ਹਾਂ ਨੂੰ ਇਹ ਦੌੜ ਕਰਵਾਏ ਜਾਣ ਬਾਰੇ ਪਹਿਲਾਂ ਹੀ ਜਾਣਕਾਰੀ ਸੀ, ਬਾਕਾਇਦਾ ਟਰੈਕ ਸੂਟ ਅਤੇ ਫ਼ਲੀਟ ਵਗ਼ੈਰਾ ਪਾ ਕੇ ਪੂਰੀ ਤਿਆਰੀ ਨਾਲ ਆਈਆਂ ਸਨ। ਫਿਰ ਵੀ ਪ੍ਰਦੀਪ ਉਨ੍ਹਾਂ ਸਾਰੀਆਂ 'ਚੋਂ ਪਹਿਲੇ ਨੰਬਰ 'ਤੇ ਆ ਗਈ ਜਿਸ ਨਾਲ ਉਸ ਦੀ ਚੰਗੀ 'ਬੱਲੇ-ਬੱਲੇ' ਹੋਈ।

ਦਸੰਬਰ 1991 ਵਿਚ ਉਸ ਦਾ ਵਿਆਹ ਇਤਿਹਾਸਕ ਪਿੰਡ ਸਰਾਭਾ ਦੇ ਜਸਵੀਰ ਸਿੰਘ ਪਾਸੀ ਨਾਲ ਹੋ ਗਿਆ। ਦੌੜਨ ਅਤੇ ਕਈ ਹੋਰ ਖੇਡਾਂ ਵਿਚ ਭਾਗ ਲੈਣ ਵਾਲਾ ਜਸਵੀਰ ਗੌਰਮਿੰਟ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਪਟਿਆਲਾ ਤੋਂ ਬੀ. ਪੀ. ਐੱਡ. ਕਰ ਕੇ ਸਕੂਲ ਵਿਚ ਸਰੀਰਕ ਸਿੱਖਿਆ ਦਾ ਅਧਿਆਪਕ ਲੱਗਾ ਹੋਇਆ ਸੀ। ਉਹ ਵਾਲੀਬਾਲ ਦਾ ਵੀ ਬਹੁਤ ਵਧੀਆ ਖਿਡਾਰੀ ਸੀ ਅਤੇ ਦੌੜਾਂ ਵੀ ਲਾਉਂਦਾ ਸੀ। ਉਸ ਦੇ ਕੈਨੇਡਾ ਪਹੁੰਚਣ 'ਤੇ ਜਦੋਂ ਦੋਵੇਂ ਜੀਅ ਬਰੈਂਪਟਨ ਦੇ ਸਾਫ਼-ਸੁਥਰੇ ਪਾਰਕਾਂ ਵਿਚ ਅਤੇ ਵਾਕ-ਵੇਅਜ਼ 'ਤੇ ਇਕੱਠੇ ਸੈਰ ਕਰਨ ਲੱਗੇ ਤਾਂ ਦੋਹਾਂ ਦੇ ਮਨਾਂ ਵਿਚ ਦੌੜਨ ਦੀ ਜਗਿਆਸਾ ਮੁੜ ਜਾਗ ਉੱਠੀ ਅਤੇ ਇਸ ਲਈ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ।

ਬਰੈਂਪਟਨ ਵਿਚ ਉਨ੍ਹਾਂ ਨੇ ਪਹਿਲੀ ਹਾਫ਼ ਮੈਰਾਥਨ 2014 ਵਿਚ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ' ਵੱਲੋਂ ਕਰਵਾਈ ਜਾਂਦੀ 'ਇੰਸਪੀਰੇਸ਼ਨਲ ਸਟੈੱਪਸ' ਵਜੋਂ ਲਗਾਈ ਜਿਸ ਵਿਚ ਮੈਰਾਥਨ ਦੇ ਮਹਾਂਰਥੀ ਬਾਬਾ ਫ਼ੌਜਾ ਸਿੰਘ ਨੇ ਵੀ ਭਾਗ ਲਿਆ। ਉਸ ਤੋਂ ਬਾਅਦ ਉਹ ਦੋਵੇਂ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿਚ ਬਰੈਂਪਟਨ 'ਚ ਚੱਲ ਰਹੀ ਟੀ. ਪੀ. ਏ. ਆਰ. ਕਲੱਬ ਦੇ ਸਰਗ਼ਰਮ ਮੈਂਬਰਾਂ ਵਜੋਂ ਟੋਰਾਂਟੋ ਡਾਊਨ-ਟਾਊਨ ਵਿਚ ਹੋਣ ਵਾਲੀ ਸਾਲਾਨਾ 'ਸਕੋਸ਼ੀਆ ਬੈਂਕ ਵਾਟਰਫ਼ਰੰਟ ਮੈਰਾਥਨ' ਵਿਚ ਲਗਾਤਾਰ ਭਾਗ ਲੈਂਦੇ ਆ ਰਹੇ ਹਨ। ਇਸ ਦੇ ਨਾਲ ਹੀ ਉਹ 'ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਤੇ ਹੋਰ ਕਈ ਦੌੜ-ਈਵੈਂਟਸ ਵਿਚ ਇਕੱਠੇ ਹੀ ਹਾਫ਼-ਮੈਰਾਥਨ ਦੌੜਨ ਜਾਂਦੇ ਹਨ। ਕਈ ਦੌੜਾਂ ਵਿਚ ਉਨ੍ਹਾਂ ਦੀ ਬੇਟੀ ਤੇ ਬੇਟਾ ਵੀ ਉਨ੍ਹਾਂ ਨਾਲ ਹੁੰਦੇ ਹਨ। ਉਹ ਦੋਵੇਂ ਸੌਕਰ ਦੇ ਖਿਡਾਰੀ ਹਨ। ਬੇਟੀ ਤਾਂ ਯੂਨੀਵਰਸਿਟੀ ਦੀ ਟੀਮ ਵਿਚ ਵੀ ਸ਼ਾਮਲ ਰਹੀ ਹੈ।

ਦੌੜਾਂ ਤੇ ਖੇਡ-ਮੁਕਾਬਲਿਆਂ ਵਿਚ ਅਸੀਂ ਕਈ ਵਾਰ ਇਕੱਠੇ ਹੋਏ ਹਾਂ ਤੇ ਦੋ ਕੁ ਵਾਰ ਮੈਨੂੰ ਉਨ੍ਹਾਂ ਦੇ ਘਰ ਜਾ ਕੇ ਮੁਲਾਕਾਤ ਕਰਨ ਦਾ ਮੌਕਾ ਵੀ ਮਿਲਿਆ ਹੈ। ਦੋਵੇਂ ਵਾਰ ਪਰਿਵਾਰ ਦੇ ਸਾਰੇ ਮੈਂਬਰ ਬੜੇ ਤਪਾਕ ਨਾਲ ਮਿਲੇ। ਜਸਵੀਰ ਦੇ ਪਿਤਾ ਜੀ ਵੀ ਆਪਣੇ ਸਮੇਂ 100 ਮੀਟਰ, 200 ਮੀਟਰ, 400 ਮੀਟਰ ਅਤੇ ਅਥਲੈਟਿਕਸ ਦੇ ਕਈ ਹੋਰ ਈਵੈਂਟਸ ਵਿਚ ਭਾਗ ਲੈਂਦੇ ਰਹੇ ਸਨ। ਉਨ੍ਹਾਂ ਨੇ ਉਦੋਂ ਯੂਨੀਵਰਸਿਟੀ ਤੋਂ ਪੀਟੀਆਈ ਦੀ ਟ੍ਰੇਨਿੰਗ ਕੀਤੀ ਸੀ ਜਦੋਂ ਇਹ ਕੋਰਸ ਭਾਰਤ ਵਿਚ ਕੇਵਲ ਦੋ ਥਾਵਾਂ ਲਖਨਊ ਅਤੇ ਮਦਰਾਸ ਵਿਚ ਹੀ ਚੱਲਦਾ ਸੀ। ਜਦੋਂ ਲਖਨਊ ਉਨ੍ਹਾਂ ਨੂੰ ਦਾਖ਼ਲਾ ਨਾ ਮਿਲਿਆ ਤਾਂ ਉਹ ਮਦਰਾਸ ਅੱਪੜ ਗਏ। ਕਿਸੇ ਨੇ ਸਹੀ ਫ਼ੁਰਮਾਇਆ ਹੈ, ਜੋਤ ਤੋਂ ਹੀ ਜੋਤ ਅੱਗੇ ਜਗਦੀ ਏ। ਜਸਵੀਰ ਨੂੰ ਦੌੜਨ ਦੀ ਪ੍ਰੇਰਨਾ ਉਸ ਦੇ ਬਾਪ ਤੋਂ ਮਿਲੀ ਤੇ ਵਿਆਹ ਤੋਂ ਬਾਅਦ ਪਤਨੀ ਵੀ ਓਸੇ ਤਰ੍ਹਾਂ ਦਾ ਸ਼ੌਕ ਰੱਖਣ ਵਾਲੀ ਮਿਲ ਗਈ। ਵੇਖਦੇ ਹਾਂ ਉਹ ਕਦੋਂ ਤਕ ਦੌੜਦੇ ਹਨ ਤੇ ਬਾਬਾ ਫੌਜਾ ਸਿੰਘ ਵਾਂਗ ਮਸ਼ਹੂਰ ਹੁੰਦੇ ਹਨ!

# ਤਰੇੜੇ ਸ਼ੀਸ਼ੇ ਦਾ ਕੱਚ-ਸੱਚ ਹੈ ਨਾਵਲ 'ਵਿਗੜੀ ਹੋਈ ਕੁੜੀ'

## ਪੁਸਤਕ ਚਰਚਾ




ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬਖ਼ਸ਼ਿੰਦਰ ਸੰਵੇਦਨਸ਼ੀਲ ਸ਼ਾਇਰ ਹੈ। ਉਸਨੂੰ ਸਮਾਜਿਕ ਪਰਤਾਂ ਅਤੇ ਇਨ੍ਹਾਂ ਦੀਆਂ ਝੀਤਾਂ ਵਿਚੋਂ ਨਜ਼ਰ ਆਉਂਦੇ ਉਸ ਸੱਚ ਨੂੰ ਦੇਖਣ ਤੇ ਸਮਝਣ ਦੀ ਸੋਝੀ ਹੈ ਅਤੇ ਇਸਨੂੰ ਹਰਫ਼ਾਂ ਵਿਚ ਬਾਖੂਬੀ ਉਲਥਾਉਣ ਦਾ ਤਰਤੀਬੀ ਹੁਨਰ ਹੈ। ਬਖ਼ਸ਼ਿੰਦਰ ਦਾ ਪਲੇਠਾ ਨਾਵਲ 'ਵਿਗੜੀ ਹੋਈ ਕੁੜੀ' ਦਰਅਸਲ ਪਰਿਵਾਰਕ, ਸਮਾਜਿਕ, ਆਰਥਿਕ, ਸਰੀਰਕ ਤੇ ਮਨੋਵਿਗਿਆਨਕ ਸਥਿਤੀਆਂ ਦਾ ਦਰਦ ਹੰਢਾਉਂਦੀ, ਖ਼ੁਦ ਦੀ ਤਲਾਸ਼ ਕਰਦੀ ਸੰਨੀ ਹੌਂਡਾ ਦੀ ਕਹਾਣੀ ਹੈ। ਇਹ ਕਈ ਪਰਤਾਂ ਰਾਹੀਂ ਉਸਦੀ ਜ਼ਿੰਦਗੀ ਦੇ ਉਜਵਲ ਤੇ ਕਾਲਖ਼ੀ ਪੱਖਾਂ ਨੂੰ ਦ੍ਰਿਸ਼ਮਾਨ ਕਰਦੀ ਹੈ। ਇਹ ਨਾਵਲ ਅਸਲੀਅਤ ਵਰਗੇ ਸੱਚ ਦਾ ਤਸ਼ਬੀਹੀ ਬਿਰਤਾਂਤ ਹੈ ਜਿਸਨੂੰ ਅਜੋਕੇ ਸਮੇਂ ਵਿਚ ਵਿਵਾਦ-ਗ੍ਰਸਤ ਸ਼ਖਸੀਅਤਾਂ ਵਿਚੋਂ ਬੜੀ ਆਸਾਨੀ ਨਾਲ ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ।

ਇਸ ਨਾਵਲ ਦੀ ਬਾਖੂਬੀ ਇਹ ਹੈ ਕਿ ਪ੍ਰਵਾਸ ਦੌਰਾਨ ਜ਼ਿੰਦਗੀ ਨੂੰ ਸਥਾਪਤ ਕਰਨ ਦੀ ਜੱਦੋ-ਜਹਿਦ ਵਿਚ ਜਦ ਪੰਜਾਬੀ ਮਾਪੇ ਖ਼ੁਦ ਤੇ ਪਰਿਵਾਰ ਵਲੋਂ ਬੇਮੁਖ ਹੋ ਕੇ ਆਪਣੀ ਔਲਾਦ ਦੀ ਵੀ ਅਣਗਹਿਲੀ ਕਰਦੇ ਹਨ ਤਾਂ ਉਨ੍ਹਾਂ ਦੇ ਜੀਵਨ ਦੀਆਂ ਕਦਰਾਂ-ਕੀਮਤਾਂ ਅਤੇ ਸਥਾਪਤ ਪਰਿਵਾਰਕ ਰਵਾਇਤਾਂ ਤੋਂ ਤਿਲਕ ਜਾਣਾ ਤੈਅ ਹੁੰਦਾ ਹੈ। ਇਸ ਤਿਲਕਣ ਵਿਚੋਂ ਹੀ ਇਸ ਨਾਵਲ ਦੀ ਨਾਇਕਾ ਸੰਨੀ ਹੌਂਡਾ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਤਲਾਸ਼ਦੀ ਹੋਈ ਅੱਲ੍ਹੜ ਉਮਰੇ ਹੀ ਹਵਸ ਦੇ ਵਹਿਣ ਵਿਚ ਵਹਿ ਜਾਂਦੀ ਹੈ। ਉਹ ਸਰੀਰ ਦੀ ਕਾਮ ਭੁੱਖ ਵੱਲ ਜ਼ਿਆਦਾ ਰੁਚਿਤ ਹੋਣ ਦੇ ਬਾਵਜੂਦ ਆਪਣੇ ਕੈਰੀਅਰ ਬਾਰੇ ਫ਼ਿਕਰਮੰਦ ਰਹਿੰਦੀ ਹੈ।

ਉਹ ਤਿੜਕ ਰਹੇ ਅਤੇ ਗਰੀਬੀ ਨਾਲ ਜੂਝਦੇ ਪਰਿਵਾਰ ਲਈ ਛੋਟੀਆਂ-ਮੋਟੀਆਂ ਨੌਕਰੀਆਂ ਵੀ ਕਰਦੀ ਹੈ ਪਰ ਉਹ ਖ਼ੁਦ ਨੂੰ ਅਜਿਹੀ ਸਥਿਤੀ ਵਿਚ ਸਥਾਪਤ ਕਰਨਾ ਚਾਹੁੰਦੀ ਹੈ ਜਿੱਥੇ ਜੀਵਨੀ ਸੁਖ-ਸੁਵਿਧਾਵਾਂ ਦੀ ਪੂਰਤੀ ਦੇ ਨਾਲ ਉਸਨੂੰ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦਾ ਮੌਕਾ ਵੀ ਮਿਲੇ ਜਿਨ੍ਹਾਂ ਨੂੰ ਉਹ ਆਪਣੇ ਮਨ ਵਿਚ ਸਮਾਈ ਬੈਠੀ ਹੈ।

ਸੰਨੀ ਹੌਂਡਾ, ਪੀਜ਼ਾ 'ਤੇ ਕੰਮ ਕਰਦੀ ਹੈ, ਟੈਕਸ ਫਰਮ ਵਿਚ ਕੰਮ ਕਰਦਿਆਂ ਆਪਣੇ ਮਨਪਸੰਦ ਕਿੱਤੇ ਅਪਨਾਉਣ ਲਈ ਨਰਸਿੰਗ ਦਾ ਕੋਰਸ ਵੀ ਕਰਦੀ ਹੈ। ਉਸਨੂੰ ਮਾਡਲਿੰਗ ਦਾ ਸ਼ੌਕ ਹੈ। ਜਦ ਸੰਨੀ ਦੇ ਇਸ ਸ਼ੌਕ ਬਾਰੇ ਹੀ ਬਲੂ ਫਿਲਮਾਂ ਵਾਲਿਆਂ ਨੂੰ ਸੂਹ ਮਿਲਦੀ ਹੈ ਤਾਂ ਸੰਨੀ ਨੂੰ ਹੌਲੀ ਹੌਲੀ ਇਸ ਇੰਡਸਟਰੀ ਦਾ ਹਿੱਸਾ ਬਣਾ ਲੈਂਦੇ ਹਨ। ਉਹ ਆਪਣੇ ਆਪ ਨੂੰ ਕੁਆਰੀ ਰੱਖਣ ਲਈ ਹਰ ਕੋਸ਼ਿਸ਼ ਕਰਦੀ ਹੈ ਪਰ ਫ਼ਿਲਮ ਇੰਡਸਟਰੀ ਦੇ ਚਲਾਕ ਪ੍ਰੋਡਿਊਸਰ ਉਸ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੰਦੇ ਨੇ ਅਤੇ ਉਹ ਖੁੱਲ੍ਹੇ ਰੂਪ ਵਿਚ ਨੰਗੀਆਂ ਫਿਲਮਾਂ ਨੂੰ ਅਪਣਾ ਕੇ ਉਚਾ ਮੁਕਾਮ ਸਿਰਜ ਲੈਂਦੀ ਹੈ। ਸਿੱਖ ਪਰਿਵਾਰ ਵਿਚ ਪੈਦਾ ਹੋਣ ਦੇ ਬਾਵਜੂਦ ਉਸਦੇ ਮਨ ਵਿਚ ਇਕ ਕਸਕ ਜ਼ਰੂਰ ਰਹਿੰਦੀ ਹੈ ਕਿ ਉਹ ਕਿਹੜੇ ਰਾਹੀਂ ਤੁਰ ਪਈ ਹੈ? ਪਰ ਉਹ ਇਸਨੂੰ ਰੱਬ ਦੀ ਮਰਜ਼ੀ ਸਮਝ ਕੇ ਮਨ ਨੂੰ ਸਮਝਾਉਂਦੀ ਹੈ। ਉਹ




ਕਿਤਾਬ ਵਿਗੜੀ ਹੋਈ ਕੁੜੀ ਦਾ ਮੁਖੜਾ

ਇਕ ਕਮਾਊ ਪੁੱਤ ਬਣ ਕੇ ਕਾਮ 'ਚ ਗ੍ਰਸੇ ਭਰਾ ਲਈ ਧੰਨ ਦਾ ਸਰੋਤ ਬਣਦੀ ਹੈ। ਆਪਣੀ ਸ਼ਰਾਬਣ ਮਾਂ ਅਤੇ ਵਿਹਲੜ ਬਾਪ ਲਈ ਅਮੀਰਾਂ ਵਾਲੀਆਂ ਸਹੂਲਤਾਂ ਨੂੰ ਮਾਨਣ ਦਾ ਸਬੱਬ ਬਣ ਚੁੱਕੀ ਹੈ। ਮਾਪੇ ਨਿਕੰਮੇ ਹੋਣ ਕਾਰਨ ਆਪਣੀ ਧੀ ਨੂੰ ਹੋੜ ਵੀ ਨਹੀਂ ਸਕਦੇ ਅਤੇ ਨਾ ਹੀ ਵਰਜ ਸਕਦੇ ਹਨ। ਮਾਪਿਆਂ ਵਲੋਂ ਉਸਦੇ ਕਿੱਤੇ ਬਾਰੇ ਪੁੱਛਣ 'ਤੇ ਸੰਨੀ ਹੌਂਡਾ ਮਾਪਿਆਂ ਨੂੰ ਅਜਿਹੇ ਪ੍ਰਸ਼ਨ ਕਰਦੀ ਹੈ ਕਿ ਜਿਨ੍ਹਾਂ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਸੀ।

ਸੰਨੀ ਹੌਂਡਾ ਆਪਣੇ ਮਨ ਵਿਚ ਇਨ੍ਹਾਂ ਹਾਲਤਾਂ ਵਿਚੋਂ ਬਾਹਰ ਨਿਕਲਣ ਅਤੇ ਪਰਿਵਾਰਕ ਜ਼ਿੰਦਗੀ ਨੂੰ ਮਾਨਣ ਅਤੇ ਸਨਮਾਨ ਯੋਗ ਜੀਵਨ ਜਿਊਣ ਲਈ ਅਦਿੱਖ ਰੂਪ ਵਿਚ ਕੁਝ ਨਾ ਕੁਝ ਅਜਿਹਾ ਸੋਚਦੀ ਅਤੇ ਕਰਦੀ ਰਹਿੰਦੀ ਹੈ। ਆਖਰ ਨੂੰ ਉਹ ਆਪਣੀ ਚਮਕ-ਦਮਕ ਵਾਲੀ ਜ਼ਿੰਦਗੀ ਨੂੰ ਪਿਛਾਂਹ ਛੱਡ ਬੰਬਈ ਦੀ ਫਿਲਮ ਨਗਰੀ ਵਿਚ ਆਪਣੀ ਜ਼ਿੰਦਗੀ ਨੂੰ ਤਲਾਸ਼ਣ ਆਉਂਦੀ ਹੈ। ਬੰਬਈ ਵਿਚ ਆਉਣ 'ਤੇ ਉਸਦੀ ਪ੍ਰਸਿੱਧੀ ਤੇ ਬਦਨਾਮੀ ਦੋਵੇਂ ਹੀ ਨਾਲ ਆਉਂਦੀਆਂ ਹਨ ਅਤੇ ਉਹ ਇਨ੍ਹਾਂ ਵਿਚੋਂ ਉਭਰਨ ਲਈ ਹੌਲੀ ਹੌਲੀ ਚੰਗਾ ਮੁਕਾਮ ਸਿਰਜਣ ਵਿਚ ਕਾਮਯਾਬ ਹੋ ਜਾਂਦੀ ਹੈ।

ਇਸ ਨਾਵਲ ਦਾ ਸਾਰਅੰਸ਼ ਇਹ ਹੈ ਕਿ ਕੋਈ ਵੀ ਵਿਅਕਤੀ ਮਾੜਾ ਨਹੀਂ ਹੁੰਦਾ। ਇਹ ਹਾਲਾਤ ਦਾ ਤਕਾਜ਼ਾ ਹੀ ਹੁੰਦਾ ਹੈ ਕਿ ਉਹ ਅਜੇਹੇ ਹਾਲਾਤ ਦੀ ਜਕੜ ਵਿਚ ਆ ਜਾਂਦਾ ਹੈ। ਪਰ ਆਪਣੀ ਹਿੰਮਤ, ਦਲੇਰੀ ਅਤੇ ਸੂਭ-ਚੇਤਨਾ ਨਾਲ ਹਾਲਾਤ ਵਿਚੋਂ ਨਿਕਲ ਕੇ ਆਪਣੀ ਜ਼ਿੰਦਗੀ ਨੂੰ ਨਵਾਂ ਨਾਮ ਦੇ ਸਕਦਾ ਹੈ। ਚਿੱਕੜ ਵਿਚ ਖਿੜੇ ਹੋਏ ਕਮਲ ਵਰਗੀ ਹੈ ਉਸ ਕੁੜੀ ਦੀ ਕਹਾਣੀ ਜਿਸਨੂੰ ਸਮਾਜ ਮਾੜੀ ਨਜ਼ਰ ਰਾਹੀਂ ਹੀ ਪਛਾਣਦਾ ਸੀ ਪਰ ਉਸ ਦੀਆਂ ਸਥਿਤੀਆਂ ਨੂੰ ਅੱਖੋਂ ਪਰੋਖੇ ਕਰਦਾ ਹੈ। ਬਖ਼ਸ਼ਿੰਦਰ ਵਧਾਈ ਦਾ ਪਾਤਰ ਹੈ ਕਿ ਉਸਨੇ ਸੰਨੀ ਹੌਂਡਾ ਦਾ ਉਹ ਰੂਪ ਪਾਠਕਾਂ ਸਾਹਮਣੇ ਲਿਆਂਦਾ ਹੈ ਜਿਸ ਨੂੰ ਦੁਨੀਆ ਦੀਆਂ ਅੱਖਾਂ ਦੇਖਣ ਤੇ ਸਮਝਣ ਤੋਂ ਨਾਬਰ ਤੇ ਨਾਕਾਮ ਸਨ।

ਇਸ ਨਾਵਲ ਦੀ ਨਾਇਕਾ ਸੰਨੀ ਹੌਂਡਾ ਦੀ ਇੰਟਰਵਿਊ ਲੈਂਦਿਆਂ ਟੀਵੀ ਐਂਕਰ ਵਿੰਗੇ ਟੇਢੇ ਪ੍ਰਸ਼ਨਾਂ ਰਾਹੀਂ ਉਸਦੀ ਬੀਤੀ ਜ਼ਿੰਦਗੀ ਵਿਚੋਂ ਕਾਮੀ ਲੱਜ਼ਤ ਭਾਲਣ ਦੀ ਕੋਸ਼ਿਸ਼ ਕਰਦਾ ਹੈ। ਉਸਦੇ ਜਵਾਬ ਅਤੇ ਇਨ੍ਹਾਂ ਜਵਾਬਾਂ ਦੀ ਤਹਿ ਵਿਚ ਸਚਿਆਈ ਅਤੇ ਇਤਿਹਾਸਕ ਪਰਿਪੇਖ ਵਿਚੋਂ ਉਸਦੀ ਸਮਝ, ਸੋਚ ਅਤੇ ਉਸਦੀ ਰੂਹ ਵਿਚ ਬੈਠੀ ਪਾਕ ਸ਼ਖ਼ਸੀਅਤ ਦੇ ਦਰਸ਼ਕਾਂ ਨੂੰ ਦੀਦਾਰੇ ਹੁੰਦੇ ਨੇ। ਇਨ੍ਹਾਂ ਜਵਾਬਾਂ ਨਾਲ ਐਂਕਰ ਦੀਆਂ ਨੀਵੀਆਂ ਨਜ਼ਰਾਂ, ਬੋਲਾਂ ਵਿਚ ਉਤਰੀ ਨਮੋਸ਼ੀ ਅਤੇ ਮਸਖ਼ਰਾਪਣ ਦਰਸ਼ਕਾਂ ਸਾਹਵੇਂ ਜ਼ਾਹਰ ਹੁੰਦਾ ਹੈ। ਇਹ ਇੰਟਰਵਿਊ ਐਂਕਰ ਦੀਆਂ ਗੁਣਤਰੀ ਚਾਲਾਂ ਸਾਹਵੇਂ ਸੂਰਜ ਵਰਗਾ ਸੰਨੀ ਦਾ ਸੱਚ ਹੈ ਜਿਸ ਸਾਹਵੇਂ ਖਾਮੋਸ਼ ਹੋ ਜਾਂਦੇ ਨੇ ਸੰਨੀ ਦੀ ਜ਼ਮੀਰ 'ਤੇ ਉਭਾਂ ਲਾਉਣ ਵਾਲੇ ਅਤੇ ਨਾਇਕਾ ਸਮਾਜ ਵਿਚ ਸਤਿਕਾਰਯੋਗ ਸ਼ਖ਼ਸੀਅਤ ਦਾ ਰੁਤਬਾ ਪ੍ਰਾਪਤ ਕਰਦੀ ਹੈ।

ਇਸ ਨਾਵਲ ਦੀ ਖ਼ੂਬੀ ਇਹ ਵੀ ਹੈ ਕਿ ਬਖਸ਼ਿੰਦਰ ਨੇ ਸੰਨੀ ਦੇ ਕਿਰਦਾਰ ਤੇ ਕਿੱਤੇ ਨੂੰ ਚਿੱਤਰਦਿਆਂ ਵੀ ਇਸਨੂੰ ਕਾਮੀ ਰੂਪ ਦੇਣ ਅਤੇ ਇਸ ਵਿਚੋਂ ਪਾਠਕਾਂ ਲਈ ਕਾਮ-ਸਮੱਗਰੀ ਵਾਲੇ ਦ੍ਰਿਸ਼ਟੀਕੋਣ ਤੋਂ ਨਹੀਂ ਲਿਖਿਆ। ਸਗੋਂ ਬਹੁਤ ਸੰਜਮ, ਸਿਆਣਪ ਅਤੇ ਸਮਰੱਥ ਸ਼ਬਦਾਂ ਨਾਲ ਕਿਰਦਾਰ ਨੂੰ ਸਿਰਜਦਿਆਂ ਕਾਮ ਬਿਰਤਾਂਤ ਵਿਚ ਸਮਾਜਿਕ ਮਰਿਆਦਾਵਾਂ ਦੀ ਪਾਲਣਾ ਕੀਤੀ ਹੈ। ਇਸ ਲਈ ਬਖਸ਼ਿੰਦਰ ਵਧਾਈ ਦਾ ਪਾਤਰ ਹੈ ਵਰਨਾ ਕਈ ਲੇਖਕ ਤਾਂ ਅਜਿਹੀ ਲਿਖ਼ਤ ਵਿਚੋਂ ਖ਼ੁਦ ਹੀ ਜਿਸਮੀ ਲਜ਼ੀਜ਼ਤਾ ਨੂੰ ਮਾਨਣ ਲੱਗ ਪੈਂਦੇ ਹਨ।

ਇਸ ਨਾਵਲ ਨੂੰ ਲਿਖ ਕੇ ਬਖਸ਼ਿੰਦਰ ਨੇ ਸਮੇਂ ਦੇ ਸਥਾਪਤ ਫਰੇਮ ਦੇ ਉਲਟ ਅਤੇ ਸਮਾਜ ਵਿਚ ਉਸਰੇ ਬਿਰਤਾਂਤ ਨੂੰ ਵੱਖਰੀ ਅੱਖ ਰਾਹੀਂ ਵੱਖਰੇ ਕੋਣ ਤੋਂ ਦੇਖਿਆ ਹੈ। ਇਸਨੂੰ ਸੁਚੱਜੇ ਸ਼ਬਦਾਂ ਦਾ ਲਿਬਾਸ ਪਾ ਕੇ, 'ਵਿਗੜੀ ਹੋਈ ਕੁੜੀ' ਨੂੰ ਸਿਆਣੀ, ਸਮਝਦਾਰ ਅਤੇ ਸੰਤੁਲਤ ਔਰਤ ਦੇ ਰੂਪ ਵਿਚ ਦਿਖਾਇਆ ਹੈ।

ਬਖਸ਼ਿੰਦਰ ਨੂੰ ਅਜਿਹੀ ਜੁਗਤ ਨਾਲ ਨਾਵਲੀ ਕਿਰਤ ਲਿਖਣ ਲਈ ਢੇਰ ਸਾਰੀਆਂ ਮੁਬਾਰਕਾਂ।

# ਵਿਸ਼ਵੀ ਯੁੱਗ ਦੇ ਕੰਸ ਨੂੰ ਮਾਰਨ ਦਾ ਹੋਕਾ ਦਿੰਦੀਆਂ ਸਾਹਿਤਕ ਰਚਨਾਵਾਂ

## ਕੰਸ ਅਜੇ ਮਰਿਆ ਨਹੀਂ

ਪਵਨ ਪਰਿੰਦਾ ਪੰਜਾਬੀ ਭਾਸ਼ਾ ਦਾ ਜਾਣਿਆ-ਪਛਾਣਿਆ ਤੇ ਹੰਢਿਆ-ਵਰਤਿਆ ਕਹਾਣੀਕਾਰ ਹੈ। ਉਸਦੇ ਪ੍ਰਕਾਸ਼ਿਤ ਤਿੰਨ ਕਹਾਣੀ ਸੰਗ੍ਰਹਿ 'ਮੱਸਿਆ ਦੀ ਰਾਤ', 'ਲਾਹੇ ਹੋਏ' ਤੇ 'ਭਕ ਭਕ ਕਰਦੀ ਲਾਲਟੈਣ' ਕਹਾਣੀ ਵਿਧਾ ਨਾਲ ਸਬੰਧਤ ਵਿਦਵਾਨ ਆਲੋਚਕਾਂ ਦੀ ਨਜ਼ਰ ਵਿਚ ਚੜ੍ਹ ਕੇ ਉਸਦੇ ਸਮਰੱਥ ਕਹਾਣੀਕਾਰ ਹੋਣ ਦੀ ਗਵਾਹੀ ਭਰ ਚੁੱਕੇ ਹਨ। ਉਸਦੇ ਨਵ-ਪ੍ਰਕਾਸ਼ਿਤ ਸੰਗ੍ਰਹਿ 'ਕੰਸ ਅਜੇ ਮਰਿਆ ਨਹੀਂ' ਵਿਚ ਉਸ ਦੀਆਂ ਪੰਜ ਕਹਾਣੀਆਂ ਤੋਂ ਇਲਾਵਾ ਕੁਝ ਮਿੰਨੀ ਕਹਾਣੀਆਂ ਤੇ ਵਾਰਤਕ ਲੇਖ ਸ਼ਾਮਿਲ ਹਨ। ਇਹ ਸਾਰੀਆਂ ਰਚਨਾਵਾਂ ਉਨ੍ਹਾਂ ਮਨੋ-ਸਮਾਜਿਕ ਕਾਰਨਾਂ

## ਪੁਸਤਕ ਚਰਚਾ


ਨਿਰੰਜਣ ਬੋਹਾ
ਫੋਨ: 91-89682-82700

ਦੀ ਨਿਸ਼ਾਨਦੇਹੀ ਉਚੇਚੇ ਤੌਰ 'ਤੇ ਕਰਦੀਆਂ ਹਨ, ਜਿਹੜੇ ਸਾਡੇ ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਦੇ ਟੁੱਟਣ ਤੇ ਤਿੜਕਣ ਦਾ ਕਾਰਨ ਹੀ ਨਹੀਂ ਬਣ ਰਹੇ ਸਗੋਂ ਇਨ੍ਹਾਂ ਨੂੰ ਪੇਚੀਦਾ ਤੇ ਗੁੰਝਲਦਾਰ ਵੀ ਬਣਾ ਰਹੇ ਹਨ। ਇਹ ਰਚਨਾਵਾਂ ਇਸ ਗੱਲ ਦੀ ਉਚੇਚੇ ਤੌਰ 'ਤੇ ਪੁਸ਼ਟੀ ਕਰਦੀਆਂ ਹਨ ਕਿ ਪਦਾਰਥਕ ਤੌਰ 'ਤੇ ਖੁਸ਼ਹਾਲ, ਸੁਖੀ ਤੇ ਖੁਸ਼ਹਾਲ ਵਿਖਾਈ ਦਿੰਦਾ ਅੱਜ ਦਾ ਆਧੁਨਿਕ ਮਨੁੱਖ ਅੰਦਰੋਂ ਕਿੰਨਾ ਖੋਖਲਾ ਤੇ ਬੇਚੈਨ ਹੈ। ਇਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਅੱਜ ਦੇ ਯੁਗ ਦੇ ਮਨੁੱਖ ਦੀ ਪਦਾਰਥਕ ਖੁਸ਼ਹਾਲੀ ਤੇ ਮਾਨਸਿਕ ਮੰਦਹਾਲੀ ਦੇ ਤਣਾਉ ਵਿਚੋਂ ਪੈਦਾ ਹੋਏ ਦਵੰਦ ਨੂੰ ਵਿਸ਼ੇਸ਼ ਤੌਰ 'ਤੇ ਉਭਾਰਦੀਆਂ ਹਨ ਤੇ ਟੁੱਟ ਰਹੇ ਘਰ-ਪਰਿਵਾਰ ਦੀਆਂ ਕੰਧਾਂ 'ਤੇ ਮੋਹ ਦਾ ਪਲਸਤਰ ਕਰ ਕੇ ਉਨ੍ਹਾਂ ਨੂੰ ਟੁੱਟਣ ਤੋਂ ਬਚਾਉਣ ਦੀ ਸੁਹਿਰਦ ਕੋਸ਼ਿਸ਼ ਕਰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਫਸਟ ਕਰਾਈ' ਪਤੀ-ਪਤਨੀ ਦੇ ਬੁਨਿਆਦੀ ਰਿਸ਼ਤੇ ਵਿਚ ਅਚਨਚੇਤੀ ਪਈਆਂ ਤ੍ਰੇੜਾਂ ਨੂੰ ਵਧਾਉਣ ਲਈ ਉਨ੍ਹਾਂ ਦੋਵਾਂ ਨਾਲੋਂ ਉਨ੍ਹਾਂ ਆਪੂ ਬਣੇ ਸਲਾਹਕਾਰਾਂ ਨੂੰ ਵੱਧ ਦੋਸ਼ੀ ਠਹਿਰਾਉਂਦੀ ਹੈ ਤੇ ਦੋਹਾਂ ਧਿਰਾ ਦੇ ਮਾਪਿਆਂ ਨੂੰ ਪਤੀ-ਪਤਨੀ ਵਿਚਕਾਰ ਧਿਰ ਨਾ ਬਣਨ ਦੀ ਸਲਾਹ ਦਿੰਦੀ ਹੈ। ਅੰਜਲੀ ਦੇ ਦਿਨ ਟੱਪਣ 'ਤੇ ਉਸਦਾ ਪਤੀ ਨਵੀਨ ਜਿੰਨਾ ਖੁਸ਼ ਹੈ ਉਹ ਉਨੀਂ ਹੀ ਨਾ-ਖੁਸ਼ ਹੈ। ਉਹ ਕਿਸੇ ਮਾਨਸਿਕ ਉਲਝਣ ਦਾ ਸ਼ਿਕਾਰ ਹੋ ਕੇ ਦੋ ਵਾਰ ਆਪਣਾ ਗਰਭ ਗਿਰਾ ਚੁੱਕੀ ਹੈ। ਜਦੋਂ ਉਹ ਤੀਜੀ ਵਾਰ ਵੀ ਅਜਿਹਾ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਦੋਵਾਂ ਧਿਰਾਂ ਵਿਚ ਪੈਦਾ ਹੋਇਆ ਟਕਰਾਓ ਉਨ੍ਹਾਂ ਨੂੰ ਥਾਣੇ-ਕਚਹਿਰੀਆਂ ਤੱਕ ਲੈ ਜਾਂਦਾ ਹੈ। ਅੰਜਲੀ ਦੇ ਪੇਕੇ ਉਸਦੀ ਧਿਰ ਬਣ ਕੇ ਉਸਦਾ ਪੱਖ ਪੂਰਦੇ ਹਨ ਤਾਂ ਮਾਮਲਾ ਹੋਰ ਉਲਝ ਜਾਂਦਾ ਹੈ। ਅੰਤ ਉਸਦੀ ਕੁਖੋਂ ਜਨਮ ਲੈਣ ਵਾਲੀ ਧੀ ਲਾਲੀ ਦਾ ਮੋਹ ਆਪਣੇ ਮਾਂ-ਬਾਪ ਨੂੰ ਫਿਰ ਤੋਂ ਇਕੱਠੇ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ ਤੇ ਇਸ ਤਰ੍ਹਾਂ ਇੱਕ ਘਰ ਟੁੱਟਣ ਤੋਂ ਬਚ ਜਾਂਦਾ ਹੈ।

ਕਹਾਣੀ 'ਮੰਝਦਾਰ' ਘਰੇਲੂ ਝਗੜਿਆਂ ਦੇ ਮਨੋ-ਸਮਾਜਿਕ ਕਾਰਨ ਤਲਾਸ਼ਦੀ ਹੈ ਤਾਂ ਇਸਦਾ ਮੁੱਖ ਕਾਰਨ ਵੀ ਦੋ ਧਿਰੀ ਅਹੰਮ ਹੀ ਵਿਖਾਈ ਦਿੰਦਾ ਹੈ। ਕਹਾਣੀ ਵਿਚਲਾ ਦਫਤਰੀ ਕਰਮਚਾਰੀ ਆਪਣੀ ਪਤਨੀ ਤੇ ਮਾਂ ਵਿਚਕਾਰ ਸ਼ੁਰੂ ਹੋਏ ਘਰੇਲੂ ਕਲੇਸ਼ ਕਾਰਨ ਏਨੇ ਮਾਨਸਿਕ ਤਣਾਓ ਦਾ ਸ਼ਿਕਾਰ ਹੈ ਕਿ ਸ਼ਰਾਬ ਦਾ ਸਹਾਰਾ ਲੈਣਾ ਉਸਦੀ ਮਜਬੂਰੀ ਬਣ ਜਾਂਦੀ ਹੈ। ਘਰ ਵਿਚ ਭੈਣ ਤੇ ਜੀਜੇ ਦੀ ਆਮਦ ਇੱਕਦਮ ਲਈ ਘਰ ਦੇ ਮਾਹੌਲ ਨੂੰ ਸ਼ਾਂਤ ਤੇ ਤਣਾਉ ਮੁਕਤ ਬਣਾ ਦਿੰਦੀ ਹੈ ਤਾਂ ਉਸ ਨੂੰ ਮਾਂ ਤੇ ਪਤਨੀ ਦੇ ਹਉਮੈ ਦੀ ਸਮਝ ਪੈਂਦੀ ਹੈ। ਕਹਾਣੀ 'ਤਨ, ਤੜਫ, ਤੇ ਤਰਵਰ' ਮਨੁੱਖ ਦੀ ਆਰਥਿਕ ਸਥਿਤੀ ਵਿਚ ਆਉਂਦੇ ਉਤਰਾਵਾਂ-ਚੜ੍ਹਾਵਾਂ ਨਾਲ ਪਰਿਵਾਰਕ ਜੀਵਨ ਦੇ ਬਦਲਦੇ ਸਮੀਕਰਨਾਂ ਬਾਰੇ ਸੰਵਾਦਕ ਚਰਚਾ ਛੇੜਦੀ ਹੈ। ਜਦੋਂ ਕਹਾਣੀ ਦੇ ਮੁੱਖ ਪਾਤਰ ਪ੍ਰਾਪਟੀ ਡੀਲਰ ਦਾ ਕਾਰੋਬਾਰ ਚੜ੍ਹਤ ਵਿਚ ਹੈ ਤਾਂ ਉਸਨੂੰ ਘਰ-ਪਰਿਵਾਰ ਦੇ ਸਾਰੇ ਰੰਗ ਤਮਾਸ਼ੇ ਚੰਗੇ ਲੱਗਦੇ ਹਨ ਪਰ ਆਰਥਿਕ ਮੰਦਵਾੜਾ ਆ ਜਾਣ 'ਤੇ ਪਤਨੀ ਵੱਲੋਂ ਬਣਾਏ ਸਵਾਦਲੇ ਖਾਣੇ ਵੀ ਬੇ-ਸੁਆਦ ਬਣ ਜਾਂਦੇ ਹਨ।

ਕਹਾਣੀ 'ਮੈਂ ਮੁੜ ਮਾਮੀ ਨਹੀਂ ਕਹਿਣਾ' ਸਮਾਜਿਕ ਤੇ ਪਰਿਵਾਰਕ ਰਿਸ਼ਤਿਆਂ ਨੂੰ ਲੱਗਦੀ ਜਾ ਰਹੀ ਵਿਅਕਤੀਗਤ ਖੁਦਗਰਜ਼ੀ ਦੀ ਸਿਉਂਕ ਬਾਰੇ ਚਿੰਤਾ ਕਰਦਿਆਂ ਉਨ੍ਹਾਂ ਭਲੇ ਵੇਲਿਆਂ ਨੂੰ ਯਾਦ ਕਰਦੀ ਹੈ, ਜਦੋਂ ਮੂੰਹ ਬੋਲੇ ਤੇ ਆਪ ਬਣਾਏ ਰਿਸ਼ਤੇ ਅੱਜ ਦੇ ਖੂਨ ਦੇ ਰਿਸ਼ਤਿਆਂ ਨਾਲੋਂ ਵੀ ਨਿੱਘੇ ਤੇ ਹੰਢਣਸਾਰ




ਸਨ। ਕਹਾਣੀ ਦਾ ਪਾਤਰ ਹਜ਼ੂਰਾ ਸਿੰਘ ਤੇ ਰਾਮ ਸਹਾਈ ਵੱਖ ਵੱਖ ਫਿਰਕਿਆਂ ਦੀ ਪ੍ਰਤੀਨਿਧਤਾ ਕਰਨ ਦੇ ਬਾਵਜੂਦ ਆਪਸ ਵਿਚ ਭਰਾਵਾਂ ਵਰਗੀ ਸਾਂਝ ਰੱਖਦੇ ਹਨ। ਜੇ ਇਕ ਪਰਿਵਾਰ 'ਤੇ ਕੋਈ ਮੁਸੀਬਤ ਪੈਂਦੀ ਹੈ ਤਾਂ ਦੂਜਾ ਪਰਿਵਾਰ ਉਸਦੀ ਢਾਲ ਬਣ ਜਾਂਦਾ ਹੈ ਤੇ ਇਹ ਸਾਂਝ ਇਕ ਪੀੜ੍ਹੀ ਦੇ ਤੁਰ ਜਾਣ ਤੋਂ ਬਾਅਦ ਵੀ ਅਗਲੀ ਪੀੜ੍ਹੀ ਦੀ ਵਿਰਾਸਤ ਬਣੀ ਰਹਿੰਦੀ ਹੈ। ਕਹਾਣੀ ਦਾ ਬਿਰਤਾਂਤਕਾਰ ਪਾਤਰ ਅੱਜ ਤੇ ਬੀਤੇ ਕੱਲ੍ਹ ਦੇ ਸਮਾਜਿਕ ਰਿਸ਼ਤਿਆਂ ਤੇ ਇਨ੍ਹਾਂ ਨਾਲ ਨਿਭਾਉਣ ਦੀ ਵਚਨਬੱਧਤਾ ਦਾ ਤੁਲਨਾਤਮਕ ਮੁਕਾਬਲਾ ਕਰਦਾ ਹੈ ਤਾਂ ਇਹ ਮਾਨਸਿਕ ਰਾਹਤ ਦੇਣ ਵਾਲਾ ਸਿੱਟਾ ਸਾਹਮਣੇ ਆਉਂਦਾ ਹੈ ਕਿ ਬਲਦੇਵ ਸਿੰਘ ਵਰਗੇ ਪੇਂਡੂ ਪਿਛੋਕੜ ਦੇ ਕੁਝ ਲੋਕ ਅਜੇ ਵੀ ਇਸ ਵਚਨਬੱਧਤਾ ਵਿਚ ਬੱਝੇ ਹੋਏ ਹਨ।

ਪੁਸਤਕ ਦੀ ਟਾਈਟਲ ਕਹਾਣੀ 'ਕੰਸ ਅਜੇ ਮਰਿਆ ਨਹੀਂ' ਮਹਾਂਭਾਰਤ ਯੁੱਗ ਵਿਚ ਰਾਜੇ ਕੰਸ ਵੱਲੋਂ ਆਪਣੀ ਸਲਾਮਤੀ ਲਈ ਆਪਣੀ ਭੈਣ ਦੇਵਕੀ ਦੇ ਬੱਚਿਆਂ ਦਾ ਕਤਲ ਕਰਾਉਣ ਨਾਲ ਜੁੜੀ ਮਿੱਥ ਦੀ ਆਧੁਨਿਕ ਸਮੇਂ ਦੀ ਪ੍ਰਸੰਗਿਕਤਾ ਅਨੁਸਾਰ ਪੁਨਰ ਵਿਆਖਿਆ ਕਰਦੀ ਹੈ। ਕਹਾਣੀ ਅਨੁਸਾਰ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਪੂੰਜੀਪਤੀ ਘਰਾਣਿਆਂ ਵੱਲੋਂ ਖੋਲ੍ਹੇ ਸਕੂਲ ਮਾਸੂਮ ਬੱਚਿਆਂ ਦੀ ਸੁਰੱਖਿਆ ਪ੍ਰਤੀ ਬਹੁਤ ਅਵੇਸਲੇ ਹਨ, ਜਿਸ ਕਾਰਨ ਸਮੇਂ ਸਮੇਂ 'ਤੇ ਬੱਚਿਆਂ ਦੀ ਜਾਨ ਲੈਣ ਵਾਲੇ ਹਾਦਸੇ ਵਾਪਰਦੇ ਰਹਿੰਦੇ ਹਨ। ਕਹਾਣੀ ਅਨੁਸਾਰ ਜਦੋਂ ਤੱਕ ਇਹ ਬਾਲ ਸਕੂਲਾਂ ਵਿਚ ਪੁੱਟੇ ਡੱਗਾਂ ਵਿਚ ਡਿੱਗਦੇ ਰਹਿਣਗੇ, ਅਧਿਆਪਕਾਂ ਤੇ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਛੁੱਟੀ ਤੋਂ ਬਾਅਦ ਵੀ ਸਕੂਲ ਵਿਚ ਕਮਰਿਆਂ ਵਿਚ ਬੰਦ ਹੁੰਦੇ ਰਹਿਣਗੇ ਤੇ ਸੜਕੀ ਹਾਦਸਿਆਂ ਦੀ ਲਪੇਟ ਵਿਚ ਆਉਂਦੇ ਰਹਿਣਗੇ, ਮਾਸੂਮ ਬੱਚਿਆਂ ਦੀ ਜਾਨ ਲੈਣ ਵਾਲਾ ਕੰਸ ਵੀ ਪ੍ਰਤੀਕਾਤਮਕ ਤੌਰ 'ਤੇ ਜਿਉਂਦਾ ਰਹੇਗਾ।

ਸੰਗ੍ਰਹਿ ਵਿਚ ਸ਼ਾਮਿਲ ਮਿੰਨੀ ਕਹਾਣੀਆਂ ਵੀ ਘਰ ਪਰਿਵਾਰ ਤੇ ਚੁਗਿਰਦੇ ਦੇ ਸਮਾਜ ਨਾਲ ਜੁੜੀਆਂ ਗੰਭੀਰ ਸਮੱਸਿਆਵਾਂ ਨੂੰ ਆਪਣੀ ਅਭਿਵਿਅਕਤੀ ਦਾ ਮਾਧਿਅਮ ਬਣਾਉਂਦੀਆਂ ਹਨ। ਮਿੰਨੀ ਕਹਾਣੀ 'ਇੱਕ ਹੰਝੂ ਹੋਰ' ਪੰਜਾਬ ਦੇ ਨੌਜਵਾਨਾਂ ਵਿਚ ਪਨਪ ਰਹੇ ਗੈਂਗਸਟਰੀ ਰੁਝਾਨ ਦੇ ਘਾਤਕ ਨਤੀਜਿਆਂ ਬਾਰੇ ਆਗਾਹ ਕਰਦੀ ਹੈ ਤਾਂ ਮਿੰਨੀ ਕਹਾਣੀ 'ਸੁਪਨਾ' ਸੁਪਨਿਆਂ ਦੀ ਦੁਨੀਆ ਵਿਚ ਰਹਿਣ ਵਾਲੇ ਲੋਕਾਂ ਨੂੰ ਹੱਥ ਕਿਰਤ ਦੀ ਅਹਿਮੀਅਤ ਸਮਝਾਉਂਦੀ ਹੈ। ਮਿੰਨੀ ਕਹਾਣੀ 'ਨਕਸ਼ਾਂ ਦਾ ਚਕਰਵਿਊ' ਔਰਤ ਦੀ ਸੀਰਤ ਨਾਲੋਂ ਸੂਰਤ ਨੂੰ ਵੱਧ ਅਹਿਮੀਅਤ ਦੇਣ ਦੀ ਗੱਲ ਕਰਦੀ ਹੈ। 'ਫਾਸਲੇ' ਲਿੰਗ ਅਧਾਰਿਤ ਵਿਤਕਰੇਬਾਜ਼ੀ 'ਤੇ ਸੁਆਲੀਆ ਚਿੰਨ੍ਹ ਲਾਉਂਦੀ ਹੈ ਤੇ 'ਮੈਨੂੰ ਬਚਾਓ' ਦੇਸ਼ ਰੂਪੀ ਖੇਤ ਦੇ ਰਾਖਿਆਂ ਵੱਲੋਂ ਅਪਣਾਈ ਖੇਤ ਉਜਾੜਨ ਦੀ ਬਦਨੀਤੀ ਪ੍ਰਤੀ ਸੁਚੇਤ ਕਰਦੀ ਹੈ।

ਪੁਸਤਕ ਵਿਚਲੇ ਨਿਬੰਧ ਵਧੇਰੇ ਕਰਕੇ ਲੇਖਕ ਵੱਲੋਂ ਹੰਢਾਏ ਜੀਵਨ ਦੇ ਕੌੜੇ-ਮਿੱਠੇ ਤਜਰਬਿਆਂ ਦੀ ਤਰਜ਼ਮਾਨੀ ਕਰਦੇ ਹਨ। 'ਕਿਵੇਂ ਤੁਰੇ ਜਾਣੇ ਓ', 'ਮਿਲਦੇ-ਗਿਲਦੇ ਰਿਹਾ ਕਰੋ ਪੁੱਤ' ਤੇ 'ਫੁਰਸਤ ਮੇਰੇ ਪਿਤਾ ਜੀ ਤੇ ਮੈਂ' ਰਾਹੀਂ ਉਹ ਆਪਣੀਆ ਜੀਵਨ ਯਾਦਾਂ ਦੇ ਅਜਿਹੇ ਪੰਨੇ ਪਰਤਦਾ ਹੈ ਜਿਹੜੇ ਇਸ ਆਪਾ-ਧਾਪੀ ਦੇ ਯੁੱਗ ਵਿਚ ਵੀ ਉਸਨੂੰ ਆਪਣੇਪਨ ਦਾ ਅਹਿਸਾਸ ਕਰਵਾਉਂਦੇ ਹਨ। ਨਿਬੰਧ 'ਤਾਈ ਲੈ ਜਾ ਇਬ' ਵਿਚਲੇ ਕੇਲੇ ਵੇਚਣ ਵਾਲੇ ਹਰਿਆਣਵੀ ਮੁੰਡੇ ਦੇ ਮਿੱਠੇ ਬੋਲ ਉਸਨੂੰ ਮਾਨਸਿਕ ਰਾਹਤ ਪ੍ਰਦਾਨ ਕਰਦੇ ਹਨ ਕਿ ਦਿੱਲੀ ਵਰਗੇ ਮਹਾਂ ਨਗਰਾਂ ਵਿਚ ਵੀ ਕੁਝ ਪਿਆਰ ਵੰਡਣ ਵਾਲੀਆਂ ਰੂਹਾਂ ਮੌਜੂਦ ਹਨ। ਨਿਬੰਧ 'ਕੋਈ ਚੱਕਰ ਨਹੀਂ ਨਸ਼ਿਆਂ' ਦੇ ਦਰਿਆ ਵਿਚ ਡੁੱਬ ਕੇ ਖੁਦਕੁਸ਼ੀਆਂ ਕਰ ਰਹੀ ਪੰਜਾਬ ਦੀ ਜੁਆਨੀ ਨੂੰ ਬਚਾਉਣ ਲਈ ਆਪਣਾ ਯਥਾ ਸੰਭਵ ਯੋਗਦਾਨ ਪਾਉਂਦਾ ਹੈ।

ਭਾਵੇਂ ਪੁਸਤਕ ਵਿਚਲੀ ਹਰ ਰਚਨਾ ਦਾ ਭਾਵ-ਬੋਧ ਪਾਠਕੀ ਮਨੋ ਬਿਰਤੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਫਲ ਰਿਹਾ ਹੈ ਪਰ ਸਾਹਿਤਕ ਖੇਤਰ ਵਿਚ ਉਸਦੀ ਉਘੜਵੀਂ ਪਛਾਣ ਇਕ ਕਹਾਣੀਕਾਰ ਵਜੋਂ ਹੀ ਬਣੀ ਹੋਈ ਹੈ, ਇਸ ਲਈ ਪਾਠਕ ਹੋਰ ਰਚਨਾਵਾਂ ਦੇ ਮੁਕਾਬਲੇ ਉਸ ਦੀਆਂ ਕਹਾਣੀਆਂ ਵੱਲ ਵੱਧ ਧਿਆਨ ਦਿੰਦਾ ਹੈ। ਪੁਸਤਕ ਦੇ ਵਾਰਤਕ ਭਾਗ ਵਿਚ ਕੁਝ ਅਜਿਹੀਆਂ ਘਟਨਾਵਾਂ ਦਾ ਵੀ ਜ਼ਿਕਰ ਹੈ ਜਿਹੜੀਆਂ ਉਸ ਦੀਆਂ ਕਹਾਣੀਆਂ ਦੇ ਲਿਖਣ ਦਾ ਆਧਾਰ ਬਣੀਆਂ ਨੇ। ਜੇ ਲੇਖਕ ਇਕ ਦੋ ਨਵੀਆਂ ਕਹਾਣੀਆਂ ਹੋਰ ਲਿਖਣ ਤੋਂ ਬਾਅਦ ਕੇਵਲ ਕਹਾਣੀਆਂ ਦੀ ਪੁਸਤਕ ਹੀ ਛਪਵਾਉਂਦਾ ਤਾਂ ਇਸਦਾ ਪ੍ਰਭਾਵ ਹੋਰ ਵੀ ਬੱਝਵਾਂ ਪੈ ਸਕਦਾ ਸੀ। ਮੈਂ ਇਸ ਪੁਸਤਕ ਨੂੰ ਪੜ੍ਹਨ ਤੇ ਵਿਚਾਰਨਯੋਗ ਪੁਸਤਕਾਂ ਦੀ ਸੂਚੀ ਵਿਚ ਸ਼ਾਮਿਲ ਕਰ ਕੇ ਵਿਸ਼ੇਸ਼ ਰਾਹਤ ਮਹਿਸੂਸ ਕਰ ਰਿਹਾ ਹਾਂ। 96 ਪੰਨਿਆਂ ਤੇ 150 ਰੁਪਏ ਮੁੱਲ ਵਾਲੀ ਇਸ ਪੁਸਤਕ ਨੂੰ ਪੁਲਾਂਘ ਪ੍ਰਕਾਸ਼ਨ ਬਰਨਾਲਾ ਨੇ ਛਾਪਿਆ ਹੈ।

# ਮਹਾਂਕਾਵਿ ਦੀ ਨੀਂਹ 'ਤੇ ਉਸਰਿਆ ਕਾਵਿ ਸੰਗ੍ਰਹਿ: 'ਘਰ ਘਰ ਤੇ ਘਰ'

ਮਹਾਂਕਾਵਿ ਦੀ ਰਚਨਾ ਲਈ ਮਹਾਂਨਾਇਕ ਹੀ ਜ਼ਰੂਰੀ ਨਹੀਂ ਹੁੰਦਾ ਸਗੋਂ ਉਸ ਨਾਇਕ ਦੇ ਮਹਾਂ ਕਾਰਜ, ਉਦੇਸ਼ ਵੀ ਮਹਾਨ ਹੋਣੇ ਲਾਜ਼ਮੀ ਹੁੰਦੇ ਹਨ। ਪ੍ਰੋਫੈਸਰ ਮੋਹਨ ਸਿੰਘ ਦੇ 'ਨਨਕਾਇਣ' ਵਿਚ ਗੁਰੂ ਨਾਨਕ ਦੇਵ ਜੀ ਨੂੰ ਨਾਇਕ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਸਿੱਖਿਆਵਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਮਹਾਂ ਕਾਰਜ ਸੀ। ਸ਼ਿਵ ਬਟਾਲਵੀ ਦੀ 'ਲੂਣਾ' ਵਿਚ ਲੂਣਾ ਦਾ ਪਾਤਰ, ਪੰਜਾਬੀ ਸਮਾਜ ਵਿਚ ਭਾਵੇਂ ਨਾਂਹ-ਪੱਖੀ ਸਮਝਿਆ ਜਾਂਦਾ ਸੀ, ਪਰ ਸ਼ਿਵ ਨੇ ਉਸ ਨੂੰ ਇਕ ਅਜਿਹੀ ਨੌਜਵਾਨ ਇਸਤਰੀ ਦੇ ਰੂਪ ਵਿਚ ਪੇਸ਼ ਕੀਤਾ, ਜਿਸ ਦਾ ਵਿਆਹ ਇਕ ਬੁੱਢੇ ਰਾਜੇ ਨਾਲ ਹੋ ਜਾਂਦਾ ਹੈ, ਜੋ ਲੂਣਾ ਦੀ ਜਵਾਨੀ ਦੇ ਮੇਚ ਦਾ ਨਹੀਂ। ਲੂਣਾ ਦੇ ਇਸ ਪੱਖ ਦੀ ਪੇਸ਼ਕਾਰੀ ਨੇ ਸ਼ਿਵ ਦੀ ਲੂਣਾ ਨੂੰ ਇਕ ਮਹਾਂ ਨਾਇਕ ਦਾ ਰੁਤਬਾ ਪ੍ਰਦਾਨ ਕਰ ਦਿੱਤਾ ਅਤੇ ਉਸ ਦੇ ਅੰਦਰੂਨੀ ਭਾਵਾਂ ਦਾ ਪ੍ਰਗਟਾਅ, ਔਰਤ ਜਾਤ ਦੇ ਲੁਕਵੇਂ ਅਹਿਸਾਸਾਂ ਨੂੰ ਪ੍ਰਗਟਾਉਣਾ, ਇਕ ਮਹਾਂ ਕਾਰਜ ਹੋ ਨਿਬੜਿਆ।



**ਰਵਿੰਦਰ ਸਿੰਘ ਸੋਢੀ**
**694-369-2371**

ਦੁਨੀਆਂ ਦੇ ਹਰ ਖਿੱਤੇ ਦੇ ਇਨਸਾਨ ਦੀਆਂ ਤਿੰਨ ਬੁਨਿਆਦੀ ਲੋੜਾਂ 'ਰੋਟੀ, ਕੱਪੜਾ ਅਤੇ ਮਕਾਨ' ਹੁੰਦੀਆਂ ਹਨ। ਜੇ ਦੇਖਿਆ ਜਾਵੇ ਤਾਂ ਪਸ਼ੂ-ਪੰਛੀਆਂ ਅਤੇ ਜਨੌਰਾਂ ਲਈ ਵੀ ਪੇਟ ਦੀ ਭੁੱਖ ਮਿਟਾਉਣਾ ਅਤੇ ਠੰਢ, ਗਰਮੀ, ਬਰਸਾਤ ਆਦਿ ਤੋਂ ਬਚਾਅ ਲਈ ਕਿਸੇ ਟਿਕਾਣੇ ਦੀ ਲੋੜ ਵੀ ਬੁਨਿਆਦੀ ਹੀ ਹੁੰਦੀ ਹੈ। ਇਨ੍ਹਾਂ ਮੁੱਖ ਲੋੜਾਂ ਸੰਬੰਧੀ ਦੁਨੀਆਂ ਭਰ ਦੇ ਸਾਹਿਤਕਾਰਾਂ ਨੇ ਬਹੁਤ ਕੁਝ ਲਿਖਿਆ ਹੈ। ਪਰ ਮੇਰੀ ਨਜ਼ਰ ਵਿਚ ਅਜਿਹੀ ਕੋਈ ਰਚਨਾ ਨਹੀਂ ਆਈ ਜਿਸ ਵਿਚ ਇਨ੍ਹਾਂ ਮੁਢਲੀਆਂ ਲੋੜਾਂ ਜਾਂ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਨਾਇਕ ਬਣਾ ਕੇ ਪੇਸ਼ ਕੀਤਾ ਗਿਆ ਹੋਵੇ। ਪੰਜਾਬੀ ਕਾਵਿ ਜਗਤ ਵਿਚ ਆਪਣਾ ਵਿਸ਼ੇਸ਼ ਸਥਾਨ ਸਥਾਪਿਤ ਕਰ ਚੁੱਕੀ ਅਰਤਿੰਦਰ ਸੰਧੂ ਦਾ ਕਾਵਿ ਸੰਗ੍ਰਿਹ 'ਘਰ ਘਰ ਤੇ ਘਰ' ਪੜ੍ਹਨ ਉਪਰੰਤ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਇਸ ਕਵਿੱਤਰੀ ਨੇ ਇਕ ਨਵੀਂ ਪਹਿਲ ਕੀਤੀ ਹੈ। ਮੈਨੂੰ ਨਹੀਂ ਪਤਾ ਕਿ ਅਜਿਹੀ ਪਹਿਲਕਦਮੀ ਉਸ ਤੋਂ ਅਚੇਤ ਰੂਪ ਵਿਚ ਹੀ ਹੋਈ ਹੈ ਜਾਂ ਸੁਚੇਤ ਰੂਪ ਵਿਚ ਉਸ ਦੇ ਕਾਵਿਕ ਵਲਵਲਿਆਂ ਨੇ 'ਘਰ' ਦੇ ਕਈ ਪਹਿਲੂਆਂ ਨੂੰ ਪੇਸ਼ ਕੀਤਾ ਹੈ। ਇਹ ਕਹਿਣ 'ਚ ਕੋਈ ਅਤਿਕਥਨੀ ਨਹੀਂ ਕਿ 'ਮਕਾਨ' ਭਾਵੇਂ ਮਰਦ-ਔਰਤ ਵਿਚੋਂ ਕਿਸੇ ਇਕ ਜਾਂ ਦੋਹਾਂ ਦੀ ਕਮਾਈ ਨਾਲ ਹੀ ਤਾਮੀਰ ਹੋਵੇ, ਪਰ 'ਮਕਾਨ' ਨੂੰ 'ਘਰ' ਬਣਾਉਣ ਵਿਚ ਜ਼ਿਆਦਾ ਯੋਗਦਾਨ ਔਰਤ ਦਾ ਹੀ ਹੁੰਦਾ ਹੈ। ਇਸੇ ਲਈ ਹੀ ਸ਼ਾਇਦ ਨਿਰੋਲ ਘਰ ਨੂੰ ਅਧਾਰ ਬਣਾ ਕੇ ਅਰਤਿੰਦਰ ਸੰਧੂ ਨੇ ਆਪਣੀ ਕਾਵਿ ਕੁਸ਼ਲਤਾ ਨਾਲ ਇਕ ਵੱਖਰੀ ਤਰ੍ਹਾਂ ਦਾ ਕਾਵਿ-ਲੋਕ ਸਿਰਜਿਆ ਹੈ।

ਇਸ ਤੋਂ ਪਹਿਲਾਂ ਕਿ ਪੁਸਤਕ ਦੇ ਭਾਵਨਾਤਮਕ ਵਿਚਾਰਾਂ ਦਾ ਮੁਲਾਂਕਣ ਕੀਤਾ ਜਾਵੇ, ਇਸ ਪੁਸਤਕ ਦੇ ਸ਼ਿਲਪੀ ਪੱਖ ਸੰਬੰਧੀ ਕੁਝ ਗੱਲਾਂ ਕਰਨੀਆਂ ਬਣਦੀਆਂ ਹਨ। ਅਰਤਿੰਦਰ ਨੇ ਪਹਿਲੇ ਭਾਗ ਦਾ ਕੋਈ ਸਿਰਲੇਖ ਨਹੀਂ ਦਿੱਤਾ, ਪਰ ਕਿਉਂ ਜੋ ਇਹ ਹਿੱਸਾ ਇਕੋ ਵਿਸ਼ੇ ਨੂੰ ਲੈ ਕੇ ਚੱਲਦਾ ਹੈ, ਇਸ ਲਈ ਕਵਿਤ੍ਰੀ ਨੇ ਇਸ ਨੂੰ (ੳ) ਤੋਂ (ਠ) ਕ੍ਰਮ ਦਿੱਤੇ ਹਨ ਭਾਵ 17 ਭਾਗਾਂ ਵਿਚ ਵੰਡਿਆ ਹੈ। ਦੂਸਰੇ ਹਿੱਸੇ ਨੂੰ 'ਘਰ ਤੋਂ ਪਹਿਲਾਂ' ਦਾ ਸਿਰਲੇਖ ਦੇ ਕੇ ਤਿੰਨ ਕਵਿਤਾਵਾਂ ਦਰਜ ਕੀਤੀਆਂ ਹਨ, ਤੀਜੇ ਹਿੱਸੇ 'ਤੰਦਾਂ ਘਰ ਦੀਆਂ' ਨੂੰ (ੳ) ਤੋਂ (ਕ), ਪੰਜ ਕਵਿਤਾਵਾਂ ਹਨ, ਚੌਥੇ ਹਿੱਸੇ 'ਘਰ ਤੇ ਉਦਾਸੀ' ਸਿਰਲੇਖ ਅਧੀਨ ਨੌਂ ਕਵਿਤਾਵਾਂ ਹਨ, ਪੰਜਵੇਂ ਭਾਗ 'ਕਦੇ ਕਦਾਈਂ' ਵਿਚ ਚਾਰ, ਛੇਵੇਂ ਹਿੱਸੇ 'ਘਰ' ਵਿਚ ਤੇਰਾਂ, ਸੱਤਵੇਂ ਅਤੇ ਅੱਠਵੇਂ ਭਾਗ, ਘਰ ਦਾ ਸੌਦਾ ਅਤੇ ਸ਼ੁਕਰੀਆ ਵਿਚ ਇਕ ਇਕ ਕਵਿਤਾ ਸ਼ਾਮਲ ਹੈ। ਅਰਤਿੰਦਰ ਸੰਧੂ ਨੇ ਇਕੋ ਵਿਸ਼ੇ 'ਘਰ' ਦੀ ਪ੍ਰਕਰਮਾ ਕਰਦੇ ਹੋਏ ਆਪਣੇ ਕਾਵਿਕ ਵਿਚਾਰਾਂ ਨੂੰ ਸੋਚੀ ਸਮਝੀ ਵਿਉਂਤ ਦੇ ਅਨੁਸਾਰ ਇਕ ਬੱਝਵੀਂ ਸ਼ੈਲੀ ਵਿਚ ਪੇਸ਼ ਕੀਤਾ ਹੈ, ਇਸੇ ਲਈ ਮੈਂ ਇਸ ਨੂੰ 'ਸ਼ਿਲਪੀ ਪੱਖ' ਕਿਹਾ ਹੈ। 'ਘਰ ਘਰ ਤੇ ਘਰ' ਦੀ ਅਜਿਹੀ ਵਿਉਂਤ ਤੋਂ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਘਰ' ਨੂੰ ਕੇਂਦਰੀ ਬਿੰਦੂ ਮੰਨ ਕੇ ਉਸ ਦੁਆਲੇ ਸਿਰਜੇ ਕਾਵਿ ਸੰਸਾਰ ਵਿਚ 'ਘਰ' ਇਕ ਨਾਇਕ ਦੇ ਤੌਰ 'ਤੇ ਉਭਰਦਾ ਹੈ। ਹੁਣ ਦੇਖਣਾ ਇਹ ਹੈ ਕਿ ਕੋਮਲ ਭਾਵੀ ਅਰਤਿੰਦਰ ਨੇ ਇਸ 'ਨਾਇਕ' ਦੀ ਗਾਥਾ ਕਿਵੇਂ ਬਿਆਨ ਕੀਤੀ ਹੈ।

ਜੇ ਪੁਸਤਕ ਦੇ ਮੁੱਖ ਬੰਦ ਦਾ ਅਧਿਐਨ ਇਕਾਗਰ ਚਿੱਤ ਹੋ ਕੇ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਸੇਵਾ ਮੁਕਤ ਆਈ ਏ ਐਸ, ਜਨਾਬ ਪ੍ਰਿਤਪਾਲ ਸਿੰਘ ਬੇਤਾਬ ਨੇ ਇਸ ਪੁਸਤਕ ਦਾ ਤੱਤ ਸਾਰ ਪੇਸ਼ ਕਰ ਦਿੱਤਾ ਹੈ। ਉਨ੍ਹਾਂ ਅਨੁਸਾਰ 'ਅਰਤਿੰਦਰ ਨੇ ਅਗਲੀਆਂ ਨਜ਼ਮਾਂ ਵਿਚ ਬ੍ਰਹਿਮੰਡ ਦੀ ਉਤਪਤੀ ਤੋਂ ਲੈ ਕੇ ਅੱਜ ਦੇ ਮਾਨਵ ਦੇ ਪ੍ਰੰਪਰਿਕ ਘਰ ਦੀ ਉਤਪਤੀ ਅਤੇ ਉਸ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਨੂੰ ਬੜੇ ਖੂਬਸੂਰਤ ਕਾਵਿ-ਰੂਪ ਵਿਚ ਬਿਆਨ ਕੀਤਾ ਹੈ।'

ਕਵਿੱਤਰੀ ਦਾ ਆਪਣਾ ਵਿਚਾਰ ਹੈ ਕਿ , 'ਮਨੁੱਖ ਆਪਣੇ ਵੱਲੋਂ ਇਸ ਧਰਤੀ 'ਤੇ ਆਪਣੀ ਉਤਪਤੀ ਦੇ ਪਲਾਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਘਰ ਨਾਲ ਜੁੜਿਆ ਰਿਹਾ ਹੈ।' ਉਹ ਘਰ ਨੂੰ ਇਕ 'ਧੁਰਾ' ਮੰਨਦੀ ਹੈ। ਇਸ ਅਨੂਠੇ ਕਾਵਿ ਸੰਗ੍ਰਹਿ ਦੀਆਂ ਪਹਿਲੀਆਂ ਕੁਝ ਸਤਰਾਂ ਹੀ ਵਿਸ਼ੇਸ਼ ਧਿਆਨ ਖਿੱਚਦੀਆਂ ਹਨ, 'ਜਦ ਵੀ ਸੋਚਦੀ ਹਾਂ/ ਇਸ ਖੰਡ ਅਖੰਡ ਬ੍ਰਹਿਮੰਡ ਵਿਚ/ਕਿੱਥੋਂ ਆਇਆ ਘਰ-?' ਅੱਗੇ ਜਾ ਕੇ ਉਹ ਆਪ ਹੀ ਇਸ ਦਾ ਜੁਆਬ ਦਿੰਦੀ ਹੈ, 'ਅਸਲ ਵਿਚ ਤਾਂ—/ਉਗਮ ਪਈ ਹੋਵੇਗੀ ਪਰਿਭਾਸ਼ਾ ਘਰ ਦੀ/ਬ੍ਰਹਿਮੰਡ ਦੀ ਉਤਪਤੀ ਦੇ ਨਾਲ ਹੀ।' ਉਸ ਦਾ ਇਹ ਵੀ ਮੰਨਣਾ ਹੈ ਕਿ 'ਘਰ' ਦਾ ਸੰਕਲਪ 'ਆਕਾਸ਼, ਪਿੰਡ, ਤਾਰਿਆਂ ਅੰਦਰ ਪੈਦਾ ਹੋਇਆ ਹੋਵੇਗਾ।' ਅਸਲ ਵਿਚ ਕਵਿੱਤਰੀ ਇਹ ਕਹਿਣਾ ਚਾਹੁੰਦੀ ਹੈ ਕਿ ਘਰ ਮਨ ਦੀ ਆਵਾਰਗੀ, ਲਾਵਾਰਿਸਤਾ ਨੂੰ ਠੱਲ੍ਹ ਪਾਉਂਦਾ ਹੈ, ਇਕ ਸੂਤਰ ਵਿਚ ਪਰੋਂਦਾ ਹੈ, ਜੀਵਾਂ ਅੰਦਰ ਅਹਿਸਾਸ ਪੈਦਾ ਕਰਦਾ ਹੈ। ਮਨ ਵਿਚ ਇਹ ਉਗਮਦੇ ਵਲਵਲੇ ਇਕ ਥਾਂ ਟਿਕ ਕੇ ਰਹਿਣ ਦੀ ਪ੍ਰੇਰਨਾ ਦਿੰਦੇ ਹਨ ਅਤੇ ਘਰ ਰਿਸ਼ਤਿਆਂ ਨਾਲ ਬਣੇ ਰਹਿਣ ਦੀ ਸੋਚ ਵੀ ਬਖਸ਼ਦਾ ਹੈ। ਅਸਲ ਵਿਚ ਪਹਿਲੀ ਕਵਿਤਾ ਸਧਾਰਨ ਪੱਧਰ ਦੀ ਕਵਿਤਾ ਨਾ ਹੋ ਕੇ ਕੋਈ ਫਲਸਫਾ ਪੇਸ਼ ਕਰ ਰਹੀ ਹੈ। ਉਸ ਫਲਸਫੇ ਨੂੰ ਸਮਝ ਕੇ ਹੀ ਇਸ ਕਾਵਿ ਸੰਗ੍ਰਿਹ ਦਾ ਆਨੰਦ ਮਾਣਿਆ ਜਾ ਸਕਦਾ ਹੈ। ਪਹਿਲੇ ਭਾਗ ਦੀਆਂ 17 ਕਵਿਤਾਵਾਂ ਵਿਚਾਰਾਂ ਅਤੇ ਕਾਵਿ-ਕਲਾ ਦੇ ਪੱਖੋਂ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਮਸਲਨ: ਖੁਦ ਨਾਲ ਜੀਂਦਿਆਂ/ ਖੁਦ ਲਈ ਵੀ ਜੀਂਦਿਆਂ/ਕੁਨਬੇ ਨਾਲ ਜੁੜੇ ਰਹਿਣਾ/ ਬਣ ਗਿਆ ਹੋਵੇਗਾ/ਧਰਤੀ ਉਤੇ, ਘਰ ਵਿਚ/ਜੀਣ ਦਾ ਮੂਲ ਮੰਤਰ; ਘਰ ਦਾ ਬ੍ਰਹਿਮੰਡ ਤੋਂ/ਧਰਤੀ 'ਤੇ ਉਤਰ ਆਉਣਾ/ਤੇ ਸਾਰੇ ਜੀਵਾਂ ਪਰ ਜੀਵਾਂ ਅੰਦਰ/ਠਹਿਰ ਜਾਣਾ; ਘਰ ਦੇ ਰੇਸ਼ਮੀ ਡੋਰ ਨਾਲ ਬਝਣਾ; ਇਕ ਛਿਣ ਦਾ ਆਵੇਸ਼ ਨਹੀਂ ਸੀ/ਧਰਤੀ ਦਾ ਘਰ ਬਣ ਜਾਣਾ; ਉਸ ਵਿਚਲਾ ਮਾਂ ਰੂਪ/ ਜ਼ਿੰਦਗੀ ਨੂੰ ਜਨ ਮਣ ਖਿਡਾਉਣਾ; ਘੋਗੇ ਦੇ ਖੋਲ੍ਹਾਂ, ਪਰਿੰਦਿਆਂ ਦੇ ਆਹਲਣਿਆਂ/ਖੁੱਡਾਂ ਘੁਰਨਿਆਂ 'ਚੋਂ ਲੰਘਦਾ ਘਰ/ਛਾ ਗਿਆ ਮਨੁੱਖ ਦੇ ਮਹਿਲ ਮਾੜੀਆਂ/ਹੋਂਦ ਦਾ ਪਸਾਰਾ ਬਣ ਕੇ; ਘਰ ਨਾਲ ਜੁੜਿਆ, ਜ਼ਿੰਦਗੀ ਦੇ ਵਿਕਾਸ ਦਾ ਪ੍ਰਮਾਣ; ਕਿ, ਕਿਸੇ ਇਕੱਲੇ ਦਾ ਨਹੀਂ ਹੁੰਦਾ/ਧਰਤੀ ਉਤੇ ਬਣਿਆ ਕੋਈ ਵੀ ਘਰ (ਕਮਾਲ ਦੀ ਗੱਲ ਹੈ ਕਿ ਘਰ ਦੀ ਗੱਲ ਕਰਦਿਆਂ ਅਰਤਿੰਦਰ ਨੇ ਕੀੜੀਆਂ, ਮੱਛਰ, ਸਿਉਂਕ ਆਦਿ ਨੂੰ ਵੀ ਨਹੀਂ ਵਿਸਾਰਿਆ); ਘਰ ਪਾਠਸ਼ਾਲਾ/ ਗੁਰੂਕੁਲ ਹੁੰਦਾ ਹੈ ਆਦਿ। ਕਈ ਥਾਵਾਂ 'ਤੇ ਵਿਗਿਆਨਕ ਭਾਸ਼ਾ, ਜਿਵੇਂ ਕਿ ਬਲੈਕ ਹੋਲ, ਅਕਾਸ਼ ਗੰਗਾ, ਗ੍ਰਹਿਆਂ, ਆਕਰਸ਼ਣ ਬਿੰਦੂਆਂ, ਗੈਸੀ ਫਲਾਅ ਆਦਿ ਦੀ ਵਰਤੋਂ ਕੀਤੀ ਗਈ ਹੈ। ਅਰਤਿੰਦਰ ਦਾ ਮੰਨਣਾ ਹੈ ਕਿ ਘਰ ਦਾ ਸੰਕਲਪ ਵੀ ਬ੍ਰਹਿਮੰਡ ਜਿੰਨਾ ਹੀ ਅਥਾਹ, ਵਿਸ਼ਾਲ ਹੈ, ਜਿਸ ਦੀ ਵਿਸ਼ਾਲਤਾ ਦਾ ਅੰਦਾਜ਼ਾ ਹੀ ਨਹੀਂ ਲਾਇਆ ਜਾ ਸਕਦਾ। 'ਰੇਸ਼ਮੀ ਡੋਰ ਨਾਲ ਬੱਝਣ' ਦੀ ਗੱਲ ਕਰ ਕੇ ਉਸ ਨੇ ਅਸਲ ਵਿਚ ਇਹ ਦੱਸਿਆ ਹੈ ਕਿ ਇਸ 'ਡੋਰੀ' ਦੇ ਸੰਕਲਪ ਨੂੰ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਇਸ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ।




'ਘਰ ਤੋਂ ਪਹਿਲਾਂ' ਦੀਆਂ ਤਿੰਨ ਕਵਿਤਾਵਾਂ ਵਿਚ ਧਰਤੀ ਦੀ ਟੁੱਟ ਭੱਜ ਦਾ ਜ਼ਿਕਰ ਕੀਤਾ ਹੈ। 'ਤੰਦਾਂ ਘਰ ਦੀਆਂ' ਵਿਚ ਵੀ ਦੱਸਿਆ ਗਿਆ ਹੈ ਕਿ 'ਘਰ ਦੇ ਕਈ ਪੱਖ' ਹੁੰਦੇ ਹਨ, ਪੱਤਝੜਾਂ ਦੇ ਬੂਹੇ 'ਤੇ ਬਹਾਰਾਂ ਦੀ ਤਖ਼ਤੀ ਲੱਗੀ ਹੁੰਦੀ ਹੈ, ਕਈ ਵਾਰ ਘਰ ਕਿਸੇ ਬਰਮੂਡਾ ਤਿਕੋਣ ਦਾ ਰੂਪ ਵੀ ਧਾਰ ਲੈਂਦੇ ਹਨ, ਚਾਰ ਡੰਡੇ ਤੇ ਇਕ ਟੱਟਾ ਤਰਪਾਲ ਵੀ ਘਰ ਦਾ ਪੂਰਕ ਬਣ ਜਾਂਦੇ ਹਨ, ਜਦ ਕਿ ਸੰਗਮਰਮਰੀ ਮਹਿਲ ਵੀ ਘਰ ਦੇ ਅਹਿਸਾਸ ਤੋਂ ਬਾਹਰ ਰਹਿ ਜਾਂਦੇ ਹਨ, ਘਰ ਰਹਿੰਦੇ ਹੋਏ ਹਾਰਾਂ ਵਰਗੀਆਂ ਜਿੱਤਾਂ ਤੇ ਜਿੱਤਾਂ ਵਰਗੀਆਂ ਹਾਰਾਂ ਵੀ ਦੇਖਣੀਆਂ ਪੈਂਦੀਆਂ ਹਨ, ਖਾਲੀ ਘਰ ਤਰੇੜੇ ਵੀ ਜਾਂਦੇ ਹਨ ਆਦਿ। ਅਸਲ ਵਿਚ ਇਸ ਹਿੱਸੇ ਵਿਚ ਘਰ ਦੇ ਦੋਵੇਂ ਪੱਖਾਂ ਨੂੰ ਪੇਸ਼ ਕੀਤਾ ਗਿਆ ਹੈ। ਅਜਿਹੀ ਪੇਸ਼ਕਾਰੀ ਯਥਾਰਥਿਕ ਹੋਣ ਦੇ ਨਾਲ-ਨਾਲ ਕਾਵਿਕ ਗੁਣਾਂ ਨਾਲ ਭਰਪੂਰ ਵੀ ਹੈ।

'ਘਰ ਤੇ ਉਦਾਸੀ' ਦੀਆਂ ਨੌਂ ਕਵਿਤਾਵਾਂ ਵਿਚ ਘਰ ਦੇ ਉਦਾਸ ਪਲਾਂ ਦੀ ਦਾਸਤਾਂ ਪੇਸ਼ ਕੀਤੀ ਗਈ ਹੈ। ਅਸਲ ਵਿਚ ਵਰਤਮਾਨ ਸਮੇਂ ਦੀ ਜ਼ਿੰਦਗੀ ਵਿਚ ਜਦੋਂ ਬੱਚੇ ਵੱਡੇ ਹੋ ਕੇ ਆਪਣੀ ਵੱਖਰੀ ਦੁਨੀਆ ਵਸਾ ਲੈਂਦੇ ਹਨ ਤਾਂ ਇਕੱਲੇ ਰਹਿੰਦੇ ਮਾਪਿਆਂ ਲਈ ਉਦਾਸੀ ਦੇ ਹੀ ਦਿਨ ਹੁੰਦੇ ਹਨ। ਅਜਿਹੇ ਸਮੇਂ ਪੱਕੇ ਬਣਾਏ ਘਰਾਂ ਵਿਚ ਇਕੱਲਤਾ ਭਰੀ ਜ਼ਿੰਦਗੀ ਜਿਉਂਦੇ ਹੋਏ ਪਿੰਡ ਦੇ ਕੱਚੇ ਪਰ ਰੌਣਕ ਵਾਲੇ ਘਰ ਦੀ ਯਾਦ ਆਉਂਦੀ ਹੈ। ਉਹ ਘੱਟ ਪੜ੍ਹੀ ਮਾਂ ਵੀ ਯਾਦ ਆਉਂਦੀ ਹੈ ਜਿਸ ਨੇ ਆਪਣੇ ਬੱਚਿਆਂ ਨੂੰ ਬਹੁਤਾ ਪੜ੍ਹਾਇਆ ਨਹੀਂ ਸੀ ਪਰ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਉਹ ਪਰਿਵਾਰ ਇਕੱਠਾ ਰਹਿ ਰਿਹਾ ਸੀ ਅਤੇ ਇਸ ਦੇ ਉਲਟ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਵਾ ਕੇ ਵਿਦੇਸ਼ ਭੇਜਣ ਵਾਲੀ ਮਾਂ ਬੁਢਾਪੇ ਸਮੇਂ ਇਕੱਲੀ ਰਹਿ ਗਈ, ਜਿਸ ਕੋਲ ਸੂਈ ਵਿਚ ਧਾਗਾ ਪਾਉਣ ਵਾਲਾ ਵੀ ਕੋਈ ਨਹੀਂ। ਇਹ ਕਵਿਤਾਵਾਂ ਪਾਠਕਾਂ ਨੂੰ ਵੀ ਭਾਵੁਕ ਕਰ ਜਾਂਦੀਆਂ ਹਨ। ਜ਼ਿੰਦਗੀ ਵਿਚ ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਜੋ ਬੜੇ ਚਾਵਾਂ ਨਾਲ ਬਣਾਏ ਘਰ ਦੀਆਂ ਚਾਬੀਆਂ ਕਿਸੇ ਹੋਰ ਦੇ ਹਵਾਲੇ ਕਰਨੀਆਂ ਪੈਂਦੀਆਂ ਹਨ ਭਾਵ ਘਰ ਵੇਚਣਾ ਪੈ ਜਾਂਦਾ ਹੈ। ਅਜਿਹੇ ਸਮੇਂ ਘਰ ਦੀਆਂ ਆਪ ਖਰੀਦੀਆਂ ਚੀਜ਼ਾਂ ਦਾ ਮੋਹ ਬਹੁਤ ਸਤਾਉਂਦਾ ਹੈ, ਅਣ-ਵਰਤੀਆਂ ਚੀਜ਼ਾਂ ਵੱਲ ਵੀ ਭਰੇ ਮਨ ਨਾਲ ਦੇਖਿਆ ਜਾਂਦਾ ਹੈ। ਪੁਸਤਕ ਦੀ ਆਖਰੀ ਕਵਿਤਾ 'ਸ਼ੁਕਰੀਆ' ਵਿਚ ਅਰਤਿੰਦਰ ਸੰਧੂ ਘਰ ਦੀ ਸ਼ੁਕਰਗੁਜ਼ਾਰ ਇਸ ਲਈ ਹੁੰਦੀ ਹੈ ਕਿ ਇਨਸਾਨ 'ਭਟਕਣ, ਹਰ ਹਾਰ, ਹਰੇਕ ਜ਼ਖ਼ਮ ਲੈ ਕੇ' ਘਰ ਵੱਲ ਹੀ ਵਾਪਸ ਮੁੜਦਾ ਹੈ, ਘਰ ਹੀ ਉਸ ਨੂੰ 'ਆਸਰਾ' ਦਿੰਦਾ ਹੈ। ਉਸ ਅਨੁਸਾਰ ਲਾਟ ਉਪਰ ਵੱਲ ਨੂੰ ਉਠਦੀ ਹੈ, ਪਰ ਰਾਖ ਬਣ ਕੇ ਧਰਤੀ ਵਿਚ ਹੀ ਮਿਲ ਜਾਂਦੀ ਹੈ, ਪਾਣੀ ਭਾਫ ਬਣ ਕੇ ਅੰਬਰ ਵੱਲ ਉਡਦਾ ਹੈ, ਬੱਦਲਾਂ ਦਾ ਰੂਪ ਅਖਤਿਆਰ ਕਰਦਾ ਹੈ ਅਤੇ ਅਖੀਰ ਵਿਚ ਮੀਂਹ ਦੇ ਰੂਪ ਵਿਚ ਫੇਰ ਧਰਤੀ ਵਿਚ ਹੀ ਸਮਾ ਜਾਂਦਾ ਹੈ।

ਲੇਖਿਕਾ ਭਾਵੇਂ ਘਰ ਦੇ ਕਿਸੇ ਵੀ ਸੰਕਲਪ ਦੀ ਗੱਲ ਕਰ ਰਹੀ ਹੋਵੇ, ਉਸ ਨੇ ਉਪ-ਭਾਵੁਕਤਾ ਨੂੰ ਨੇੜੇ ਨਹੀਂ ਆਉਣ ਦਿੱਤਾ, ਬੜੇ ਸਹਿਜ ਨਾਲ ਵਿਸ਼ੇ ਨਾਲ ਜੁੜੇ ਵੱਖ-ਵੱਖ ਪਹਿਲੂਆਂ ਦਾ ਕਾਵਿਕ ਚਿਤਰਨ ਕੀਤਾ ਹੈ। ਉਸ ਦੀਆਂ ਕਾਵਿਕ ਉਡਾਰੀਆਂ ਉਸ ਦੇ ਕਾਵਿਕ ਵਲਵਲਿਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਹ 'ਸੋਚ ਦੇ ਗਲਿਆਰਿਆਂ ਵਿਚ ਭਟਕਦਿਆਂ', ਆਪਣੇ ਅੰਦਰੂਨੀ 'ਖਾਨੇ' ਫਰੋਲਦੀ ਹੈ, ਉਸ ਅਨੁਸਾਰ ਘਰ ਭਾਵੇਂ 'ਬੇਜਾਨ' ਹੁੰਦਾ ਹੈ, ਪਰ 'ਜੀਵ ਦੇ ਅੰਦਰ ਵੱਸ ਕੇ ਜ਼ਿੰਦਗੀ ਦੀ ਜਿੰਦ ਜਾਨ ਬਣ ਜਾਂਦਾ ਹੈ', 'ਘਰ ਮਨੁੱਖ ਨੂੰ ਜ਼ਿੰਮੇਵਾਰ ਹੋਣ ਦਾ ਅਹਿਸਾਸ ਦਿੰਦਾ ਹੈ', ਘਰ ਕਈ ਵਾਰ ਰਿਸ਼ਤਿਆਂ ਦਾ 'ਜੁਗਾੜ' ਵੀ ਬਣ ਜਾਂਦਾ ਹੈ।

ਇਸ ਤਰ੍ਹਾਂ ਅਰਤਿੰਦਰ ਸੰਧੂ ਨੇ 'ਘਰ' ਨੂੰ ਇਕ ਨਾਇਕ ਦੇ ਤੌਰ 'ਤੇ ਪੇਸ਼ ਕਰਨ ਦੇ ਨਾਲ-ਨਾਲ 'ਘਰ' ਦੇ ਕਾਰਜ ਨੂੰ ਵੀ ਮਹਾਨਤਾ ਬਖਸ਼ੀ ਹੈ। ਇਹ ਠੀਕ ਹੈ ਕਿ ਸੰਸਕ੍ਰਿਤ ਸਾਹਿਤ ਅਨੁਸਾਰ ਮਹਾਂਕਾਵਿ ਦੀ ਕਸਵੱਟੀ 'ਤੇ 'ਘਰ ਘਰ ਤੇ ਘਰ' ਨੂੰ ਮਹਾਂਕਾਵਿ ਨਹੀਂ ਮੰਨਿਆ ਜਾ ਸਕਦਾ। ਦੇਖਿਆ ਜਾਵੇ ਤਾਂ ਵਿਸ਼ਵ ਪੱਧਰ 'ਤੇ ਹੀ ਅਜੋਕੇ ਸਾਹਿਤ ਰੂਪ ਨਵੇਂ ਰੂਪ ਅਖਤਿਆਰ ਹੀ ਨਹੀਂ ਕਰ ਰਹੇ ਸਗੋਂ ਨਵੇਂ ਸਾਹਿਤਕ ਰੂਪ ਵੀ ਸਾਹਮਣੇ ਆ ਰਹੇ ਹਨ। 'ਘਰ ਘਰ ਤੇ ਘਰ' ਨਿਸ਼ਚਿਤ ਰੂਪ ਵਿਚ ਆਧੁਨਿਕ ਸਮੇਂ ਦਾ ਮਹਾਂਕਾਵਿ ਹੈ। ਨਿਰਸੰਦੇਹ ਇਹ ਪੁਸਤਕ ਬੌਧਿਕ ਕਿਸਮ ਦਾ ਸਾਹਿਤ ਪੜ੍ਹਨ ਵਾਲੇ ਪਾਠਕਾਂ ਦੀ ਸੋਹਜ ਦੀ ਤ੍ਰਿਪਤੀ ਕਰਨ ਵਾਲੀ ਹੈ, ਪੜ੍ਹ ਕੇ ਭੁੱਲ ਜਾਣ ਵਾਲੀ ਨਹੀਂ ਸਗੋਂ ਲੰਮੇ ਸਮੇਂ ਤੱਕ ਯਾਦ ਰੱਖਣ ਵਾਲੀ ਹੈ। ਅਰਤਿੰਦਰ ਸੰਧੂ ਨੇ ਅਜਿਹੀ ਕਾਵਿ ਰਚਨਾ ਰਾਹੀਂ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਮੁਕਾਮ ਹਾਸਲ ਕਰ ਲਿਆ ਹੈ।

## ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਤੇ ਛਾਇਆ ਪੰਜਾਬੀ ਨੌਜਵਾਨ

ਪੰਜਾਬ ਦੇ ਨੌਜਵਾਨ ਵਿਦੇਸ਼ਾਂ 'ਚ ਪੜ੍ਹਾਈ ਕਰਨ ਦਾ ਮੁਕਾਬਲਾ ਕਰ ਰਹੇ ਹਨ ਜਦਕਿ ਲੁਧਿਆਣਾ ਦੇ ਨੌਜਵਾਨ ਨੇ ਦੇਸ਼ 'ਚ ਪੜ੍ਹ ਕੇ ਅਮਰੀਕਾ ਦੀ ਇੱਕ ਵੱਡੀ ਕੰਪਨੀ 'ਚ ਨੌਕਰੀ ਹਾਸਲ ਕੀਤੀ ਹੈ। ਕੰਪਨੀ ਨੇ ਇਸ ਨੌਜਵਾਨ ਦੀ ਤਸਵੀਰ ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਤੇ ਲਗਾਈ। ਟਾਈਮਜ਼ ਸਕੁਏਅਰ 'ਤੇ ਸਹਿਜਪਾਲ ਸਿੰਘ ਦੀ ਤਸਵੀਰ ਸਾਹਮਣੇ ਆਉਂਦੇ ਹੀ ਲੁਧਿਆਣਾ ਇੰਟਰਨੈੱਟ ਦੀ ਦੁਨੀਆ 'ਚ ਛਾਇਆ ਹੋਇਆ ਹੈ।

ਲੁਧਿਆਣਾ ਦੇ ਗਿੱਲ ਰੋਡ ਵਾਸੀ ਸਹਿਜਪਾਲ ਦੇ ਘਰ ਵਧਾਈਆਂ ਦੇਣ ਵਾਲਿਆਂ ਦੀ ਭੀੜ ਲੱਗੀ ਹੋਈ ਹੈ। ਸਹਿਜਪਾਲ ਸਿੰਘ ਅਮਰੀਕਾ ਦੇ ਬਹੁ-ਰਾਸ਼ਟਰੀ ਨਿਵੇਸ਼ ਬੈਂਕ ਮੋਰਗਨ ਸਟੈਨਲੇ ਦੇ ਤਕਨਾਲੋਜੀ ਵਿਸ਼ਲੇਸ਼ਣ ਪ੍ਰੋਗਰਾਮ ਦਾ ਹਿੱਸਾ ਬਣਿਆ ਹੈ। ਇਸ ਤੋਂ ਬਾਅਦ ਬੈਂਕ ਵਲੋਂ ਸਹਿਜਪਾਲ ਸਿੰਘ ਦੀ ਫੋਟੋ ਟਾਈਮਜ਼ ਸਕੁਏਅਰ 'ਤੇ ਲਗਾਈ ਗਈ।

ਇਹ ਇਸ ਉਦਯੋਗ ਵਿਚ ਸਭ ਤੋਂ ਔਖਾ ਪ੍ਰੋਗਰਾਮ ਮੰਨਿਆ ਜਾਂਦਾ ਹੈ। ਇਸ ਵਿਚ ਦਸ ਤੋਂ 12 ਟੈਸਟ ਹੁੰਦੇ ਹਨ ਜੋ ਕੰਪਿਊਟਰ ਸਾਇੰਸ 'ਤੇ ਆਧਾਰਿਤ ਹੁੰਦੇ ਹਨ।




## ਦਾਅਵਤ

ਮੰਜੂ ਨੇ ਆਪਣੇ ਸੱਤ ਸਾਲਾ ਬੇਟੇ ਨੂੰ ਕਿਹਾ, 'ਸੌਰਭ ਬੇਟਾ, ਵੇਖ ਅੱਜ ਮੈਂ ਤੇਰੇ ਲਈ ਕੀ-ਕੀ ਬਣਾਇਆ ਹੈ! ਤੇਰੀ ਪਸੰਦ ਦੀ ਖੀਰ, ਪੂਰੀਆਂ, ਜਲੇਬੀਆਂ, ਸ਼ਾਹੀ ਪਨੀਰ... ਅੱਜ ਤਾਂ ਤੇਰੀ ਦਾਅਵਤ ਹੈ!'

**ਮੂਲ: ਨਰਿੰਦਰ ਕੌਰ ਛਾਬੜਾ**
**ਅਨੁਵਾਦ: ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਸੌਰਭ ਤਾੜੀਆਂ ਮਾਰ ਕੇ ਨੱਚਣ ਲੱਗਿਆ, 'ਵਾਓ ਮੰਮੀ, ਯੂ ਆਰ ਗ੍ਰੇਟ...!'

ਘਰ ਵਿਚ ਕੰਮ ਕਰਨ ਵਾਲੀ ਮਹਿਰੀ ਦੀ, ਲਗਪਗ ਸੌਰਭ ਦੀ ਉਮਰ ਦੀ ਬੇਟੀ, ਜੋ ਮਾਂ ਦਾ ਹੱਥ ਵਟਾਉਣ ਲਈ ਕਦੇ-ਕਦੇ ਆ ਜਾਂਦੀ ਹੈ, ਉਹ ਵੀ ਸੌਰਭ ਨੂੰ ਬੋਲੀ, 'ਕੱਲ੍ਹ ਸਾਡੇ ਘਰੇ ਵੀ ਦਾਅਵਤ ਸੀ।'

'ਅੱਛਾ, ਕੀ-ਕੀ ਬਣਾਇਆ ਸੀ ਤੇਰੀ ਮਾਂ ਨੇ ਅਤੇ ਕੀ ਕੁਝ ਖਾਧਾ ਤੂੰ...!' ਸੌਰਭ ਨੇ ਉਤਸੁਕਤਾ ਨਾਲ ਪੁੱਛਿਆ।

'ਕੱਲ੍ਹ ਸਾਡੇ ਘਰ ਦਾਲ, ਚੌਲ, ਰੋਟੀ ਤੇ ਚਟਣੀ ਬਣੀ ਸੀ।' ਬੜੇ ਉਤਸ਼ਾਹ ਨਾਲ ਮਹਿਰੀ ਦੀ ਬੇਟੀ ਬੋਲੀ।

ਸੌਰਭ ਜ਼ੋਰ-ਜ਼ੋਰ ਨਾਲ ਹੱਸਣ ਲੱਗਿਆ, 'ਪਾਗਲ, ਇਹ ਦਾਅਵਤ ਥੋੜ੍ਹੇ ਹੁੰਦੀ ਹੈ। ਦਾਅਵਤ ਵਿਚ ਤਾਂ ਖੂਬ ਸਾਰੇ ਪਕਵਾਨ, ਸਬਜ਼ੀ, ਦਾਲ, ਮਠਿਆਈਆਂ, ਨਮਕੀਨ ਕਈ ਕੁਝ ਬਣਦਾ ਹੈ ਤਾਂ ਕਿਤੇ ਜਾ ਕੇ ਉਹ ਦਾਅਵਤ ਬਣਦੀ ਹੈ। ਤੈਨੂੰ ਕੁਝ ਨਹੀਂ ਪਤਾ...।'


'ਸਾਡੇ ਘਰ ਤਾਂ ਜਿਸ ਦਿਨ ਇਹ ਚੀਜ਼ਾਂ ਬਣਦੀਆਂ ਨੇ, ਤਾਂ ਮਾਂ ਕਹਿੰਦੀ ਹੈ, ਚਲੋ ਬੱਚਿਓ, ਅੱਜ ਤੁਹਾਡੀ ਦਾਅਵਤ ਹੈ। ਅਸੀਂ ਖੂਬ ਖੁਸ਼ ਹੋ ਕੇ ਢਿੱਡ ਭਰ ਕੇ ਖਾਂਦੇ ਹਾਂ। ਬਹੁਤ ਮਜ਼ੇ ਕਰਦੇ ਹਾਂ।' ਮਹਿਰੀ ਦੀ ਬੇਟੀ ਨੇ ਖੁਸ਼ੀ ਨਾਲ ਕਿਹਾ।

'ਇਹ ਸਭ ਤਾਂ ਰੋਜ਼ ਦਾ ਖਾਣਾ ਹੈ। ਇਸ ਵਿਚ ਨਵਾਂ ਕੀ ਹੈ ਅਤੇ ਦਾਅਵਤ ਵਰਗੀ ਕਿਹੜੀ ਗੱਲ ਹੈ?' ਸੌਰਭ ਨੂੰ ਅਜੇ ਵੀ ਹੈਰਾਨੀ ਹੋ ਰਹੀ ਸੀ। 'ਸਾਡਾ ਰੋਜ਼ ਦਾ ਖਾਣਾ ਤਾਂ ਵੱਖਰਾ ਹੁੰਦਾ ਹੈ ਨਾ, ਕਦੇ ਰੋਟੀ ਨਮਕ, ਕਦੇ ਗੁੜ ਰੋਟੀ, ਕਦੇ ਪਿਆਜ਼ ਰੋਟੀ, ਕਦੇ ਰੋਟੀ ਮਿਰਚਾਂ... ਬਸ... ਇਸ ਲਈ ਜਿਸ ਦਿਨ ਦਾਲ, ਚੌਲ, ਰੋਟੀ, ਚਟਣੀ ਬਣਦੀ ਹੈ ਤਾਂ ਸਾਡੀ ਦਾਅਵਤ ਹੁੰਦੀ ਹੈ। ਸਿੱਧੀ ਜਿਹੀ ਗੱਲ ਹੈ।' ਮਹਿਰੀ ਦੀ ਬੇਟੀ ਖਿੜਖਿੜਾ ਕੇ ਹੱਸ ਪਈ।

# ਅਮਰੀਕਨ ਧਰਤੀ ਉਤੇ...

***ਗੋਪਾਲ ਸਿੰਘ ਖਾਲਸਾ ਨੇ ਇਸ ਲੇਖ ਵਿਚ ਆਪਣੇ ਅਮਰੀਕਾ ਪੁੱਜਣ ਦੀ ਕਹਾਣੀ ਪੇਸ਼ ਕੀਤੀ ਹੈ। ਉਹ ਏਂਜਲ ਟਾਪੂ ਦੇ ਉਸ ਇੰਮੀਗਰੇਸ਼ਨ ਸਟੇਸ਼ਨ ਵਿਚ ਰਹੇ ਜਿਥੇ ਅਮਰੀਕਾ ਪੁੱਜਣ ਵਾਲੇ ਹਰ ਉਸ ਇੰਮੀਗਰਾਂਟ ਨੂੰ ਰੱਖਿਆ ਜਾਂਦਾ ਸੀ ਜਿਸ ਦੇ ਕਾਗਜ਼ਾਤ ਮੁਕੰਮਲ ਨਹੀਂ ਸਨ ਹੁੰਦੇ। ਇਹ 20ਵੀਂ ਸਦੀ ਦੇ ਤੀਜੇ ਦਹਾਕੇ ਦੀ ਬੜੀ ਦਿਲਚਸਪ ਕਹਾਣੀ ਹੈ। ਗੋਪਾਲ ਸਿੰਘ ਖਾਲਸਾ ਨੇ ਇਹ ਸਾਰਾ ਹਾਲ ਆਪਣੇ ਸਫਰਨਾਮੇ 'ਮੇਰਾ ਅਮਰੀਕਨ ਸਫਰਨਾਮਾ' ਵਿਚ ਬਿਆਨ ਕੀਤਾ ਹੈ।***

ਇਸ ਕੈਦਖਾਨੇ (ਏਂਜਲ ਟਾਪੂ ਦਾ ਇੰਮੀਗ੍ਰੇਸ਼ਨ ਸਟੇਸ਼ਨ) ਵਿਚ ਲਗਭਗ ਇਕ ਹਜ਼ਾਰ ਦੇ ਕਰੀਬ ਚੀਨੀ ਲੋਕ ਨਜ਼ਰਬੰਦ ਸਨ ਅਤੇ ਕਈ ਸੌ ਜਾਪਾਨੀ ਸਨ। ਗੋਰੀ ਨਸਲ ਦੇ ਸਿਰਫ ਇਕ ਦਰਜਨ ਲੋਕ ਹੋਣਗੇ ਅਤੇ ਹਿੰਦੁਸਤਾਨੀ ਅਸੀਂ ਤਿੰਨ ਸਾਂ। ਬਾਘ ਸਿੰਘ ਅਤੇ ਉਸ ਦੀ ਭੈਣ ਮੇਰੇ ਨਾਲ ਵਾਲੇ ਕਮਰੇ ਵਿਚ ਹੀ ਸਨ। ਇਹ ਕੁੜੀ ਸਾਧਾਰਨ ਪੰਜਾਬੀ ਕੁੜੀ ਸੀ। ਉਸ ਦੀ ਉਮਰ 22 ਸਾਲ ਦੀ ਹੋਵੇਗੀ। ਬੜੀ ਖੂਬਸੂਰਤ ਕੁੜੀ ਸੀ। ਉਸ ਨੇ ਹੁਣ ਪੰਜਾਬੀ ਪਹਿਰਾਵੇ ਦੀ ਥਾਂ 'ਤੇ ਅੰਗਰੇਜ਼ੀ ਤਰੀਕੇ ਦਾ ਫਰਾਕ ਪਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਅੰਗਰੇਜ਼ੀ ਸਿੱਖਣੀ ਵੀ ਸ਼ੁਰੂ ਕਰ ਦਿੱਤੀ ਸੀ। ਬਾਘ ਸਿੰਘ ਅਮਰੀਕਾ ਵਿਚ ਦਸ-ਪੰਦਰਾਂ ਸਾਲ ਰਹਿ ਕੇ ਸਿਰਫ ਆਪਣੀ ਭੈਣ ਨੂੰ ਲਿਆਉਣ ਲਈ ਹਿੰਦੁਸਤਾਨ ਗਿਆ ਸੀ। ਉਸ ਦਾ ਵਿਆਹ ਅਮਰੀਕਾ ਵਿਚ ਹੀ ਇਕ ਗੋਰੀ ਔਰਤ ਨਾਲ ਹੋਇਆ ਸੀ। ਉਸ ਦੇ ਦੋ ਮੁੰਡੇ ਵੀ ਸਨ। ਇੱਕ ਦਿਨ ਬਾਘ ਸਿੰਘ ਦੀ ਮੇਮ ਸਾਹਿਬਾ ਉਸ ਨੂੰ



ਮਿਲਣ ਲਈ ਆਈ। ਬੱਚੇ ਵੀ ਨਾਲ ਸਨ। ਬੜੀ ਚੰਗੀ ਔਰਤ ਸੀ। ਅੰਗਰੇਜ਼ੀ ਬਹੁਤ ਹੀ ਵਧੀਆ ਬੋਲਦੀ ਸੀ। ਲੇਕਿਨ ਬਾਘ ਸਿੰਘ ਅਨਪੜ੍ਹ ਆਦਮੀ ਸੀ, ਫਿਰ ਵੀ ਉਸ ਨਾਲ ਗਲਤ-ਮਲਤ


**ਗੋਪਾਲ ਸਿੰਘ ਖਾਲਸਾ**

ਅੰਗਰੇਜ਼ੀ ਵਿਚ ਫਟਾਫਟ ਗੱਲਾਂ ਕਰੀ ਜਾ ਰਿਹਾ ਸੀ। ਮੇਮ ਸਾਹਿਬਾ ਆਪਣੇ ਨਾਲ ਇਕ ਟੋਕਰੀ ਫਲਾਂ ਦੀ ਅਤੇ ਦੂਜੀਆਂ ਬਹੁਤ ਸਾਰੀਆਂ ਖਾਣ ਦੀਆਂ ਚੀਜ਼ਾਂ ਲਿਆਈ ਸੀ। ਜਦੋਂ ਮੇਮ ਸਾਹਿਬਾ ਜਾਣ ਲੱਗੀ ਤਾਂ ਉਸ ਨੇ ਬਾਘ ਸਿੰਘ ਨਾਲ ਜੱਫੀ ਪਾ ਕੇ ਉਸ ਨੂੰ ਇਕ ਗਰਮ ਚੁੰਮਣ ਦਿੱਤਾ। ਇਹ ਦ੍ਰਿਸ਼ ਦੇਖ ਕੇ ਬਾਘ ਸਿੰਘ ਦੀ ਭੈਣ ਅਤੇ ਮੈਂ ਮੁਸਕਰਾ ਪਏ। ਬਾਘ ਸਿੰਘ ਪੱਕਾ ਅਮਰੀਕਨ ਤਰੀਕੇ ਦਾ ਸਾਹਿਬ ਬਣ ਚੁੱਕਿਆ ਸੀ। ਉਹ ਮੇਰੇ ਅਤੇ ਆਪਣੀ ਭੈਣ ਦੇ ਘੰਟਿਆਂ ਤੱਕ ਇਕੱਠੇ ਗੱਲਾਂ ਕਰਨ 'ਤੇ ਬੁਰਾ ਨਹੀਂ ਸੀ ਮਨਾਉਂਦਾ। ਕੁਝ ਦਿਨਾਂ ਬਾਅਦ ਬਾਘ ਸਿੰਘ ਨੂੰ ਤਾਂ ਅਮਰੀਕਾ ਵਿਚ ਉਤਰਨ ਦੀ ਇਜਾਜ਼ਤ ਮਿਲ ਗਈ ਪਰ ਉਸ ਦੀ ਭੈਣ ਦਾ ਕੇਸ ਅਜੇ ਚੱਲ ਰਿਹਾ ਸੀ, ਇਸ ਕਰਕੇ ਉਸ ਨੂੰ ਮੇਰੇ ਨਾਲ ਵਾਲੇ ਕਮਰੇ ਵਿਚੋਂ ਕੱਢ ਕੇ ਔਰਤਾਂ ਵਾਲੀ ਬੈਰਕ ਵਿਚ ਭੇਜ ਦਿੱਤਾ ਗਿਆ। ਬਾਘ ਸਿੰਘ ਦੇ ਜਾਣ ਤੋਂ ਬਾਅਦ ਜਦੋਂ ਅਸੀਂ ਮਿਲਣਾ ਹੁੰਦਾ ਤਾਂ ਇਜਾਜ਼ਤ ਲੈ ਕੇ ਮੁਲਾਕਾਤ ਵਾਲੇ ਕਮਰੇ ਵਿਚ ਚਲੇ ਜਾਂਦੇ। ਕਿਉਂਕਿ ਅਸੀਂ ਦੋ ਹੀ ਪੰਜਾਬੀ ਇਸ ਥਾਂ ਉੱਤੇ ਨਜ਼ਰਬੰਦ ਸਾਂ, ਇਸ ਕਰਕੇ ਸਾਨੂੰ ਅਕਸਰ ਹਰ ਦਿਨ ਦੋ ਘੰਟੇ ਆਪਸ ਵਿਚ ਗੱਲਬਾਤ ਕਰਨ ਦੀ ਇਜਾਜ਼ਤ ਮਿਲ ਜਾਂਦੀ ਸੀ।

ਜਿਵੇਂ ਮੈਨੂੰ ਟੈਲੀਫੋਨ ਉੱਤੇ ਦੱਸਿਆ ਗਿਆ ਸੀ, ਗੁਰਦੁਆਰਾ ਸਟਾਕਟਨ ਤੋਂ ਸਰਦਾਰ ਧਰਮ ਸਿੰਘ ਪ੍ਰੈਜ਼ੀਡੈਂਟ ਖਾਲਸਾ ਦੀਵਾਨ ਮੈਨੂੰ ਮਿਲਣ ਲਈ ਆਏ। ਉਹ ਇੱਕ ਸਫੇਦਪੋਸ਼ ਬਜ਼ੁਰਗ ਸਨ ਅਤੇ ਮੌਜਾ (ਪਿੰਡ) ਮਹਿਮਾ ਸਿੰਘ ਵਾਲਾ, ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਸਨ। ਆਪ ਜੀ ਨੂੰ ਅਮਰੀਕਾ ਆਏ ਹੋਏ ਵੀਹ ਸਾਲ ਹੋ ਗਏ ਹੋਣਗੇ। ਉਨ੍ਹਾਂ ਨੇ ਕਿਹਾ ਕਿ ਉਹ ਮੇਰੇ ਕੇਸ ਦੀ ਅਪੀਲ ਵਾਸ਼ਿੰਗਟਨ ਜੋ ਅਮਰੀਕਾ ਦੀ ਰਾਜਧਾਨੀ ਹੈ, ਵਿਚ ਕਰਨਗੇ। ਇਸ ਮਕਸਦ ਲਈ ਅਸੀਂ ਸਰਦਾਰ ਇੰਦਰ ਸਿੰਘ ਝੋਰੜ, ਪ੍ਰੈਜ਼ੀਡੈਂਟ ਮਾਲਵਾ ਸੁਧਾਰ ਕਮੇਟੀ ਕੈਲੀਫੋਰਨੀਆ ਦੀ ਡਿਊਟੀ ਲਗਾਈ ਹੈ। ਸਰਦਾਰ ਧਰਮ ਸਿੰਘ ਮੇਰੇ ਨਾਲ ਦੋ-ਤਿੰਨ ਘੰਟਿਆਂ ਤੱਕ ਗੱਲਾਂ ਕਰਕੇ ਮੈਨੂੰ ਚੰਗੀ ਤਰ੍ਹਾਂ ਤਸੱਲੀ ਦਿਵਾ ਗਏ ਕਿ ਉਹ ਮੈਨੂੰ ਵਾਪਿਸ ਨਹੀਂ ਮੁੜਨ ਦੇਣਗੇ। ਹੁਣ ਮੈਂ ਕੁਝ ਜ਼ਿਆਦਾ ਬੇਫਿਕਰ ਹੋ ਗਿਆ। ਇਸ ਘਟਨਾ ਤੋਂ ਤੀਸਰੇ ਦਿਨ ਸਰਦਾਰ ਇੰਦਰ ਸਿੰਘ ਮੈਨੂੰ ਮਿਲਣ ਲਈ ਆਏ। ਮੈਨੂੰ ਦਫਤਰ ਤੋਂ ਕਮਿਸ਼ਨਰ ਆਫ ਇੰਮੀਗਰੇਸ਼ਨ ਦਾ ਸੁਨੇਹਾ ਮਿਲਿਆ ਕਿ ਥੱਲੇ ਮੁਲਾਕਾਤ ਵਾਲੇ ਕਮਰੇ ਵਿਚ ਆਉ। ਜਦੋਂ ਮੈਂ ਉਥੇ ਗਿਆ ਤਾਂ ਬੂਟ-ਸੂਟ ਪਾਈ ਇਕ ਸਾਹਿਬ ਉਥੇ ਬੈਠੇ ਸਨ। ਮੇਰੇ ਉਥੇ ਆਉਂਦੇ ਹੀ ਬੋਲ ਪਏ ਕਿ ਮੈਂ ਇੰਦਰ ਸਿੰਘ ਹਾਂ। ਆਪ ਜੀ ਪਿੰਡ ਝੋਰੜ ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਮੇਰੇ ਕਾਗਜ਼ਾਤ ਮੈਥੋਂ ਲੈ ਲਏ ਅਤੇ ਮੇਰੇ ਨਾਲ ਗੱਲਬਾਤ ਕਰਕੇ ਉਸੇ ਦਿਨ ਸਾਨਫਰਾਂਸਿਸਕੋ ਸ਼ਹਿਰ ਚਲੇ ਗਏ। ਉੱਥੋਂ ਮੇਰੀ ਅਪੀਲ ਇੱਕ ਵਕੀਲ ਕੋਲੋਂ ਲਿਖਵਾ ਕੇ ਇੰਮੀਗਰੇਸ਼ਨ ਕਮਿਸ਼ਨਰ ਦੁਆਰਾ ਵਾਸ਼ਿੰਗਟਨ ਭਿਜਵਾ ਦਿੱਤੀ।

ਵਾਸ਼ਿੰਗਟਨ ਇੱਥੋਂ ਤਿੰਨ ਹਜ਼ਾਰ ਮੀਲ ਦੇ ਫਾਸਲੇ 'ਤੇ ਸੀ, ਇਸੇ ਕਰਕੇ ਸਮਾਂ ਲੱਗਣਾ ਤਾਂ ਜ਼ਰੂਰੀ ਸੀ। ਮੈਂ ਸਾਰਾ ਦਿਨ ਇਕੱਲਾ ਇਸੇ ਕਮਰੇ ਵਿਚ ਬੰਦ ਰਹਿੰਦਾ ਸੀ। ਕਈ ਵਾਰੀ ਕਮਰੇ ਦੇ ਅੰਦਰ ਹੀ ਦੋ-ਤਿੰਨ ਘੰਟਿਆਂ ਤੱਕ ਇਧਰੋਂ-ਉਧਰ ਅਤੇ ਉਧਰੋਂ ਇਧਰ, ਘੁੰਮ ਕੇ ਸੈਰ ਕਰ ਲਿਆ ਕਰਦਾ ਸੀ। ਕੁਝ ਦਿਨਾ ਬਾਅਦ ਕ੍ਰਿਸਮਸ ਦਾ ਤਿਉਹਾਰ ਆ ਗਿਆ। ਇਹ ਤਿਉਹਾਰ ਅਮਰੀਕਾ ਦਾ ਸਭ ਤੋਂ ਵੱਡਾ ਅਤੇ ਕੌਮੀ ਤਿਉਹਾਰ ਹੈ। ਇਸ ਦਿਨ ਅਮਰੀਕਾ ਆਪਣੇ ਪੂਰੇ ਜੋਬਨ 'ਤੇ ਹੁੰਦਾ ਹੈ। ਜੋ ਖੁਸ਼ੀਆਂ ਅਤੇ ਰੰਗ-ਰਲੀਆਂ ਕ੍ਰਿਸਮਸ ਤੋਂ ਲੈ ਕੇ ਨਵੇਂ ਸਾਲ ਤੱਕ ਅਮਰੀਕਾ ਵਿਚ ਮਨਾਈਆਂ ਜਾਂਦੀਆਂ ਹਨ, ਹੋਰ ਕਿਸੇ ਥਾਂ ਕੀ ਮਨਾਈਆਂ ਜਾਂਦੀਆਂ ਹੋਣਗੀਆਂ? ਜਦੋਂ ਅਮਰੀਕਾ ਦਾ ਹਰੇਕ ਨਿਵਾਸੀ ਬਹੁਤ ਹੀ ਜ਼ਿਆਦਾ ਖੁਸ਼ੀ ਵਿਚ ਰਾਗ-ਰੰਗ ਦੀਆਂ ਮਹਿਫਿਲਾਂ ਵਿਚ ਮਸਰੂਫ ਸੀ ਤਾਂ ਮੈਂ ਇੱਥੇ ਉਸ ਦਿਨ ਇਕ ਕਮਰੇ ਵਿਚ ਬੰਦ ਪਿਆ ਸੀ। ਕ੍ਰਿਸਮਸ ਵਾਲੇ ਦਿਨ ਰਾਤੀਂ ਅੱਠ ਵਜੇ ਮੇਰੇ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ। ਕੀ ਦੇਖਦਾ ਹਾਂ ਕਿ ਨੌਜਵਾਨ ਅਮਰੀਕਨ ਕੁੜੀਆਂ ਦਾ ਇਕ ਚੰਗਾ ਵੱਡਾ ਝੁੰਡ ਮੇਰੇ ਕਮਰੇ ਵਿਚ ਦਾਖਿਲ ਹੋਇਆ। ਉਨ੍ਹਾਂ ਦੇ ਨਾਲ ਸਿਰਫ ਇਕ ਵੱਡੀ ਉਮਰ ਦੀ ਔਰਤ ਸੀ। ਬਾਕੀ ਅੱਠ-ਦਸ ਕੁੜੀਆਂ ਨੌਜਵਾਨ ਉਮਰ ਦੀਆਂ ਅਤੇ ਬਹੁਤ ਹੀ ਖੂਬਸੂਰਤ ਸਨ। ਉਨ੍ਹਾਂ ਨੇ ਸਭ ਤੋਂ ਪਹਿਲਾਂ ਮੇਰੀ ਕਹਾਣੀ ਸੁਣੀ ਅਤੇ ਮੇਰੇ ਨਾਲ ਬਹੁਤ ਹੀ ਹਮਦਰਦੀ ਜਤਾਈ। ਉਸ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਇੱਕ ਜਿਲਦ 'ਅੰਜ਼ੀਲ' ਦੀ ਦਿੱਤੀ ਜੋ ਇਸਾਈਆਂ ਦੀ ਧਾਰਮਿਕ ਕਿਤਾਬ ਹੈ। ਇਕ ਟੋਕਰੀ ਫਲਾਂ ਨਾਲ ਭਰੀ ਹੋਈ ਮੈਨੂੰ ਦਿੱਤੀ ਗਈ ਅਤੇ ਇਕ ਹੋਰ ਵੱਡਾ ਬੰਦ ਪੈਕਟ ਉਨ੍ਹਾਂ ਨੇ ਮੈਨੂੰ ਦਿੱਤਾ ਅਤੇ ਕਿਹਾ ਕਿ ਇਸ ਨੂੰ ਸਾਡੇ ਇੱਥੋਂ ਚਲੇ ਜਾਣ ਤੋਂ ਬਾਅਦ ਖੋਲ੍ਹਿਓ। ਉਸ ਤੋਂ ਬਾਅਦ ਉਨ੍ਹਾਂ ਸਾਰੀਆਂ ਕੁੜੀਆਂ ਨੇ ਮੇਰੇ ਨਾਲ ਬੜੀ ਨਿੱਘ ਅਤੇ ਮੁਹੱਬਤ ਨਾਲ ਹੱਥ ਮਿਲਾਇਆ। ਤੁਸੀਂ ਆਪ ਹੀ ਸੋਚ ਲਉ ਕਿ ਜਿਸ ਪੰਜਾਬੀ ਨਾਲ ਇਕ ਦਰਜਨ ਦੇ ਕਰੀਬ ਸੋਹਣੀਆਂ ਕੁੜੀਆਂ, ਇਕ ਤੋਂ ਬਾਅਦ ਮੈਂ ਪੈਕਟ ਖੋਲ੍ਹਿਆ। ਉਸ ਵਿਚ ਤਿੰਨ ਇਸ਼ਕੀਆ ਨਾਵਲ ਸਨ ਜਿਨ੍ਹਾਂ ਦੀ ਮੇਰੇ ਵਰਗੀ ਥਾਂ 'ਤੇ ਨਜ਼ਰਬੰਦ ਬੰਦੇ ਨੂੰ ਖਾਸ ਲੋੜ ਸੀ। ਅੱਧੀ ਦਰਜਨ ਦੇ ਕਰੀਬ ਬਿਹਤਰੀਨ ਅਮਰੀਕਨ ਮੈਗਜ਼ੀਨ ਸਨ। ਇਕ ਨਵੇਂ ਸਾਲ ਦੀ ਡਾਇਰੀ, ਇਕ ਕੈਲੰਡਰ (ਜਿਸ ਉਤੇ ਉਸ ਸਮੇਂ ਦੇ ਪ੍ਰਧਾਨ ਦੀ ਤਸਵੀਰ ਸੀ) ਅਤੇ ਇਕ ਸੇਫਟੀ ਰੇਜ਼ਰ ਸੀ ਜੋ ਮੈਂ ਅਗਲੀ ਸਵੇਰ ਇਕ ਅੰਗਰੇਜ਼ ਨੂੰ ਦੇ ਦਿੱਤਾ ਜਿਹੜਾ ਉਸੇ ਕੈਦਖਾਨੇ ਵਿਚ ਨਜ਼ਰਬੰਦ ਸੀ।






*ਏਂਜਲ ਟਾਪੂ ਦਾ ਉਹ ਇੰਮੀਗ੍ਰੇਸ਼ਨ ਸਟੇਸ਼ਨ ਜਿੱਥੇ ਅਮਰੀਕਾ ਪੁੱਜਣ ਦੇ ਮੁਢਲੇ ਦਿਨਾਂ ਦੌਰਾਨ ਗੋਪਾਲ ਸਿੰਘ ਖਾਲਸਾ ਨੂੰ ਰੱਖਿਆ ਗਿਆ ਅਤੇ (ਸੱਜੇ) ਗੋਪਾਲ ਸਿੰਘ ਖਾਲਸਾ ਦੀ ਕਿਤਾਬ 'ਮੇਰਾ ਅਮਰੀਕਨ ਸਫਰਨਾਮਾ ਦਾ ਮੁਖੜਾ। ਪਹਿਲਾਂ-ਪਹਿਲ ਇਹ ਸਫਰਨਾਮਾ ਰੋਜ਼ਾਨਾ ਉਰਦੂ ਅਖਬਾਰ 'ਪ੍ਰਭਾਤ' ਵਿਚ ਛਪਿਆ। ਇਸ ਨੂੰ ਕਿਤਾਬੀ ਰੂਪ 1954 ਵਿਚ ਦਿੱਤਾ ਗਿਆ। ਗੁਰਮੁਖੀ ਵਿਚ ਇਹ ਸਫਰਨਾਮਾ ਪਹਿਲੀ ਵਾਰ 2013 ਵਿਚ ਛਪਿਆ।*

ਮੈਨੂੰ ਵਾਰ-ਵਾਰ ਇਕ ਹੀ ਖਿਆਲ ਆਉਂਦਾ ਸੀ ਕਿ ਦੇਖੋ ਅਮਰੀਕਨਾਂ ਨੂੰ ਅੱਜ ਦੇ ਦਿਨ ਸਾਡੇ ਪਰਦੇਸੀ ਨਜ਼ਰਬੰਦਾਂ ਦੀ ਵੀ ਖੁਸ਼ੀ ਦਾ ਖਿਆਲ ਨਹੀਂ ਭੁੱਲਿਆ। ਇਹ ਕੁੜੀਆਂ ਯੰਗ ਵੂਮੈਨ ਕ੍ਰਿਸਚਨ ਐਸੋਸੀਏਸ਼ਨ ਵਲੋਂ ਆਈਆਂ ਸਨ ਅਤੇ ਸਾਰੇ ਨਜ਼ਰਬੰਦਾਂ ਕੋਲ ਜਾ ਕੇ ਉਨ੍ਹਾਂ ਨੂੰ ਤੋਹਫੇ ਦੇ ਕੇ ਆਈਆਂ ਸਨ। ਆਜ਼ਾਦ ਅਮਰੀਕਾ ਦੀ ਆਜ਼ਾਦੀ ਦੀ ਭਾਵਨਾ ਕਿੰਨੇ ਵਧੀਆ ਤਰੀਕਿਆਂ ਨਾਲ ਉਜਾਗਰ ਹੋ ਰਹੀ ਸੀ? ਕ੍ਰਿਸਮਸ ਵਾਲੇ ਦਿਨ ਸਾਨੂੰ ਬਹੁਤ ਹੀ ਵਧੀਆ ਭੋਜਨ ਖੁਆਇਆ ਗਿਆ। ਇਸ ਦਿਨ 'ਟਰਕੀ' ਦਾ ਮਾਸ ਤਿਆਰ ਕੀਤਾ ਗਿਆ। 'ਟਰਕੀ' ਮੁਰਗੇ ਦੀ ਨਸਲ ਦਾ ਮੁਰਗੇ ਤੋਂ ਕਈ ਗੁਣਾ ਵੱਡਾ ਜਾਨਵਰ ਹੁੰਦਾ ਹੈ ਜਿਹੜਾ ਕ੍ਰਿਸਮਸ ਦੇ ਦਿਨ ਅਮਰੀਕਾ ਭਰ ਵਿਚ ਬਣਾਇਆ ਜਾਂਦਾ ਹੈ।

ਉਸ ਦਿਨ ਮੈਂ ਬਾਘ ਸਿੰਘ ਦੀ ਭੈਣ ਨੂੰ ਮਿਲਿਆ। ਉਹ ਵੀ ਹੁਣ ਕਾਫੀ ਹੁਸ਼ਿਆਰ ਹੁੰਦੀ ਜਾ ਰਹੀ ਸੀ। ਮੁਲਾਕਾਤ ਤੋਂ ਬਾਅਦ ਹੁਣ ਸਾਡੀ ਅਲਵਿਦਾ ਵੀ ਅਮਰੀਕਨ ਫੈਸ਼ਨ ਨਾਲ ਹੀ ਹੋਣ ਲੱਗੀ ਸੀ ਅਤੇ ਸਾਨੂੰ ਇਸ ਤਰੀਕੇ ਵਿਚ ਕੋਈ ਨੁਕਸ ਨਜ਼ਰ ਨਹੀਂ ਆਉਂਦਾ ਸੀ। ਬਾਘ ਸਿੰਘ ਜਦੋਂ ਆਪਣੀ ਭੈਣ ਨੂੰ ਮਿਲਣ ਆਉਂਦਾ ਤਾਂ ਮੈਨੂੰ ਵੀ ਆਪ ਹੀ ਬੁਲਾ ਲੈਂਦਾ। ਉਹ ਮੈਨੂੰ ਪੂਰੀ ਤਰ੍ਹਾਂ ਯਕੀਨ ਦਿਵਾਉਂਦਾ ਸੀ ਕਿ ਤੁਹਾਨੂੰ ਅਮਰੀਕਾ ਵਿਚ ਰਿਹਾਇਸ਼ ਕਰਨ ਦੀ ਇਜਾਜ਼ਤ ਜ਼ਰੂਰ ਮਿਲ ਜਾਵੇਗੀ। ਵਿਚਾਰਾ ਬਾਘ ਸਿੰਘ ਹੁਣ ਮਰ ਚੁੱਕਿਆ ਹੈ। ਉਸ ਨੂੰ ਇਕ ਪੰਜਾਬੀ ਨੇ ਅਮਰੀਕਾ ਵਿਚ ਹੀ ਗੋਲੀ ਨਾਲ ਉਡਾ ਦਿੱਤਾ ਸੀ। ਮੇਰੇ ਕੋਲ ਪੜ੍ਹਨ ਲਈ ਨਾਵਲ ਸਨ, ਇਸ ਕਰਕੇ ਜਿਵੇਂ-ਤਿਵੇਂ ਮੇਰਾ ਵਕਤ ਗੁਜ਼ਰ ਰਿਹਾ ਸੀ। ਤਕਰੀਬਨ ਦੋ ਹਫਤੇ ਤੋਂ ਬਾਅਦ ਸਾਡੇ ਕਮਰਿਆਂ ਨੂੰ ਬਦਲ ਦਿੱਤਾ ਗਿਆ। ਹੁਣ ਮੈਨੂੰ ਇਕ ਅਜਿਹੇ ਕਮਰੇ ਵਿਚ ਪਹੁੰਚਾਇਆ ਗਿਆ ਜਿਥੇ ਇਕ ਅੰਗਰੇਜ਼, ਇਕ ਜਰਮਨ, ਇਕ ਨਾਰਵੇ, ਇਕ ਚੀਨ ਦਾ ਆਦਮੀ ਅਤੇ ਇਕ ਹਾਲੈਂਡ ਦਾ ਬੰਦਾ ਨਜ਼ਰਬੰਦ ਸਨ। ਇਨ੍ਹਾਂ ਪੰਜਾਂ ਵਿਚ ਮੈਂ ਇਕੱਲਾ ਹੀ ਹਿੰਦੁਸਤਾਨੀ ਸੀ। ਇਹ ਲੋਕ ਛੇਤੀ ਹੀ ਮੇਰੇ ਜਾਣੂ ਬਣ ਗਏ। ਹੁਣ ਸਮਾਂ ਚੰਗਾ ਗੁਜ਼ਰ ਜਾਂਦਾ ਸੀ। ਕਦੇ ਤਾਸ਼ ਖੇਡੀ ਜਾਂਦੀ, ਕਦੇ ਹਰੇਕ ਆਦਮੀ ਆਪਣੇ ਦੇਸ਼ ਦਾ ਇੱਕ-ਇੱਕ ਗੀਤ ਸੁਣਾਉਂਦਾ। ਮੈਂ ਉਨ੍ਹਾਂ ਨੂੰ ਮਾਲਵਾ ਦੀਆਂ ਮਸ਼ਹੂਰ ਪ੍ਰੀਤ ਬੋਲੀਆਂ ਸੁਣਾ ਕੇ ਫਿਰ ਉਨ੍ਹਾਂ ਦਾ ਅਰਥ ਦੱਸਦਾ ਸੀ। ਹੁਣ ਦਿਨ ਖੂਬ ਮਜ਼ੇ ਨਾਲ ਗੁਜ਼ਰ ਰਹੇ ਸਨ।

***ਏਂਜਲ ਆਈਲੈਂਡ ਜਿੱਥੇ ਮੈਂ ਨਜ਼ਰਬੰਦ ਸੀ, ਵਿਚ ਕਈ ਤਰ੍ਹਾਂ ਦੇ ਲੋਕ ਨਜ਼ਰਬੰਦ ਸਨ। ਕਈ ਅਜਿਹੇ ਗੈਰ-ਅਮਰੀਕਨ ਸਨ ਜਿਹੜੇ ਜਹਾਜ਼ ਵਿਚ ਕਿਸੇ ਤਰ੍ਹਾਂ ਚੋਰੀ ਦਾਖਲ ਹੋ ਗਏ ਸਨ ਅਤੇ ਮੌਕਾ ਪਾ ਕੇ ਚੋਰੀ ਹੀ ਅਮਰੀਕਾ ਵਿਚ ਉਤਰ ਗਏ ਅਤੇ ਬਾਅਦ ਵਿਚ ਗ੍ਰਿਫਤਾਰ ਕਰ ਲਏ ਗਏ। ਕਈ ਅਜਿਹੇ ਸਨ ਜੋ ਮੈਕਸੀਕੋ ਅਤੇ ਅਮਰੀਕਾ ਦੀ ਵਿਚਕਾਰਲੀ ਸੀਮਾ ਪਾਰ ਕਰਦੇ ਹੋਏ ਫੜੇ ਗਏ ਸਨ।***

ਏਂਜਲ ਆਈਲੈਂਡ ਜਿੱਥੇ ਮੈਂ ਨਜ਼ਰਬੰਦ ਸੀ, ਵਿਚ ਕਈ ਤਰ੍ਹਾਂ ਦੇ ਲੋਕ ਨਜ਼ਰਬੰਦ ਸਨ। ਕਈ ਅਜਿਹੇ ਗੈਰ-ਅਮਰੀਕਨ ਸਨ ਜਿਹੜੇ ਜਹਾਜ਼ ਵਿਚ ਕਿਸੇ ਤਰ੍ਹਾਂ ਚੋਰੀ ਦਾਖਲ ਹੋ ਗਏ ਸਨ ਅਤੇ ਮੌਕਾ ਪਾ ਕੇ ਚੋਰੀ ਹੀ ਅਮਰੀਕਾ ਵਿਚ ਉਤਰ ਗਏ ਅਤੇ ਬਾਅਦ ਵਿਚ ਗ੍ਰਿਫਤਾਰ ਕਰ ਲਏ ਗਏ। ਕਈ ਅਜਿਹੇ ਸਨ ਜੋ ਮੈਕਸੀਕੋ ਅਤੇ ਅਮਰੀਕਾ ਦੀ ਵਿਚਕਾਰਲੀ ਸੀਮਾ ਪਾਰ ਕਰਦੇ ਫੜੇ ਗਏ ਸਨ। ਕਈ ਮੇਰੇ ਵਰਗੇ ਵੀ ਸਨ ਜਿਨ੍ਹਾਂ ਦੇ ਪਾਸਪੋਰਟਾਂ ਵਿਚ ਨੁਕਸ ਕੱਢੇ ਗਏ ਸਨ ਪਰ ਸਭ ਤੋਂ ਵੱਧ ਹੁਸ਼ਿਆਰ ਉਹ ਚੀਨੀ, ਜਾਪਾਨੀ ਅਤੇ ਰੂਸੀ ਔਰਤਾਂ ਸਨ ਜੋ ਗਰਭਵਤੀ ਸਨ ਅਤੇ ਜਿਨ੍ਹਾਂ ਨੂੰ ਏਂਜਲ ਆਈਲੈਂਡ ਵਿਚ ਨਜ਼ਰਬੰਦੀ ਦੌਰਾਨ ਹੀ ਬੱਚੇ ਪੈਦਾ ਹੋਣੇ ਸਨ। ਇਹ ਔਰਤਾਂ ਅਜਿਹੇ ਟਾਈਮ ਟੇਬਲ ਬਣਾ ਕੇ ਚੱਲੀਆਂ ਸਨ ਕਿ ਬੱਚੇ ਦੇ ਜਨਮ ਦੇ ਸਮੇਂ ਤੱਕ ਉਹ ਅਮਰੀਕਾ ਪਹੁੰਚ ਜਾਣ। ਕਿਉਂਕਿ ਅਮਰੀਕਨ ਕਾਨੂੰਨ ਦੇ ਮੁਤਾਬਿਕ ਜਿਹੜਾ ਬੱਚਾ ਵੀ ਭਾਵੇਂ ਉਹ ਦੁਨੀਆ ਦੀ ਕਿਸੇ ਵੀ ਜਾਤ ਜਾਂ ਨਸਲ ਨਾਲ ਸਬੰਧ ਰੱਖਦਾ ਹੋਵੇ, ਅਮਰੀਕਾ ਦੀ ਧਰਤੀ 'ਤੇ ਪੈਦਾ ਹੋਵੇਗਾ, ਉਹ ਲਾਜ਼ਮੀ ਤੌਰ 'ਤੇ ਅਮਰੀਕਾ ਦਾ ਸ਼ਹਿਰੀ ਹੋਵੇਗਾ ਅਤੇ ਉਸ ਨੂੰ ਅਮਰੀਕਨ ਨਾਗਰਿਕ ਦੇ ਸਾਰੇ ਹੱਕ ਹਾਸਲ ਹੋਣਗੇ। ਜਦੋਂ ਉਨ੍ਹਾਂ ਗਰਭਵਤੀ ਔਰਤਾਂ ਦੇ ਬੱਚੇ ਪੈਦਾ ਹੋ ਗਏ ਤਾਂ ਉਨ੍ਹਾਂ ਦੇ ਵਕੀਲਾਂ ਨੇ ਇਹ ਨੁਕਤਾ ਚੁੱਕਿਆ ਕਿ ਬੱਚੇ ਦੀ ਪਰਵਰਿਸ਼ ਲਈ ਲਾਜ਼ਮੀ ਹੈ ਕਿ ਉਨ੍ਹਾਂ ਦੀਆਂ ਮਾਵਾਂ ਨੂੰ ਅਮਰੀਕਾ ਵਿਚ ਉੱਤਰਨ ਦੀ ਇਜਾਜ਼ਤ ਦਿੱਤੀ ਜਾਵੇ। ਨਤੀਜੇ ਵਜੋਂ ਅਜਿਹਾ ਹੀ ਹੋਇਆ ਅਤੇ ਉਹ ਸਾਰੀਆਂ ਔਰਤਾਂ ਅਮਰੀਕਾ ਵਿਚ ਉਤਰ ਗਈਆਂ। ਮੇਰਾ ਕੇਸ ਵਾਸ਼ਿੰਗਟਨ ਵਿਚ ਭੇਜਿਆ ਜਾ ਚੁੱਕਿਆ ਸੀ। ਮੈਨੂੰ ਸਿਰਫ ਇੰਮੀਗ੍ਰੇਸ਼ਨ ਮਹਿਕਮੇ ਦੇ ਵੱਡੇ ਅਫਸਰ ਦੇ ਹੁਕਮ ਦਾ ਇੰਤਜ਼ਾਰ ਸੀ। ਦਿਨ ਭਰ ਸਿਰਫ ਨਾਵਲ ਪੜ੍ਹਨ, ਗੱਪਾਂ ਮਾਰਨ ਜਾਂ ਦੂਜੀਆਂ ਕਈ ਕਿਸਮਾਂ ਦੀਆਂ ਸ਼ਰਾਰਤਾਂ ਕਰਨ ਤੋਂ ਇਲਾਵਾ ਸਾਡਾ ਹੋਰ ਕੋਈ ਕੰਮ ਨਹੀਂ ਸੀ। ਘਰ ਨੂੰ ਜਿਹੜੇ ਪੱਤਰ ਜਾਪਾਨ ਅਤੇ ਹਵਾਈ ਟਾਪੂ ਤੋਂ ਪਾ ਆਇਆ ਸੀ, ਉਨ੍ਹਾਂ ਦੇ ਜਵਾਬ ਵੀ ਦੇਰ ਨਾਲ ਆਏ ਸਨ, ਕਿਉਂਕਿ ਉਨ੍ਹੀ ਦਿਨੀਂ ਅਮਰੀਕਾ ਤੋਂ ਹਿੰਦੁਸਤਾਨ ਵਿਚ ਡਾਕ ਡੇਢ ਮਹੀਨੇ ਵਿਚ ਪਹੁੰਚਿਆ ਕਰਦੀ ਸੀ।

ਮੈਂ ਪੰਜ-ਸੱਤ ਪੱਤਰ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਲਿਖ ਦਿੰਦਾ ਸੀ। ਮੈਨੂੰ ਹੁਣ ਸਿਰਫ ਬੱਗਾ ਸਿੰਘ ਦੇ ਪੱਤਰ ਹੀ ਮਿਲਦੇ ਸਨ ਜਿਨ੍ਹਾਂ ਵਿਚ ਉਹ ਅਮਰੀਕਾ ਦੇਸ਼ ਦੀਆਂ ਰੰਗੀਨ ਕਹਾਣੀਆਂ ਸੁਣਾ ਕੇ ਮੈਨੂੰ ਹੋਰ ਵੀ ਉਕਸਾਇਆ ਕਰਦਾ ਸੀ। ਬੱਗਾ ਸਿੰਘ ਨੇ ਲਿਖਿਆ ਸੀ ਕਿ ਮੈਂ ਖੇਤੀਬਾੜੀ ਫਾਰਮ ਵਿਚ ਕੰਮ 'ਤੇ ਲੱਗ ਗਿਆ ਹਾਂ ਅਤੇ 18 ਰੁਪਏ ਹਰ ਰੋਜ਼ ਕਮਾ ਲੈਂਦਾ ਹਾਂ। ਮੈਂ ਹੈਰਾਨ ਸੀ ਕਿਉਂਕਿ 18 ਨੂੰ 30 ਨਾਲ ਗੁਣਾ ਕਰਕੇ ਜਦੋਂ ਨਤੀਜਾ 540 ਦੇਖਦਾ ਤਾਂ ਮੈਨੂੰ ਸਖਤ ਮਾਨਸਿਕ ਪ੍ਰੇਸ਼ਾਨੀ ਹੁੰਦੀ ਕਿਉਂਕਿ ਹਿੰਦੁਸਤਾਨ ਵਿਚ ਤਾਂ ਉਨ੍ਹੀਂ ਦਿਨੀਂ ਕਿਸੇ ਮੈਟ੍ਰਿਕ ਪਾਸ ਨੂੰ ਮੁਸ਼ਕਿਲ ਨਾਲ ਸੱਠ ਰੁਪਏ ਉੱਤੇ ਮੁਲਾਜ਼ਿਮ ਰੱਖਿਆ ਜਾਂਦਾ ਸੀ। ਬੱਗਾ ਸਿੰਘ ਬੇਹੂਦੀ ਕਿਸਮ ਦਾ ਮੱਖੀ ਚੂਸ ਇਨਸਾਨ ਸੀ। ਉਸ ਦੇ ਹਰ ਪੱਤਰ ਵਿਚ ਰੁਪਏ ਪੈਸੇ ਤੋਂ ਇਲਾਵਾ ਹੋਰ ਕੋਈ ਜ਼ਿਕਰ ਨਹੀਂ ਹੁੰਦਾ ਸੀ। ਮੇਰੇ ਦਿਲ ਵਿਚ ਬੇਹੱਦ ਘਬਰਾਹਟ ਅਤੇ ਪ੍ਰੇਸ਼ਾਨੀ ਰਹਿੰਦੀ ਸੀ ਕਿ ਕਿਧਰੇ ਮੈਨੂੰ ਵਾਪਸ ਹਿੰਦੁਸਤਾਨ ਨਾ ਮੋੜ ਦਿੱਤਾ ਜਾਵੇ ਲੇਕਿਨ ਜਿਸ ਦਿਆਨਤਦਾਰੀ ਅਤੇ ਕਾਬਲੀਅਤ ਨਾਲ ਅਮਰੀਕਾ ਵਿਚ ਸਥਾਪਿਤ ਸਿੱਖ ਮੇਰੀ ਮਦਦ ਕਰ ਰਹੇ ਸਨ, ਉਸ ਨੂੰ ਦੇਖ ਕੇ ਮੈਨੂੰ ਕਾਫੀ ਤਸੱਲੀ ਹੋ ਜਾਂਦੀ ਸੀ। ਦੂਸਰੀ ਗੱਲ ਇਹ ਸੀ ਕਿ ਇੱਥੇ ਸਭ ਨੂੰ ਇੱਕੋ 'ਬਿਮਾਰੀ' ਸੀ। ਇਸ ਕਰਕੇ ਕਦੇ-ਕਦੇ ਦਿਲ ਵਿਚ ਇਹ ਖਿਆਲ ਲਿਆ ਕੇ ਹੀ ਹੌਸਲਾ ਵਧ ਜਾਂਦਾ ਸੀ ਕਿ ਚਲੋ, ਜਿਵੇਂ ਇਨ੍ਹਾਂ ਸੈਂਕੜੇ ਨਜ਼ਰਬੰਦਾਂ ਨਾਲ ਗੁਜ਼ਰੇਗੀ, ਓਵੇਂ ਹੀ ਮੈਂ ਵੀ ਬਰਦਾਸ਼ਤ ਕਰ ਲਵਾਂਗਾ।

ਇਕ ਦਿਨ ਮੈਨੂੰ ਚਪੜਾਸੀ ਦਫਤਰੋਂ ਬੁਲਾਉਣ ਲਈ ਆਇਆ ਕਿ ਆਪ ਜੀ ਨੂੰ ਮਿਲਣ ਲਈ ਕੋਈ ਆਇਆ ਹੈ। ਮੈਂ ਇਕਦਮ ਮੁਲਾਕਾਤ ਵਾਲੇ ਕਮਰੇ ਵਿਚ ਗਿਆ। ਉਥੇ ਬਾਘ ਸਿੰਘ ਦੀ ਭੈਣ ਰਾਜ ਬੈਠੀ ਸੀ। ਕਹਿਣ ਲੱਗੀ ਕਿ ਮੈਨੂੰ ਹੁਣੇ ਇੰਮੀਗਰੇਸ਼ਨ ਕਮਿਸ਼ਨਰ ਨੇ ਦੱਸਿਆ ਹੈ ਕਿ ਤੁਹਾਡੇ ਕਾਗਜ਼ਾਤ ਵਾਸ਼ਿੰਗਟਨ ਤੋਂ ਵਾਪਿਸ ਆ ਗਏ ਹਨ ਅਤੇ ਉਹ ਕੁਝ ਕੁ ਰਿਕਾਰਡਾਂ (ਦਸਤਾਵੇਜ਼ਾਂ) ਨਾਲ ਅਮਰੀਕਾ ਉਤਰ ਸਕਦੀ ਹੈ। ਇਹ ਸ਼ਬਦ ਉਸ ਦੇ ਮੂੰਹੋਂ ਸੁਣ ਕੇ ਮੈਂ ਉਸ ਨੂੰ ਮੁਬਾਰਕਬਾਦ ਦਿੱਤੀ। ਰਾਜ ਬਹੁਤ ਜ਼ਿਆਦਾ ਖੁਸ਼ ਸੀ। ਉਸ ਨੇ ਆਪਣੇ ਭਰਾ ਨੂੰ ਤਾਰ ਦੇ ਦਿੱਤੀ ਸੀ। ਅਸੀਂ ਦੋਵੇਂ ਦੋ ਘੰਟੇ ਦੇ ਕਰੀਬ ਬੈਠੇ ਗੱਲਾਂ ਕਰਦੇ ਰਹੇ। ਇੰਨੇ ਵਿਚ ਬਾਘ ਸਿੰਘ ਅਤੇ ਉਸ ਦੀ ਅਮਰੀਕਨ ਮੇਮ ਸਾਹਿਬਾ ਵੀ ਆ ਗਏ। ਰਾਜ ਦਾ ਸਾਮਾਨ ਬੰਨ੍ਹਿਆ ਗਿਆ। ਉਹ ਤਿੰਨੇ ਕਮਿਸ਼ਨਰ ਤੋਂ ਇਜਾਜ਼ਤ ਲੈ ਕੇ ਵਿਦਾ ਹੋ ਗਏ। ਹੁਣ ਇਸ ਟਾਪੂ ਵਿਚ ਮੈਂ ਇਕੱਲਾ ਹੀ ਪੰਜਾਬੀ, ਬਲਕਿ ਹਿੰਦੁਸਤਾਨੀ ਰਹਿ ਗਿਆ ਸਾਂ। ਹੁਣ ਤਾਂ ਕਿਸੇ ਨਾਲ ਆਪਣੀ ਮਾਂ ਬੋਲੀ ਵਿਚ ਖੁੱਲ੍ਹ ਕੇ ਗੱਲਾਂ ਵੀ ਨਹੀਂ ਕਰ ਸਕਦਾ ਸਾਂ। ਜਦੋਂ ਰੋਜ਼ਾਨਾ ਡਾਕ ਖੁੱਲ੍ਹਦੀ ਤਾਂ ਡਾਕ ਖੁੱਲ੍ਹਣ ਤੋਂ ਇਕ ਘੰਟੇ ਬਾਅਦ ਤੱਕ ਅਸੀਂ ਸਾਰੇ ਉਮੀਦ ਲਾਈ ਬਹਿੰਦੇ ਸਾਂ ਕਿ ਸ਼ਾਇਦ ਸਾਨੂੰ ਦਫਤਰ ਵਿਚ ਬੁਲਾਇਆ ਜਾਵੇ ਲੇਕਿਨ ਇਕ ਘੰਟਾ ਗੁਜ਼ਰਨ ਤੋਂ ਬਾਅਦ

***(ਬਾਕੀ ਅਗਲੇ ਸਫੇ 'ਤੇ)***

# ਅੱਗ ਤੋਂ ਤਾਰਿਆਂ ਤੱਕ ਦਾ ਸਫਰ

ਜਦੋਂ ਪਸ਼ੂ ਜਗਤ ਤੋਂ ਵੱਖ ਹੋਈ ਤੇ ਉੱਨਤ ਹੋ ਚੁੱਕੀ ਮਨੁੱਖੀ ਪ੍ਰਜਾਤੀ ਜਿਉਂਦੇ ਰਹਿਣ ਦੇ ਵਸੀਲੇ ਇਕੱਠੇ ਕਰਨ ਲਈ ਕੁਦਰਤ ਨਾਲ ਸੰਘਰਸ਼ ਵਿਚ ਪਈ ਤਾਂ ਕਿਰਤ ਕਰਨਾ ਉਨ੍ਹਾਂ ਦੇ ਜੀਵਨ ਦੀ ਮੁੱਖ ਸਰਗਰਮੀ ਬਣ ਗਿਆ। ਇਸ ਕਿਰਤ ਸਦਕਾ ਹੀ ਕੁਦਰਤ ਦੇ ਭੇਤਾਂ ਨੂੰ ਜਾਣ ਕੇ ਆਪਣੇ ਲਈ ਵਰਤਣਾ ਅਤੇ ਆਪਣੀ ਸਮਰੱਥਾ, ਹੁਨਰ ਤੇ ਵਿਗਿਆਨ ਨੂੰ ਵਿਕਸਤ ਕਰਨ ਦਾ ਅਮੁੱਕ ਸਫਰ ਅਜ ਵੀ ਜਾਰੀ ਹੈ।

ਅੱਗ ਕਰੋੜਾਂ ਸਾਲਾਂ ਤੋਂ ਧਰਤੀ ਦੇ ਕੁੱਲ ਜੀਵਨ ਲਈ ਸਭ ਤੋਂ ਵੱਧ ਖਤਰਨਾਕ ਬਿਪਤਾ

**ਯੋਧਾ ਸਿੰਘ**
ਫੋਨ: +91-96533-59244

ਰਹੀ ਜਿਸ ਕਰਕੇ ਜੰਗਲਾਂ 'ਚ ਜੀਵਨ ਦੀ ਬੇਹਿਸਾਬ ਤਬਾਹੀ ਹੁੰਦੀ ਸੀ। ਮੁੱਢਲੇ ਦੌਰ ਦੇ ਮਨੁੱਖੀ ਪੂਰਵਜ ਪੱਥਰਾਂ ਨਾਲ ਪੱਥਰ ਘਸਾ ਕੇ ਹਥਿਆਰ ਬਣਾਉਣ ਦੀ ਕਿਰਤ ਕਰਦੇ ਜਿਸ ਦਾ ਨਤੀਜਾ ਅੱਗ ਦੀ ਖੋਜ 'ਚ ਨਿਕਲਿਆ। ਅੱਜ ਤੋਂ 4.4 ਲੱਖ ਸਾਲ ਪਹਿਲਾਂ ਪੱਥਰ ਯੁੱਗ ਦੇ ਸ਼ੁਰੂ ਵਿਚ ਮਨੁੱਖ ਦੇ ਪੂਰਵਜ ਹੋਮੋ-ਇਰੈਕਟਸ ਦੇ ਪਥਰਾਟਾਂ ਵਿਚ ਉਸ ਵੱਲੋਂ ਅੱਗ ਨੂੰ ਕਾਬੂ ਕਰਨ ਅਤੇ ਵਰਤਣ ਦੇ ਸਬੂਤ ਕੀਨੀਆ (ਅਫਰੀਕਾ) ਦੀ ਟਰਕਾਨਾ ਝੀਲ ਵਿਚ ਮਿਲਦੇ ਹਨ। ਅੱਗ ਦੀ ਖੋਜ ਸੋਚ ਸਮਝ ਕੇ ਕੀਤੀ ਹੋਈ ਖੋਜ ਨਹੀਂ ਸੀ ਸਗੋਂ ਇਹ ਪੱਥਰਾਂ ਨਾਲ ਪੱਥਰਾਂ ਨੂੰ ਤਰਾਸ਼ਣ ਦੀ ਵਿਧੀ ਸੀ ਜਿਸ ਨਾਲ ਹਥਿਆਰ ਬਣਾਏ ਜਾ ਸਕਣ।

ਹੁਣ ਮਨੁੱਖ ਦਾ ਟੀਚਾ ਸੀ ਕਿ ਇਸ ਅੱਗ ਨੂੰ ਕਾਬੂ ਕੀਤਾ ਜਾਵੇ। ਇਹ ਮਨੁੱਖ ਵੱਲੋਂ ਸੰਦਾਂ ਦੀ ਵਰਤੋਂ ਤੋਂ ਬਾਅਦ ਦੂਜੀ ਸਭ ਤੋਂ ਵੱਧ ਮਹਾਨ ਲੱਭਤ ਸੀ ਜਿਸ ਨੇ ਪੱਕਿਆ ਹੋਇਆ ਮਾਸ, ਹੋਰਾਂ ਜੀਵਾਂ ਤੋਂ ਸੁਰੱਖਿਆ ਅਤੇ ਚੱਲ ਰਹੇ ਬਰਫ ਯੁੱਗ 'ਚ ਠੰਢ ਤੋਂ ਮਨੁੱਖ ਨੂੰ ਬਚਾਇਆ। ਅੱਗ ਕਿਸੇ ਵਰਦਾਨ ਵਾਂਗ ਹੋਮੋ ਇਰੈਕਟਸ ਦੇ ਜੀਵਨ ਦਾ ਹਿੱਸਾ ਬਣੀ। ਇਹ ਹੋਮੋ ਇਰੈਕਟਸ ਤੋਂ ਦੁੱਗਣੇ ਆਕਾਰ ਦੇ ਦਿਮਾਗ਼ ਵਾਲੇ ਹੋਮੋ ਸੇਪੀਅਨਜ਼ (ਜੋ ਕਿ ਅਸੀਂ ਹਾਂ) ਤੱਕ ਦੇ ਗੁਣਾਤਮਕ ਵਿਕਾਸ ਵਿਚ ਵੱਡਾ ਸਹਾਈ ਕਾਰਕ ਬਣੀ। ਅੱਗ ਦੀ ਵਰਤੋਂ ਨਾਲ ਮਨੁੱਖ ਨਵ-ਪੱਥਰ ਯੁੱਗ (ਲਗਭਗ 6500 ਈਸਾ ਪੂਰਵ) ਵਿਚ ਧਾਤਾਂ ਤੋਂ ਸੰਦ ਅਤੇ ਹਥਿਆਰ ਬਣਾਉਣ ਲੱਗ ਪਿਆ। ਨਵ-ਪੱਥਰ ਯੁੱਗ ਉਹ ਸਮਾਂ ਹੈ ਜਦੋਂ ਖੇਤੀਬਾੜੀ ਅਤੇ ਪਸ਼ੂ-ਪਾਲਣ ਵੀ ਸ਼ੁਰੂ ਹੋ ਚੁੱਕਿਆ ਸੀ ਜਿਸ ਕਰਕੇ ਮਨੁੱਖ ਨੂੰ ਪੈਦਾਵਾਰ ਦੇ ਨਵੇਂ ਅਤੇ ਉੱਨਤ ਸੰਦਾਂ ਦੀ ਜ਼ਰੂਰਤ ਸੀ। ਇੰਝ ਧਾਤਾਂ ਅਤੇ ਇਨ੍ਹਾਂ ਨੂੰ ਅੱਗ ਨਾਲ ਪਿਘਲਾ ਸਕਣ ਦੀ ਕਾਬਲੀਅਤ ਨੇ ਮਨੁੱਖੀ ਹੱਥ ਨੂੰ ਹੋਰ ਬਲ ਦੇ ਦਿੱਤਾ ਜਿਸ ਕਰਕੇ ਪੱਥਰ ਯੁੱਗ ਤੋਂ ਮਨੁੱਖ ਕਾਂਸਾ ਯੁੱਗ ਅਤੇ ਫੇਰ ਲੋਹ ਯੁੱਗ ਵਿਚ ਦਾਖਲ ਹੋਇਆ।

ਇਹ ਸੀ ਮਨੁੱਖ ਦੇ ਮੁੱਖ ਵਿਕਾਸ ਦੀ ਕਹਾਣੀ ਜਿਸ 'ਚ ਸੰਦਾਂ ਦੀ ਵਰਤੋਂ ਨੇ ਮਨੁੱਖ ਨੂੰ ਕੁਦਰਤ ਦੀ ਅਧੀਨਤਾ ਤੋਂ ਆਜ਼ਾਦ ਕਰਵਾਇਆ ਅਤੇ ਉਹ ਇਸ ਦੇ ਨਿਯਮਾਂ ਨੂੰ ਜਾਣਦਾ ਹੋਇਆ ਹੋਰ ਖੋਜਾਂ ਵਿਚ ਜੁੱਟ ਗਿਆ। ਇੱਥੋਂ ਮਨੁੱਖੀ ਜ਼ਿੰਦਗੀ 'ਚ ਫਲਸਫਾ, ਗਿਆਨ-ਵਿਗਿਆਨ ਅਤੇ ਧਰਮ ਦਾ ਤੇਜ਼ ਉਭਾਰ ਹੋਇਆ। ਮਨੁੱਖ ਸੰਸਾਰ ਭਰ ਵਿਚ ਵੱਖ ਵੱਖ ਸਵਾਲਾਂ ਨਾਲ ਨਜਿੱਠਣ ਲੱਗਿਆ ਜਿਵੇਂ "ਸੂਰਜ, ਚੰਦ, ਤਾਰੇ ਕੀ ਹਨ; ਮੀਂਹ ਕਿਉਂ ਪੈਂਦਾ ਹੈ; ਅਸੀਂ ਖੁਦ ਕੌਣ ਹਾਂ?" ਆਦਿ ਅਤੇ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਦਾ ਹੋਇਆ ਮਨੁੱਖ ਸੂਰਜ, ਚੰਦ, ਤਾਰਿਆਂ ਨੂੰ ਬਹੁਤ ਦਿਲਚਸਪੀ ਨਾਲ ਵੇਖਣ ਲੱਗਿਆ। ਸੂਰਜ ਅਤੇ ਤਾਰਿਆਂ ਨੂੰ ਵੇਖ ਕੇ ਸਾਡੇ ਵਡੇਰੇ ਸਮੇਂ ਅਤੇ ਦਿਸ਼ਾ ਦਾ ਅੰਦਾਜ਼ਾ ਲਗਾਉਂਦੇ ਸਨ। ਪਰ ਸੂਰਜ ਦੀ ਅੱਗ ਜੋ ਦੂਰ ਕਿਤੇ ਆਸਮਾਨ ਵਿਚ ਬਲ ਰਹੀ ਸੀ, ਸਾਡੇ ਲਈ ਸਭ ਤੋਂ ਪ੍ਰਮੁੱਖ ਅਤੇ ਸ਼ੁਰੂਆਤੀ ਸਵਾਲ ਸੀ। ਵਿਚਾਰਵਾਦੀ ਫਲਸਫੇ ਨੇ ਇਨ੍ਹਾਂ ਦੀ ਪਦਾਰਥ ਹੋਂਦ ਰੱਦ ਕਰਦੇ ਹੋਏ ਇਹ ਕਿਹਾ ਕਿ ਇਹ ਉਸ ਰਹੱਸਮਈ ਤਾਕਤ ਦਾ ਰੂਪ ਹਨ ਜਿਸ ਨੇ ਸਾਨੂੰ ਵੀ ਸਿਰਜਿਆ ਹੈ।

ਹਿੰਦੁਸਤਾਨ ਵਿਚ ਆਰੀਆਭੱਟ (476-550 ਸੀ.ਈ.) ਜੋ ਖਗੋਲ ਵਿਗਿਆਨੀ ਅਤੇ ਗਣਿਤਕਾਰ ਸੀ, ਅਨੁਸਾਰ ਧਰਤੀ ਆਪਣੇ ਧੁਰੇ ਦੁਆਲੇ ਹਰ ਰੋਜ਼ ਚੱਕਰ ਕੱਟਦੀ ਹੈ ਜਿਸ ਦਾ ਪੱਥ ਗੋਲਾਕਾਰ ਨਹੀਂ ਸਗੋਂ ਅੰਡਾਕਾਰ ਹੈ। ਆਰੀਆਭੱਟ ਅਨੁਸਾਰ ਸੂਰਜ ਅਤੇ ਸਮੁੱਚਾ ਬ੍ਰਹਿਮੰਡ ਧਰਤੀ ਦੁਆਲੇ ਚੱਕਰ ਕੱਟਦੇ ਹਨ।

ਪੁਰਾਤਨ ਤੋਂ ਲਗਭਗ ਮੱਧਕਾਲ ਤੱਕ ਇਹੋ ਵਿਚਾਰ ਭਾਰੂ ਰਿਹਾ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਅਤੇ ਸਮੁੱਚਾ ਬ੍ਰਹਿਮੰਡ ਇਸ ਦੀ ਪਰਿਕਰਮਾ ਕਰਦਾ ਹੈ। ਇਹ ਯੁੱਗ ਮੱਧਯੁੱਗੀ ਜਗੀਰੂ ਸੱਤਾ ਲਈ ਬਿਲਕੁਲ ਢੁਕਵਾਂ ਸੀ ਜਿਸ ਅਨੁਸਾਰ ਉਦੋਂ ਦਾ ਰਾਜ ਵੀ ਰਾਜੇ ਦੁਆਲੇ ਕੇਂਦਰਤ ਸੀ ਜਿਸ ਨੂੰ ਧਰਮ ਵੱਲੋਂ ਇਹ ਮਾਨਤਾ ਮਿਲੀ ਸੀ ਕਿ ਰਾਜਾ ਰੱਬ ਦਾ ਰੂਪ ਹੈ ਜੋ ਕਿ ਰਾਜ ਕਰਨ ਲਈ ਪੈਦਾ ਹੋਇਆ; ਕੁੱਲ ਸਮਾਜ ਅਤੇ ਮਨੁੱਖੀ ਸੱਭਿਅਤਾ ਇਸ ਨੂੰ ਆਪਣਾ ਕੇਂਦਰ ਮੰਨਣ।

ਮੱਧਯੁੱਗ ਦੇ ਅੰਤ ਵਿਚ ਜਗੀਰੂ ਸੱਤਾ 'ਚੋਂ ਸਰਮਾਏਦਾਰੀ ਉੱਭਰੀ ਜਿਸ ਨਾਲ ਵਿਕਸਤ ਹੋ ਰਹੀਆਂ ਪੈਦਾਵਾਰੀ ਸ਼ਕਤੀਆਂ ਕੁਝ ਹੋਰ ਨਵੀਆਂ ਤਕਨੀਕਾਂ ਦੀ ਮੰਗ ਵੀ ਕਰਦੀਆਂ ਸਨ ਅਤੇ ਇਨ੍ਹਾਂ ਤਕਨੀਕਾਂ ਨਾਲ ਪੈਦਾਵਾਰੀ ਤਾਕਤਾਂ ਦਾ ਹੋਰ ਤੇਜ਼ ਉਭਾਰ ਹੋਣ ਸ਼ੁਰੂ ਹੋ ਗਿਆ। ਇਸ ਬਦਲਾਅ ਦੇ ਪ੍ਰਗਟਾਵੇ ਨੇ ਮਨੁੱਖੀ ਚੇਤਨਾ ਉੱਪਰ ਵੀ ਆਪਣਾ ਅਸਰ ਵਿਖਾਇਆ ਜਿਸ ਨਾਲ ਕਲਾ, ਸਮਾਜ ਅਤੇ ਵਿਗਿਆਨ ਵਰਗੇ ਖੇਤਰ 'ਚ ਹਲਚਲ ਪੈਦਾ ਹੋ ਗਈ। ਇਸੇ ਦੌਰਾਨ 19 ਫਰਵਰੀ 1473 ਨੂੰ ਖਗੋਲ ਸ਼ਾਸਤਰੀ, ਗਣਿਤਕਾਰ ਅਤੇ ਨਵ ਜਾਗਰਤੀ ਦੇ ਬੁਲਾਰੇ ਨਿਕੋਲਸ ਕਾਪਰਨਿਕਸ ਦਾ ਜਨਮ ਹੋਇਆ ਜੋ ਤਾਰਿਆਂ ਦਾ ਨਿਰੀਖਣ ਕਰਦਾ ਹੋਇਆ ਇਸ ਨਤੀਜੇ ਉੱਪਰ ਪਹੁੰਚਦਾ ਹੈ ਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਨਹੀਂ ਹੈ ਸਗੋਂ ਧਰਤੀ ਦਾ ਕੇਂਦਰ ਸੂਰਜ ਹੈ ਜਿਸ ਦੁਆਲੇ ਬਾਕੀ ਸਾਰੇ ਗ੍ਰਹਿ ਘੁੰਮਦੇ ਹਨ। ਠੀਕ ਆਪਣੀ ਮੌਤ ਤੋਂ ਪਹਿਲਾਂ ਕਾਪਰਨਿਕਸ ਇੱਕ ਜੰਗ ਛੇੜ ਗਿਆ ਜਿਸ ਨੂੰ ਵਿਗਿਆਨਕ ਜੰਗ ਵਜੋਂ ਜਾਣਿਆ ਜਾਂਦਾ ਹੈ।

ਇਸ ਨਾਲ ਕੁੱਲ ਜਗੀਰੂ ਵਿਚਾਰ ਜੋ ਕਿ ਬਾਈਬਲ ਆਧਾਰਿਤ ਸੀ, ਨੂੰ ਸੱਟ ਵੱਜੀ ਅਤੇ ਇਸ ਤੋਂ ਬਾਅਦ ਕਾਪਰਨਿਕਸ ਦੀ ਕਿਤਾਬ ਉੱਤੇ ਪਾਬੰਦੀ ਲਾ ਦਿੱਤੀ ਗਈ।

ਕਾਪਰਨਿਕਸ ਤੋਂ ਬਾਅਦ ਤਾਰਿਆਂ ਦੀ ਜ਼ਿੰਮੇਵਾਰੀ ਨੂੰ ਗਿਆਰਦਾਨੋ ਬਰੂਨੋ ਨੇ ਨਿਭਾਈ ਜਿਸ ਦਾ 1548 'ਚ ਇਟਲੀ ਵਿਚ ਜਨਮ ਹੋਇਆ ਸੀ। ਧਾਰਮਿਕ ਮਾਹੌਲ 'ਚ ਪਾਲਣ ਪੋਸ਼ਣ ਤੋਂ ਬਾਅਦ ਬਰੂਨੋ ਪਾਦਰੀ ਬਣ ਗਿਆ। ਪਰ ਉਹ ਦਾਰਸ਼ਨਿਕ, ਗਣਿਤਕ ਅਤੇ ਕਾਵਿਕ ਪ੍ਰਵਿਰਤੀ ਵਾਲਾ ਮਨੁੱਖ ਸੀ। ਜਦੋਂ ਉਸ ਨੂੰ ਕਾਪਰਨਿਕਸ ਦੀ ਕਿਤਾਬ ਮਿਲੀ ਤਾਂ ਉਸ ਨੇ ਖੁੱਭ ਕੇ ਇਸ ਨੂੰ ਪੜ੍ਹਿਆ ਅਤੇ ਆਪਣੀਆਂ ਗਣਨਾਵਾਂ ਦੇ ਨਤੀਜਿਆਂ ਤੋਂ ਬਹੁਤ ਛੇਤੀ ਉਹ ਕਾਪਰਨਿਕਸ ਦੇ ਕੱਢੇ ਨਤੀਜਿਆਂ 'ਤੇ ਪਹੁੰਚ ਗਿਆ। ਇਸ ਤੋਂ ਬਾਅਦ ਬਰੂਨੋ ਯੂਰਪ ਦੇ ਹਰ ਹਿੱਸੇ ਤੱਕ ਗਿਆ ਅਤੇ ਕੁੱਲ ਸੰਸਾਰ ਤੇ ਬ੍ਰਹਿਮੰਡ ਬਾਰੇ ਤਰਕਸੰਗਤ ਵਿਚਾਰ ਦਾ ਫੈਲਾਅ ਕਰਦਾ ਤੇ ਸਾਹਿਤ ਰਚਦਾ ਰਿਹਾ। ਬਰੂਨੋ ਨੇ ਇਹ ਦੱਸਿਆ ਕਿ ਬ੍ਰਹਿਮੰਡ ਦੇ ਕੇਂਦਰ ਵਿਚ ਧਰਤੀ ਨਹੀਂ ਸਗੋਂ ਸੂਰਜ ਹੈ ਅਤੇ ਸਾਡਾ ਸੂਰਜ ਮੰਡਲ ਇਕਲੌਤਾ ਨਹੀਂ ਸਗੋਂ ਅਣਗਿਣਤ ਸੂਰਜ ਮੰਡਲ ਹਨ। ਉੱਭਰ ਰਹੀ ਸਰਮਾਏਦਾਰੀ ਅਤੇ ਵਿਗਿਆਨ ਨੂੰ ਇਨ੍ਹਾਂ ਸਭ ਵਿਚਾਰਾਂ ਦੀ ਲੋੜ ਸੀ ਤਾਂ ਕਿ ਧਰਮ ਆਧਾਰਿਤ ਜਗੀਰੂ ਸੱਤਾ ਨੂੰ ਢਾਹ ਸਕਣ। ਇਸ ਲਈ ਬਰੂਨੋ ਦੇ ਵਿਚਾਰਾਂ ਨੂੰ ਸਮਾਜ 'ਚ ਮਾਨਤਾ ਮਿਲੀ ਪਰ ਸੱਤਾ ਅਤੇ ਧਰਮ ਦੇ ਗਲਬੇ ਨੂੰ ਮਾਨਤਾ ਦੇਣ ਵਾਲੇ ਇੱਕ ਹਿੱਸੇ ਦੇ ਲੋਕ ਬਰੂਨੋ ਦੇ ਵਿਰੋਧੀ ਹੋ ਗਏ ਸਨ।





ਖੱਬਿਓਂ: ਕਾਪਰਨਿਕਸ ਤੇ ਗੈਲੀਲਿਓ ਦੇ ਚਿੱਤਰ ਅਤੇ ਬਰੂਨੋ ਦਾ ਬੁੱਤ।

ਅੰਤ ਵਿਚ 130 ਦੋਸ਼ਾਂ ਹੇਠ ਤਾਰਿਆਂ ਦੀ ਬਾਤ ਪਾਉਣ ਵਾਲੇ ਇੱਕ ਸੱਚੇ ਦਾਰਸ਼ਨਿਕ ਅਤੇ ਵਿਗਿਆਨੀ ਨੂੰ ਕੈਦ ਕਰ ਲਿਆ ਗਿਆ ਤੇ ਸੱਤਾ ਨੇ ਸਜ਼ਾ ਸੁਣਾਈ ਕਿ ਪਹਿਲਾਂ ਬਰੂਨੋ ਇਹ ਮੰਨੇ ਬਈ ਜੋ ਵੀ ਉਸ ਨੇ ਕਿਹਾ ਉਹ ਸਭ ਗਲਤ ਹੈ। ਇਹ ਗੱਲ ਮੰਨਣ ਤੋਂ ਬਰੂਨੋ ਨੇ ਇਨਕਾਰ ਕਰ ਦਿੱਤਾ। ਫਿਰ ਸਜ਼ਾ ਦਾ ਐਲਾਨ ਕਰ ਦਿੱਤਾ ਗਿਆ ਕਿ ਬਰੂਨੋ ਨੂੰ ਮੌਤ ਦੀ ਸਜ਼ਾ ਦਿਓ, ਪਰ ਇਸ ਦੇ ਅਪਵਿੱਤਰ ਖੂਨ ਦੀ ਇੱਕ ਵੀ ਬੂੰਦ ਜ਼ਮੀਨ 'ਤੇ ਨਾ ਡਿੱਗੇ। 17 ਫਰਵਰੀ 1600 ਨੂੰ ਇਟਲੀ ਦੇ ਰੋਮ ਸ਼ਹਿਰ ਵਿਚ ਇੱਕ ਚੌਕ ਵਿਚ ਲੱਕੜਾਂ ਇਕੱਠੀਆਂ ਕਰ ਕੇ ਬਰੂਨੋ ਨੂੰ ਇਨ੍ਹਾਂ ਦੇ ਉੱਪਰ ਖੜ੍ਹਾ ਕੇ ਸਾੜ ਦਿੱਤਾ ਗਿਆ ਸੀ ਪਰ ਇਸ ਸੱਚ ਨੂੰ ਸਾੜਿਆ ਨਹੀਂ ਸੀ ਜਾ ਸਕਦਾ। ਅੰਤ ਨੂੰ ਉਹ ਸਹੀ ਸਾਬਿਤ ਹੋਇਆ ਜੋ ਬਰੂਨੋ ਨੇ ਕਿਹਾ ਸੀ। ਬਰੂਨੋ ਵਰਗੇ ਅਡੋਲ ਵਿਗਿਆਨੀ ਹੀ ਤਾਰਿਆਂ ਨੂੰ ਜਾਂਦੇ ਪੰਧ ਦੇ ਸੱਚੇ ਪਾਂਧੀ ਹੋ ਸਕਦੇ ਹਨ ਜੋ ਇੱਕ ਵਿਚਾਰ 'ਤੇ ਪਹਿਰਾ ਦਿੰਦਿਆਂ ਸ਼ਹੀਦ ਹੋ ਗਿਆ।

ਬਰੂਨੋ ਤੋਂ ਬਾਅਦ ਇਸ ਰਾਹ ਨੂੰ ਗੈਲੀਲਿਓ ਗਲੀਲੀ ਨੇ ਰੁਸ਼ਨਾਇਆ ਜਿਸ ਦਾ ਜਨਮ 15 ਫਰਵਰੀ 1564 ਨੂੰ ਇਟਲੀ ਵਿਚ ਹੋਇਆ। ਗੈਲੀਲਿਓ ਇੱਕ ਵਿਗਿਆਨੀ ਸੀ ਜਿਸ ਨੇ ਖਗੋਲ-ਵਿਗਿਆਨ, ਭੌਤਿਕ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਖੇਤਰ 'ਚ ਨਵੀਆਂ ਖੋਜਾਂ ਕੀਤੀਆਂ ਸਨ ਜਿਨ੍ਹਾਂ ਵਿਚ ਗਤੀ, ਗੁਰੂਤਾ, ਸਾਪੇਖਤਾ ਵਰਗੇ ਵਿਸ਼ੇ ਸ਼ਾਮਲ ਹਨ। ਗੈਲੀਲਿਓ ਦੀ ਸਭ ਵੱਧ ਮਹੱਤਵਪੂਰਨ ਖੋਜ ਦੂਰਬੀਨ ਹੈ ਜਿਸ ਨੇ ਮਨੁੱਖੀ ਅੱਖ ਦੀ ਤਾਕਤ ਨੂੰ ਹੋਰ ਵਧਾ ਦਿੱਤਾ ਜਿਸ ਨਾਲ ਚੰਦ, ਤਾਰੇ ਅਤੇ ਗ੍ਰਹਿ ਹੋਰ ਵੀ ਸਾਫ ਦਿਸਣ ਲੱਗ ਪਏ। 30 ਨਵੰਬਰ 1609 ਨੂੰ ਗੈਲੀਲਿਓ ਨੇ ਦੂਰਬੀਨ ਨਾਲ ਪਹਿਲੀ ਵਾਰ ਚੰਦ ਨੂੰ ਦੇਖਿਆ ਅਤੇ ਕੁਝ ਸਮੇਂ ਬਾਅਦ ਬ੍ਰਹਿਸਪਤੀ ਗ੍ਰਹਿ ਦੇ ਨਿਰੀਖਣ ਤੋਂ ਇਹ ਨਤੀਜੇ ਕੱਢੇ ਕਿ ਇਸ ਦੇ ਚਾਰ ਚੰਦ ਹਨ ਜੋ ਇਸ ਦੁਆਲੇ ਘੁੰਮਦੇ ਹਨ। ਗੈਲੀਲਿਓ ਨੇ ਕਾਪਰਨਿਕਸ ਦੇ ਸਿਧਾਂਤ ਨੂੰ ਹੋਰ ਦ੍ਰਿੜ੍ਹਤਾ ਨਾਲ ਪੇਸ਼ ਕੀਤਾ ਕਿ ਧਰਤੀ ਆਪਣੇ ਧੁਰੇ ਦੁਆਲੇ ਹਰ ਰੋਜ਼ ਅਤੇ ਸਾਲ ਵਿਚ ਸੂਰਜ ਦੁਆਲੇ ਘੁੰਮਦੀ ਹੈ। ਕਿਉਂਕਿ ਇਹ ਵਿਚਾਰ ਚਰਚ ਦੇ ਵਿਰੋਧੀ ਸੀ, ਇਸ ਕਰਕੇ ਇੱਕ ਵਾਰ ਫੇਰ ਰੋਮਨ ਕੈਥੋਲਿਕ ਚਰਚ ਨੇ ਇਸ ਨੂੰ ਧਿਆਨ 'ਚ ਲੈਂਦੇ ਹੋਏ ਜਾਂਚ ਕਮੇਟੀ ਬਿਠਾ ਦਿੱਤੀ ਜਿਸ ਨੇ ਗੈਲੀਲਿਓ ਦੇ ਵਿਚਾਰ ਨੂੰ ਮੂਰਖਾਨਾ ਅਤੇ ਫਾਲਤੂ ਸਾਬਿਤ ਕਰਨ ਲਈ ਜ਼ੋਰ ਲਗਾਇਆ ਅਤੇ ਇਸ ਤੋਂ ਬਾਅਦ ਗੈਲੀਲਿਓ ਦਾ ਕੁੱਲ ਜੀਵਨ ਕੈਦ ਵਿਚ ਬੀਤ ਗਿਆ। ਜੁਲਾਈ 1623 ਨੂੰ ਗੈਲੀਲਿਓ ਨੂੰ ਤਸੀਹੇ ਦਿੱਤੇ ਗਏ ਅਤੇ ਆਪਣੇ ਵਿਚਾਰ ਰੱਦ ਕਰਨ ਲਈ ਕਿਹਾ ਗਿਆ। ਮੁਕੱਦਮੇ 'ਚ ਕੁਝ ਨੁਕਤੇ ਲਿਖੇ ਗਏ ਜਿਵੇਂ ਕਿ ਗਲੀਲਿਓ ਸੂਰਜ ਨੂੰ ਗਤੀਹੀਣ ਅਤੇ ਬ੍ਰਹਿਮੰਡ ਦਾ ਕੇਂਦਰ ਦੱਸਦਾ ਹੈ ਜੋ ਬਾਈਬਲ ਦੇ ਖਿਲਾਫ ਹੈ।

ਗੈਲੀਲਿਓ ਨੂੰ ਨਜ਼ਰਬੰਦ ਕਰ ਕੇ ਉਸ ਦੇ ਵਿਚਾਰਾਂ ਅਤੇ ਕਿਤਾਬਾਂ ਉੱਪਰ ਪਬੰਦੀ ਲਗਾ ਦਿੱਤੀ ਗਈ, ਪਰ ਗੈਲੀਲਿਓ ਨਜ਼ਰਬੰਦੀ ਦੌਰਾਨ ਵੀ ਆਪਣੇ ਕੰਮ 'ਚ ਰੁੱਝਿਆ ਰਿਹਾ ਅਤੇ ਸਾਰੀ ਰਾਤ ਤਾਰਿਆਂ ਨਾਲ ਬਾਤਾਂ ਪਾਉਣ ਵਾਲਾ ਵਿਗਿਆਨੀ 1638 ਤੱਕ ਪੂਰੀ ਤਰ੍ਹਾਂ ਅੰਨ੍ਹਾ ਹੋ ਗਿਆ। ਅੱਠ ਜਨਵਰੀ 1642 ਨੂੰ ਗੈਲੀਲਿਓ ਦੇ ਸ਼ਾਨਦਾਰ ਸਫਰ ਦਾ ਅੰਤ ਹੋ ਗਿਆ। ਇਹ ਕੁੱਲ ਮਨੁੱਖਤਾ ਦਾ ਸਫਰ ਹੈ ਜੋ ਲੱਖਾਂ ਸਾਲ ਪਹਿਲਾਂ ਸ਼ੁਰੂ ਹੋ ਕੇ ਚੰਦ ਤਾਰਿਆਂ ਤੱਕ ਪਹੁੰਚਿਆ, ਪਰ ਅੱਜ ਵੀ ਕੁਝ ਤਾਕਤਾਂ ਹਨ ਜਿਨ੍ਹਾਂ ਨੇ ਵਿਗਿਆਨ ਨੂੰ ਸਿਰਫ ਆਪਣੇ ਮੁਨਾਫੇ ਤੱਕ ਸੀਮਤ ਕਰ ਲਿਆ ਹੈ ਅਤੇ ਭਾਰਤ ਵਰਗੇ ਵਿਕਾਸਸ਼ੀਲ ਮੁਲਕਾਂ 'ਚ ਗੈਰ-ਵਿਗਿਆਨਕ ਅਤੇ ਅੰਧ-ਵਿਸ਼ਵਾਸੀ ਨਜ਼ਰੀਆ ਅੱਜ ਵੀ ਭਾਰੂ ਹਨ ਜਿਨ੍ਹਾਂ ਦਾ ਲਾਹਾ ਅੱਜ ਵੀ ਸੱਤਾ ਲੈ ਰਹੀ ਹੈ। ਆਪਣੇ ਆਪ ਨੂੰ ਸਮਾਜ ਅਤੇ ਵਿਗਿਆਨ ਨੂੰ ਸਮਰਪਿਤ ਮੰਨਣ ਵਾਲੇ ਹਰ ਇੱਕ ਵਿਅਕਤੀ ਦੇ ਫਰਜ਼ ਵੀ ਕਾਪਰਨਿਕਸ, ਬਰੂਨੋ ਅਤੇ ਗੈਲੀਲਿਓ ਵਰਗੇ ਵਿਗਿਆਨੀ ਤੋਂ ਸੇਧਿਤ ਹੋਣੇ ਚਾਹੀਦੇ ਹਨ ਜੋ ਆਪਣੇ ਵਿਚਾਰ ਦੀ ਹਮਾਇਤ ਆਪਣੇ ਅੰਤ ਤੱਕ ਡਟ ਕੇ ਕਰ ਸਕੇ।

# ਅਮਰੀਕਨ ਧਰਤੀ ਉਤੇ

*(ਪਿਛਲੇ ਸਫੇ ਦੀ ਬਾਕੀ)*

ਅਸੀਂ ਸਾਰੇ ਨਿਰਾਸ਼ ਹੋ ਜਾਇਆ ਕਰਦੇ ਸਾਂ। ਆਖਿਰ ਪੂਰਾ ਡੇਢ ਮਹੀਨਾ ਗੁਜ਼ਰਨ ਤੋਂ ਬਾਅਦ ਇਕ ਦਿਨ ਗਿਆਰਾਂ ਵਜੇ ਦੇ ਕਰੀਬ ਮੈਨੂੰ ਕਮਿਸ਼ਨਰ ਦੇ ਦਫਤਰ ਵਿਚ ਬੁਲਾਇਆ ਗਿਆ। ਜਦੋਂ ਮੈਂ ਉਨ੍ਹਾਂ ਦੇ ਕਮਰੇ ਦੇ ਅੰਦਰ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਤੁਹਾਡੇ ਕਾਗਜ਼ਾਤ ਵਾਸ਼ਿੰਗਟਨ ਤੋਂ ਆ ਗਏ ਹਨ। ਹੁਣ ਕਮਿਸ਼ਨਰ ਸਾਹਿਬ ਦੀ ਜ਼ੁਬਾਨ ਤੋਂ ਦੂਜਾ ਵਾਕ ਸੁਣਨ ਤੋਂ ਪਹਿਲਾਂ ਮੇਰੀ ਹਾਲਤ ਬਿਲਕੁਲ ਅਜਿਹੀ ਸੀ ਜਿਵੇਂ ਸੈਸ਼ਨ ਜੱਜ ਦੀ ਜ਼ੁਬਾਨ ਤੋਂ ਹੁਕਮ ਸੁਣਦੇ ਸਮੇਂ ਕਿਸੇ ਕਤਲ ਦੇ ਮੁਜਰਿਮ ਦੀ ਹੁੰਦੀ ਹੈ, ਕਿਉਂਕਿ ਸੈਸ਼ਨ ਜੱਜ ਬਰੀ ਜਾਂ ਫਾਂਸੀ ਦਾ ਹੁਕਮ ਦੇ ਕੇ ਮੁਕੱਦਮੇ ਨੂੰ ਬਹੁਤ ਹੀ ਜ਼ਿਆਦਾ ਖੁਸ਼ੀ ਜਾਂ ਗਮ ਵਿਚ ਬਦਲ ਦਿੰਦਾ ਹੈ। ਕਮਿਸ਼ਨਰ ਸਾਹਿਬ ਕਹਿਣ ਲੱਗੇ ਕਿ ਤੁਹਾਨੂੰ ਅਮਰੀਕਾ ਵਿਚ ਉਤਰਨ ਦੀ ਇਜਾਜ਼ਤ ਮਿਲ ਗਈ ਹੈ ਲੇਕਿਨ ਇਹ ਇਜਾਜ਼ਤ ਸਿਰਫ ਇੱਕ ਸਾਲ ਲਈ ਹੈ ਅਤੇ ਇੱਕ ਸਾਲ ਲਈ ਵੀ ਉਦੋਂ, ਜੇਕਰ ਤੁਸੀਂ ਇੱਥੇ ਹਜ਼ਾਰ ਡਾਲਰ ਦੀ ਜ਼ਮਾਨਤ ਦਾਖਿਲ ਕਰੋ ਅਤੇ ਇਹ ਵਾਅਦਾ ਕਰੋ ਕਿ ਤੁਸੀਂ ਅਮਰੀਕਾ ਵਿਚ ਸਿਰਫ ਵਿੱਦਿਆ ਪ੍ਰਾਪਤ ਕਰੋਗੇ, ਮਜ਼ਦੂਰੀ ਨਹੀਂ ਕਰੋਗੇ। ਅਮਰੀਕਾ ਵਿਚ ਉਤਰਨ ਦੀ ਇਜਾਜ਼ਤ ਦੇ ਸ਼ਬਦ ਸੁਣ ਕੇ ਮੈਂ ਇੰਨਾ ਖੁਸ਼ ਸੀ ਕਿ ਬਿਆਨ ਤੋਂ ਬਾਹਰ ਹੈ। ਹੁਣ ਮੇਰੀ ਸਾਰੀ ਚਿੰਤਾ ਦੂਰ ਹੋ ਚੁੱਕੀ ਸੀ। ਇਕਦਮ ਮੇਰੇ ਦਿਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਮੈਂ ਕਮਿਸ਼ਨਰ ਸਾਹਿਬ ਨੂੰ ਕਿਹਾ ਕਿ ਹਜ਼ੂਰ ਕੱਲ੍ਹ ਜ਼ਮਾਨਤ ਦਾਖਿਲ ਕਰਵਾ ਦਿਆਂਗਾ। ਇਹ ਕਹਿ ਕੇ ਮੈਂ ਖੁਸ਼ੀ-ਖੁਸ਼ੀ ਕਮਿਸ਼ਨਰ ਸਾਹਿਬ ਦੇ ਦਫਤਰ ਤੋਂ ਬਾਹਰ ਆਇਆ। ਦੋ ਤਾਰ ਫਾਰਮ ਲਏ। ਇੱਕ ਤਾਰ ਤਾਂ ਹਿੰਦੁਸਤਾਨ ਵਿਚ ਪਿਤਾ ਜੀ ਨੂੰ ਭੇਜੀ ਜਿਸ ਵਿਚ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਅਮਰੀਕਾ ਵਿਚ ਉਤਰਨ ਦੀ ਇਜਾਜ਼ਤ ਮਿਲ ਗਈ ਹੈ। ਦੂਜੀ ਤਾਰ ਇੰਦਰ ਸਿੰਘ ਨੂੰ ਸਟਾਕਟਨ ਭੇਜੀ ਤਾਂ ਕਿ ਉਹ ਮੇਰੀ ਜ਼ਮਾਨਤ ਦਾ ਪ੍ਰਬੰਧ ਕਰ ਸਕਣ। ਇਹ ਤਾਰਾਂ ਦੇ ਕੇ ਮੈਂ ਆਪਣੇ ਕਮਰੇ ਵਿਚ ਆ ਗਿਆ। ਸਾਰੇ ਸਾਥੀਆਂ ਨੂੰ ਖੁਸ਼ਖਬਰੀ ਸੁਣਾਈ ਕਿ ਮੈਂ ਕੱਲ੍ਹ ਜਾ ਰਿਹਾ ਹਾਂ। ਅਗਲੀ ਸਵੇਰ ਦਸ ਵਜੇ ਹੀ ਇੰਦਰ ਸਿੰਘ ਇਕ ਹਜ਼ਾਰ ਡਾਲਰ ਲੈ ਕੇ ਏਂਜਲ ਆਈਲੈਂਡ ਪਹੁੰਚ ਗਏ। ਜ਼ਮਾਨਤ ਦਾਖਿਲ ਕਰਵਾ ਦਿੱਤੀ ਗਈ ਅਤੇ ਮੈਨੂੰ ਹੁਕਮ ਹੋਇਆ ਕਿ ਸਾਮਾਨ ਬੰਨ੍ਹ ਕੇ ਥੱਲੇ ਆ ਜਾਉ। ਮੈਂ ਤਾਂ ਸਾਮਾਨ ਸਵੇਰੇ ਹੀ ਬੰਨ੍ਹ ਛੱਡਿਆ ਸੀ। ਸਾਮਾਨ ਥੱਲੇ ਲਿਆਂਦਾ ਗਿਆ। ਪੂਰੇ ਡੇਢ ਮਹੀਨੇ ਬਾਅਦ ਲੋਹੇ ਦਾ ਉਹੀ ਮਜ਼ਬੂਤ ਸਲਾਖਾਂ ਵਾਲਾ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਮੈਨੂੰ ਬਾਹਰ ਨਿਕਲਣ ਦੀ ਇਜਾਜ਼ਤ ਮਿਲ ਗਈ।

ਹੁਣ ਮੈਂ ਆਜ਼ਾਦ ਇਨਸਾਨ ਸਾਂ ਜੋ ਅਮਰੀਕਾ ਦੀ ਧਰਤੀ 'ਤੇ ਬਾਕੀ ਲੋਕਾਂ ਦੀ ਤਰ੍ਹਾਂ ਆਜ਼ਾਦ ਤੌਰ 'ਤੇ ਚੱਲ ਫਿਰ ਸਕਦਾ ਸੀ। ਉਹੀ ਛੋਟਾ ਜਿਹਾ ਅਗਨ ਬੋਟ ਜਿਸ ਨੇ ਮੈਨੂੰ ਇਸ ਬੰਦੀਖਾਨੇ ਵਿਚ ਲਾਹ ਕੇ ਛੱਡਿਆ ਸੀ, ਘਾਟ ਦੇ ਕਿਨਾਰੇ ਆਣ ਲੱਗਿਆ। ਮੈਂ ਅਤੇ ਇੰਦਰ ਸਿੰਘ ਇਸ ਵਿਚ ਬੈਠ ਗਏ। ਮੇਰੀ ਜੇਬ ਵਿਚ ਇੰਮੀਗਰੇਸ਼ਨ ਮਹਿਕਮੇ ਦੇ ਕਮਿਸ਼ਨਰ ਦਾ ਉਹ ਇਜਾਜ਼ਤਨਾਮਾ ਸੀ ਜਿਸ ਕਰਕੇ ਮੈਂ ਅਮਰੀਕਾ ਵਿਚ ਉੱਤਰਨ ਦਾ ਹੱਕਦਾਰ ਸੀ। ਤਕਰੀਬਨ ਦੋ ਘੰਟਿਆਂ ਦੇ ਬਾਅਦ ਉਹ ਅਗਨ ਬੋਟ ਸਾਨਫਰਾਂਸਿਸਕੋ ਦੇ ਕਿਨਾਰੇ ਉੱਤੇ ਇਕ ਘਾਟ ਦੇ ਕਿਨਾਰੇ ਜਾ ਲੱਗਿਆ। ਅਸੀਂ ਉੱਥੇ ਉਤਰ ਗਏ। ਇੰਦਰ ਸਿੰਘ ਨੇ ਟੈਕਸੀ ਵਾਲੇ ਨੂੰ ਬੁਲਾਇਆ। ਸਾਮਾਨ ਰੱਖ ਕੇ ਅਸੀਂ ਟੈਕਸੀ ਵਿਚ ਸਵਾਰ ਹੋ ਗਏ। ਇੰਦਰ ਸਿੰਘ ਨੇ ਉਸ ਨੂੰ ਕਿਹਾ ਕਿ ਮਾਰਕੀਟ ਸਟਰੀਟ ਲੈ ਚੱਲੋ। ਛੇ-ਸੱਤ ਮੀਲ ਦੇ ਕਰੀਬ ਟੈਕਸੀ ਸਮੁੰਦਰ ਦੇ ਕਿਨਾਰੇ ਚਲਦੀ ਰਹੀ ਜਿੱਥੇ ਵੱਡੇ-ਵੱਡੇ ਮਾਲ-ਸਾਮਾਨ ਦੇ ਗੋਦਾਮ ਸਨ। ਇਨ੍ਹਾਂ ਵਿਚ ਵੱਖ-ਵੱਖ ਕਿਸਮਾਂ ਦਾ ਮਾਲ ਭਰਿਆ ਪਿਆ ਸੀ। ਵੱਡੇ-ਵੱਡੇ ਕਾਰਖਾਨਿਆਂ ਦੀਆਂ ਚਿਮਨੀਆਂ ਤੋਂ ਧੂੰਆਂ ਨਿਕਲ ਰਿਹਾ ਸੀ ਅਤੇ ਮਜ਼ਦੂਰ ਇੱਧਰ-ਉੱਧਰ ਘੁੰਮ ਰਹੇ ਸਨ। ਸੈਂਕੜੇ ਟਰੱਕ ਇਨ੍ਹਾਂ ਕਾਰਖਾਨਿਆਂ ਵਿਚੋਂ ਨਿਕਲ ਕੇ ਮਾਲ ਨਾਲ ਭਰੇ ਹੋਏ ਜਹਾਜ਼ੀ ਘਾਟਾਂ ਵੱਲ ਆ ਜਾ ਰਹੇ ਸਨ। ਹਰ ਪਾਸੇ ਕੰਮ ਕਰਨ ਵਾਲਿਆਂ ਦੀ ਗਹਿਮਾ-ਗਹਿਮੀ ਸੀ। ਆਖਿਰ ਸਾਡੀ ਟੈਕਸੀ ਮਾਰਕਿਟ ਸਟਰੀਟ ਵਿਚ ਦਾਖਿਲ ਹੋਈ। ਇਹ ਸਾਨਫਰਾਂਸਿਸਕੋ ਦਾ ਸਭ ਤੋਂ ਵੱਧ ਖੂਬਸੂਰਤ, ਸ਼ਾਨਦਾਰ ਤੇ ਵੱਡਾ ਲੰਬਾ-ਚੌੜਾ ਬਾਜ਼ਾਰ ਸੀ।

ਜੋ ਨਜ਼ਾਰਾ (ਦ੍ਰਿਸ਼) ਮੈਂ ਇਸ ਜਗ੍ਹਾ ਦਾਖਿਲ ਹੁੰਦੇ ਹੀ ਦੇਖਿਆ, ਉਸ ਨੂੰ ਮੈਂ ਨਾ ਹੀ ਭੁੱਲਿਆ ਹਾਂ ਅਤੇ ਨਾ ਹੀ ਭੁੱਲ ਸਕਦਾ ਹਾਂ। ਮੈਂ ਚਾਰੇ ਪਾਸੇ ਅੱਖਾਂ ਪਾੜ-ਪਾੜ ਕੇ ਦੇਖਦਾ ਜਾ ਰਿਹਾ ਸੀ। ਅਮਰੀਕਾ ਕੀ ਸੀ? ਇਕ ਤਰ੍ਹਾਂ ਦਾ ਪਰੀਸਤਾਨ (ਪਰੀਆਂ ਦਾ ਮੁਲਕ) ਸੀ। ਮਰਦਾਂ ਅਤੇ ਔਰਤਾਂ ਨੇ ਬਹੁਤ ਹੀ ਖੂਬਸੂਰਤ ਕੱਪੜੇ ਪਾਏ ਹੋਏ ਸਨ। ਕੋਈ ਬੰਦਾ ਵੀ ਗੰਦੇ ਜਾਂ ਪਾਟੇ ਹੋਏ ਕੱਪੜਿਆਂ ਵਿਚ ਨਜ਼ਰ ਨਹੀਂ ਸੀ ਆਉਂਦਾ। ਮੈਂ ਇੱਥੇ ਨਾ ਕੋਈ ਅੰਨ੍ਹਾ ਦੇਖਿਆ ਅਤੇ ਨਾ ਹੀ ਕੋਹੜੀ। ਭੀਖ ਮੰਗਣ ਵਾਲਾ ਤਾਂ ਪੂਰੇ ਅਮਰੀਕਾ ਭਰ ਵਿਚ ਕੋਈ ਨਹੀਂ ਮਿਲਿਆ। ਮੁੰਡੇ ਅਤੇ ਕੁੜੀਆਂ ਸੁਤੰਤਰ ਤੌਰ 'ਤੇ ਫਿਰ ਰਹੇ ਸਨ ਅਤੇ ਮੇਰੀ ਹੈਰਾਨੀ ਦੀ ਕੋਈ ਹੱਦ ਨਹੀਂ ਸੀ। ਕੁੜੀਆਂ ਨੇ ਵਾਲ ਵੱਖ-ਵੱਖ ਤਰੀਕਿਆਂ ਨਾਲ ਕੱਟ ਕੇ ਸਜਾਏ ਹੋਏ ਸਨ ਅਤੇ ਉਨ੍ਹਾਂ ਸਾਰਿਆਂ ਨੇ ਫਰਾਕ ਗੋਡਿਆਂ ਤੋਂ ਉੱਚੇ ਪਾਏ ਹੋਏ ਸਨ। ਪਾਊਡਰ, ਲਿਪਸਟਿਕ ਅਤੇ ਨੇਲ ਪਾਲਿਸ਼ ਖੁੱਲ੍ਹੇ ਤੌਰ 'ਤੇ ਇਸਤੇਮਾਲ ਕੀਤੇ ਗਏ ਸਨ। ਅਮਰੀਕਨ ਮਰਦ ਬਹੁਤ ਹੀ ਉੱਚੇ ਕੱਦ ਦੇ ਖੂਬਸੂਰਤ ਅਤੇ ਤੰਦਰੁਸਤ ਨਜ਼ਰ ਆਉਂਦੇ ਸਨ।

ਕਹਾਣੀ

# ਦੇਵਤੇ

***ਸੁਰਿੰਦਰ ਗੀਤ ਦੀ ਕਹਾਣੀ 'ਦੇਵਤੇ' ਸਮਾਜ ਦੇ ਚੰਗੇ ਅਤੇ ਮਾੜੇ, ਦੋਵੇਂ ਪੱਖ ਬਾਖੂਬੀ ਉਜਾਗਰ ਕਰਦੀ ਹੈ। ਸਮਾਜਕ ਆਰਥਕ ਗਿਣਤੀਆਂ-ਮਿਣਤੀਆਂ ਮਨੁੱਖ ਨੂੰ ਅਕਸਰ ਲੀਹ ਤੋਂ ਲਾਹ ਦਿੰਦੀਆਂ ਹਨ ਪਰ ਇਸੇ ਸਮਾਜ ਅੰਦਰ, ਵੱਡੇ ਦਿਲ-ਗੁਰਦੇ ਵਾਲੇ ਬਥੇਰੇ ਜਿਊੜੇ ਵੀ ਵੱਸਦੇ ਹਨ ਜਿਹੜੇ ਡਿੱਗੇ ਮਨੁੱਖ ਨੂੰ ਬਾਂਹ ਤੋਂ ਫੜ ਕੇ ਉਠਣ ਦਾ ਸਬਬ ਬਣਦੇ ਹਨ।***

ਮੈਂ ਸਿਟੀ ਹਾਲ 'ਚ ਟਰਾਂਸਪੋਰਟ ਪਲੈਨਿੰਗ 'ਚ ਕੰਮ ਕਰਦੀ ਸਾਂ। ਇਕ ਦਿਨ ਮੈਂ ਕੈਫੇਟੇਰੀਏ ਵਿਚ ਕਾਫ਼ੀ ਦਾ ਕੱਪ ਲੈਣ ਗਈ। ਮੈਂ ਦੇਖਿਆ, ਕੈਸ਼ ਮਸ਼ੀਨ 'ਤੇ ਇਕ 50 ਕੁ ਸਾਲ ਦੀ ਪੰਜਾਬੀ ਔਰਤ ਬੜੇ ਸੁਚੱਜੇ ਢੰਗ ਨਾਲ ਗਾਹਕ ਨਿਪਟਾ ਰਹੀ ਸੀ। ਸਭ ਨੂੰ ਗੁਡ ਮਾਰਨਿੰਗ ਕਹਿ ਕੇ ਪੈਸੇ ਫੜਨੇ ਤੇ ਬੜੇ ਅਦਬ ਨਾਲ ਸਾਮਾਨ ਕਾਗਜ਼ ਦੇ ਲਿਫਾਫੇ 'ਚ ਪਾ ਗਾਹਕ ਨੂੰ ਫੜਾਉਣ ਲੱਗਿਆਂ 'ਹੈਵ ਏ ਨਾਈਸ ਡੇਅ' ਕਹਿਣਾ ਸਿੱਧ ਕਰਦਾ ਸੀ ਕਿ ਉਹ ਆਪਣੇ ਕੰਮ ਵਿਚ ਮੁਹਾਰਤ ਰੱਖਦੀ ਹੈ। ਉਮਰ ਦੇ ਪੰਜਾਵਿਆਂ ਵਿਚ ਵੀ ਉਹ ਬਹੁਤ ਸੋਹਣੀ ਲੱਗ ਰਹੀ ਸੀ। ਜਵਾਨੀ ਵਿਚ ਤਾਂ ਕਾਫ਼ੀ ਸੁਨੱਖੀ ਰਹੀ ਹੋਵੇਗੀ। ਮੈਂ ਮਨ ਹੀ ਮਨ ਸੋਚਿਆ।

ਮੇਰੀ ਵਾਰੀ ਆਉਣ 'ਤੇ ਉਸ ਮੈਨੂੰ 'ਸਤਿ ਸ੍ਰੀ ਅਕਾਲ ਬੁਲਾਈ' ਤੇ ਮੈਂ ਪੁੱਛ ਲਿਆ ਕਿ ਕੀ ਉਹ ਅੱਜ ਪਹਿਲੇ ਦਿਨ ਕੰਮ 'ਤੇ ਆਈ ਹੈ।

ਉਹ ਕਾਹਲੀ ਨਾਲ ਪੈਸੇ ਫੜਾਉਂਦਿਆਂ ਬੋਲੀ, 'ਨਹੀਂ ਕੁਝ ਦਿਨਾਂ ਤੋਂ ਆ ਰਹੀ ਹਾਂ।'

ਗਾਹਕਾਂ ਦੀ ਲੰਬੀ ਕਤਾਰ ਦੇਖ ਕੇ ਮੈਂ ਬਹੁਤੀ ਗੱਲ ਕਰਨੀ ਠੀਕ ਨਾ ਸਮਝੀ। ਪਰ ਉਸਦੀ ਕਮੀਜ਼ 'ਤੇ ਟੰਗੀ ਨੇਮ ਪਲੇਟ ਤੋਂ ਉਸਦਾ ਨਾਮ ਪੜ੍ਹ ਲਿਆ- ਪ੍ਰੀਤ ਬਰਾੜ।



**ਸੁਰਿੰਦਰ ਗੀਤ**
**ਫੋਨ: 403 605 3734**

ਉਸ ਤੋਂ ਬਾਅਦ ਉਸਦਾ ਮਿਲਣਾ ਆਮ ਹੋ ਗਿਆ। ਉਹ ਦੂਰੋਂ ਦੇਖ ਮੈਨੂੰ ਹੈਲੋ ਆਖਦੀ ਤੇ ਮੈਂ ਵੀ ਉਸ ਨਾਲ ਨੇੜਤਾ ਦਿਖਾਉਣ ਲੱਗ ਪਈ। ਮੇਰੇ ਤੇ ਉਸਦੇ ਕੰਮ ਦਾ ਟਾਈਮ ਨਹੀਂ ਸੀ ਮਿਲਦਾ, ਇਸ ਕਾਰਨ ਹੈਲੋ ਦਾ ਸਿਲਸਿਲਾ ਕਈ ਮਹੀਨੇ ਚੱਲਦਾ ਰਿਹਾ।

ਸਮਾਂ ਬੀਤਦਾ ਗਿਆ। ਦਿਨ, ਮਹੀਨੇ ਤੇ ਫਿਰ ਦੋ ਸਾਲ। ਇਕ ਦਿਨ ਮੈਂ ਉਸਨੂੰ ਟਰੇਨ ਵਿਚ ਇਕ ਸੀਟ 'ਤੇ ਬੈਠਿਆਂ ਦੇਖ ਹੈਰਾਨ ਹੋ ਗਈ। ਸਬੱਬ ਨਾਲ ਉਸਦੇ ਨਾਲ ਦੀ ਸੀਟ ਖਾਲੀ ਸੀ। ਉਸਨੂੰ ਦੇਖ ਮੈਨੂੰ ਚਾਅ ਜਿਹਾ ਚੜ੍ਹ ਗਿਆ।

ਮੈਂ ਉਸਦੇ ਨਾਲ ਦੀ ਖਾਲੀ ਪਈ ਸੀਟ 'ਤੇ ਬੈਠ ਗਈ। ਉਸਨੇ ਆਪਣੇ ਪਰਸ 'ਚੋਂ ਨੋਟਬੁੱਕ ਕੱਢੀ ਤੇ ਮੇਰਾ ਫ਼ੋਨ ਨੰਬਰ ਮੰਗਣ ਲੱਗੀ।

ਮੈਂ ਆਪਣੇ ਦਫਤਰ ਦਾ ਆਪਣੀ ਪਰਸਨਲ ਲਾਈਨ ਦਾ ਨੰਬਰ ਦੇ ਦਿੱਤਾ ਪਰ ਉਸਨੇ ਘਰ ਦਾ ਫੋਨ ਵੀ ਮੰਗ ਲਿਆ। ਮੈਂ ਬਿਨਾਂ ਕਿਸੇ ਝਿਜਕ ਦੇ ਦੋਨੋਂ ਫੋਨ ਉਸ ਨੂੰ ਲਿਖਵਾ ਦਿੱਤੇ।

ਨੋਟਬੁੱਕ ਪਰਸ ਵਿਚ ਪਾਉਂਦਿਆਂ ਉਸਨੇ ਪੁੱਛਿਆ, ਕੀ ਗਿੱਲ ਗੋਤ ਤੁਹਾਡੇ ਸਹੁਰਿਆਂ ਦਾ ਹੈ। ਮੈਨੂੰ ਇਸ ਸਵਾਲ 'ਤੇ ਕੋਈ ਹੈਰਾਨੀ ਨਾ ਹੋਈ। ਪੰਜਾਬੀ ਔਰਤਾਂ ਕਿਸੇ ਨੂੰ ਮਿਲਣ ਸਮੇਂ ਪੇਕਿਆਂ-ਸਹੁਰਿਆਂ ਦੇ ਪਿੰਡ ਤੇ ਗੋਤ ਬਾਰੇ ਜ਼ਰੂਰ ਗੱਲ ਕਰਦੀਆਂ ਹਨ।

'ਹਾਂ, ਗਿੱਲ ਮੇਰੇ ਸਹੁਰਿਆਂ ਦਾ ਗੋਤ ਹੈ ਤੇ ਮੇਰੇ ਪੇਕੇ ਧਾਲੀਵਾਲ ਹਨ।'

ਮੇਰੇ ਮੂੰਹੋਂ 'ਧਾਲੀਵਾਲ' ਸੁਣ ਉਸ ਦੀਆਂ ਅੱਖਾਂ ਚਮਕ ਉਠੀਆਂ।

'ਲੈ ਫਿਰ ਤਾਂ ਆਪਾਂ ਭੈਣਾਂ-ਭੈਣਾਂ ਹੋਈਆਂ, ਕਹਿ ਕੇ ਉਸਨੇ ਮੇਰਾ ਹੱਥ ਆਪਣੇ ਹੱਥ ਵਿਚ ਘੁੱਟ ਲਿਆ। ਮੈਨੂੰ ਵੀ ਉਹ ਡਾਢੀ ਪਿਆਰੀ ਲੱਗੀ।

ਉਸ ਦੱਸਿਆ ਕਿ ਉਸਨੇ ਨਵਾਂ ਘਰ ਲੈ ਲਿਆ ਹੈ ਅਤੇ ਕੰਮ 'ਤੇ ਟਰੇਨ 'ਤੇ ਹੀ ਆਇਆ ਕਰੇਗੀ।

ਉਹ ਮੈਨੂੰ ਕੁਝ ਉਦਾਸ ਜਾਪੀ। ਪਹਿਲੀ ਵਾਰ ਟਰੇਨ 'ਚ ਏਨਾ ਕੋਲ ਹੋ ਕੇ ਮਿਲੀ ਸੀ। ਉਦਾਸੀ ਦਾ ਕਾਰਨ ਪੁੱਛਣਾ ਮੁਨਾਸਿਬ ਨਾ ਸਮਝਿਆ। ਮੈਂ ਏਨਾ ਹੀ ਕਹਿ ਸਕੀ, 'ਘਰ ਪਰਿਵਾਰ ਸਭ ਠੀਕ ਹੈ?'

ਉਸਨੇ ਮਾਮੂਲੀ ਜਿਹੀ 'ਹਾਂ' ਵਿਚ ਸਿਰ ਹਿਲਾਇਆ।

ਮੈਂ ਸਮਝ ਗਈ ਕਿ ਸਭ ਠੀਕ ਨਹੀਂ ਹੈ।

ਪਰ ਮੈਂ ਚੁੱਪ ਰਹਿਣਾ ਹੀ ਠੀਕ ਸਮਝਿਆ। ਟਰੇਨ ਦੀ ਤੇਜ਼ ਰਫਤਾਰ ਨੇ ਛੇ ਸੱਤ ਮਿੰਟਾਂ ਵਿਚ ਹੀ ਸਿਟੀ ਹਾਲ ਦੇ ਸਟੇਸ਼ਨ 'ਤੇ ਲਾ ਦਿੱਤਾ। ਅਸੀਂ ਦੋਨੋਂ ਕਾਹਲੇ ਕਦਮੀਂ ਸਿਟੀ ਹਾਲ ਪੁੱਜ ਗਈਆਂ। ਉਹ ਕੈਫੇਟੇਰੀਏ ਵਿਚ ਚਲੀ ਗਈ ਤੇ ਮੈਂ ਆਪਣੇ ਦਫਤਰ।

ਹੁਣ ਉਹ ਮੈਨੂੰ ਕਦੇ ਕਦੇ ਟਰੇਨ ਵਿਚ ਮਿਲ ਜਾਂਦੀ ਸੀ। ਮੈਨੂੰ ਅਕਸਰ ਹੀ ਉਦਾਸ ਰਹਿੰਦੀ। ਕਦੇ ਫਾਲਤੂ ਗੱਲ ਨਾ ਕਰਦੀ। ਕਰਦੀ ਵੀ ਕਿਵੇਂ, ਸਮਾਂ ਹੀ ਨਹੀਂ ਸੀ ਮਿਲਿਆ ਕਦੇ। ਟਰੇਨ 'ਚ ਮਿਲਣਾ ਤੇ ਗੱਲ ਇਕ ਦੂਸਰੇ ਨੂੰ ਹੈਲੋ ਕਹਿਣ ਤੱਕ ਹੀ ਸੀਮਤ ਰਹਿੰਦੀ। ਸਾਰੀ ਟਰੇਨ ਭਰੀ ਹੋਈ ਹੁੰਦੀ। ਬਹੁਤ ਲੋਕ ਡੰਡਿਆਂ ਨੂੰ ਹੱਥ ਪਾਈ ਖੜ੍ਹੇ ਹੁੰਦੇ। ਟਰੇਨ ਤੋਂ ਉਤਰ ਕੇ ਲੇਟ ਹੋਣ ਦੇ ਡਰੋਂ ਭੱਜ ਪੈਣਾ। ਉਸਨੂੰ ਮੇਰੇ ਤੋਂ ਜ਼ਿਆਦਾ ਕਾਹਲ ਹੁੰਦੀ।

ਸਮਾਂ ਬੀਤਦਾ ਗਿਆ। ਦਿਨ ਮਹੀਨੇ ਤੇ ਫਿਰ ਪੂਰਾ ਸਾਲ ਲੰਘ ਗਿਆ।

ਇਕ ਦਿਨ ਮੇਰੇ ਡੈਸਕ ਵਾਲੇ ਫੋਨ ਦੀ ਘੰਟੀ ਖੜਕੀ। ਫ਼ੋਨ ਦੀ ਕਾਲਰ ਆਈ ਡੀ ਤੋਂ 'ਕੈਫੇਟੇਰੀਆ' ਪੜ੍ਹ ਲਿਆ। ਪ੍ਰੀਤ ਹੀ ਹੋਣੀ ਹੈ, ਹੋਰ ਕੀਹਨੇ ਫੋਨ ਕਰਨਾ ਹੈ ਓਥੋਂ।

ਮੈਂ ਹੌਲੀ ਜਿਹੀ ਹੈਲੋ ਕਿਹਾ।

'ਭੈਣੇ! ਮਨ ਉਦਾਸ ਸੀ। ਬਰੇਕ 'ਤੇ ਸੀ, ਸੋਚਿਆ ਤੁਹਾਡੇ ਨਾਲ ਗੱਲ ਕਰ ਲਵਾਂ।'

ਮੈਂ ਸਮਝ ਗਈ ਕਿ ਗੱਲ ਮਿੰਟ ਜਾਂ ਦੋ ਮਿੰਟ ਦੀ ਨਹੀਂ ਹੋਣੀ। ਇਸ ਲਈ ਦਫ਼ਤਰ ਦੇ ਸਮੇਂ ਠੀਕ ਨਹੀਂ ਹੋਵੇਗਾ। ਮੈਂ ਪਿਆਰ ਤੇ ਅਪਣੱਤ ਜਤਾਉਂਦੇ ਹੋਏ ਕਿਹਾ, 'ਪ੍ਰੀਤ, ਇਸ ਵੇਲੇ ਦਫ਼ਤਰ 'ਚ ਕੰਮ ਬਹੁਤ ਹੈ। ਆਪਾਂ ਬਾਅਦ ਵਿਚ ਗੱਲ ਕਰਾਂਗੇ। ਜੇ ਠੀਕ ਸਮਝੋ ਤਾਂ ਮੈਂ ਸ਼ਾਮ ਨੂੰ ਘਰ ਜਾ ਕੇ ਫੋਨ ਕਰਾਂ।'

'ਤੁਹਾਡਾ ਲੰਚ ਟਾਈਮ ਕਦੋਂ ਹੁੰਦਾ ਹੈ?' ਉਸਨੇ ਪੁੱਛਿਆ।

ਮੈਂ ਸਮਝ ਗਈ ਕਿ ਉਹ ਮੈਨੂੰ ਮਿਲਣਾ ਚਾਹੁੰਦੀ ਹੈ।

'ਮੈਂ ਬਾਰ੍ਹਾਂ ਤੇ ਇਕ ਵਜੇ ਦੇ ਵਿਚਕਾਰ ਕਦੋਂ ਵੀ ਬਰੇਕ ਲੈ ਸਕਦੀ ਹਾਂ। ਇਕ ਘੰਟਾ ਵਿਹਲ ਹੁੰਦੀ ਹੈ। ਤੁਹਾਡੇ ਹਿਸਾਬ ਨਾਲ ਮੈਂ ਥੱਲੇ ਕੈਫੇਟੇਰੀਏ ਮੂਹਰੇ ਆ ਜਾਵਾਂਗੀ।'

ਮਿੱਥੇ ਸਮੇਂ ਅਨੁਸਾਰ ਮੈਂ ਕੈਫੇਟੇਰੀਏ ਦੇ ਬਾਹਰ ਨਿਕਲਣ ਵਾਲੇ ਦਰਵਾਜ਼ੇ ਕੋਲ ਚਲੀ ਗਈ। ਉਹ ਬਹੁਤ ਉਦਾਸ ਸੀ। ਅੱਖਾਂ ਦੀ ਲਾਲੀ ਦੱਸ ਰਹੀ ਸੀ ਕਿ ਉਹ ਹੁਣੇ ਹੁਣੇ ਰੋ ਕੇ ਹਟੀ ਹੈ। ਮੈਨੂੰ ਦੇਖ ਕੇ ਉਸ ਦੀਆਂ ਅੱਖਾਂ ਦੋਬਾਰਾ ਭਰ ਆਈਆਂ। ਬਿਨਾਂ ਇਕ ਦੂਸਰੇ ਨਾਲ ਗੱਲ ਕੀਤਿਆਂ ਨਾਲ ਲੱਗਦੇ ਪਾਰਕ ਵਿਚ ਬੈਠ ਗਈਆਂ।

'ਅੱਜ ਬਹੁਤ ਸੋਹਣਾ ਦਿਨ ਹੈ। ਧੁੱਪ ਵੀ ਬਹੁਤ ਪਿਆਰੀ ਹੈ', ਮੈਂ ਚੁੱਪ ਤੋੜਨ ਲਈ ਕਿਹਾ।

ਉਸਨੇ ਮੇਰੀ ਗੱਲ ਦਾ ਕੋਈ ਹੁੰਗਾਰਾ ਨਾ ਭਰਿਆ। ਮੈਨੂੰ ਜਾਪਿਆ ਜਿਵੇਂ ਉਸਨੇ ਮੇਰੀ ਗੱਲ ਸੁਣੀ ਹੀ ਨਹੀਂ। ਮੈਂ ਕੋਸ਼ਿਸ਼ ਕਰ ਰਹੀ ਸਾਂ ਕਿ ਕਿਵੇਂ ਨਾ ਕਿਵੇਂ ਉਹ ਆਪਣੇ ਦਿਲ ਦੀ ਭੜਾਸ ਕੱਢੇ, ਜਿਸ ਕਾਰਨ ਉਹ ਮਿਲਣਾ ਚਾਹੁੰਦੀ ਸੀ।

ਦੋ ਕੁ ਮਿੰਟ ਦੀ ਚੁੱਪ ਤੋਂ ਬਾਅਦ ਮੈਂ ਕਿਹਾ, 'ਪ੍ਰੀਤ, ਤੇਰੀਆਂ ਅੱਖਾਂ ਲਾਲ ਕਿਉਂ ਹਨ ਤੇ ਨਾਲੇ ਤੂੰ ਉਦਾਸ ਲੱਗਦੀ ਹੈਂ?'

ਉਸ ਦੀਆਂ ਅੱਖਾਂ ਫਿਰ ਭਰ ਆਈਆਂ। ਆਪਣੇ ਪਰਸ 'ਚੋਂ ਪੇਪਰ ਨੈਪਕਿਨ ਕੱਢ ਉਹ ਅੱਖਾਂ ਪੂੰਝਣ ਲੱਗੀ।

ਮੈਂ ਹੌਲੀ ਹੌਲੀ ਉਸਦੀ ਬਾਂਹ ਪਲੋਸ ਰਹੀ ਸਾਂ ਤੇ ਉਹ ਰੋ ਰਹੀ ਸੀ।

ਦੋ ਕੁ ਮਿੰਟ ਰੋ ਕੇ ਉਸ ਨੇ ਕੁਝ ਕਹਿਣ ਦਾ ਹੌਸਲਾ ਕੀਤਾ। 'ਭੈਣ ਹੱਥਾਂ ਦੀਆਂ ਦਿੱਤੀਆਂ ਦੰਦਾਂ ਨਾਲ ਖੋਲ੍ਹਣੀਆਂ ਪੈਂਦੀਆਂ ਹਨ।'

ਉਸਦੀ ਗੱਲ ਸੁਣ ਕੇ ਮੈਂ ਕਿਹਾ, 'ਹਾਂ ਪ੍ਰੀਤ, ਇਹ ਤਾਂ ਹੈ।'

'ਭੈਣੇ ਮੇਰੀ ਤਾਂ ਲੰਬੀ ਕਹਾਣੀ ਹੈ। ਮਨ ਬਾਹਲਾ ਹੀ ਭਰਿਆ ਪਿਆ ਸੀ। ਅੱਜ ਖਿਆਲ ਆਇਆ ਕਿ ਭੈਣ ਨਾਲ ਦੁੱਖ ਸਾਂਝਾ ਕਰਦੀ ਹਾਂ। ਇਸ ਸ਼ਹਿਰ ਵਿਚ ਤੁਸੀਂ ਹੀ ਮੈਨੂੰ ਮੇਰੇ ਲੱਗਦੇ ਹੋ।' ਕਹਿੰਦਿਆਂ ਉਸਨੇ ਮੇਰਾ ਹੱਥ ਫੜ ਲਿਆ।

ਮੈਂ ਘੜੀ ਦੇਖੀ। ਟਾਈਮ ਤਾਂ ਭੱਜਿਆ ਹੀ ਜਾਂਦਾ ਸੀ।

ਮੈਂ ਆਪਣੇ ਬੈਗ 'ਚੋਂ ਦੋ ਸੈਂਡਵਿਚ ਕੱਢੇ। ਇਕ ਉਸਨੂੰ ਫੜਾ ਦੂਜਾ ਆਪ ਖਾਣ ਲੱਗ ਪਈ। ਉਸਨੇ ਅੱਧਾ ਕੁ ਸੈਂਡਵਿਚ ਖਾਧਾ ਤੇ ਬਾਕੀ ਦਾ ਲਪੇਟ ਕੇ ਆਪਣੇ ਪਰਸ ਵਿਚ ਇਹ ਕਹਿੰਦਿਆਂ ਪਾ ਲਿਆ ਕਿ ਠਹਿਰ ਕੇ ਖਾਵਾਂਗੀ।

'ਭੈਣ, ਤੁਸੀਂ ਕਿੱਥੇ ਰਹਿੰਦੇ ਹੋ?'

'ਮਾਨਟਰੇ ਪਾਰਕ', 'ਫਿਰ ਤਾਂ ਨੇੜੇ ਹੀ ਹੈ। ਮੈਂ ਵਾਈਟਹਾਰਨ 'ਚ ਰਹਿੰਦੀ ਹਾਂ,'

ਉਸਨੇ ਘੜੀ ਦੇਖੀ। ਲੰਚ ਦਾ ਸਮਾਂ ਖਤਮ ਹੋ ਚੁੱਕਾ ਸੀ ਤੇ ਉਹ ਕਾਹਲੀ ਨਾਲ ਉਠ ਖਲੋਤੀ।

ਮੈਂ ਕੈਫੇਟੇਰੀਏ ਤਕ ਉਸਦਾ ਸਾਥ ਦਿੱਤਾ ਤੇ ਕੁਝ ਦੇਰ ਲਈ ਮੇਨ ਲੌਬੀ ਵਿਚ ਨਿਵੇਕਲੀ ਜੇਹੀ ਕੁਰਸੀ ਦੇਖ ਕੇ ਬੈਠ ਗਈ ਕਿਉਂਕਿ ਮੇਰੇ ਕੋਲ ਅਜੇ ਅੱਧਾ ਕੁ ਘੰਟਾ ਬਾਕੀ ਸੀ। ਮੈਂ ਉਸ



ਬਾਰੇ ਸੋਚ ਰਹੀ ਸਾਂ। ਤਰ੍ਹਾਂ ਤਰ੍ਹਾਂ ਦੇ ਖਿਆਲ ਮੇਰੇ ਦੁਆਲੇ ਘੁੰਮ ਰਹੇ ਸਨ।

ਮੈਂ ਤਾਂ ਇਹ ਵੀ ਨਹੀਂ ਪੁੱਛਿਆ ਕਿ ਉਸਦੇ ਘਰ ਵਿਚ ਕੌਣ-ਕੌਣ ਹਨ। ਉਸਦਾ ਪਤੀ ਕੀ ਕਰਦਾ ਹੈ। ਉਸਦੇ ਬੱਚੇ ਕਿੰਨੇ ਹਨ ਵਗੈਰਾ ਵਗੈਰਾ...।

ਕੀਤੇ ਵਾਅਦੇ ਅਨੁਸਾਰ ਮੈਂ ਰੋਟੀ ਪਾਣੀ ਤੋਂ ਵਿਹਲੀ ਹੋ ਫ਼ੋਨ ਕੀਤਾ ਪਰ ਉਸਨੇ ਜਵਾਬ ਨਾ ਦਿੱਤਾ। ਸੌਣ ਤੋਂ ਪਹਿਲਾਂ ਦੋ ਕੁ ਵਾਰ ਮੈਂ ਕੋਸ਼ਿਸ਼ ਕੀਤੀ ਪਰ ਉਸਨੇ ਫ਼ੋਨ ਨਹੀਂ ਚੁੱਕਿਆ।

ਸੋਚਿਆ ਕਿਸੇ ਕੰਮ ਵਿਚ ਮਸ਼ਰੂਫ ਹੋਵੇਗੀ। ਕਲ੍ਹ ਨੂੰ ਟਰੇਨ ਵਿਚ ਮਿਲ ਜਾਵੇਗੀ।

ਉਹ ਟਰੇਨ ਵਿਚ ਨਹੀਂ ਮਿਲੀ। ਮੈਂ ਕੈਫ਼ੇਟੇਰੀਏ ਵਿਚ ਨਿਗ੍ਹਾ ਮਾਰੀ। ਉਹ ਓਥੇ ਵੀ ਨਹੀਂ ਸੀ। ਲੰਚ ਟਾਈਮ ਫ਼ੋਨ ਕੀਤਾ। ਕੇਵਲ ਫੋਨ ਦੀ ਘੰਟੀ ਦੀ ਆਵਾਜ਼ ਆਈ। ਚਿੱਤ ਤਾਂ ਕੀਤਾ, ਉਸ ਦੇ ਘਰ ਜਾ ਕੇ ਪਤਾ ਕਰਾਂ, ਪਰ ਮੇਰੇ ਕੋਲ ਤਾਂ ਉਸਦਾ ਐਡਰੈੱਸ ਨਹੀਂ ਹੈ। ਵਿਚਾਰੀ ਕਿੰਨੇ ਪਿਆਰ ਨਾਲ 'ਭੈਣ' ਕਹਿੰਦੀ ਹੈ ਤੇ ਨਾਲੇ ਹੈ ਵੀ ਧਾਲੀਵਾਲਾਂ ਦੀ ਧੀ।

ਅਗਲਾ ਦਿਨ ਸ਼ਨਿਚਰਵਾਰ ਸੀ। ਕੰਮ ਤੋਂ ਛੁੱਟੀ ਸੀ। ਛੁੱਟੀ ਵਾਲੇ ਦਿਨ ਮੈਂ ਅਕਸਰ ਕੁਝ ਦੇਰੀ ਨਾਲ ਉਠਦੀ ਪਰ ਫ਼ੋਨ ਦੀ ਘੰਟੀ ਨੇ ਜਗਾ ਦਿੱਤਾ। 'ਭੈਣੇ, ਮੈਂ ਤੈਨੂੰ ਮਿਲਣਾ ਚਾਹੁੰਦੀ ਹਾਂ।'

ਉਸਦੇ ਬੋਲ ਵਿਚ ਲੋਹੜੇ ਦੀ ਅਪਣੱਤ ਸੀ।

'ਹਾਂ...ਹਾਂ ਪ੍ਰੀਤ...ਮੈਨੂੰ ਤੇਰੀ ਚਿੰਤਾ ਹੋ ਰਹੀ ਸੀ। ਚੰਗਾ ਕੀਤਾ ਤੂੰ ਫ਼ੋਨ ਕਰ ਲਿਆ।'

'ਭੈਣ ਤੂੰ ਮੇਰੇ ਘਰ ਆ ਸਕਦੀ ਹੈਂ?'

ਮੈਂ ਮਿੰਟ ਕੁ ਲਈ ਸੋਚਿਆ ਤੇ ਕਿਹਾ, 'ਹਾਂ, ਆ ਸਕਦੀ ਹਾਂ ਪਰ ਜ਼ਰਾ ਠਹਿਰ ਕੇ। ਮੈਂ ਤਾਂ ਅਜੇ ਬਿਸਤਰੇ ਵਿਚ ਹੀ ਪਈ ਹਾਂ। ਮੇਰੇ ਹਸਬੈਂਡ ਵੈਨਕੂਵਰ ਗਏ ਹੋਏ ਹਨ। ਘਰ ਦਾ ਕੁਝ ਕੰਮ ਕਰ ਲਵਾਂ ਤੇ ਫਿਰ ਮੈਂ ਵਿਹਲੀ ਹੀ ਹਾਂ।'

'ਭੈਣੇ...ਮਨ ਬਹੁਤ ਹੀ ਖਰਾਬ ਹੈ।'

'ਕਿਹੜੀ ਗੱਲੋਂ', ਉਹ ਫਿਰ ਰੋਣ ਲੱਗ ਪਈ।

'ਪ੍ਰੀਤ, ਫਿਕਰ ਨਾ ਕਰ। ਮੈਂ ਬਾਰ੍ਹਾਂ ਕੁ ਵਜੇ ਆ ਜਾਵਾਂਗੀ। ਆਪਣਾ ਐਡਰੈੱਸ ਲਿਖਵਾ।'

ਜਿਵੇਂ ਹੀ ਮੈਂ ਐਡਰੈੱਸ ਲਿਖਿਆ, ਇਕ ਸੋਚ ਨੇ ਮੈਨੂੰ ਘੇਰ ਲਿਆ। ਮੈਂ ਵੀ ਕਿੰਨੀ ਪਾਗਲ ਹਾਂ। ਇਹ ਤਾਂ ਪੁੱਛਿਆ ਹੀ ਨਹੀਂ ਕਿ ਉਸਦੇ ਘਰ ਹੋਰ ਕੌਣ ਹੋਵੇਗਾ। ਜੇ ਕਿਤੇ ਕੋਈ ਪਰਿਵਾਰਕ ਲੜਾਈ-ਝਗੜਾ ਹੋਇਆ ਤਾਂ ਕਿਤੇ ਮੇਰੇ ਜਾਣ ਨਾਲ ਵਧ ਹੀ ਨਾ ਜਾਵੇ।

ਉਸ ਦੇ ਘਰ ਬਾਰੇ ਜਾਣਕਾਰੀ ਲੈਣ ਲਈ ਮੈਂ ਦੋਬਾਰਾ ਫੋਨ ਕਰ ਲਿਆ। ਉਸਨੇ ਦੱਸਿਆ ਕਿ ਇਸ ਸਮੇਂ ਇਕੱਲੀ ਹੈ।

ਘਰ ਦਾ ਕੰਮ ਕਾਹਲੀ ਨਾਲ ਨਿਪਟਾ ਕੇ ਮੈਂ ਬਾਰ੍ਹਾਂ ਕੁ ਵਜੇ ਉਸ ਦੇ ਘਰ ਪੁੱਜ ਗਈ। ਲਿਵਿੰਗ ਰੂਮ ਦੀ ਸ਼ੀਸ਼ੇ ਦੀ ਬਾਰੀ 'ਚ ਖੜ੍ਹੀ ਉਹ ਮੈਨੂੰ ਉਡੀਕ ਰਹੀ ਸੀ। ਸ਼ਾਇਦ ਅਜੇ ਨਾਤ੍ਹੀ ਵੀ ਨਹੀਂ ਸੀ। ਘਰ ਪਾਉਣ ਵਾਲਾ ਕਾਟਨ ਦਾ ਪੰਜਾਬੀ ਸੂਟ ਪਾਇਆ ਹੋਇਆ ਸੀ ਤੇ ਉਹ ਵੀ ਵੱਟੋ-ਵੱਟ ਹੋਇਆ ਪਿਆ ਸੀ। ਵਾਲ ਵੀ ਅਣ-ਵਾਹੇ ਜਿਹੇ ਲੱਗਦੇ ਸਨ। ਚਿਹਰੇ 'ਤੇ ਉਦਾਸੀ ਦੇ ਬੱਦਲ ਏਨੇ ਸੰਘਣੇ ਸਨ ਕਿ ਉਸਦਾ ਅਸਲ ਚਿਹਰਾ ਦਿਖਾਈ ਨਹੀਂ ਸੀ ਦਿੰਦਾ। ਅੱਖਾਂ ਸੁੱਜੀਆਂ ਹੋਈਆਂ ਤੇ ਲਾਲ ਸਨ।

ਮੈਂ ਨਿਗ੍ਹਾ ਸਾਰੇ ਘਰ 'ਤੇ ਮਾਰੀ। ਗੁਜ਼ਾਰੇ ਕੁ ਜੋਗਾ ਦੋ ਬੈਡਰੂਮ ਦਾ ਘਰ ਸੀ ਤੇ ਛੋਟੀ ਜੇਹੀ ਕਿਚਨ। ਬੇਸਮੈਂਟ ਖਾਲੀ ਜਾਪਦੀ ਸੀ। ਇਕ ਬੈਡਰੂਮ ਵਿਚ ਕੁਝ ਸਾਮਾਨ ਖਿਲਰਿਆ ਪਿਆ ਸੀ। ਕਿਚਨ 'ਚ ਚਾਹ ਵਾਲਾ ਪਤੀਲਾ ਸਟੋਵ ਉਪਰ ਹੀ ਪਿਆ ਸੀ। ਮੈਂ ਬਿਨਾਂ ਕਿਸੇ ਉਚੇਚ ਦੇ ਸੋਫੇ 'ਤੇ ਬੈਠ ਗਈ। ਉਹ ਮੇਰੇ ਨਾਲ ਲੱਗ ਕੇ ਬੈਠ ਗਈ ਜਿਵੇਂ ਬੈਠਣ ਲਈ ਵੀ ਸਹਾਰਾ ਭਾਲਦੀ ਹੋਵੇ। ਉਸਦੇ ਚਿਹਰੇ ਤੇ ਅੱਖਾਂ ਤੋਂ ਜਾਣ ਲਿਆ ਕਿ ਇਹ ਕਿਸੇ ਵੱਡੀ ਮੁਸੀਬਤ ਵਿਚ ਹੈ। ਦੋ ਕੁ ਮਿੰਟ ਬੈਠ ਉਹ ਚਾਹ ਲਿਆਉਣ ਲਈ ਉਠੀ। ਮੈਂ ਵੀ ਕਿਚਨ 'ਚ ਉਸਦੇ ਮਗਰ ਚਲੀ ਗਈ।

'ਪ੍ਰੀਤ ਤੂੰ ਇਕੱਲੀ ਹੀ ਰਹਿੰਦੀ ਹੈਂ ਏਥੇ,' ਮੈਂ ਕਿਹਾ।

ਉਹ ਫਿਰ ਰੋਣ ਲੱਗ ਪਈ।

ਮੈਂ ਕੁਝ ਸਖਤੀ ਨਾਲ ਕਿਹਾ, ਗੱਲ ਤਾਂ ਦੱਸ। ਤੈਨੂੰ ਕੀ ਮੱਦਦ ਚਾਹੀਦੀ ਹੈ?'

'ਮੇਰੀ ਬੇਟੀ ਅੱਜ ਮੈਨੂੰ ਛੱਡ ਕੇ ਚਲੀ ਗਈ ਹੈ। ਮੇਰਾ ਤਾਂ ਮਰ ਜਾਣ ਨੂੰ ਜੀਅ ਕਰਦਾ ਹੈ। ਕੀ ਦੱਸਾਂ, ਗਲਤੀਆਂ ਤਾਂ ਸਾਰੀਆਂ ਮੇਰੀਆਂ ਹੀ ਹਨ। ਉਸਨੂੰ ਕਿਵੇਂ ਦੋਸ਼ੀ ਕਹਾਂ। ਉਹ ਤਾਂ ਆਪਣੇ ਥਾਂ ਸੱਚੀ ਹੈ,' ਉਸਨੇ ਬੜਾ ਹੀ ਜ਼ੋਰ ਲਾ ਕੇ ਆਪਣੇ ਮੂੰਹੋਂ ਇਹ ਸ਼ਬਦ ਕੱਢੇ।

ਫਿਰ...।

'ਭੈਣ ਕੀ ਦੱਸਾਂ, ਜਦੋਂ ਮੱਤ ਮਾਰੀ ਜਾਂਦੀ ਹੈ ਓਦੋਂ ਪਤਾ ਨੀ ਲੱਗਦਾ, 'ਉਸਨੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੇ ਕਿਹਾ।

'ਉਹ ਤਾਂ ਹੈ,' ਮੈਂ ਉਸਦੇ ਚਿਹਰੇ ਵੱਲ ਤੱਕਦਿਆਂ ਕਿਹਾ।

ਮੇਰੇ ਪਹੁੰਚਣ ਤੋਂ ਪਹਿਲਾਂ ਹੀ ਬਣਾ ਕੇ ਰੱਖੀ ਚਾਹ ਉਸਨੇ ਦੋ ਕੱਪਾਂ ਵਿਚ ਪਾਈ ਤੇ ਟੇਬਲ 'ਤੇ ਰੱਖ ਲਈ। ਉਸਦੇ ਜਿਵੇਂ ਹੱਥ ਤਾਂ ਕੀ ਸਾਰਾ ਸਰੀਰ ਹੀ ਕੰਬ ਰਿਹਾ ਸੀ।

'ਹਾਂ ਦੱਸ ਕੀ ਗੱਲ ਹੈ, ਮੈਂ ਗੱਲ ਤੋਰਨ ਲਈ ਕਿਹਾ'।

ਭੈਣ, ਕੀ ਦੱਸਾਂ। ਕਹਾਣੀ ਅਜੀਬ ਜੇਹੀ ਹੈ। 1985 'ਚ ਮੇਰਾ ਵਿਆਹ ਹੋ ਗਿਆ। ਮੁੰਡਾ ਏਧਰੋਂ ਗਿਆ ਸੀ ਵਿਆਹ ਕਰਵਾਉਣ। ਸਾਰਾ ਕੁਝ ਮੇਰੀ ਸਹਿਮਤੀ ਨਾਲ ਹੋਇਆ। ਘਰ-ਬਾਰ ਚੰਗਾ ਸੀ ਪਰ ਉਹਦੀ ਲੱਤ ਵਿਚ ਨੁਕਸ ਸੀ। ਮਾੜਾ ਜਿਹਾ ਲੰਗੜਾ ਕੇ ਤੁਰਦਾ ਸੀ। ਮੇਰੇ ਪਿਉ ਕੋਲ ਕੁਲ ਤਿੰਨ ਏਕੜ ਜ਼ਮੀਨ ਸੀ। ਅਸੀਂ ਚਾਰ ਭੈਣ ਭਰਾ ਸਾਂ। ਭਰਾ ਤਿੰਨਾਂ ਭੈਣਾਂ ਤੋਂ ਛੋਟਾ ਸੀ। ਮੈਂ ਸਾਰਿਆਂ ਤੋਂ ਵੱਡੀ ਸੀ। ਬੀ.ਏ. ਕਰ ਲਈ ਸੀ। ਬਾਪੂ ਨੇ ਬੇਬੇ ਨਾਲ ਸਲਾਹ ਕੀਤੀ ਕਿ ਜੇਕਰ ਪ੍ਰੀਤ ਮਨ ਜਾਵੇ ਤਾਂ ਆਪਣੀ ਸਾਰੀ ਕਬੀਲਦਾਰੀ ਨਜਿੱਠੀ ਜਾ ਸਕਦੀ ਹੈ। ਸਭ ਤੋਂ ਵੱਡੀ ਗੱਲ ਇਹ ਕਿ ਉਨ੍ਹਾਂ ਦੀ ਦਾਜ ਦੀ ਕੋਈ ਮੰਗ ਨਹੀਂ ਸੀ।

'ਅੱਛਾ'।

'ਮੈਂ ਮੰਨ ਗਈ। ਵਿਆਹ ਹੋ ਗਿਆ। ਏਥੋਂ ਵੈਨਕੂਵਰੋਂ ਮੇਰੀ ਭੂਆ ਵੀ ਵਿਆਹ 'ਤੇ ਗਈ ਹੋਈ ਸੀ। ਵੀਹ ਕੁ ਦਿਨਾਂ ਬਾਅਦ ਜਗਦੀਪ ਵਾਪਿਸ ਵਿਨੀਪੈਗ ਆ ਗਿਆ। ਸਾਰਾ ਕੁਝ ਨਾਰਮਲ ਚੱਲਦਾ ਰਿਹਾ। ਮੇਰੇ ਸਹੁਰੇ ਘਰ ਵਿਚ ਮੇਰਾ ਮਾਣ-ਤਾਣ ਹੋਣ ਲੱਗਾ। ਜਗਦੀਪ ਦੇ ਵਾਪਿਸ ਆਉਣ ਬਾਅਦ ਮੇਰੀ ਭੂਆ ਨੇ ਮੈਨੂੰ ਪੱਟੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਮੁੰਡਾ ਲੰਗ ਮਾਰ ਕੇ ਤੁਰਦਾ ਤੇਰੇ ਨਾਲ ਭੋਰਾ ਵੀ ਨਹੀਂ ਜੱਚਦਾ। ਕੈਨੇਡਾ ਸੱਦ ਕੇ ਤਿੰਨਾਂ ਕੁੜੀਆਂ ਦੇ ਰਿਸ਼ਤੇ ਆਪਣੀਆਂ ਰਿਸ਼ਤੇਦਾਰੀਆਂ ਵਿਚ ਕਰਨੇ ਆ ਇਨ੍ਹਾਂ ਨੇ, ਕਾਕੇ 'ਤੇ ਵੀ ਕਬਜ਼ਾ ਕਰ ਲੈਣਾ ਹੈ।'

'ਕਾਕਾ...ਉਹ ਕੌਣ?'

'ਮੇਰਾ ਭਰਾ। ਸਾਰੀਆਂ ਭੈਣਾਂ ਤੋਂ ਛੋਟਾ,' ਉਸਨੇ ਹਉਕਾ ਲੈਂਦਿਆਂ ਕਿਹਾ।

ਮੈਂ ਪਾਣੀ ਦਾ ਗਲਾਸ ਉਸਨੂੰ ਫੜਾ ਦਿੱਤਾ। ਉਸਨੇ ਪਾਣੀ ਦੀ ਘੁੱਟ ਭਰੀ। ਪ੍ਰੀਤ ਦੇ ਹੱਥ ਕੰਬ ਰਹੇ ਸਨ। ਮੈਂ ਪ੍ਰੀਤ ਦੇ ਹੱਥੋਂ ਗਲਾਸ ਟੇਬਲ 'ਤੇ ਰੱਖਦਿਆਂ ਕਿਹਾ, ਫਿਰ ਕੀ ਹੋਇਆ ਪ੍ਰੀਤ?'

ਮੇਰੀ ਭੂਆ ਨੇ ਮੈਨੂੰ ਸਲਾਹ ਦਿੱਤੀ ਕਿ ਤੂੰ ਚੁੱਪ ਕਰ ਕੇ ਕੈਨੇਡਾ ਆ ਜਾ। ਵੈਨਕੂਵਰ ਦੀ ਸੀਟ ਬੁੱਕ ਕਰਵਾਵੀਂ। ਕਿਸੇ ਨੂੰ ਵੀ ਆਪਣੀ ਸਕੀਮ ਦੀ ਭਿਣਕ ਨਾ ਪੈਣ ਦੇਵੀਂ।

ਜਗਦੀਪ ਨੇ ਜਾਣ ਸਾਰ ਮੇਰਾ ਅਪਲਾਈ ਕਰ ਦਿੱਤਾ। ਪੰਜਾਂ ਕੁ ਮਹੀਨਿਆਂ ਬਾਅਦ ਮੇਰਾ ਵੀਜ਼ਾ ਆ ਗਿਆ।

ਮੇਰੀ ਸੀਟ ਬੁੱਕ ਹੋ ਗਈ। ਜਗਦੀਪ ਨੇ ਦਿਲ ਖੋਲ੍ਹ ਕੇ ਸ਼ਾਪਿੰਗ ਕਰਨ ਲਈ ਮੈਨੂੰ ਪੈਸੇ ਭੇਜੇ। ਮੈਂ ਆਪਣੀ ਸੱਸ ਤੇ ਨਨਾਣਾਂ ਲਈ ਸੂਟ ਖਰੀਦੇ। ਜਿਵੇਂ ਮੇਰੀ ਸੱਸ ਕਹੀ ਗਈ ਮੈਂ ਓਸੇ ਤਰ੍ਹਾਂ ਕਰਦੀ ਗਈ। ਕਿਸੇ ਨੂੰ ਭੋਰਾ ਵੀ ਸ਼ੱਕ ਨਾ ਹੋਇਆ।

ਵੈਨਕੂਵਰ ਤੋਂ ਅੱਗੇ ਮੇਰੀ ਸੀਟ ਵਿਨੀਪੈਗ ਦੀ ਬੁੱਕ ਹੋਈ ਸੀ, ਪਰ ਮੈਂ ਵਿਨੀਪੈਗ ਗਈ ਹੀ ਨਾ। ਮੇਰੀ ਭੂਆ ਮੈਨੂੰ ਵੈਨਕੂਵਰ ਏਅਰਪੋਰਟ ਤੋਂ ਆਪਣੇ ਘਰ ਲੈ ਗਈ। ਉਨ੍ਹਾਂ ਦਿਨਾਂ ਵਿਚ ਇਮੀਗਰੇਸ਼ਨ ਦੀ ਮੋਹਰ ਏਅਰਪੋਰਟ 'ਤੇ ਹੀ ਲੱਗ ਜਾਂਦੀ ਸੀ ਤੇ ਮੇਰੇ ਪਾਸਪੋਰਟ 'ਤੇ ਵੀ ਪੱਕੀ ਮੋਹਰ ਲੱਗ ਗਈ।

ਮੈਂ ਹੈਰਾਨ ਹੋ ਗਈ ਕਿ ਇਸ ਨੇ ਏਡਾ ਵੱਡਾ ਧੋਖਾ ਕੀਤਾ!

'ਆਹ ਤਾਂ ਤੂੰ ਬਹੁਤ ਮਾੜਾ ਕੀਤਾ।'

'ਬੱਸ, ਭੂਆ ਦੇ ਆਖੇ ਕਰੀ ਗਈ। ਭੂਆ ਨੇ ਕਿਹਾ ਸੀ ਕਿ ਜਗਦੀਪ ਨਾਲ ਜਦ ਤਲਾਕ ਹੋ ਗਿਆ ਤਾਂ ਤੇਰਾ ਕਿਸੇ ਚੰਗੇ ਸੋਹਣੇ ਸੁਨੱਖੇ ਮੁੰਡੇ ਨਾਲ ਵਿਆਹ ਕਰਾਂਗੇ। ਤੇਰੇ ਵਿਚ ਕੀ ਨੁਕਸ ਹੈ। ਬੀ. ਏ. ਕੀਤੀ ਹੋਈ ਹੈ। ਸੋਹਣੀ ਸੁਨੱਖੀ ਹੈਂ। ਲੰਗੇ ਜਿਹੇ ਤੋਂ ਕੀ ਲੈਣਾ ਹੈ। ਮੇਰੀ ਮੱਤ ਮਾਰੀ ਗਈ। ਉਸਦਾ ਸੱਸ-ਸਹੁਰਾ ਤੇ ਮੇਰਾ ਫੁੱਫੜ ਵੀ ਸਾਰੀ ਸਾਜ਼ਿਸ਼ ਵਿਚ ਸ਼ਾਮਿਲ ਸੀ। ਮੇਰੀ ਭੂਆ ਡਰਾਮਾ ਕਰੇ ਮੇਰੇ ਮਾਂ-ਪਿਓ ਮੂਹਰੇ ਕਿ ਇਹ ਜਗਦੀਪ ਨਾਲ ਰਹਿਣਾ ਨਹੀਂ ਚਾਹੁੰਦੀ।

***(ਬਾਕੀ ਅਗਲੇ ਸਫੇ 'ਤੇ)***

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਸਾਹਿਤ ਅਤੇ ਸੰਗੀਤ ਦੇ ਮਹਾਨ ਗਿਆਤਾ ਸਨ ਅਤੇ ਬ੍ਰਿਜ ਭਾਸ਼ਾ, ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ।

ਇੰਨਾ ਹੀ ਨਹੀਂ ਆਪ ਇਕ ਸੂਰਬੀਰ ਯੋਧਾ ਅਤੇ ਚੰਗੇ ਸੰਗੀਤਕਾਰ ਸਨ। ਆਪਣੇ 42 ਸਾਲਾਂ ਦੇ ਜੀਵਨ ਵਿਚ ਆਪ ਨੇ ਜਿੱਥੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਉਥੇ ਆਪ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਵੀ ਮਹਾਨ ਯੋਗਦਾਨ ਹੈ।



ਪ੍ਰੋ. ਅਜੈਪਾਲ ਸਿੰਘ ਚਵਿੰਡਾ
ਫੋਨ: 94642-65464

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨਾ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। ਇਹ ਕਾਰਜ ਦਮਦਮਾ ਸਾਹਿਬ ਵਿਚ ਰਹਿ ਕੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਕਰਵਾਇਆ।

ਦਸਮ ਗ੍ਰੰਥ ਦੀ ਰਚਨਾ: ਗੁਰੂ ਜੀ ਬ੍ਰਿਜ ਭਾਸ਼ਾ, ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਉਨ੍ਹਾਂ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ। ਗੁਰੂ ਜੀ ਦੀਆਂ ਆਪਣੀਆਂ ਅਤੇ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਦਾ ਸੰਕਲਨ ਦਸਮ ਗ੍ਰੰਥ ਦੇ ਰੂਪ ਵਿਚ ਕਰਵਾਇਆ। ਇਸ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਜੀ ਨੇ ਕੀਤਾ। ਰਾਜਨੀਤਕ ਹਾਲਾਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਉਨ੍ਹਾਂ ਦੁਆਰਾ ਰਚਿਤ ਬੀਰ ਕਾਵਿ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹਨ। ਉਨ੍ਹਾਂ ਦੇ ਦਰਬਾਰੀ ਕਵੀ ਵੀ ਉਨ੍ਹਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਦਸਮ ਗ੍ਰੰਥ 1428 ਪੰਨਿਆਂ ਦਾ ਇਕ ਵਿਸ਼ਾਲ ਅਕਾਰ ਦਾ ਗ੍ਰੰਥ ਹੈ।

ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ: ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਅਤੇ ਸੰਗੀਤ ਦੇ ਗਿਆਤਾ ਵੀ ਸਨ। ਗੁਰੂ ਜੀ ਦੀ ਮਹਾਨ ਬਾਣੀ ਵਿਚ ਸੰਗੀਤ ਪ੍ਰਤੀ ਉਨ੍ਹਾਂ ਦੀ ਸੂਖਮ ਸੂਝ ਦਾ ਗਿਆਨ ਮਿਲਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਢੋਲ, ਮ੍ਰਿਦੰਗ, ਨਗਾਰੇ, ਸੰਖ, ਤਾਲ, ਗੀਤ, ਤਾਨ, ਤਰੰਗ ਆਦਿ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ। ਦਸਮ ਗ੍ਰੰਥ ਵਿਚ ਜਾਪੁ ਸਾਹਿਬ ਬਾਣੀ ਵਿਚ ਭੁਜੰਗ ਪ੍ਰਯਾਤਛੰਦ ਵਿਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਨੂੰ ਇੰਨੀ ਗਹਿਰਾਈ ਨਾਲ ਉਸ ਅਕਾਲ ਪੁਰਖ ਦੀ ਉਸਤਤੀ ਲਈ ਪਯੋਗ ਕੀਤਾ ਹੈ ਜਿਵੇਂ:

ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥ 47॥
ਨਮੋ ਨ੍ਰਿਤ ਨ੍ਰਿਤੇ॥ ਨਮੋ ਨਾਦ ਨਾਦੇ॥
ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥ 48॥

ਚੰਡੀ ਚਰਿਤਰ ਵਿਚ ਪ੍ਰਭੂ ਉਸਤਤੀ ਲਈ ਰਚਿਤ ਬਾਣੀ ਵਿਚ ਅਨੇਕ ਵਾਦਿਆਂ ਦਾ ਉਲੇਖ ਮਿਲਦਾ ਹੈ ਜਿਵੇਂ:

ਝਾਲਰ ਤਾਲ ਮ੍ਰਿਦੰਗ ਉਪੰਗ
ਰਬਾਬ ਲੀਏ ਸੁਰ ਸਾਜ ਮਿਲਾਵੇ॥

ਸੰਗੀਤ ਵਾਦਿਆਂ ਦੇ ਭਿੰਨ-ਭਿੰਨ ਪ੍ਰਕਾਰਾਂ ਦੀ ਜਾਣਕਾਰੀ ਹੇਠ ਲਿਖੀਆਂ ਤੁਕਾਂ ਤੋਂ ਮਿਲਦੀ ਹੈ:

ਤਤ ਬਿਦ ਘਨ ਸੁਖ ਰਸ ਬਾਜੈ॥
ਸੁਨ ਮਨ ਰਾਗ ਗੁਨਿ ਗਾਨ ਲਾਜੈ॥

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ: ਦਸਮ ਗ੍ਰੰਥ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਸੰਗੀਤ ਦਾ ਇਕ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਰਾਗ, ਗੰਧਰਵ, ਤੰਤੀ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜ੍ਹੀ ਸੰਗੀਤਕ ਸੂਝ ਦੀ ਉਪਜ ਹਨ। ਇਹ ਹੀ ਨਹੀਂ ਪ੍ਰਚਲਿਤ ਗਾਇਨ ਸ਼ੈਲੀ ਧਮਾਰ ਸੰਬੰਧੀ ਉਲੇਖ ਵੀ ਦਸਮ ਗ੍ਰੰਥ ਵਿਚ ਮਿਲਦਾ ਹੈ। ਜਿਵੇਂ:

ਮਾਘ ਬਿਤਿਤ ਭਈ ਰੁਤ ਫਾਗੁਨ
ਆਇ ਗਈ ਸਭ ਖੇਲਤ ਹੋਰੀ॥
ਖੇਲਤ ਸਿਯਾਮ ਧਮਾਰ ਅਨੂਪ
ਮਹਾਸਿਨ ਸੁੰਦਰਿ ਸਾਂਵਲ ਗੋਰੀ॥



ਧਮਾਰ ਗਾਇਨ ਸ਼ੈਲੀ ਦੀ ਗਾਇਨ ਰੁੱਤ ਅਤੇ ਵਿਸ਼ਾ ਵਸਤੂ ਸੰਬੰਧੀ ਜਾਣਕਾਰੀ ਦਾ ਉੱਤਮ ਨਮੂਨਾ ਉਪਰੋਕਤ ਰਚਨਾ ਹੈ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ ਖੇਲਤ ਧਮਾਰ ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਅਤੇ ਉਸਦੇ ਵਿਸ਼ੇ ਵਸਤੂ ਨੂੰ ਅਤਿ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵਿਚ ਖਿਆਲ ਸ਼ਬਦ ਦਾ ਪ੍ਰਯੋਗ ਕਿਸੇ ਵੀ ਸ਼ੈਲੀ ਦੇ ਰੂਪ ਵਿਚ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਪਹਿਲੀ ਵਾਰ ਮਿਲਦਾ ਹੈ।

ਸੰਗੀਤਕ ਛੰਦ: ਗੁਰੂ ਜੀ ਦੀਆਂ ਰਚਨਾਵਾਂ ਵਿਚ ਛੰਦ ਉਨ੍ਹਾਂ ਦੀ ਸੰਗੀਤਕ ਸੂਝ ਦਾ ਉੱਤਮ ਨਮੂਨਾ ਹਨ। ਸੰਗੀਤਕ ਛੰਦ ਵਿਚ ਮ੍ਰਿਦੰਗ ਦੇ ਭਿੰਨ-ਭਿੰਨ ਬੋਲਾਂ ਦੇ ਆਧਾਰ 'ਤੇ ਕਾਵਿ ਰਚਨਾ ਕੀਤੀ ਗਈ ਹੈ। ਇਨ੍ਹਾਂ ਵਿਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ:

1. ਸੰਗੀਤਕ ਛਪਯ 2. ਸੰਗੀਤ ਨਾਰਾਜ 3. ਸੰਗੀਤ ਪਧਿਸਟਕਾ 4. ਸੰਗੀਤ ਪਾਦੜੀ 5. ਸੰਗੀਤ ਬਹੁੜਾ 6. ਸੰਗੀਤ ਭੁਜੰਗ ਪ੍ਰਯਾਤ 7. ਸੰਗੀਤ ਮਧੁਭਾਰ

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ: ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਕਾਫੀ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਬਾਣੀ ਦੀ ਰਚਨਾ ਕਰ ਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ: ਗੁਰੂ ਜੀ ਦੁਆਰਾ ਗੁਰਮਤਿ ਸੰਗੀਤ ਦੀਆਂ ਚਲੀਆਂ ਆ ਰਹੀਆਂ ਪਰੰਪਰਾ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨ੍ਹਾਂ ਵਿਚ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਹੁੰਦਾ ਸੀ। ਇਥੋਂ ਤੱਕ ਕਿ ਜੰਗਾਂ ਜੁੱਧਾਂ ਦੇ ਦਿਨਾਂ ਵਿਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ।

ਵਾਰ ਗਾਇਨ ਪਰੰਪਰਾ ਨੂੰ ਕਾਇਮ ਰੱਖਣਾ: ਗੁਰੂ ਜੀ ਜਿੱਥੇ ਜੰਗਾਂ-ਯੁੱਧਾਂ ਵਿਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਉਂਦੇ ਸਨ ਉਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਵੀ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਤਾਲ ਦੀ ਪਰਿਪੱਕਤਾ: ਗੁਰੂ ਜੀ ਦੀ ਬਾਣੀ ਵਿਚ ਰਵਾਨਗੀ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ। ਜਿਵੇ:

ਖਗ ਖੰਡ ਬਿਹੰਡੰ ਖਲਦਲ ਖੰਡੰ
ਅਤਿਰਣ ਮੰਡੰ ਬਰਬੰਡੰ॥

ਸਵੈਯਾ- ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ॥

ਦਸਮ ਗ੍ਰੰਥ ਵਿਚ ਸੰਗੀਤਕ ਵਿਚ ਸ਼ਬਦਾਵਲੀ ਦਾ ਪ੍ਰਯੋਗ: ਗੁਰੂ ਜੀ ਨੇ ਜਾਪੁ ਸਾਹਿਬ ਵਿਚ ਸੰਗੀਤ ਦੀ ਸ਼ਬਦਾਵਲੀ ਜਿਵੇਂ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਆਦਿ ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪੁਰਖ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ। ਇਸ ਤੋਂ ਬਿਨਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ।

ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਦਾ ਪ੍ਰਯੋਗ: ਦਸਮ ਗ੍ਰੰਥ ਦੀਆਂ ਰਚਨਾਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਜਿੱਥੇ ਮਹਾਨ ਧਾਰਮਿਕ ਆਗੂ ਸਨ, ਉਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਸਨ। ਆਪ ਜੀ ਨੇ ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਵਿਚ ਬਾਣੀ ਨੂੰ ਰਚਿਆ ਹੈ ਜਿਨ੍ਹਾਂ ਦੀ ਕੁੱਲ ਗਿਣਤੀ 150 ਦੇ ਨਜ਼ਦੀਕ ਹੈ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ। ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ 'ਤੇ ਵਿਸ਼ੇਸ਼ ਮਹਾਨਤਾ ਹੈ।

ਗੁਰੂ ਜੀ ਦੀਆਂ ਬਾਣੀਆਂ ਵਿਚ ਪਰਿਭਾਸ਼ਕ ਸ਼ਬਦ: ਦਸਮ ਗ੍ਰੰਥ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਨੂੰ ਕਾਇਮ ਰੱਖਣਾ ਹੀ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜ਼ੋਰਾਂ 'ਤੇ ਸੀ। ਇਸ ਤੋਂ ਬਿਨਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮ੍ਰਿਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪ੍ਰੰਤੂ ਆਪ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧੇ ਅਤੇ ਸੂਰਬੀਰ ਸਨ।

ਉਪਰੋਕਤ ਵਰਣਨ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਨ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ, ਕੀਰਤਨ ਕੇਂਦਰਾਂ ਅਤੇ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਭਾਰਤੀ ਸੰਗੀਤ ਨੂੰ ਵਿਕਸਿਤ ਕਰਨ ਵਿਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

---

*(ਪਿਛਲੇ ਸਫੇ ਦਾ ਬਾਕੀ)*

ਇਹ ਕਹਿੰਦੀ ਆ ਮੈਂ ਕੁਝ ਖਾ ਕੇ ਮਰ ਜਾਵਾਂਗੀ ਜੇ ਕਿਸੇ ਨੇ ਮੈਨੂੰ ਜਗਦੀਪ ਕੋਲ ਜਾਣ ਨੂੰ ਕਿਹਾ ਤਾਂ। ਮੇਰਾ ਬਾਪੂ ਵਿਚਾਰਾ ਮਰਨ ਵਾਲਾ ਹੋ ਗਿਆ। ਉਸਨੇ ਇੰਡੀਆ ਵੱਸਦੇ ਜਗਦੀਪ ਦੇ ਚਾਚੇ ਦੇ ਪੈਰੀਂ ਪੱਗ ਰੱਖੀ ਕਿ ਇਸ ਵਿਚ ਉਸਦਾ ਕੋਈ ਕਸੂਰ ਨਹੀਂ। ਜਗਦੀਪ ਤੇ ਉਸਦੇ ਮਾਂ ਪਿਓ ਨੇ ਮੈਨੂੰ ਮੇਰੇ ਹਾਲ 'ਤੇ ਛੱਡ ਦਿੱਤਾ। ਮੈਂ ਭੂਆ ਜੋਗੀ ਰਹਿ ਗਈ।

ਜਗਦੀਪ ਨਾਲ ਤਲਾਕ ਹੋ ਗਿਆ। ਭੂਆ, ਮੈਨੂੰ ਆਪਣੇ ਨਾਲ ਇੰਡੀਆ ਲੈ ਗਈ ਤੇ ਮੇਰਾ ਵਿਆਹ ਆਪਣੇ ਦਿਓਰ ਨਾਲ ਕਰ ਦਿੱਤਾ। ਅਸੀਂ ਪਿੰਡ ਗਈਆਂ ਹੀ ਨਹੀਂ। ਚੰਡੀਗੜ੍ਹ ਹੀ ਰਹੀਆਂ। ਓਥੇ ਹੀ ਕੋਰਟ ਮੈਰਿਜ ਕੀਤੀ। ਕਿਸੇ ਨੂੰ ਵੀ ਸਾਡੀ ਭਿਣਕ ਨਾ ਪਈ। ਗੁਰਨੇਕ ਨੇ ਆਪਣੇ ਪਿਆਰ ਨੂੰ ਧੋਖਾ ਦੇ, ਕਸਮਾਂ ਵਾਅਦੇ ਤੋੜ ਮੇਰੇ ਨਾਲ ਵਿਆਹ ਕਰਵਾ ਲਿਆ। ਏਥੇ ਆ ਕੇ ਉਹ ਕਦੇ ਕਦੇ ਆਖਦਾ, ਨਾ ਤੂੰ ਚੰਗਾ ਕੀਤਾ ਤੇ ਨਾ ਮੈਂ। ਦੋਨੋਂ ਹੀ ਗੁਨਾਹਗਾਰ ਹਾਂ।

ਮੈਂ ਤੇ ਗੁਰਨੇਕ ਨੇ ਰਲ ਕੇ ਮੇਰੇ ਘਰਦਿਆਂ ਦਾ ਅਪਲਾਈ ਕਰ ਦਿੱਤਾ। ਉਨ੍ਹਾਂ ਦੇ ਏਥੇ ਆਉਣ ਤੋਂ ਦਸ ਕੁ ਦਿਨਾਂ ਬਾਅਦ, ਗੁਰਨੇਕ ਦਾ ਐਕਸੀਡੈਂਟ ਹੋ ਗਿਆ। ਤੁਰ ਗਿਆ ਜਹਾਨੋਂ, ਉਸਦੀ ਭੁੱਬ ਨਿਕਲ ਗਈ।

'ਓਹੋ...ਬਹੁਤ ਮਾੜਾ ਹੋਇਆ,' ਮੈਂ ਉਸਦਾ ਹੱਥ ਘੁਟਦਿਆ ਕਿਹਾ।

'ਹਾਂ ਭੈਣੇ...ਇਹ ਤਾਂ ਹੋਣਾ ਹੀ ਸੀ। ਮੇਰੇ ਗੁਨਾਹਾਂ ਦੀ ਸਜ਼ਾ ਮੈਨੂੰ ਮਿਲਣੀ ਹੀ ਸੀ। ਅਮਨ ਦਾ ਜਨਮ ਗੁਰਨੇਕ ਦੀ ਮੌਤ ਤੋਂ ਬਾਅਦ ਹੋਇਆ,' ਅੱਖਾਂ ਪੂੰਝਦਿਆਂ ਉਸ ਕਿਹਾ।

'ਅਮਨ...?' ਮੈਂ ਉਤਸੁਕਤਾ ਨਾਲ ਕਿਹਾ।

ਸਾਰਾ ਕੁਝ ਸੰਖੇਪ ਵਿਚ ਹੀ ਦੱਸ ਰਹੀ ਸੀ। ਇਉਂ ਜਾਪਦਾ ਸੀ ਜਿਵੇਂ ਇਕ ਇਕ ਸ਼ਬਦ ਉਸਨੂੰ ਡੰਗ ਰਿਹਾ ਹੋਵੇ ਤੇ ਉਹ ਆਪਣੇ ਹੀ ਸ਼ਬਦਾਂ ਤੋਂ ਬਚ ਰਹੀ ਹੋਵੇ।

ਪ੍ਰੀਤ ਨੇ ਵੱਡਾ ਸਾਰਾ ਹਓਕਾ ਲਿਆ ਤੇ ਫੁੱਟ-ਫੁੱਟ ਰੋਣ ਲੱਗ ਪਈ ਤੇ ਮੈਨੂੰ ਘੁੱਟ ਕੇ ਗਲਵੱਕੜੀ ਪਾ ਲਈ। ਉਸਦੇ ਮੂੰਹੋਂ ਮਸਾਂ ਹੀ ਨਿਕਲਿਆ , 'ਅਮਨ ਮੇਰੀ ਬੇਟੀ'।

'ਅਮਨ ਕਿੱਥੇ ਹੈ,।' ਮੈਂ ਕਿਹਾ।

ਰੋਣ ਦੀ ਆਵਾਜ਼ ਹੋਰ ਉਚੀ ਹੋ ਗਈ ਤੇ ਕੁਝ ਸੰਭਲ ਕੇ ਕਹਿਣ ਲੱਗੀ , 'ਅੱਜ ਉਹ ਮੈਨੂੰ ਇਕੱਲੀ ਨੂੰ ਛੱਡ ਕੇ ਆਪਣੇ ਬੁਆਏ ਫਰੈਂਡ ਨਾਲ ਚਲੀ ਗਈ। ਉਸਨੂੰ ਕੈਲਗਰੀ ਯੂਨੀਵਰਸਿਟੀ ਵਿਚ ਦਾਖਲਾ ਮਿਲ ਗਿਆ ਤੇ ਓਹਦੀ ਖਾਤਿਰ ਹੀ ਮੈਂ ਵੈਨਕੂਵਰ ਛੱਡ ਕੇ ਕੈਲਗਰੀ ਆਈ ਸੀ।'

'ਚੱਲ ਕੋਈ ਨਾ! ਇਹਦੇ ਵਿਚ ਕਿਹੜੀ ਰੋਣ ਵਾਲੀ ਗੱਲ ਹੈ। ਇਥੇ ਬੱਚੇ ਇਉਂ ਹੀ ਕਰਦੇ ਹਨ। ਤੈਨੂੰ ਮਿਲਣ ਆ ਜਾਇਆ ਕਰੇਗੀ।' ਪ੍ਰੀਤ ਨੇ ਸਿਰ ਉਤਾਂਹ ਚੁੱਕਿਆ। ਮੇਰੇ ਵੱਲ ਦੇਖਿਆ...ਕੁਝ ਮਿੰਟਾਂ ਲਈ ਚੁੱਪ ਰਹੀ। ਬੋਲਣ ਦਾ ਯਤਨ ਕਰਦੀ ਪਰ ਰੁਕ ਜਾਂਦੀ। ਆਖਿਰ ਹੌਸਲਾ ਕਰ ਕੇ ਆਖ ਹੀ ਦਿੱਤਾ, 'ਜਿਹੜਾ ਮੁੰਡਾ ਅਮਨ ਦਾ ਬੁਆਏ ਫਰੈਂਡ ਹੈ ਉਹ ਜਗਦੀਪ ਦਾ ਮੁੰਡਾ ਹੈ।'

'ਤੈਨੂੰ ਕਿਵੇਂ ਪਤੈ, ਮੈਂ ਹੈਰਾਨੀ ਨਾਲ ਕਿਹਾ।'

'ਜਿਸ ਦਿਨ ਪਹਿਲੇ ਦਿਨ ਅਮਨ ਉਸਨੂੰ ਘਰ ਲੈ ਕੇ ਆਈ ਸੀ ਤਾਂ ਮੈਂ ਗੱਲਾਂ-ਗੱਲਾਂ 'ਚ ਪਤਾ ਕਰ ਲਿਆ ਸੀ। ਉਸਨੇ ਮੈਨੂੰ ਆਪਣੇ ਸਾਰੇ ਪਰਿਵਾਰ ਦੀਆਂ ਤਸਵੀਰਾਂ ਵੀ ਦਿਖਾਈਆਂ ਸਨ। ਉਹ ਅਮਨ ਦੇ ਨਾਲ ਹੀ ਯੂਨੀਵਰਸਿਟੀ 'ਚ ਪੜ੍ਹਦਾ ਹੈ। ਓਹ...ਤੇ ਫਿਰ...?

'ਮੈਂ ਕੋਸ਼ਿਸ਼ ਤਾਂ ਬਹੁਤ ਕੀਤੀ ਕਿ ਅਮਨ, ਰਾਜ ਤੋਂ ਦੂਰ ਚਲੀ ਜਾਵੇ ਪਰ ਜਿਉਂ ਜਿਉਂ ਮੈਂ ਕੋਸ਼ਿਸ਼ ਕਰਦੀ ਉਹ ਓਨਾ ਹੀ ਉਸਦੇ ਨੇੜੇ ਜਾਂਦੀ। ਅਮਨ ਨੂੰ ਪਤਾ ਸੀ ਮੇਰੀ ਸਾਰੀ ਕਹਾਣੀ ਦਾ। ਮੈਨੂੰ ਸੁਣਾ ਵੀ ਦਿੰਦੀ ਕਿ ਮਾਂ ਜੋ ਤੂੰ ਕੀਤਾ ਹੈ, ਮੈਂ ਜ਼ਿੰਦਗੀ 'ਚ, ਅਜਿਹਾ ਕਦੇ ਵੀ ਨਹੀਂ ਕਰਾਂਗੀ। ਅੱਜ ਸਵੇਰੇ ਅਮਨ ਆਪਣਾ ਸਾਮਾਨ ਚੁੱਕ ਕੇ ਰਾਜ ਨਾਲ ਚਲੀ ਗਈ...ਅੱਗੇ ਪਤਾ ਨਹੀਂ ਕੀ ਹੋਣਾ ਹੈ'।

ਪ੍ਰੀਤ ਦੀ ਗੱਲ ਸੁਣ ਕੇ ਮੈਂ ਖੁਦ ਬੇਹੋਸ਼ ਹੋਣ ਵਾਲੀ ਹੋ ਗਈ ਸਾਂ।

ਦਰਵਾਜ਼ੇ ਦੀ ਘੰਟੀ ਖੜਕੀ। ਉਸ ਨੇ ਸ਼ੀਸ਼ੇ ਦੀ ਬਾਰੀ ਤੋਂ ਮਾੜਾ ਜਿਹਾ ਪਰਦਾ ਚੁੱਕ ਕੇ ਵੇਖਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ। ਰਾਜ, ਅਮਨ ਤੇ ਇਕ ਹੋਰ ਔਰਤ ਅੰਦਰ ਆ ਗਏ। ਔਰਤ ਚੰਗੇ ਸਲੀਕੇ ਵਾਲੀ ਕਾਫੀ ਖੂਬਸੂਰਤ ਸੀ। ਉਸਦਾ ਸਾਦਾ ਤੇ ਸੋਹਣਾ ਪਹਿਰਾਵਾ ਉਸ ਦੀ ਸ਼ਖਸੀਅਤ ਨੂੰ ਨਿਖਾਰ ਰਿਹਾ ਸੀ। ਪ੍ਰੀਤ ਨੇ ਉਸਨੂੰ ਪਛਾਣ ਲਿਆ ਸੀ।

ਉਸ ਔਰਤ ਨੂੰ ਦੇਖ ਪ੍ਰੀਤ ਘਬਰਾ ਗਈ। ਪਰ ਉਸ ਔਰਤ ਨੇ ਪ੍ਰੀਤ ਨੂੰ ਗਲਵਕੜੀ ਪਾ ਲਈ ਤੇ ਚੁੱਪ-ਚਾਪ ਬਿਨਾਂ ਕਿਸੇ ਉਚੇਚ ਦੇ ਸੋਫੇ 'ਤੇ ਬੈਠ ਗਈ।

ਮੈਂ ਚੁੱਪ-ਚਾਪ ਬੈਠੀ ਹੈਰਾਨ ਹੋ ਰਹੀ ਸਾਂ।

ਉਸ ਔਰਤ ਨੇ ਮੇਰੇ ਬਾਰੇ ਜਾਨਣਾ ਚਾਹਿਆ ਤਾਂ ਪ੍ਰੀਤ ਨੇ ਮੈਨੂੰ ਆਪਣੀ ਵੱਡੀ ਭੈਣ ਕਹਿ ਕੇ ਜਾਣ-ਪਛਾਣ ਕਰਵਾਈ।

ਅਮਨ ਤੇ ਰਾਜ ਕਿਚਨ ਦੀਆਂ ਕੁਰਸੀਆਂ ਖਿੱਚ ਕੇ ਸਭ ਦੇ ਸਾਹਮਣੇ ਬੈਠ ਗਏ। ਰਾਜ ਨੇ ਬੋਲਣਾ ਸ਼ੁਰੂ ਕੀਤਾ।

'ਇਹ ਮੇਰੇ ਮੰਮੀ ਹਨ। ਮੈਨੂੰ ਆਪਣੇ ਘਰ ਦੀ ਕਹਾਣੀ ਪਤਾ ਸੀ ਕਿ ਕਿਵੇਂ ਇਕ ਔਰਤ ਨੇ ਮੇਰੇ ਡੈਡੀ ਨੂੰ ਧੋਖਾ ਦਿੱਤਾ। ਸਾਡੇ ਪਰਿਵਾਰ 'ਤੇ ਕੀ ਬੀਤੀ ਸੀ ਉਸ ਰਾਤ, ਜਿਸ ਦਿਨ ਉਹ ਵੈਨਕੂਵਰ ਏਅਰਪੋਰਟ ਤੋਂ ਮੇਰੇ ਡੈਡੀ ਕੋਲ ਆਉਣ ਦੀ ਬਜਾਇ ਕਿਤੇ ਹੋਰ ਚਲੀ ਗਈ ਸੀ। ਮੈਂ ਰਿਸ਼ਤੇਦਾਰਾਂ ਨੂੰ ਏਹੀ ਗੱਲਾਂ ਕਰਦੇ ਸੁਣ-ਸੁਣ ਵੱਡਾ ਹੋਇਆ ਹਾਂ। ਮੈਨੂੰ ਅਮਨ ਮਿਲ ਗਈ। ਮੈਂ ਦੋਸਤੀ ਦਾ ਹੱਥ ਵਧਾਇਆ ਪਰ ਇਸਨੇ ਹੱਥ ਵਧਾਉਣ ਤੋਂ ਪਹਿਲਾਂ ਮੈਨੂੰ ਦੱਸ ਦਿੱਤਾ ਕਿ ਮੇਰੀ ਮਾਂ ਨੇ ਕਿਸੇ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਸਾਰੀ ਕਹਾਣੀ ਸੁਣਨ ਪਿੱਛੋਂ ਯਕੀਨ ਹੋ ਗਿਆ ਕਿ ਅਮਨ ਓਸੇ ਔਰਤ ਦੀ ਬੇਟੀ ਹੈ ਜਿਸ ਨੇ ਮੇਰੇ ਡੈਡੀ ਨੂੰ ਏਨੀ ਤਕਲੀਫ਼ ਦਿੱਤੀ ਸੀ।'

'ਬਾਕੀ ਰਹੀ ਗੱਲ ਮੇਰੇ ਤੇ ਅਮਨ ਦੀ। ਅਸੀਂ ਚੰਗੇ ਦੋਸਤ ਹਾਂ। ਮੈਂ ਤੇ ਅਮਨ ਨੇ ਡਰਾਮਾ ਕੀਤਾ ਸੀ ਘਰੋਂ ਜਾਣ ਦਾ। ਅਸੀਂ ਕਿਤੇ ਵੀ ਨਹੀਂ ਗਏ ਸਾਂ। ਮੈਂ ਮੰਮੀ ਨੂੰ ਕੱਲ੍ਹ ਏਥੇ ਕੈਲਗਰੀ ਬੁਲਾ ਲਿਆ ਸੀ।'

ਪ੍ਰੀਤ ਦੇ ਹੰਝੂ ਦੱਸ ਰਹੇ ਸਨ ਕਿ ਉਹ ਕਿੰਨਾ ਪਛਤਾ ਰਹੀ ਹੈ।

ਪ੍ਰੀਤ ਉਠੀ ਤੇ ਉਸਨੇ ਰਾਜ ਨੂੰ ਗਲਵਕੜੀ ਵਿਚ ਲੈ ਲਿਆ ਤੇ ਕਹਿਣ ਲੱਗੀ, 'ਪੁੱਤ ... ਜੇਕਰ ਏਥੇ ਤੱਕ ਆ ਗਿਆ ਹੈਂ ਤਾਂ ਮੈਨੂੰ ਉਸ ਭਲੇ ਪੁਰਸ਼ ਦੇ ਪੈਰਾਂ ਵਿਚ ਸਿਰ ਰੱਖ ਕੇ ਗੁਨਾਹ ਬਖ਼ਸ਼ਾਉਣ ਦਾ ਮੌਕਾ ਦਵਾ ਦੇ!'

ਇਸ ਤੋਂ ਪਹਿਲਾਂ ਕਿ ਰਾਜ ਕੁਝ ਬੋਲਦਾ, ਉਸਦੀ ਮਾਂ ਨੇ ਅੱਗੇ ਹੋ ਕੇ ਪ੍ਰੀਤ ਨੂੰ ਗਲਵਕੜੀ 'ਚ ਲੈ ਲਿਆ ਤੇ ਕਹਿਣ ਲੱਗੀ, 'ਮੇਰੀਏ ਭੈਣੇ, ਮੈਂ ਉਸ ਭਲੇ ਬੰਦੇ ਨੂੰ ਹੀਣ ਭਾਵਨਾ ਨਾਲ ਲੜਦੇ ਵੇਖਿਆ ਹੈ। ਉਹ ਅੱਜ ਵੀ ਸਮਾਜ ਤੋਂ ਕੰਨੀ ਕਤਰਾਉਂਦਾ ਹੈ। ਮੈਂ ਦਿਵਾਵਾਂਗੀ ਤੈਨੂੰ ਮੁਆਫੀ। ਮੈਂ ਕਰਾਂਗੀ ਉਸ ਨੂੰ ਦੁਨੀਆ ਦੇ ਸਾਹਮਣੇ ਸਿਰ ਚੁੱਕ ਕੇ ਜੀਊਣ ਜੋਗਾ। ਤੂੰ ਉਸ ਕੋਲੋਂ ਮੁਆਫੀ ਮੰਗ ਕੇ ਆਪਣੇ ਗੁਨਾਹ ਤੋਂ ਸੁਰਖਰੂ ਹੋ ਜਾਵੀਂ ਤੇ ਉਹ ਤੈਨੂੰ ਮੁਆਫ਼ ਕਰ ਕੇ ਹੀਣ-ਭਾਵਨਾ 'ਚੋਂ ਬਾਹਰ ਆ ਜਾਵੇਗਾ। ਉਹ ਬਹੁਤ ਵਧੀਆ ਇਨਸਾਨ ਹੈ।'

ਮੈਂ ਉਨ੍ਹਾਂ ਨੂੰ ਗੱਲਾਂ ਕਰਦਿਆਂ ਛੱਡ ਕੇ ਘਰ ਆ ਗਈ। ਸੋਚਿਆ ਕਿ ਮੇਰੀ ਹਾਜ਼ਰੀ 'ਚ ਖੁੱਲ੍ਹ ਕੇ ਗੱਲ-ਬਾਤ ਨਹੀਂ ਕਰ ਸਕਣਗੇ। ਸ਼ਾਇਦ ਪ੍ਰੀਤ ਵੀ ਏਹੀ ਚਾਹੁੰਦੀ ਸੀ। ਅਗਲੇ ਦਿਨ ਪ੍ਰੀਤ ਦਾ ਫ਼ੋਨ ਆਇਆ।

'ਭੈਣੇ...ਰਾਜ ਤੇ ਰਾਜ ਦੀ ਅੰਮੀ ਏਥੇ ਹੀ ਹਨ। ਅਮਨ ਵੀ ਘਰ ਹੈ। ਮੈਂ ਕੱਲ੍ਹ ਰਾਤ ਰਾਜ ਦੇ ਡੈਡੀ ਯਾਨਿ ਜਗਦੀਪ ਤੋਂ ਫੋਨ 'ਤੇ ਮੁਆਫੀ ਮੰਗ ਲਈ ਸੀ। ਉਸ ਨੇ ਮੈਨੂੰ ਮੁਆਫ਼ ਕਰ ਦਿੱਤਾ ਹੈ।

ਭਲਾ ਹੋਵੇ ਰਾਜ ਤੇ ਉਸ ਦੀ ਮਾਂ ਦਾ, ਜਿਨ੍ਹਾਂ ਮੈਨੂੰ ਮੇਰੇ ਗੁਨਾਹ ਦੇ ਭਾਰ ਤੋਂ ਮੁਕਤ ਕਰਵਾ ਦਿੱਤੈ। ਇਸ ਧਰਤੀ 'ਤੇ ਅਜਿਹੇ ਦੇਵਤਿਆਂ ਵਰਗੇ ਲੋਕ ਵੀ ਰਹਿੰਦੇ ਹਨ। ਮੈਂ ਤਾਂ ਕਸਰ ਨੀ ਛੱਡੀ ਜਗਦੀਪ ਨਾਲ ਬੁਰਾ ਕਰਨ ਦੀ, ਪਰ ਪਰਮਾਤਮਾ ਨੇ ਉਸ ਨੂੰ ਇਕ ਨੇਕ ਸੁਚੱਜੀ ਤੇ ਸੋਹਣੇ ਦਿਲ ਵਾਲੀ ਔਰਤ ਦਾ ਸਾਥ ਬਖ਼ਸ਼ ਦਿੱਤਾ।

ਚੰਗਾ ਭੈਣੇ, ਮੈਂ ਸੋਚਿਆ ਤੂੰ ਫਿਕਰ ਕਰਦੀ ਹੋਵੇਂਗੀ। ਤੈਨੂੰ ਦੱਸ ਦੇਵਾਂ, ਕਹਿ ਉਸਨੇ ਫੋਨ ਰੱਖ ਦਿੱਤਾ।' ਮੈਂ ਖਲੋ ਕੇ ਉਨ੍ਹਾਂ ਦੇ ਸਨਮਾਨ ਵਿਚ ਤਾੜੀ ਮਾਰੀ ਤੇ ਮਨ ਹੀ ਮਨ ਕਿਹਾ , 'ਸਚਮੁੱਚ ਹੀ ਜਗਦੀਪ, ਉਸਦੀ ਪਤਨੀ ਤੇ ਉਨ੍ਹਾਂ ਦਾ ਬੇਟਾ ਰਾਜ ਦੇਵਤੇ ਹਨ।

Punjab Times Vol 23, Issue 16; April 16, 2022 ਪੰਜਾਬ ਟਾਈਮਜ਼ ਸਾਲ 23, ਅੰਕ 16, 16 ਅਪਰੈਲ 2022 (28)

# ਸੰਗੀਤ ਫਾਰ ਡੱਮੀਜ਼

ਅੱਜ ਮੈਂ ਕਿਧਰੇ ਗਿਆ ਨਹੀਂ ਸਾਂ। ਤਰਕਾਲਾਂ ਦਾ ਸਮਾਂ ਸੀ ਅਤੇ ਮੈਂ ਰੇਡੀਓ ਨਾਲ ਛੇੜਖਾਨੀ ਕਰ ਰਿਹਾ ਸਾਂ। ਰੇਡੀਓ ਨਾਲ ਅਜਿਹੀ ਛੇੜਖਾਨੀ ਕਰਨਾ ਮੇਰਾ ਸ਼ੁਗਲ ਹੈ। ਮੇਰੀ ਆਦਤ। ਅੱਜ ਔਸਕਰ ਪੈਟਰਸਨ ਬਾਰੇ ਰੌਏ ਥਾਂਪਸਨ ਹਾਲ ਵਿਚ ਫੰਕਸ਼ਨ ਹੋ ਰਿਹਾ ਹੈ। ਹਜ਼ਾਰਾਂ ਲੋਕ ਸਵੇਰ ਤੋਂ ਇਸ ਹਾਲ ਦੇ ਮੂਹਰੇ ਪਾਰਕ ਵਿਚ ਆਪਣੀ ਵਾਰੀ ਲਈ ਉਡੀਕ ਕਰ ਰਹੇ ਹਨ। ਕੇਵਲ 2500 ਸੀਟਾਂ ਹੀ ਹਨ, ਜਿਹੜਾ ਪਹਿਲਾਂ ਆ ਜਾਵੇਗਾ ਉਸ ਦੀ ਅੰਦਰ ਜਾਣ ਦੀ ਵਾਰੀ ਹੋਵੇਗੀ। ਅਜੇ ਮਹੀਨਾ ਕੁ ਪਹਿਲਾਂ ਹੀ 82 ਸਾਲ ਦੀ ਉਮਰ ਭੋਗਣ ਵਾਲਾ ਇਹ ਜ਼ਾਜ਼ ਸੰਗੀਤਕਾਰ ਪੂਰਾ ਹੋਇਆ ਸੀ। ਅਖ਼ਬਾਰਾਂ, ਰੇਡੀਓ ਚੈਨਲਾਂ, ਟੀਵੀ ਸ਼ੋਅਜ਼ ਵਿਚ ਕਈ-ਕਈ ਦਿਨ ਇਸ ਸੰਗੀਤਕਾਰ ਬਾਰੇ ਬੋਲਿਆ ਜਾਂਦਾ ਰਿਹਾ, ਪ੍ਰਕਾਸ਼ਿਤ ਹੁੰਦਾ ਰਿਹਾ ਅਤੇ ਸੁਣਾਇਆ ਜਾਂਦਾ ਰਿਹਾ। ਬੱਚੇ-ਬੱਚੇ ਦੀ ਜ਼ੁਬਾਨ

ਗੁਰਦੇਵ ਚੌਹਾਨ

'ਤੇ ਉਸ ਦਾ ਨਾਂ ਹੈ। ਇਸ ਨੂੰ ਕਹਿੰਦੇ ਹਨ, ਸੰਗੀਤ ਲਈ ਪਿਆਰ ਅਤੇ ਉਹ ਵੀ ਉਸ ਸੰਗੀਤ ਲਈ ਜਿਸ ਨੂੰ ਭਾਰਤ ਵਿਚ ਕਲਾਸੀਕਲ ਸੰਗੀਤ ਕਹਿੰਦੇ ਹਨ ਅਤੇ ਉਹ ਵੀ ਸੰਗੀਤ ਵਾਦਨ। ਉਸ ਦੀ ਯਾਦ ਵਿਚ ਮਨਾਏ ਜਾ ਰਹੇ ਵਿਸ਼ੇਸ਼ ਉਤਸਵ ਵਿਚ ਬਹੁਤ ਸਾਰੇ ਲੋਕ ਇਸ ਜੈਜ਼ ਪਿਆਨਿਸਟ ਬਾਰੇ ਬੋਲਦੇ ਹਨ... ਬੌਬ ਰੇਅ,... ਅਤੇ ਕਈ ਹੋਰ। ਇਸ ਵਿਚ ਪੈਟਰਸਨ ਦਾ ਸੰਗੀਤ ਵੀ ਸੁਣਾਇਆ ਜਾਂਦਾ ਹੈ। ਮੈਨੂੰ ਲੋਕਾਂ ਦਾ ਇਸ ਸੰਗੀਤਕਾਰ ਬਾਰੇ ਗੱਲਾਂ ਕਰਨਾ ਚੰਗਾ ਲੱਗਦਾ ਹੈ। ਲੋਕੀਂ ਉਸ ਨੂੰ ਮਹਾਨ ਕਹਿੰਦੇ ਹਨ। ਰੌਏ ਥਾਂਪਸਨ ਹਾਲ ਵਿਚ ਉਸ ਦੇ ਫੰਕਸ਼ਨ ਵਿਚ ਵਾਰ-ਵਾਰ ਤਾੜੀਆਂ ਗੂੰਜਦੀਆਂ ਹਨ। ਮੈਨੂੰ ਲੋਕਾਂ ਦਾ ਤਾੜੀਆਂ ਮਾਰਨਾ ਚੰਗਾ ਲੱਗਦਾ ਹੈ। ਮੈਨੂੰ ਮੁਹਾਲੀ ਜਾਂ ਜਲੰਧਰ ਪੰਜਾਬੀ ਗਾਇਕਾਂ ਨੂੰ ਸੁਣਨ ਆਈ ਭੀੜ ਨੂੰ ਤਾੜੀਆਂ ਮਾਰਦੇ ਵੇਖ ਜਾਂ ਸੁਣ ਕੇ ਕਦੇ ਇਨਾ ਆਨੰਦ ਨਹੀਂ ਆਇਆ। ਕੀ ਮੇਰੇ ਸੰਗੀਤ ਨੂੰ ਸੁਣਨ, ਵੇਖਣ ਵਿਚ ਕੁਝ ਅੰਤਰ, ਘਾਟ ਜਾਂ ਖੋਟ ਹੈ। ਕੀ ਪੂਰੀ ਤਰ੍ਹਾਂ ਪੰਜਾਬੀ ਜਾਂ ਭਾਰਤੀ ਨਹੀਂ ਹਾਂ। ਕੀ ਮੇਰੇ ਸਮਝਣ ਵਿਚ ਕੋਈ ਗਲਤੀ ਹੈ ਜਾਂ ਮੇਰੇ ਜ਼ਿਹਨ ਵਿਚ ਕੁਝ ਬੇਅਰਾਮੀ ਹੈ।

ਸੰਗੀਤ ਕੀ ਬਲਾ ਹੁੰਦੀ ਹੈ। ਇਹ ਕਿਸ ਚੀਜ਼ ਨਾਲ ਖਾਈਦੀ ਹੈ। ਮੈਨੂੰ ਇਸ ਬਾਰੇ ਕੁਝ ਨਹੀਂ ਪਤਾ। ਆਮ ਤੌਰ 'ਤੇ ਡੱਮੀਜ਼ ਲਈ ਵੱਖ ਵੱਖ ਵਿਸ਼ਿਆਂ 'ਤੇ ਕਿਤਾਬਾਂ ਉਹ ਲਿਖਦੇ ਹਨ, ਜਿਹੜੇ ਆਪ ਡੱਮੀਜ਼ ਨਹੀਂ ਹੁੰਦੇ ਜਾਂ ਘੱਟੋ-ਘੱਟ ਉਹ ਸਮਝਦੇ ਹਨ ਕਿ ਉਹ ਨਹੀਂ ਹੁੰਦੇ ਪਰ ਦੂਜਿਆਂ ਬਾਰੇ ਉਹ ਇਹ ਖਿਆਲ ਰੱਖਦੇ ਹਨ ਕਿ ਉਹ ਡੱਮੀਜ਼ ਹਨ, ਜਿਨ੍ਹਾਂ ਲਈ ਉਹ ਕਿਤਾਬਾਂ ਜਾਂ ਲੇਖ ਲਿਖ ਰਹੇ ਹੁੰਦੇ ਹਨ। ਪਰ ਮੈਂ ਸਮਝਦਾ ਹਾਂ ਕਿ ਮੈਂ ਆਪ ਵੀ ਸੰਗੀਤ ਦੇ ਮਾਮਲੇ ਵਿਚ ਡੱਮੀ ਹਾਂ ਅਤੇ ਤਾ-ਜ਼ਿੰਦਗੀ ਰਹਾਂਗਾ। ਸੋ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਇਹ ਲੇਖ ਸੰਗੀਤ ਬਾਰੇ ਇਕ ਡੱਮੀਜ਼ ਦਾ ਡੱਮੀਜ਼ ਲਈ ਲਿਖਿਆ ਹੋਇਆ ਲੇਖ ਹੈ।

ਸੰਗੀਤ ਨੂੰ ਮੈਂ ਵੱਖ ਵੱਖ ਮੂਡਾਂ ਅਤੇ ਉਮਰ ਦੇ ਪੜਾਵਾਂ 'ਤੇ ਵੱਖ ਵੱਖ ਤਰ੍ਹਾਂ ਸਮਝਦਾ ਅਤੇ ਮਾਣਦਾ ਰਿਹਾਂ ਹਾਂ। ਸੋ ਅਚਨਚੇਤ ਹੀ ਸੰਗੀਤ ਦਾ ਇਕ ਪੱਖ ਮੇਰੇ ਜ਼ਿਹਨ ਵਿਚ ਖੁੱਲ੍ਹ ਗਿਆ ਹੈ। ਉਹ ਇਹ ਹੈ ਕਿ ਸੰਗੀਤ ਸਮਝਣ ਵਾਲੀ ਚੀਜ਼ ਹੋਵੇ ਜਾਂ ਨਾ ਹੋਵੇ ਪਰ ਇਹ ਮਾਨਣ ਵਾਲੀ ਚੀਜ਼ ਹੁੰਦੀ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਅਸੀਂ ਕਿਸੇ ਚੀਜ਼ ਨੂੰ ਜਾਨਣ ਤੋਂ ਬਗ਼ੈਰ ਉਸ ਨੂੰ ਉਸ ਦੀ ਪੂਰੀ ਸੰਭਾਵਨਾ ਵਿਚ ਮਾਣ ਸਕਦੇ ਹਾਂ?

ਮੇਰੇ ਖ਼ਿਆਲ ਵਿਚ ਸੰਗੀਤ ਬਾਰੇ ਇਹ ਨਹੀਂ ਢੁਕਦਾ। ਪਰ ਮੈਂ ਪੂਰੀ ਤਰ੍ਹਾਂ ਇਹ ਮੰਨਣ ਲਈ ਵੀ ਤਿਆਰ ਨਹੀਂ ਹਾਂ। ਮੇਰੇ ਖ਼ਿਆਲ ਵਿਚ ਜਾਨਣ ਵਿਚ ਮਾਨਣ ਦਾ ਕੁਝ ਕੁ ਵਿਸ਼ੇਸ਼ ਭਾਗ ਪਿਆ ਹੈ। ਸੰਗੀਤ ਨੂੰ ਮਾਨਣ ਲਈ ਸੰਗੀਤ ਨੂੰ ਜਾਨਣ ਵਾਲੇ ਕੰਨ ਚਾਹੀਦੇ ਹਨ, ਠੀਕ ਜਿਵੇਂ ਪੇਂਟਿੰਗ ਨੂੰ ਮਾਨਣ ਲਈ ਜਾਨਣ ਵਾਲੀ ਅੱਖ ਚਾਹੀਦੀ ਹੈ। ਕਵਿਤਾ ਨੂੰ ਮਾਨਣ ਲਈ ਕਵਿਤਾ ਨੂੰ ਜੀਉਣ ਵਾਲਾ ਦਿਲ ਚਾਹੀਦਾ ਹੈ। ਪਰ ਇਹ ਸ਼ਬਦ ਲਿਖ ਰਿਹਾ ਮੈਂ ਮਹਿਫ਼ੂਜ਼ ਨਹੀਂ ਮਹਿਸੂਸ ਕਰ ਰਿਹਾ। ਸ਼ਾਇਦ ਕਵਿਤਾ ਨੂੰ ਮਾਨਣ ਲਈ ਸਿਰਫ ਇਕ ਸ਼ਦੀਦ ਦਿਲ ਚਾਹੀਦਾ ਹੈ, ਜਿਸ ਵਿਚ ਧੜਕ ਸਕਣ ਲਈ ਕੁਝ ਕੁ ਜੁੰਬਸ਼ ਹੋਵੇ। ਜਿਹੜਾ ਧੜਕ ਸਕੇ। ਜਿਹੜਾ ਨਿਰਾ ਮਾਸ ਦਾ ਲੋਥੜਾ ਨਾ ਹੋਵੇ। ਹੁਣ ਮੈਨੂੰ ਲਗਦਾ ਹੈ ਕਿ ਮੈਂ ਕਵਿਤਾ ਲਈ ਕੁਝ ਜ਼ਮੀਨ ਤਿਆਰ ਕਰ ਸਕਿਆਂ ਹਾਂ ਪਰ ਮੈਂ ਨਿਰੋਲ ਸੰਗੀਤ ਲਈ ਕੁਝ ਕੁ ਜ਼ਮੀਨ ਦੀ ਅਜੇ ਵੀ ਭਾਲ ਵਿਚ ਹਾਂ। ਸੰਗੀਤ ਅਵਾਜ਼ ਅਤੇ ਚੁੱਪ ਨਾਲ ਸਬੰਧ ਰੱਖਦਾ ਹੈ ਅਤੇ ਇਨ੍ਹਾਂ ਦੀ ਦੇਣ ਹੁੰਦਾ ਹੈ।

ਚੁੱਪ ਸੰਗੀਤ ਦੀ ਧਰਾਤਲ ਹੈ ਠੀਕ ਜਿਵੇਂ ਕੋਰਾ ਕਾਗਜ਼ ਕਵਿਤਾ ਲਈ ਹੁੰਦਾ ਹੈ ਅਤੇ ਖਾਲੀ ਕੈਨਵਸ ਪੇਂਟਿੰਗ ਲਈ। ਸੰਗੀਤ ਨੂੰ ਭਾਵੁਕ ਸੰਚਾਰ ਕਿਹਾ ਗਿਆ ਹੈ। ਇਹ ਇਕ ਤਰ੍ਹਾਂ ਦਾ ਆਵਾਜ਼ ਵਿਚ ਮਹਿਲ ਉਸਾਰਨ ਵਾਂਗ ਹੁੰਦਾ ਹੈ। ਪਰ ਇਹ ਨਿਰਾ ਰੇਤੇ ਦੇ ਮਹਿਲ ਉਸਾਰਨ ਵਾਂਗ ਨਹੀਂ ਹੁੰਦਾ। ਰੇਤੇ ਦੇ ਮਹਿਲ ਅੱਖ ਫੇਰਦਿਆਂ ਹੀ ਢਹਿ ਜਾਂਦੇ ਹਨ ਅਤੇ ਇਹ ਹਮੇਸ਼ਾ ਖਲੋਤੇ ਰਹਿੰਦੇ ਹਨ, ਲੋਕਾਂ ਦੇ ਦਿਲਾਂ ਅਤੇ ਜ਼ਿਹਨਾਂ ਵਿਚ। ਵੈਸੇ ਅਸੀਂ ਬਹੁਤ ਸਾਰੇ ਸੰਗੀਤ ਨੂੰ ਕੇਵਲ ਸ਼ਬਦਾਂ ਤੀਕ ਹੀ ਮਹਿਦੂਦ ਕੀਤਾ ਹੋਇਆ ਹੈ ਪਰ ਅਸਲ ਵਿਚ ਸੰਗੀਤ ਸ਼ਬਦਾਂ ਤੋਂ ਪਰੇ ਜਾਣ ਦੀ ਪ੍ਰਕਿਰਿਆ ਵਿਚ ਹੈ। ਇਹ ਸ਼ਬਦ ਅਤੀਤ ਸਫ਼ਰ ਕਰਦਾ ਹੈ, ਹੁੰਦਾ ਹੈ। ਅਸਲ ਵਿਚ ਇਹ ਸ਼ਬਦ ਦਾ, ਧੁਨ ਦਾ, ਚੁੱਪ ਦਾ, ਆਵਾਜ਼ ਦੀਆਂ ਸਾਰੀਆਂ ਸੁਰਾਂ ਅਤੇ ਤਰੰਗਾਂ ਦਾ ਮਜ਼ਮੂਆ ਹੁੰਦਾ ਹੈ। ਕੰਠ ਸੰਗੀਤ ਵਿਚ ਸਵਰ ਦੀ ਆਪਣੀ ਇਕ ਮਹਿਮਾ ਹੈ।

ਤੁਸੀਂ ਕਹੋਗੇ ਕਿ ਇਹ ਗੱਲਾਂ ਸਾਨੂੰ ਕੁਝ ਦੂਰ ਲਿਜਾ ਰਹੀਆਂ ਹਨ ਉਸ ਸੰਗੀਤ ਤੋਂ ਜਿਸ ਵਿਚ ਅਸੀਂ ਪੈਦਾ ਹੋਏ ਹਾਂ, ਪਲੇ ਹਾਂ, ਜਵਾਨ ਅਤੇ ਬੁੱਢੇ ਹੋਏ ਹਾਂ। ਪੰਜਾਬੀ ਜੀਵਨ ਅਕਸਰ ਅਮਰ ਸਿੰਘ ਸ਼ੌਂਕੀ, ਸੁਰਿੰਦਰ ਕੌਰ, ਯਮਲਾ ਜੱਟ, ਆਸਾ ਸਿੰਘ ਮਸਤਾਨਾ, ਮਾਨਾਂ ਅਤੇ ਖਾਨਾਂ ਦੀਆਂ ਸੁਰਾਂ ਵਿਚ ਪਲਦਾ ਹੈ। ਭਾਵ ਅਸੀਂ ਗਲੇ ਵਾਲੇ ਸੰਗੀਤ ਤੋਂ ਵੱਧ ਪ੍ਰਭਾਵਿਤ ਹੋਏ ਹਾਂ ਅਤੇ ਸਾਜ਼ ਵਾਲੇ ਸੰਗੀਤ ਤੋਂ ਘੱਟ। ਸਾਜ਼ਾਂ ਨੂੰ ਅਸੀਂ ਸਜਿੰਦੇ ਜਾਂ ਸੰਗਤ ਦੇ ਰੂਪ ਵਿਚ ਹੀ ਲਿਆ ਹੈ, ਇਸ ਦੀ ਸੁਤੰਤਰ ਹੋਂਦ ਵਜੋਂ ਨਹੀਂ। ਇਹ ਠੀਕ ਹੈ ਕਿ




ਹਰਵੱਲਭ ਜਿਹਾ ਮੇਲਾ ਭਾਰਤ ਵਿਚ ਕੇਵਲ ਇਕੋ ਥਾਂ ਹੁੰਦਾ ਹੈ ਅਤੇ ਉਹ ਵੀ ਭਰ ਸਰਦੀ ਦੇ ਸਮੇਂ ਅਤੇ ਧੁਰ ਪੰਜਾਬ ਵਿਚ ਭਾਵ ਜਲੰਧਰ ਵਿਚ। ਹਫ਼ਤਾ ਭਰ ਚੱਲਣ ਵਾਲੇ ਇਸ ਮੇਲੇ ਵਿਚ ਭਾਰਤ ਭਰ ਤੋਂ ਸੰਗੀਤ ਮੁਨੀ ਆਉਂਦੇ ਹਨ, ਪੰਜਾਬ ਦੇ ਸਿਆਲ ਅਤੇ ਸਾਗ ਦਾ ਆਨੰਦ ਮਾਣਦੇ ਹਨ, ਭੁੰਜੇ ਦਰੀਆਂ 'ਤੇ ਬੈਠ ਕੇ ਕੁਦਰਤ ਅਤੇ ਆਪਣੇ ਅੰਤਰਮਨ ਵਿਚ ਉਤਰਦੇ ਹਨ। ਜਿਹੜੇ ਬਗ਼ੈਰ ਕਿਸੇ ਡੂੰਘੇ ਸੰਗੀਤ ਮੋਹ ਨਾਲ ਪਰੇਰੇ ਨਹੀਂ ਬਲਕਿ ਓਪਰੀ ਜਿਹੀ ਦਿਲਚਸਪੀ ਵਿਚ ਹੀ ਜਾਂਦੇ ਹਨ, ਉਹ ਵੀ ਜਦ ਮੇਲੇ ਤੋਂ ਬਾਹਰ ਨਿਕਲਦੇ ਹਨ ਤਾਂ ਰੂਹ ਤੀਕ ਸੰਗੀਤ ਨਾਲ ਭਿੱਜੇ ਹੁੰਦੇ ਹਨ। ਪਰ ਇਹ ਵੀ ਨਹੀਂ ਕਿ ਇਸ ਮੇਲੇ ਵਿਚ ਸਾਜ਼ਾਂ ਦਾ ਸੰਗੀਤ ਹੀ ਹੁੰਦਾ ਹੈ। ਇਸ ਵਿਚ ਮਨੁੱਖੀ ਆਵਾਜ਼ ਵਾਲੇ ਸੰਗੀਤ ਦਾ ਵੀ ਉਤਨਾ ਹੀ ਜਸ਼ਨ ਅਤੇ ਚੜ੍ਹਤ ਹੁੰਦੀ ਹੈ, ਜਿਤਨੀ ਸੰਗੀਤ ਵਾਦਨ ਦੀ। ਪਰ ਇਹ ਰਾਗਾਂ ਦੀ ਦੁਨੀਆ ਦਾ ਮੇਲਾ ਹੁੰਦਾ ਹੈ, ਧੁਨੀਆਂ ਅਤੇ ਸਵਰਾਂ ਦਾ ਨਾ ਕਿ ਗੀਤਾਂ ਅਤੇ ਅਤੇ ਮਹਿਜ਼ ਇਨ੍ਹਾਂ ਨੂੰ ਗਾਣ ਦਾ ਹੀ, ਜਿਸ ਦੇ ਅਸੀਂ ਆਦੀ ਹਾਂ। ਅਸੀਂ ਲੋਕ ਗੀਤ ਤੋਂ ਗੀਤ ਵੱਲ ਹੀ ਗਏ ਹਾਂ ਗੀਤ ਤੋਂ ਰਾਗ ਵੱਲ ਨਹੀਂ ਗਏ ਜਾਪਦੇ।

ਸੰਗੀਤ ਰਾਗ ਤੋਂ ਸ਼ੁਰੂ ਹੁੰਦਾ ਹੈ, ਜਿਸ ਵਿਚੋਂ ਹੀ ਜੇਕਰ ਗੀਤ ਵੱਲ ਜਾਇਆ ਜਾਵੇ ਤਾਂ ਉਹ ਹੀ ਅਸਲ ਸੰਗੀਤਕ ਸਫ਼ਰ ਕਿਹਾ ਜਾ ਸਕਦਾ ਹੈ। ਅਸੀਂ ਮੁੱਢ ਤੋਂ ਨਹੀਂ ਫੁਲਚਣਾਂ ਤੋਂ ਸੰਗੀਤ ਦੇ ਦਰੱਖ਼ਤ ਨੂੰ ਵੇਖਦੇ ਜਾਂ ਪੜ੍ਹਦੇ ਹਾਂ। ਇਸ ਤਰ੍ਹਾਂ ਅਸੀਂ ਇਸ ਦਰੱਖ਼ਤ ਦੀ ਜੜ੍ਹ ਨੂੰ ਹੀ ਉਖਾੜ ਦਿੰਦੇ ਹਾਂ ਜਿਸ ਉੱਤੇ ਇਹ ਖਲੋਤਾ ਹੋਇਆ ਹੁੰਦਾ ਹੈ।

ਰਾਗ ਪ੍ਰਾਚੀਨ ਸਮਿਆਂ ਵਿਚ ਧਿਆਨ ਅਤੇ ਭਗਤੀ ਦਾ ਸਾਧਨ ਹੁੰਦਾ ਸੀ। ਕਹਿੰਦੇ ਹਨ ਕਿ ਰਾਗ ਸਾਡੇ ਸਰੀਰ ਦੇ ਅਲਗ ਅਲਗ ਚੱਕਰਾਂ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਵਿਚੋਂ ਹੀ ਕੁੰਡਲਨੀ ਭਾਵ ਸ਼ਕਤੀ ਜਾਗਦੀ ਅਤੇ ਪ੍ਰਜਲਵਤ ਹੁੰਦੀ ਹੈ। ਸਾਡੇ ਵੇਦਾਂ ਸ਼ਾਸਤਰਾਂ ਵਿਚ ਰਾਗ ਦੀ ਮਹੱਤਤਾ ਦਰਜ ਹੈ। ਸਾਮਵੇਦ ਅਤੇ ਭਰਤਮੁਨੀ ਦੇ ਨਾਟਸ਼ਾਸਤਰ ਵਿਚ ਵੀ ਇਸ ਵਿਦਿਆ ਬਾਰੇ ਮੁਢਲੀਆਂ ਅਤੇ ਆਖਰੀ ਗੱਲਾਂ ਅੰਕਿਤ ਹਨ। ਪ੍ਰਾਚੀਨ ਧਾਰਮਿਕ ਗ੍ਰੰਥ ਰਾਗਾਂ ਵਿਚ ਲਿਖੇ ਗਏ ਸਨ। ਗੁਰਬਾਣੀ ਵੀ ਰਾਗਾਂ ਵਿਚ ਉਚਾਰੀ ਗਈ ਹੈ। ਬਾਣੀ ਦਾ ਰਾਗ ਨਾਲ ਵਿਸ਼ੇਸ਼ ਸੰਬੰਧ ਸੀ। ਇਸ ਸੰਬੰਧ ਦੀ ਅਜੇ ਖੋਜ ਹੋਣੀ ਬਾਕੀ ਹੈ ਕਿ ਕਿਹੜੀ ਬਾਣੀ ਨੂੰ ਕਿਸੇ ਵਿਸ਼ੇਸ਼ ਰਾਗ ਜਾਂ ਰਾਗਣੀ ਵਿਚ ਲਿਖਣ ਪਿੱਛੇ ਕੋਈ ਰਹੱਸ ਸੀ ਜਾਂ ਇਹ ਸਿਰਫ ਮੌਕਾਮੇਲ ਹੀ ਸੀ।

ਭਾਰਤੀ ਕਲਾਸੀਕਲ (ਹਿੰਦੁਸਤਾਨੀ ਜਾਂ ਕਰਨਾਟਕ) ਸੰਗੀਤ ਅਜੇ ਤੀਕ ਆਮ ਲੋਕਾਂ ਵਿਚ ਨਹੀਂ ਗਿਆ। ਨੇੜ ਭਵਿੱਖ ਵਿਚ ਇਸਦੀ ਕੋਈ ਸੰਭਾਵਨਾ ਵੀ ਨਹੀਂ ਹੈ। ਮੇਰਾ ਵਾਹ ਕਲਾਸੀਕਲ ਭਾਰਤੀ ਸੰਗੀਤ ਨਾਲ ਸਿਰਫ ਕੁਝ ਕੁ ਮਿੱਤਰਾਂ ਕਰਕੇ ਹੀ ਪਿਆ ਹੈ ਅਤੇ ਮੇਰੀ ਜਾਣਕਾਰੀ ਦੀ ਹੱਦ ਤਾਂ ਉਨ੍ਹਾਂ ਦੀ ਜਾਣਕਾਰੀ ਤੋਂ ਵੀ ਪਹਿਲਾਂ ਕਿਧਰੇ ਖਤਮ ਹੋ ਜਾਂਦੀ ਜਾਪਦੀ ਹੈ। ਇਹ ਮਹਿਦੂਦ ਹੈ ਅਤੇ ਮੇਰੀ ਕੁਝ ਆਪਣੀ ਕੀਤੀ ਦੌੜ-ਧੁੱਪ ਤੀਕ ਹੀ ਸੀਮਤ ਹੈ। ਘਰ ਵਿਚ ਜਦ ਕਦੇ ਅਜਿਹਾ ਸੰਗੀਤ ਸੁਣਨ ਦੀ ਕੋਸ਼ਿਸ਼ ਕੀਤੀ ਤਾਂ ਅਕਸਰ ਘਰ ਦੇ ਜੀਆਂ ਤੋਂ ਇਹੀ ਸੁਣਿਆ ਕਿ ਇਹ ਕੀ ਰੋਣ-ਧੋਣ ਲਾ ਲਿਆ ਹੈ। ਕੀ ਕੋਈ ਨੇਤਾ ਮਰ ਗਿਆ ਹੈ? ਭਾਰਤ ਵਿਚ ਕਿਸੇ ਵੱਡੇ ਨੇਤਾ ਦੇ ਮਰ ਜਾਣ 'ਤੇ ਹੀ ਕੁਝ ਕੁ ਦਿਨ ਪੱਕੇ ਰਾਗ ਸੁਣਨ ਨੂੰ ਮਿਲਦੇ ਹਨ ਪਰ ਛੇਤੀ ਹੀ ਬੱਚਿਆਂ ਜਾਂ ਪਤਨੀਆਂ ਵਲੋਂ ਇਹ ਚੈਨਲ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਅੰਤਾਕਸ਼ਰੀ ਲਗਾ ਦਿੱਤੀ ਜਾਂਦੀ ਹੈ ਜਾਂ ਕੋਈ ਟੀਵੀ ਸੀਰੀਅਲ।

ਚੰਡੀਗੜ੍ਹ ਕਦੇ ਕਦੇ ਟੈਗੋਰ ਥਿਏਟਰ ਵਿਚ ਜਾਣ ਦਾ ਮੌਕਾ ਮਿਲਿਆ ਹੈ। ਇਕ ਵਾਰ ਉੱਥੇ ਭੀਮ ਸੈਨ ਜੋਸ਼ੀ ਦਾ ਸੰਗੀਤ ਸੁਣਨ ਨੂੰ ਮਿਲਿਆ। ਮੇਰੇ ਨਾਲ ਹਿੰਦੀ ਕਵੀ ਪਰਮੋਦ ਕੌਸਵਾਲ ਸੀ, ਜਿਸ ਦੇ ਕਹਿਣ ਕਰਕੇ ਹੀ ਮੈਂ ਪਹਿਲੀ ਵੇਰ ਅਜਿਹੇ ਸਮਾਗਮ ਵਿਚ ਗਿਆ ਸਾਂ। ਪਹਿਲਾਂ-ਪਹਿਲ ਤੇ ਮੈਂ ਮਹਿਸੂਸ ਕੀਤਾ ਕਿ ਮੈਂ ਕਿੱਥੇ ਆ ਫਸਿਆਂ ਹਾਂ। ਹੁਣ ਦੋ ਘੰਟੇ ਤੀਕ ਇੱਥੋਂ ਨਿਕਲਣ ਦੀ ਵੀ ਕੋਈ ਆਸ ਨਹੀਂ। ਫਿਰ ਮੈਂ ਸੋਚਿਆ ਕਿ ਮਰਦਾ ਕੀ ਨਾ ਕਰਦਾ ਜ਼ਰਾ ਵੇਖੀਏ ਤਾਂ ਸਹੀ ਕਿ ਇਹ ਕਹਿੰਦੇ ਕਹਾਉਂਦੇ ਬੂਟ-ਸੂਟੀਏ ਲੋਕ ਵਾਰ-ਵਾਰ ਵਾਹ-ਵਾਹ ਕਿਉਂ ਕਰਦੇ ਅਤੇ ਤਾਲੀਆਂ ਕਿਉਂ ਵਜਾਉਂਦੇ ਹਨ? ਕੀ ਇਨ੍ਹਾਂ ਨੂੰ ਸੱਚੀ ਮੁੱਚੀ ਕੋਈ ਲੁਤਫ਼ ਆਉਂਦਾ ਹੋਵੇਗਾ ਜਾਂ ਮਹਿਜ਼ ਇਸ ਕਰਕੇ ਤਾਲੀਆਂ ਵਜਾਉਂਦੇ ਹਨ ਕਿ ਮਤਾਂ ਉਨ੍ਹਾਂ ਦੀ ਸੰਗੀਤ ਦੇ ਖ਼ੇਤਰ ਵਿਚ ਗਰੀਬੀ ਪਕੜੀ ਨਾ ਜਾਵੇ। ਮੈਨੂੰ ਆਪਣੀ ਸੰਗੀਤ ਪ੍ਰਤੀ ਜਾਣਕਾਰੀ ਜਾਂ ਲਗਾਵ ਦਾ ਅਭਾਵ ਖਾਣ ਲਗਾ। ਮੈਂ ਧਿਆਨ ਨਾਲ ਭੀਮਸੈਨ ਦੇ ਗਲੇ ਵਿਚੋਂ ਨਿਕਲਦੀ ਆਵਾਜ਼ ਵੱਲ ਜਾਣ ਲੱਗਾ। ਕੀ ਜਾਦੂ ਸੀ ਇਸ ਵਿਚ ਕਿ ਜਿਵੇਂ ਮੈਂ ਕਿਸੇ ਖਲਾਅ ਵਿਚ ਹੋਵਾਂ ਅਤੇ ਇਹ ਮੈਨੂੰ ਬਾਹਰ ਨਿਕਲਣ ਲਈ ਆਵਾਜ਼ ਦੇ ਰਹੀ ਹੋਵੇ। ਜਾਂ ਇੰਜ ਕਿ ਇਹ ਆਪ ਹੀ ਕਿਸੇ ਡੂੰਘ ਵਿਚੋਂ ਆ ਰਹੀ ਆਵਾਜ਼ ਹੋਵੇ ਅਤੇ ਕਹਿ ਰਹੀ ਹੋਵੇ ਕਿ ਜ਼ਰਾ ਇੱਥੇ ਮੇਰੇ ਕੋਲ ਤਾਂ ਆ। ਵੇਖ ਇੱਥੇ ਕੀ ਹੈ ਵੇਖਣ, ਸੁਣਨ ਅਤੇ ਮਾਨਣ ਵਾਲਾ। ਸਮਝ ਸਮਝਾਉਣ ਦੀ ਦੁਨੀਆ ਤੋਂ ਪਾਰ ਵਾਲਾ। ਸਿਰਫ ਇਕ ਖਲਾਅ ਜਿੱਥੇ ਸਭ ਕੁਝ ਰੂਪ-ਰਹਿਤ ਹੈ, ਰਚਣ ਗੋਚਰਾ ਅਤੇ ਤੁਹਾਡੇ ਰਾਹੀਂ ਰੂਪਵੰਤ ਕੀਤਾ ਜਾਣ ਵਾਲਾ। ਜਿੱਥੇ ਅਤੇ ਜਿੱਥੋਂ ਅਸਲ 'ਅਸੀਂ' ਦਾ ਅਸਲ ਸਫਰ ਸ਼ੁਰੂ ਹੁੰਦਾ ਹੈ ਅਤੇ ਮੈਂ ਦਾ ਸਫ਼ਰ ਖ਼ਤਮ ਹੁੰਦਾ ਹੈ।

ਜਦ ਮੈਂ ਬਾਹਰ ਨਿਕਲਿਆ ਤਾਂ ਬਾਹਰ ਖੰਭਿਆਂ ਦੀਆਂ ਰੋਸ਼ਨੀਆਂ ਨਾਲ ਚਮਗਿੱਦੜਾਂ ਵਾਂਗ ਚੁੰਮੜਿਆ ਹੋਇਆ ਹਨ੍ਹੇਰਾ ਸੀ ਅਤੇ ਮੇਰੇ ਅੰਦਰ ਸੀਤ ਚਾਨਣ ਸੀ। ਦੂਸਰੇ ਦਿਨ ਪਰਮੋਦ ਕੌਸਵਾਲ ਨੇ ਆਪਣੀ ਅਖ਼ਬਾਰ ਵਿਚ ਇਸ ਫੰਕਸ਼ਨ ਬਾਰੇ ਇਕ ਵਿਸਤ੍ਰਿਤ ਰਿਪੋਰਟ ਛਾਪੀ ਸੀ। ਇਸ ਤੋਂ ਬਾਅਦ ਮੈਂ ਜਿਸ ਵੀ ਕਿਸੇ ਸਾਹਿਤਕ ਮਿੱਤਰ ਪਾਸ ਜਾਂਦਾ ਤਾਂ ਉਸ ਨੂੰ ਉਸ ਦੇ ਮਨਪਸੰਦ ਗਾਇਕਾਂ ਬਾਰੇ ਜ਼ਰੂਰ ਪੁੱਛਦਾ। ਇਸੇ ਤਰ੍ਹਾਂ ਹੀ ਮੈਨੂੰ ਜਲੰਧਰ ਟੀਵੀ ਵਾਲੇ ਹਰਜੀਤ ਨੇ ਜੋਹਨ ਬੇਅਜ਼ ਦੇ ਗੀਤ ਸੁਣਨ ਲਈ ਆਖਿਆ ਸੀ। ਮੇਰੇ ਪਾਸ ਇਸ ਮੈਕਸੀਕਨ ਕੁੜੀ ਦੀਆਂ ਹੁਣ ਕਈ ਕੈਸਟਾਂ ਹਨ, ਜਿਹੜੀਆਂ ਮੈਂ ਬਾਅਦ ਵਿਚ ਵੱਖ-ਵੱਖ ਥਾਵਾਂ ਤੋਂ ਖਰੀਦੀਆਂ। ਮਰਹੂਮ ਸਤਪਾਲ ਗੌਤਮ ਪਾਸ ਵੀ ਦੁਰਲੱਭ ਗੀਤਾਂ ਦਾ ਖ਼ਜਾਨਾ ਸੀ। ਜੌਹਨ ਕੇਜ ਦਾ ਚੁੱਪ ਦਾ ਸੰਗੀਤ ਵੀ ਮੇਰੇ ਲਈ ਉਨ੍ਹਾਂ ਵੇਲਿਆਂ ਦਾ ਮਿਲਿਆ ਹੋਇਆ ਭੰਡਾਰ ਸੀ। ਇਸੇ ਤਰ੍ਹਾਂ ਮਰਹੂਮ ਨਰਿੰਦਰ ਜੋਸ਼ੀ ਪਾਸ ਵੀ ਬਹੁਤ ਸਾਰੀਆਂ ਦੁਰਲੱਭ ਕੈਸਟਾਂ ਸਨ, ਖਾਸ ਤੌਰ 'ਤੇ ਇੰਸਟਰੂਮੈਂਟਲ ਮਿਊਜ਼ਿਕ ਦੀਆਂ। ਜੋਸ਼ੀ ਚੰਡੀਗੜ੍ਹ ਵਿਚ ਕਿਸੇ ਵਿਦੇਸ਼ੀ ਫਰਮ ਦਾ ਕਾਰਕੁਨ ਸੀ ਅਤੇ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕੀਨ ਸੀ। ਉਹ ਵੀ ਪ੍ਰਤਾਪ ਮਹਿਤਾ ਦੇ ਲੋਕਾਇਤ ਪ੍ਰਕਾਸ਼ਨ ਵਿਚ ਆਉਣ-ਜਾਣ ਕਰਕੇ ਮੇਰਾ ਦੋਸਤ ਬਣ ਗਿਆ ਸੀ। ਯੈਨੀ, ਯਹੂਦੀ ਮੈਨੂਹਿਨ, ਰਵੀ ਸ਼ੰਕਰ...ਅਤੇ ਬਹੁਤ ਸਾਰੇ। ਪਰ ਮੈਂ ਅਜੇ ਵੀ ਪਹਿਲਾਂ ਵਾਂਗ ਹੀ ਮਹਿਸੂਸ ਕਰ ਰਿਹਾਂ ਹਾਂ ਕਿ ਇਕ ਟਕਸਾਲੀ ਡੱਮੀ ਵਾਂਗ ਸੰਗੀਤ ਮੇਰੇ ਅੱਗੇ ਅੱਗੇ ਦੌੜ ਰਿਹਾ ਹੈ ਅਤੇ ਮੈਂ ਉਸ ਦੇ ਪਿੱਛੇ ਪਿੱਛੇ। ਇਸ ਦੌੜ ਦਾ ਅਲਾਪ ਤਾਂ ਹੈ ਪਰ ਅੰਤ ਨਹੀਂ ਪਰ ਸ਼ਾਇਦ ਸੰਗੀਤ ਵਰਗੀ ਕਿਸੀ ਚੀਜ਼ ਦਾ ਵੀ ਨਹੀਂ!

## ਦਸਮੇਸ਼ ਕਰਾਂਤੀ

### ਵਿਸਾਖੀ ਨੂੰ ਸਮਰਪਿਤ

ਸੋਲਾਂ ਸੌ ਨੜਿਨਵੇਂ ਦੀ
ਆ ਗਈ ਵਿਸਾਖੀ ਸੀ,
ਗੁਰੂ ਦਸਮੇਸ਼ ਨੇ,
ਕਰਾਂਤੀ ਇਕ ਖਾਕੀ ਸੀ,
ਮੌਤ ਨਾਲ ਲੈਣ ਪੰਗਾ,
ਉਹ ਸਿੰਘ ਮੈਂ ਸਜਾਉਣਾ ਆਂ
ਜਾਬਰਾਂ ਦਾ ਡਰ,
ਜ਼ਿਹਨਾਂ ਵਿਚੋਂ ਕਢਾਉਣਾ ਆਂ,
ਚਿੜੀਆਂ ਦੇ ਹੱਥੋਂ ਤਾਹੀਉਂ
ਬਾਜਾਂ ਨੂੰ ਮਰਾਉਣਾ ਆਂ।

ਭੇਜਿਆ ਸੁਨੇਹਾ ਦੂਰ ਤਾਈਂ
ਸਭੇ ਲੋਕਾਂ ਨੂੰ,
ਪਹੁੰਚਿਓ ਅਨੰਦਪੁਰ,
ਪਾਸੇ ਕਰ ਰੋਕਾਂ ਨੂੰ,
ਹੁਕਮ ਗੁਰੂ ਦਾ ਸਭ
ਸਿੱਖਾਂ ਨੇ ਗਜਾਉਣਾ ਆਂ,
ਗੱਭਰੂ ਜਵਾਨਾਂ ਨੂੰ
ਜ਼ਰੂਰ ਲੈ ਕੇ ਆਉਣਾ ਆਂ,
ਚਿੜੀਆਂ ਦੇ ਹੱਥੋਂ ਹੁਣ
ਬਾਜਾਂ ਨੂੰ ਮਰਾਉਣਾ ਆਂ।

ਸੈਂਕੜੇ ਹਜ਼ਾਰਾਂ 'ਚ ਹਜੂਮ
ਸਾਹਵੇਂ ਬਹਿ ਗਿਆ,
ਮਿਲਗੀ ਅਸੀਸ ਰੱਜ,
ਇਹੋ ਮਨ ਕਹਿ ਰਿਹਾ
ਸੋਚਿਆ ਨਹੀਂ ਸੀ,
ਨਵਾਂ ਕੌਤਕ ਰਚਾਉਣਾ ਆਂ
ਸਾਜਣੇ ਸਿਪਾਹੀ ਹੱਥੀਂ
ਖੰਡਾ ਵੀ ਫੜਾਉਣਾ ਆਂ।
ਚਿੜੀਆਂ ਦੇ ਹੱਥੋਂ
ਖ਼ੂਨੀ ਬਾਜਾਂ ਨੂੰ ਮਰਾਉਣਾ ਆਂ।

ਨੰਗੀ ਤਲਵਾਰ ਕੱਢ,
ਗਰਜੇ ਨੇ ਪਾਤਸ਼ਾਹ,
ਪੰਜ ਸਿਰ ਚਾਹੀਦੇ ਨੇ,
ਸੁਣ ਥੰਮ੍ਹ ਗਏ ਨੇ ਸਾਹ,
ਇਹੋ ਭੇਟਾ ਦਾਨ,
ਮੇਰੇ ਦਰ 'ਤੇ ਚੜ੍ਹਾਉਣਾ ਆਂ,
ਸੋਚ ਲਵੋ ਭੱਜਣਾ ਕਿ
ਗੁਰੂ ਵੱਲ ਆਉਣਾ ਆਂ।
ਚਿੜੀਆਂ ਦੇ ਹੱਥੋਂ ਏਦਾਂ
ਬਾਜਾਂ ਨੂੰ ਮਰਾਉਣਾ ਆਂ।

ਜਿਨ੍ਹਾਂ ਨੂੰ ਸੀ ਡਾਢਿਆਂ ਨੇ
ਸਿਰੇ ਤੋਂ ਨਕਾਰਿਆ,
ਸਿਰ ਦੇ ਕੇ ਪੰਜਾਂ ਨੇ ਸੀ,
ਸਿੰਘ ਬਾਣਾ ਧਾਰਿਆ,
ਗਿੱਦੜਾਂ ਤੋਂ ਝੁੰਡ,
ਸ਼ੇਰਾਂ ਵਾਲਾ ਮਰਵਾਉਣਾ ਆਂ,
ਕਿਰਤੀਆਂ ਸਿਰ ਰਾਜ ਤਾਜ
ਮੈਂ ਸਜਾਉਣਾ ਆਂ,
ਚਿੜੀਆਂ ਦੇ ਹੱਥੋਂ ਇੰਝ
ਬਾਜਾਂ ਨੂੰ ਮਰਾਉਣਾ ਆਂ।

ਬਾਣੀ, ਬਾਣੇ, ਪਾਹੁਲ ਨਾਲ
ਖਾਲਸਾ ਸੀ ਸਾਜਿਆ,
ਚੇਲਾ ਬਣ ਗੁਰ ਨੇ ਸੀ
ਖਾਲਸਾ ਨਿਵਾਜਿਆ,
ਜ਼ਾਲਮਾ ਔਰੰਗੇ! ਪੈਰੀਂ,
ਲਾਬ੍ਹ ਤੇਰੇ ਲਾਉਣਾ ਆਂ
ਚਿੜੀਆਂ ਦੇ ਹੱਥੋਂ ਮੈਂ ਤਾਂ
ਬਾਜਾਂ ਨੂੰ ਮਰਾਉਣਾ ਆਂ।

ਤੁਸੀਂ ਜੋ ਸਜਾਇਆ,
ਮੈਂ ਵੀ ਸਿਰ ਤੁਹਾਥੋਂ ਵਾਰਾਂਗਾ,
ਪੂਰਾ ਖਾਨਦਾਨ,
ਭੇਟਾ ਜੰਗ 'ਚ ਉਤਾਰਾਂਗਾ,
ਲੋਕ ਰਾਜ ਵਾਲਾ, ਮੈਂ
ਨਿਸ਼ਾਨ ਵੀ ਝੁਲਾਉਣਾ ਆਂ,
"ਰੱਤੜੇ" ਨੇ ਜੋੜ ਕਿੱਸਾ,
ਜੱਗ ਨੂੰ ਸੁਣਾਉਣਾ ਆਂ
ਚਿੜੀਆਂ ਦੇ ਹੱਥੋਂ ਮੈਂ ਹੀ
ਬਾਜਾਂ ਨੂੰ ਮਰਾਉਣਾ ਆਂ।

ਖਾਲਸੇ ਦੇ ਹੱਥੋਂ
ਦਗੇਬਾਜ਼ਾਂ ਨੂੰ ਮਰਾਉਣਾ ਆਂ।

*-ਪ੍ਰਿੰਸੀਪਲ ਕੇਵਲ ਸਿੰਘ ਰੱਤੜਾ*
*ਫੋਨ: 82838-30599*

---

## ਗੁਰੂ ਗੋਬਿੰਦ ਸਿੰਘ

ਸਾਡਾ ਬਾਪੂ ਹੈ ਸਰਦਾਰ
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਸਿੰਘ-ਕੌਰ ਦਾ ਰਚਣਹਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਪੁੱਤ ਵਾਰੇ ਧਰਮ ਤੇ ਚਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਵਾਰੋ-ਵਾਰੀ ਵਾਰਿਆ ਸਭ ਪਰਿਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਦੂਜੇ ਧਰਮਾਂ ਦੇ ਪਹਿਰੇਦਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹਿੰਦੂਆਂ ਦੀ ਸੁਣੀ ਪੁਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹੈ ਸੱਚੀ ਸੱਚ ਸਰਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹਰ ਸਿੱਖ ਨੂੰ ਹੈ ਇਤਬਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਗੁਰੂ ਨਾਨਕ ਦਸਵੇਂ ਅਵਤਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਸਿੱਖਾਂ ਨੂੰ ਕਰਦੇ ਪਿਆਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਨੀਲੇ ਘੋੜੇ ਦੇ ਅਸਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਹੈ ਗੁਰ ਰੂਪ ਕਰਤਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਯੁੱਧ 'ਚ ਜੂਝਣ ਲੈ ਤਲਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਤੀਰਾਂ ਦੀ ਕਰਨ ਬੁਛਾੜ
ਧੰਨ ਧੰਨ ਗੁਰੂ ਗੋਬਿੰਦ ਸਿੰਘ।

ਸੁੱਖਵਿੰਦਰਾ ਤੂੰ ਜਪੁ ਵਾਰ-ਵਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।
ਪਿਤਾ ਪੁੱਤਰਾਂ ਦੀ ਸੁਣੇ ਪੁਕਾਰ,
ਧੰਨ ਧੰਨ ਗੁਰੂ ਗੋਬਿੰਦ ਸਿੰਘ।

*-ਸੁੱਖਵਿੰਦਰ ਸਿੰਘ ਬੋਦਲਾਂਵਾਲਾ*
*ਫੋਨ: 360 281 2624*

---

# ‘ਆਈ ਨਾਟ ਦੇਖਿੰਗ ਯੂਅਰ ਨੰਗੇਜ..!’

ਵਿਅੰਗ

**ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।**

ਸਾਡੇ ਪਰਮ-ਮਿੱਤਰ ਦੇ ਸਾਲਾ ਸਾਹਿਬ ਨੇ ਭਾਰਤ ਤੋਂ ਸਾਡੇ ਕੋਲ ‘ਬਾਹਰ’ ਆਉਣਾ ਸੀ। ਮਿੱਤਰ ਨੂੰ ਕਿਸੇ ਕਾਰਨ ਛੁੱਟੀ ਨਾ ਮਿਲ ਸਕੀ ਤਾਂ ਉਸ ਨੇ ਸਾਡੇ ਤੱਕ ਪਹੁੰਚ ਕੀਤੀ, ‘ਸਾਲੇ ਨੇ ਆਉਣੈਂ ਯਾਰ-ਜੇ ਤੁਸੀਂ ਉਹਨੂੰ ਵਿਆਨਾ ਏਅਰਪੋਰਟ ਤੋਂ ਲੈ ਆਵੋਂ।’ ਅਸੀਂ ਹੁੰਗਾਰਾ ਭਰ ਦਿੱਤਾ। ਮਿੱਤਰ ਨੇ ਇਹ ਵੀ ਦੱਸਿਆ ਕਿ ਸਾਲਾ ਸਾਹਿਬ ਤਾਂ ‘ਸਿੱਧਰੇ’ ਜਿਹੇ ਹੀ ਹਨ, ਕੋਈ ਉੱਘ ਦੀ ਪਤਾਲ ਗੱਲ ਕਰ ਦੇਵੇ ਤਾਂ ਬਾਈ ਬਣ ਕੇ ਗੁੱਸਾ ਨਾ ਕਰਿਓ! ਅਸੀਂ ਇਹ ਵੀ ਹੱਸ ਕੇ ਕਬੂਲ ਕਰ ਲਿਆ। ਉਸ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਅਗਰ ਆਪਾਂ ਸਾਲਾ ਸਾਹਿਬ ਨੂੰ ਏਅਰਪੋਰਟ ਤੋਂ ਨਾ ਲੈਣ ਗਏ ਤਾਂ ਘਰਵਾਲੀ ਸਾਹਿਬਾਂ ਘਰ ਵਿਚ ਬੁਸ਼-ਸੱਦਾਮ ਜੰਗ ਖੜ੍ਹੀ



**ਸ਼ਿਵਚਰਨ ਜੱਗੀ ਕੁੱਸਾ**
**ਫੋਨ: 44 78533-17891**

ਕਰ ਦੇਵੇਗੀ। ਅਸੀਂ ਨਿਸ਼ਚਿੰਤ ਹੋ ਜਾਣ ਲਈ ਹਿੱਕ ਠੋਕ ਦਿੱਤੀ ਅਤੇ ਆਪਣੇ ਬਾਕੀ ਸੱਜਣ-ਮਿੱਤਰਾਂ ਨੂੰ ਕਮਰਕਸੇ ਕੱਸ ਲੈਣ ਲਈ ਆਖਿਆ। ਸਾਲਾ ਸਾਹਿਬ ਨੂੰ ਲੈ ਕੇ ਆਉਣਾ ਸੀ, ਕੋਈ ਲੱਲੋ-ਪੱਤੋ ਗੱਲ ਨਹੀਂ ਸੀ! ਕੀ ਹੋ ਗਿਆ ਸੀ ਕਿ ਉਹ ਮਿੱਤਰ ਦਾ ਸਾਲਾ ਸੀ? ਸਾਡਾ ਵੀ ਤਾਂ ‘ਕੁਛ’ ਲੱਗਦਾ ਹੀ ਸੀ। ਮਿੱਤਰ ਦੀ ਮਾਂ, ਸਾਡੀ ਮਾਂ! ਮਿੱਤਰ ਦਾ ਭਰਾ, ਸਾਡਾ ਭਰਾ! ਮਿੱਤਰ ਦਾ ਬਾਪ, ਸਾਡਾ ਬਾਪ! ਮਿੱਤਰ ਦੇ ਸਾਲਾ ਸਾਹਿਬ ਵੀ ਤਾਂ ਸਾਡੇ ‘ਸਾਲਾ ਸਾਹਿਬ’ ਹੀ ਲੱਗੇ ਨ੍ਹਾ?

ਖ਼ੈਰ! ਅਸੀਂ ਨੌਂ ਸੀਟਾਂ ਵਾਲੀ ਵੈਨ ਕਿਰਾਏ ’ਤੇ ਲੈ ਲਈ ਅਤੇ ਸੱਤ ਜਣਿਆਂ ਨੇ ਵਿਆਨਾ ‘ਸ਼ਵੇਖਾਟ-ਏਅਰਪੋਰਟ’ ਨੂੰ ਚਾਲੇ ਪਾ ਦਿੱਤੇ। ਸਾਡਾ ਖਾਣ-ਪੀਣ ਅਤੇ ਪੈਟਰੋਲ ਦਾ ਖਰਚਾ ਮਿੱਤਰ ਸਿਰ ਸੀ। ਚਾਰ ‘ਬੈਲਨਟਾਈਨ’ ਦੀਆਂ ਬੋਤਲਾਂ ਸੱਜਣਾਂ ਨੇ ਵੈਨ ਵਿਚ ਰੱਖ ਲਈਆਂ ਸਨ। ਬਾਕੀ ਖਾਣ ਪੀਣ ਦਾ ਪ੍ਰਬੰਧ ਰਸਤੇ ’ਚੋਂ ਹੀ ਹੋ ਜਾਣਾ ਸੀ। ਹਾਸਾ ਠੱਠਾ ਕਰਦੇ ਅਸੀਂ ਸਾਰੇ ਸਵੇਰੇ ਦਸ ਕੁ ਵਜੇ ਵਿਆਨਾ ਦੇ ਸ਼ਵੇਖਾਟ ਏਅਰਪੋਰਟ ’ਤੇ ਪੁੱਜ ਗਏ। ਸਾਲਾ ਸਾਹਿਬ ਦੀ ਫਲਾਈਟ ਸਹੀ ਟਾਈਮ ’ਤੇ ਗਿਆਰਾਂ ਵਜੇ ਹੀ ਆ ਰਹੀ ਸੀ। ਸਾਡੇ ਡਰਾਈਵਰ ਤੋਂ ਛੁੱਟ ਬਾਕੀ ਭਾਈਬੰਦਾਂ ਨੇ ਫਲਾਈਟ ਦਾ ਸਮਾਂ ਪੜ੍ਹ ਕੇ ਇਕ-ਇਕ ਪੈੱਗ ਲਾ ਲਿਆ। ਏਅਰਪੋਰਟ ’ਤੇ ਭਲਵਾਨੀ ਗੇੜੇ ਦਿੱਤੇ, ਜਿਵੇਂ ਮੁੰਡੇ-ਖੁੰਡੇ ਕਿਸੇ ਬਰਾਤ ਵਿਚ ਜਾ ਕੇ ਬਿਗਾਨੇ ਪਿੰਡ ਵਿਚ ਦਿੰਦੇ ਹਨ।

ਮੋਰ ਵਾਂਗ ਖੰਭ ਜਿਹੇ ਖਿਲਾਰ ਕੇ ਗਿਆਰਾਂ ਵਜੇ ਫਲਾਈਟ ਆ ਉੱਤਰੀ। ਮਿੱਤਰ ਦੇ ਸਾਲਾ ਸਾਹਿਬ ਬਾਹਰ ਆ ਗਏ। ਬਿਲਕੁਲ ਸਿੱਧ ਪੱਧਰਾ ਬੰਦਾ, ਹਲ ਵਾਹ ਪੇਂਡੂ ਜੱਟ! ਇਕ ਹੱਥ ਵਿਚ ਅਟੈਚੀ ਅਤੇ ਦੂਜੇ ਹੱਥ ਵਿਚ ਬਿਸਕੁਟਾਂ ਵਾਲਾ ਪੀਪਾ ਫੜਿਆ ਹੋਇਆ। ਪੀਪੇ ਦੀ ਕੁੰਡੀ ਵਿਚ ਖੁੱਲ੍ਹ ਜਾਣ ਦੇ ਡਰੋਂ ਇਕ ਡੱਕਾ ਅੜਾਇਆ ਹੋਇਆ ਸੀ। ਮਿੱਤਰ ਦੇ ਦੱਸਣ ਅਨੁਸਾਰ, ਸਾਲਾ ਸਾਹਿਬ ਦੀ ਚਾਲ-ਢਾਲ ਅਤੇ ਬਿਸਕੁਟਾਂ ਵਾਲੇ ਪੀਪੇ ਤੋਂ ਸਾਨੂੰ ਸਾਲਾ ਸਾਹਿਬ ਨੂੰ ਪਹਿਚਾਨਣ ਵਿਚ ਕੋਈ ਅੜਚਨ ਨਹੀਂ ਆਈ ਸੀ। ਜਦੋਂ ਅਸੀਂ ਉਸ ਨੂੰ ਆਪਣੀ ਜਾਣ-ਪਹਿਚਾਣ ਦੱਸੀ ਤਾਂ ਉਸ ਨੇ ਵੱਡੀ ਸਾਰੀ ‘ਸੌਸਰੀਕਾਲ ਬਾਈ ਜੀ’ ਆਖਿਆ। ਅਟੈਚੀ ਤਾਂ ਅਸੀਂ ਫੜ ਲਿਆ, ਪਰ ਪੀਪੇ ਨੂੰ ਕਿਸੇ ਨੇ ਏਡਜ਼ ਦੇ ਮਰੀਜ਼ ਵਾਂਗ ਹੱਥ ਨਾ ਪਾਇਆ। ਚਾਹੇ ਅਸੀਂ ਵੀ ਪੰਜਾਬ ਤੋਂ ਮੱਖੀਆਂ ਗੁੱਡਦੇ ਹੀ ਇੱਥੇ ਆਏ ਸੀ, ਪਰ ਐਥੇ ਆ ਕੇ ਸਾਡੀ ‘ਪੁਜ਼ੀਸ਼ਨ’ ਕੁਝ ‘ਉੱਚੀ’ ਹੋ ਗਈ ਸੀ। ਚਾਹੇ ਅਸੀਂ ਵੀ ਬੱਧਨੀ ਕਲਾਂ ਤੋਂ ਖ਼ੁਦ ਬਿਸਕੁਟ ਕਢਵਾ ਕੇ ਲਿਆਉਂਦੇ ਰਹੇ ਹਾਂ, ਪਰ ਅੱਜ ਸਾਨੂੰ ਵੀ ਪੀਪੇ ਨੂੰ ਹੱਥ ਲਾਉਂਦਿਆਂ ਸ਼ਰਮ ਆ ਰਹੀ ਸੀ। ਦਿਨਾਂ ਦਿਨਾਂ ਦੀ ਗੱਲ ਹੁੰਦੀ ਐ! ਸਮੇਂ ਸਮੇਂ ਅਨੁਸਾਰ ਬੰਦਾ ਤਾਂ ਕੀ, ਪਸ਼ੂ ਵੀ ਬਦਲ ਜਾਂਦੈ!

‘ਸਾਲ ਗਰਾਮ ਜੀ ਪੈੱਗ ਲਾਓਗੇ?’ ਸਾਡੇ ਭਾਈਬੰਦ ਨੇ ਇੱਜ਼ਤ ਕਰਦਿਆਂ ਪੁੱਛਿਆ।

‘ਲਾਊਂਗਾ-ਲਾਊਂਗਾ! ਜ਼ਰੂਰ ਲਾਊਂਗਾ ਯਾਰ!’ ਪੈੱਗ ਦਾ ਨਾਂ ਲਏ ਤੋਂ ਉਸ ਨੂੰ ਗਧੇ ਵਾਂਗ ਹੀਂਗਣਾ ਛੁੱਟ ਪਿਆ।

ਭਾਈਬੰਦ ਨੇ ਪੈੱਗ ਪਾ ਦਿੱਤਾ। ਸਾਲਾ ਸਾਹਿਬ ਨੇ ਇਕੋ ਸਾਹ ਸਿਰੇ ਲਾ ਦਿੱਤਾ।

‘ਇਕ ਹੋਰ ਪਾ ਯਾਰ-ਇਹਦੇ ਨਾਲ ਤਾਂ ਧਰਨ ਵੀ ਗਿੱਲੀ ਨ੍ਹੀਂ ਹੋਈ।’

ਮਿੱਤਰ ਨੇ ਇਕ ਹੋਰ ਪੈੱਗ ਪਾ ਦਿੱਤਾ। ਸਾਲਾ ਸਾਹਿਬ ਨੇ ਉਹ ਵੀ ਧੁਰ ਲਾ ਦਿੱਤਾ।

‘ਚਲੋ, ਚਾਲੇ ਪਾਓ-ਅਸੀਂ ਕੰਮ ’ਤੇ ਵੀ ਜਾਣੈ।’

ਗੱਡੀ ਤੁਰ ਪਈ। ਅਜੇ ਅਸੀਂ ਹਾਈਵੇਅ ’ਤੇ ਚੜ੍ਹੇ ਨਹੀਂ ਸੀ ਕਿ ਸਾਲਾ ਸਾਹਿਬ ਨੇ ‘ਰੋਕੀਂ-ਰੋਕੀਂ’ ਦਾ ਰੌਲਾ ਪਾ ਦਿੱਤਾ। ਭਾਈਬੰਦ ਨੇ ਵੈਨ ਰੋਕ ਲਈ। ਅਸੀਂ ਸੋਚਿਆ ਕਿਤੇ ਸਾਲਾ ਸਾਹਿਬ ਦਾ ਦਿਲ-ਦੁਲ ਨਾ ਘਿਰਨ ਲੱਗ ਪਿਆ ਹੋਵੇ? ਜਹਾਜ਼ ਦਾ ਸਫ਼ਰ, ਅਨੀਂਦਰਾ ਤੇ ਫੇਰ ਬਾਹਰਲਾ ਠੰਢਾ ਮੌਸਮ!

‘ਕੀ ਗੱਲ ਹੋ ਗਈ?’ ਡਰਾਈਵਰ ਭਾਈਬੰਦ ਨੇ ਪੁੱਛਿਆ।

‘ਮੈਨੂੰ ਇਉਂ ਲੱਗਿਆ ਜਿਵੇਂ ਔਹ ਮਗਰਲੀ ਕਾਰ ਕੁੜੀ ਚਲਾਉਂਦੀ ਹੁੰਦੀ ਐ।’ ਸਾਲਾ ਸਾਹਿਬ ਨੇ ਬਚਨ ਕੀਤੇ।

ਸਾਰੇ ਹੱਸ ਪਏ।

‘ਇੱਥੇ ਬਾਈ ਜੀ ਕੁੜੀਆਂ ਹੋਰ ਬਹੁਤ ਕੁਛ ਕਰਦੀਐਂ-ਕਾਰਾਂ ਵੀ ਕੁੜੀਆਂ ਈ ਚਲਾਉਂਦੀਐਂ-ਕੋਈ ਸ਼ੱਕ ਨ੍ਹੀਂ।’ ਗੱਡੀ ਫਿਰ ਤੋਰ ਲਈ ਗਈ।

‘ਕਮਾਲ ਦੀ ਗੱਲ ਐ ਬਈ!’ ਉਹ ਖਿੜ ਖਿੜਾ ਕੇ ਹੱਸ ਪਿਆ। ਰਸਤੇ ਵਿਚ ਪੈੱਗ-ਸ਼ੈੱਗ ਲਾਉਂਦੇ ਅਸੀਂ ਤਿੰਨ ਕੁ ਘੰਟਿਆਂ ਬਾਅਦ ਮਿੱਤਰ ਦੇ ਘਰ ਆ ਗਏ। ਸਾਲਾ ਸਾਹਿਬ ਆਪਣੀ ਭੈਣ ਜੀ ਨੂੰ ਕੁੜੀ ਦੇ ਕਾਰ ਚਲਾਉਣ ਦੀਆਂ ਗੱਲਾਂ ਦੱਸਣ ਲੱਗ ਪਏ। ਸਾਲਾ ਸਾਹਿਬ ਦੀ ਭੈਣ ਅਰਥਾਤ ਸਾਡੇ ਭਰਜਾਈ ਜੀ ਆਪਣੇ ਭਰਾ ਦੀਆਂ ਝੱਲ-ਵਲੱਲੀਆਂ ਗੱਲਾਂ ਸੁਣ ਕੇ ਸ਼ਰਮ ਖਾ ਰਹੇ ਸਨ। ਅਸੀਂ ਵੀ ਜਾਣਾ ਹੀ ਬਿਹਤਰ ਸਮਝਿਆ। ਜਦੋਂ ਅਸੀਂ ਤੁਰਨ ਲੱਗੇ ਤਾਂ ਸਾਡਾ ਮਿੱਤਰ ਵੀ ਕੰਮ ਤੋਂ ਆ ਗਿਆ। ਉਸ ਨੇ ਸਾਡਾ ਧੰਨਵਾਦ ਕੀਤਾ ਅਤੇ ਬੋਤਲ ਕੱਢ ਕੇ ਅੱਗੇ ਰੱਖ ਦਿੱਤੀ। ਸਾਲਾ ਸਾਹਿਬ ਹਲਵਾਈ ਦੇ ਕੁੱਤੇ ਵਾਂਗ ਰਸੋਈ ਵਿਚ ਜਾ ਵੜੇ ਸਨ। ਰਸੋਈ ਵਿਚ ਜਿਹੜਾ ਕੁਛ ਦਿਸਿਆ, ਨਬੇੜ ਦਿੱਤਾ।

‘ਸਾਲਾ ਐਥੋਂ ਦਾ ਸਾਗ ਬਕਬਕਾ ਜਿਐ!’ ਬਾਹਰ ਆਉਂਦਿਆਂ, ਉਸ ਨੇ ਮੂੰਹ ਘਸਮੈਲਾ ਜਿਹਾ ਕਰਦਿਆਂ ਕਿਹਾ।

‘ਵੇ ਕਿਹੜਾ ਸਾਗ? ਸਾਗ ਤਾਂ ਮੈਂ ਬਣਾਇਆ ਈ ਨ੍ਹੀਂ!’ ਸਾਡੇ ਭਰਜਾਈ ਜੀ ਪਿੱਟਣ ਵਾਂਗ ਆਖਣ ਲੱਗੇ।

‘ਉਹ ਜਿਹੜਾ ਕੌਲੀ ’ਚ ਪਿਆ ਸੀ-ਉਹ ਕੀ ਸੀ?’

‘ਫਿੱਟੇ ਮੂੰਹ! ਵੇ ਮਰ ਜਾਣਿਆਂ! ਉਹ ਤਾਂ ਮੈਂ ਮਹਿੰਦੀ ਘੋਲ ਕੇ ਰੱਖੀ ਸੀ-ਆਬਦੇ ਸਿਰ ’ਚ ਲਾਉਣ ਵਾਸਤੇ!’

ਸਾਰੇ ਹੱਸ ਪਏ। ਸਾਲਾ ਸਾਹਿਬ ਛਿੱਥੇ ਜਿਹੇ ਪੈ ਗਏ।


‘ਕੋਈ ਗੱਲ ਨ੍ਹੀਂ ਭਰਜਾਈ-ਮਹਿੰਦੀ ਕੋਈ ਮਾੜੀ ਚੀਜ਼ ਨ੍ਹੀਂ-ਅੰਦਰ ਲਾਲੀ ਝਗੂ!’ ਅਸੀਂ ਗੱਲ ਹਾਸੇ ਪਾ ਲਈ ਕਿ ਭਰਜਾਈ ਜੀ ਨਮੋਸ਼ੀ ਨਾ ਮੰਨ ਜਾਣ।

‘ਤੂੰ ਉਤ ਦਾ ਉਤ ਈ ਰਿਹਾ-ਐਥੇ ਆ ਕੇ ਕੀ ਤੂੰ ਲੱਲੂਰ ਲਾਏਂਗਾ!’ ਭਰਜਾਈ ਨੂੰ ਬੇਇੱਜ਼ਤੀ ਡੋਬੀ ਜਾਂਦੀ ਸੀ।

ਅਸੀਂ ਖਾ ਪੀ ਕੇ ਘਰ ਆ ਗਏ।

ਤੀਜੇ ਕੁ ਦਿਨ ਭਰਜਾਈ ਜੀ ਦਾ ਫ਼ੋਨ ਆ ਗਿਆ। ਸਾਲਾ ਸਾਹਿਬ ਦੇ ਵਾਲ ਝੜਦੇ ਸਨ। ਸਿਰ ਵਿਚ ਸਿੱਕਰੀ ਸੀ। ਡਾਕਟਰ ਦੇ ਲੈ ਕੇ ਜਾਣਾ ਸੀ। ਭਰਜਾਈ ਸਾਹਿਬਾਂ ਨੂੰ ਬੋਲੀ ਨਹੀਂ ਆਉਂਦੀ ਸੀ, ਇਸ ਕਰਕੇ ਇਹ ਸੇਵਾ ਵੀ ਸਾਡੇ ਹਿੱਸੇ ਹੀ ਆਉਣੀ ਸੀ। ਅਸੀਂ ਸੋਮਵਾਰ ਨੂੰ ਸਾਲਾ ਸਾਹਿਬ ਨੂੰ ਡਾਕਟਰ ਦੇ ਲੈ ਗਏ। ਜਦੋਂ ਸਾਡੀ ਵਾਰੀ ਆਈ ਤਾਂ ਸਾਲਾ ਸਾਹਿਬ ਡਾਕਟਰ ਨੂੰ ਦੇਖ ਕੇ ਹੀ ਭੱਜ ਤੁਰੇ। ਅਸੀਂ ਕੁੱਤੇ ਵਾਂਗ ਮਗਰ ਮਗਰ ਤੀੜ ਦੇ ਲਈ! ਕਾਰਨ ਪੁੱਛਿਆ ਤਾਂ ਉਹ ਬੋਲਿਆ, ‘ਡਾਕਟਰ ਤਾਂ ਭੈਣ ਦੇਣਾ ਆਪ ਗੰਜੈ-ਮੇਰਾ ‘ਲਾਜ ਉਹ ਸੁਆਹ ਕਰੂ?’ ਸਾਨੂੰ ਹਾਸੇ ਦੇ ਨਾਲ ਨਾਲ ਗੁੱਸਾ ਵੀ ਆਈ ਜਾਵੇ। ਪਰ ਫਿਰ ਵੀ ਅਸੀਂ ਆਪਣੇ ਮਿੱਤਰ ਦੀ ਯਾਰੀ ਦਾ ਲਿਹਾਜ਼ ਕਰਦਿਆਂ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਸਭ ਬੇਅਰਥ! ਆਪਣੀ ਇੱਜ਼ਤ ਆਪਣੇ ਹੱਥ ਲੈ ਕੇ ਅਸੀਂ ਵਾਪਿਸ ਆ ਗਏ।

ਕੁਝ ਦਿਨਾਂ ਬਾਅਦ ਸਾਡੇ ਮਿੱਤਰ ਨੇ ਸਾਡੇ ਕੋਲ ਫਿਰ ਪਹੁੰਚ ਕੀਤੀ, ਸਾਲਾ ਸਾਹਿਬ ਨੂੰ ਕੰਮ ’ਤੇ ਲੁਆਓ! ਅਸੀਂ ਅੱਗੇ ਆਪਣੇ ਮਿੱਤਰਾਂ ਦੀ ਡਿਊਟੀ ਲਾ ਦਿੱਤੀ। ਇਕ ਮਿੱਤਰ ਦੀ ਫ਼ੈਕਟਰੀ ਵਿਚ ਇਕ ਸਫ਼ਾਈ ਕਰਨ ਵਾਲੇ ਬੰਦੇ ਦੀ ਜ਼ਰੂਰਤ ਸੀ। ਸਾਲਾ ਸਾਹਿਬ ਪਹਿਲਾਂ ਤਾਂ ਲੱਤ ਹੀ ਨਾ ਲਾਉਣ, ਅਖੇ ਮੈਂ ਜੱਟ ਪੁੱਤ ਐਂ, ਸਫ਼ਾਈ ਕਾਹਤੋਂ



ਕਰਾਂ? ਉਸ ਨੂੰ ਪਲੋਸ-ਪਲਾਸ ਕੇ ਸਮਝਾਇਆ ਕਿ ਇਕ ਵਾਰੀ ਇਹ ਡਿਊਟੀ ਲੈ-ਲਾ, ਜਦੋਂ ਵੀਜ਼ਾ ਲੱਗ ਗਿਆ, ਕੋਈ ਹੋਰ ਠੇਰਾ ਲੱਭ ਲਵਾਂਗੇ। ਸਾਲਾ ਸਾਹਿਬ ਮੰਨ ਗਏ।

ਸਾਡੇ ਮਿੱਤਰ ਦੀ ਜੱਦੋ-ਜਹਿਦ ਰੰਗ ਲਿਆਈ। ਸਾਲਾ ਸਾਹਿਬ ਨੂੰ ਕੰਮ ’ਤੇ ਲਾ ਦਿੱਤਾ। ਉਸ ਨੇ ਬਾਹਰਲੀ ਸਫ਼ਾਈ ਦੇ ਨਾਲ ਨਾਲ ਪੁਰਸ਼ਾਂ ਦੀਆਂ ਟੁਆਇਲਟਾਂ ਵੀ ਸਾਫ਼ ਕਰਨੀਆਂ ਸਨ। ਔਰਤਾਂ ਵਾਲੀਆਂ ਟੁਆਇਲਟਾਂ ਵਿਚ ਜਾਣ ਦੀ ਮਨਾਹੀ ਸੀ। ਔਰਤਾਂ ਦੀਆਂ ਟੁਆਇਲਟਾਂ ਦੀ ਸਫ਼ਾਈ ਸਿਰਫ਼ ਔਰਤ ਕਰਮਚਾਰੀ ਹੀ ਕਰਦੀਆਂ ਸਨ। ਸਾਡੇ ਮਿੱਤਰ ਨੇ ਸਾਲਾ ਸਾਹਿਬ ਨੂੰ ਸਮਝਾਇਆ ਹੋਇਆ ਸੀ ਕਿ ਗੋਰੀ ਚਮੜੀ ਕੰਮ ਦੀ ਹੈ, ਚੰਮ ਦੀ ਨਹੀਂ, ਜਿੰਨਾ ਫ਼ੋਰਮੈਨ ਨੂੰ ਖ਼ੁਸ਼ ਰੱਖੇਂਗਾ, ਉਹ ਉਤਨਾ ਹੀ ਤੇਰੇ ’ਤੇ ਮਿਹਰਬਾਨ ਹੋਵੇਗਾ, ਹੋ ਸਕਦੈ ਉਹ ਖ਼ੁਸ਼ ਹੋ ਕੇ ਤੈਨੂੰ ਮੇਰੇ ਨਾਲ ਦੀ ਮਸ਼ੀਨ ’ਤੇ ਹੀ ਕੰਮ ਦੇ ਦੇਵੇ? ਸਾਲਾ ਸਾਹਿਬ ਨੇ ਗੱਲ ਲੜ ਬੰਨ੍ਹ ਲਈ। ਸਫ਼ਾਈ ਪੱਖੋਂ ਉਹ ਕੋਈ ਸ਼ਿਕਾਇਤ ਨਹੀਂ ਆਉਣ ਦਿੰਦਾ ਸੀ।

ਇਕ ਦਿਨ ਉਹ ਫ਼ੋਰਮੈਨ ਨੂੰ ‘ਖ਼ੁਸ਼’ ਕਰਨ ਲਈ ਪੁਰਸ਼ਾਂ ਵਾਲੀਆਂ ਟੁਆਇਲਟਾਂ ਲਿਸ਼ਕਾ-ਚਮਕਾ ਕੇ ਸਫ਼ਾਈ ਕਰਨ ਲਈ ਔਰਤਾਂ ਵਾਲੀਆਂ ਟੁਆਇਲਟਾਂ ਵਿਚ ਜਾ ਵੜਿਆ। ਅਜੇ ਉਸ ਨੇ ਉਪਰਲੇ ਸ਼ੀਸ਼ਿਆਂ ਦੀ ਸਫ਼ਾਈ ਸ਼ੁਰੂ ਕੀਤੀ ਹੀ ਸੀ ਕਿ ਹੇਠਾਂ ਟੁਆਇਲਟ ਉਪਰ ਬੈਠੀ ਬੁੱਢੀ ਗੋਰੀ ਨੇ ਰੌਲਾ ਪਾ ਕੇ ਛੱਤ ਸਿਰ ’ਤੇ ਚੁੱਕ ਲਈ, ‘ਨਾਨਸੈਂਸ..! ਯੂ ਫ੍ਹੱਕ ਔਫ਼....ਯੂ ਬਲੱਡੀ ਬਲੈਕ ਬਾਸਟਰਡ...!’ ਘੱਗਰਾ ਉਪਰ ਧੂੰਹਦੀ ਹੋਈ ਉਹ ਪਤਾ ਨਹੀਂ ਕੀ-ਕੀ ‘ਲੋਦੇ’ ਲਾ ਗਈ ਸੀ। ਸਾਲਾ ਸਾਹਿਬ ਨੂੰ ਭੱਜਣ ਲਈ ਰਾਹ ਨਾ ਲੱਭੇ, ਬੋਲੀ ਉਸ ਨੂੰ ਆਉਂਦੀ ਨਹੀਂ ਸੀ। ਉਹ ‘ਅਲੀ-ਅਲੀ’ ਕਰ ਰਹੀ ਬੁੱਢੀ ਨੂੰ ਠੰਢੀ ਕਰਨ ਲਈ ਮੁੜ੍ਹਕੋ ਮੁੜ੍ਹਕੀ ਹੋਇਆ ਆਖੀ ਜਾਵੇ, ‘ਬੁੱਢਿਆਂ ਵਾਲੀ ਔਰੈਟ, ਟਿਚਨ..! ਹੁਣ ਆਈ ਐਮ ਕਰਇੰਗ ਲੇਡੀਆਂ ਵਾਲੀ ਸਾਫ਼...! ਆਈ ਨਾਅਟ ਦੇਖਿੰਗ ਯੂਅਰ ਨੰਗੇਜ...!’

ਭੁਤਰੀ ਬੁੱਢੀ ਗੋਰੀ ਫ਼ੋਰਮੈਨ ਨੂੰ ਬੁਲਾ ਲਿਆਈ। ਫ਼ੋਰਮੈਨ ਨੇ ਇਕ ਅੰਗਰੇਜ਼ੀ ਬੋਲਦਾ ਪੰਜਾਬੀ ਭਾਈਬੰਦ ਸੱਦ ਲਿਆ। ਉਸ ਨੇ ਸਾਲਾ ਸਾਹਿਬ ਦੀ ਗੱਲ ਦਾ ਉਲੱਥਾ ਕਰ ਕੇ ਫ਼ੋਰਮੈਨ ਨੂੰ ਦੱਸਿਆ ਕਿ ਇਹ ਕਹਿ ਰਿਹਾ ਹੈ ਕਿ ਪੁਰਸ਼ਾਂ ਵਾਲੀਆਂ ਟੁਆਇਲਟਾਂ ਤਾਂ ਸਾਫ਼ ਕਰ ਦਿੱਤੀਆਂ ਸਨ, ਪਰ ਹੁਣ ਉਹ ਲੇਡੀਜ਼ ਵਾਲੀਆਂ ਟੁਆਇਲਟਾਂ ਸਾਫ਼ ਕਰ ਕੇ ਫ਼ੋਰਮੈਨ ਦੀ ਖ਼ੁਸ਼ੀ ਜਿੱਤਣਾ ਚਾਹੁੰਦਾ ਸੀ, ਇਸ ਨੇ ਬੁੱਢੀ ਦਾ ਕੋਈ ਨੰਗੇਜ ਨਹੀਂ ਦੇਖਿਆ। ਗੱਲ ਹਾਸੇ ਵਿਚ ਹੀ ਟਲ ਗਈ ਅਤੇ ਫ਼ੋਰਮੈਨ ਨੇ ਉਸ ਨੂੰ ‘ਵਾਰਨਿੰਗ’ ਦੇ ਕੇ ਛੱਡ ਦਿੱਤਾ ਕਿ ਅੱਗੇ ਤੋਂ ਉਹ ਬੁੜ੍ਹੀਆਂ ਵਾਲੀਆਂ ਟੁਆਇਲਟਾਂ ਵੱਲ ਨਾ ਜਾਵੇ!

ਦਸੰਬਰ ਵਿਚ ਕ੍ਰਿਸਮਿਸ ਦਾ ਦਿਨ ਆ ਗਿਆ। ਕ੍ਰਿਸਮਿਸ ਦੇ ਦਿਹਾੜੇ ’ਤੇ ਫ਼ੈਕਟਰੀ ਵੱਲੋਂ ਵੱਡੇ ਪੱਧਰ ’ਤੇ ਪਾਰਟੀ ਦਿੱਤੀ ਜਾ ਰਹੀ ਸੀ। ਸ਼ਰਾਬ ਦੇ ਦੌਰ ਚੱਲ ਰਹੇ ਸਨ। ਕੁੱਕੜ ਦੀਆਂ ਟੰਗਾਂ ਚੱਬੀਆਂ ਜਾ ਰਹੀਆਂ ਸਨ। ਸਾਲਾ ਸਾਹਿਬ ਰੈੱਡ-ਵਾਈਨ ਸ਼ਰਬਤ ਵਾਂਗ ਸੂਤੀ ਜਾ ਰਹੇ ਸਨ। ਮਿਊਜ਼ਿਕ ਵੱਜ ਰਿਹਾ ਸੀ। ਗੋਰੇ ਗੋਰੀਆਂ ਨਾਚ ਕਰ ਰਹੇ ਸਨ। ਸਾਲਾ ਸਾਹਿਬ ਨੂੰ ਵੀ ਮੁਫ਼ਤ ਦੀ ਵਾਈਨ ਧਤੂਰੇ ਵਾਂਗ ਚੜ੍ਹ ਗਈ, ਉਹ ਮਿਊਜ਼ਿਕ ਨਾਲ ਲੋਰ ਵਿਚ ਸਿਰ ਹਿਲਾ ਰਹੇ ਸਨ, ਅਖੇ, ਬੈਠੇ ਬੈਠੇ ਦਾ ਮੇਰਾ ਵੀ ਪੈਰ ਉਠਦੈ! ਸਾਲਾ ਸਾਹਿਬ ਨਸ਼ੇ ਵਿਚ ਭਾਈਬੰਦ ਨੂੰ ਆਖਣ ਲੱਗੇ, ‘ਮੈਂ ਵੀ ਭੋਰਾ ਡਿਸਕੋ ਕਰਲਾਂ?’ ਭਾਈਬੰਦ ਵੀ ਜੋਗੀ ਵਾਂਗ ‘ਰੰਗੀਲਾ’ ਹੋਇਆ ਬੈਠਾ ਸੀ, ‘ਕਰਲਾ ਜੇ ਆਉਂਦੈ ਤਾਂ!’ ਉਸ ਨੇ ਵੀ ਹੁੰਗਾਰਾ ਭਰ ਦਿੱਤਾ। ਹੁੰਗਾਰੇ ਦੀ ਦੇਰ ਸੀ ਕਿ ਸਾਲਾ ਸਾਹਿਬ ਮੇਲੇ ਵਿਚ ਭੁਤਰੀ ਗਾਂ ਵਾਂਗ ਡਾਂਸ-ਫ਼ਲੋਰ ’ਤੇ ਛੜਾਂ ਜਿਹੀਆਂ ਮਾਰਨ ਲੱਗ ਪਏ ਅਤੇ ਡਾਂਸ ਕਰਦੇ ਗੋਰਿਆਂ ਦੇ ਪੈਰ ਮਿੱਧ ਧਰੇ। ਸਾਰੇ ਨੱਚਣਾ ਛੱਡ ਸਾਲਾ ਸਾਹਿਬ ਦਾ ‘ਜਿੰਨ-ਨਾਚ’ ਦੇਖਣ ਲੱਗ ਪਏ। ਸਾਲਾ ਸਾਹਿਬ ਪਿੱਟ-ਸਿਆਪਾ ਕਰਦੀ ਮਰਾਸਣ ਵਾਂਗ ਕਦੇ ਪੱਟਾਂ ’ਤੇ ਹੱਥ ਮਾਰਨ, ਕਦੇ ਖੁਰਾਂ ’ਚੋਂ ਗੋਹਾ ਕੱਢਣ ਵਾਲੀ ਮੱਝ ਵਾਂਗ ਲੱਤਾਂ ਜਿਹੀਆਂ ਝਾੜਨ ਲੱਗ ਪੈਣ। ਸਾਰੇ ਗੋਰੇ ਅਤੇ ਦੇਸੀ ਭਾਈਬੰਦ ਖ਼ੁਸ਼, ਹੱਸ ਰਹੇ ਸਨ। ਗੋਰਿਆਂ ਦੀ ਕ੍ਰਿਸਮਿਸ ਵਿਚ ਸਾਲਾ ਸਾਹਿਬ ਨੇ ਰੰਗ ਭਰ ਦਿੱਤਾ।

ਰੰਗ ਵਿਚ ਭੰਗ ਤਾਂ ਉਦੋਂ ਪਿਆ, ਜਦੋਂ ਸਾਲਾ ਸਾਹਿਬ ਨੇ ਸ਼ਰਾਬਣ ਹੋ ਕੇ ਨੱਚਦੀ ਇਕ ਗੋਰੀ ਦੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਤਾਂ ਉਸ ਗੋਰੀ ਨੇ ਨਸ਼ੇ ਵਿਚ, ਪਤਾ ਨਹੀਂ ਕ੍ਰਿਸਮਿਸ ਦੀ ਖ਼ੁਸ਼ੀ ਵਿਚ ਕੋਈ ਗੌਰ ਨਾ ਕੀਤੀ। ਪਰ ਜਦੋਂ ਸਾਲਾ ਸਾਹਿਬ ਨੇ ਹਲਕਿਆਂ ਵਾਂਗ ਉਸ ਦੀਆਂ ਛਾਤੀਆਂ ’ਤੇ ਰੇਗਮਾਰ ਵਰਗਾ ਹੱਥ ਰਗੜਣਾ ਸ਼ੁਰੂ ਕੀਤਾ ਤਾਂ ਪਾਣੀ ਗੋਰੀ ਦੇ ਸਿਰ ਉਪਰੋਂ ਦੀ ਲੰਘ ਗਿਆ। ਉਸ ਨੇ ਉੱਚੀ ਅੱਡੀ ਦਾ ਸੈਂਡਲ ਲਾਹ ਕੇ ਸਾਲਾ ਸਾਹਿਬ ਦੇ ਸਿਰ ਵਿਚ ਚਿੱਬ ਪਾ ਦਿੱਤੇ। ਸਾਲਾ ਸਾਹਿਬ ਦੇ ਸਬਰ ਦਾ ਬੰਨ੍ਹ ਵੀ ਟੁੱਟ ਗਿਆ, ‘ਅਸੀਂ ਜੱਟ ਪੁੱਤ ਐਂ-ਤੀਮੀਆਂ ਤੋਂ ਕੁੱਟ ਨ੍ਹੀਂ ਖਾਣ ਗਿੱਝੇ, ਸਾਲੀਏ!’ ਤੇ ਸਾਲਾ ਸਾਹਿਬ ਨੇ ਗੋਰੀ ਦੇ ਪੰਜ-ਸੱਤ ਥੱਪੜ ਜੜ ਦਿੱਤੇ। ਜਦ ਦੋਨੋਂ ਗੁੱਥਮਗੁੱਥਾ ਹੋ ਗਏ ਤਾਂ ਰੌਲਾ ਪੈ ਗਿਆ। ਲਾਅਲਾ-ਲਾਅਲਾ ਹੋ ਗਈ। ਖਾੜਾ ਹਿੱਲ ਗਿਆ। ਕਿਸੇ ਨੇ ਪੁਲਸ ਨੂੰ ਫ਼ੋਨ ਕਰ ਦਿੱਤਾ। ਪੁਲਸ ਪ੍ਰੇਤਾਂ ਵਾਂਗ ਆ ਵੱਜੀ ਅਤੇ ਸਾਲਾ ਸਾਹਿਬ ਨੂੰ ‘ਜਿਣਸੀ-ਛੇੜਛਾੜ’ ਅਤੇ ਮਾਰ-ਕੁਟਾਈ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ। ਕ੍ਰਿਸਮਿਸ ਪਾਰਟੀ ਭੰਗ ਹੋ ਗਈ। ਸਾਲਾ ਸਾਹਿਬ ਦੀ ਨੌਕਰੀ ਤਾਂ ਜਿਹੜੀ ਜਾਣੀ ਸੀ, ਚਲੀ ਗਈ, ਅੱਜ ਕੱਲ੍ਹ ਤਾਂ ਸਾਰੇ ਉਸ ਦੀ ਜ਼ਮਾਨਤ ਕਰਵਾਉਣ ਵਿਚ ਰੁੱਝੇ ਹੋਏ ਹਨ!

# ‘ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਇੱਕ ਬੇਨਤੀ’

‘ਹਜ਼ੂਰੀ ਰਾਗੀ ਦਰਬਾਰ ਸਾਹਿਬ’ ਇਕ ਬੜਾ ਹੀ ਪਵਿੱਤਰ ਅਤੇ ਮੁਕੱਦਸ ਰੁਤਬਾ ਹੈ। ਆਮ ਸਿੱਖ ਵਾਸਤੇ ਦਰਬਾਰ ਸਾਹਿਬ ਰਾਗੀ ਸਿੰਘਾਂ ਦੇ ਪਿੱਛੇ ਬੈਠ ਕੇ ਕੀਰਤਨ ਸਰਵਣ ਕਰਨਾ ਹੀ ਬੜਾ ਵਡਭਾਗੀ ਸਮਾਂ ਸਮਝਿਆ ਜਾਂਦਾ ਹੈ। ਪਰ ਇਸ ਅਸਥਾਨ ’ਤੇ ਕੀਰਤਨ

**ਰਾਜਿੰਦਰ ਸਿੰਘ ਟਾਂਡਾ**
**ਫੋਨ: 510-557-1520**

ਕਰਨਾ, ਕਈ ਜਨਮਾਂ ਦੇ ਕੀਤੇ ਹੋਏ ਚੰਗੇ ਕਰਮਾਂ ਦੀ ਬਦੌਲਤ ਹੈ।

ਬੈਰੂਨੇ ਮੁਲਕ ਜਾਂ ਵਿਦੇਸ਼ ਵਿਚ ਜਦੋਂ ਵੀ ਕੋਈ ਹਜ਼ੂਰੀ ਰਾਗੀ ਦਰਬਾਰ ਸਾਹਿਬ, ਆਉਂਦੇ ਹਨ ਤਾਂ ਉਨ੍ਹਾਂ ਦੇ ਕੀਰਤਨ ਵਿਚੋਂ ਦਰਬਾਰ ਸਾਹਿਬ ਦੀ ਪਰੰਪਰਾਗਤ ਖ਼ੁਸ਼ਬੂ ਦੀ ਆਸ ਹੁੰਦੀ ਹੈ। ਆਸ ਹੁੰਦੀ ਹੈ ਕਿ ਇਨ੍ਹਾਂ ਜਥਿਆਂ ਪਾਸੋਂ ਕੀਰਤਨ ਸੁਣਦਿਆਂ, ਦਰਬਾਰ ਸਾਹਿਬ ਦੀਆਂ ਪਰਿਕਰਮਾ ਮਨ ਵਿਚ ਵਸੇ। ਇੰਝ ਮਹਿਸੂਸ ਹੋਵੇ ਕਿ ਅਸੀਂ ਪਰਿਕਰਮਾ ਵਿਚ ਬੈਠੇ ਹੋਏ ਹਾਂ।

ਇਹ ਕੁਦਰਤਨ ਇੱਛਾ ਹੁੰਦੀ ਹੈ ਕਿ ਹਜ਼ੂਰੀ ਰਾਗੀ ਜਥੇ ਜਦੋਂ ਗਾਉਣ ਤੇ ਕੋਈ ਮਲ੍ਹਾਰ ਜਾਂ ਬਸੰਤ ਦੀ ਬੰਦਿਸ਼ ਸੁਣੀਏ। ਕੋਈ ਰਾਗ ਕਲਿਆਣ ਜਾਂ ਕਾਨੜਾ ਸੁਣੀਏ। ਕੋਈ ਪੜਤਾਲ ਦਾ ਆਨੰਦ ਮਾਣੀਏ। ਦਸਮ ਦੇ ਕਿਸੇ ਅਦਭੁਤ ਤਰਾਨੇ ਦੀ ਬੰਦਿਸ਼ ਕੰਨਾਂ ਵਿਚ ਠੰਡਕ ਪਾਵੇ।

ਪਰ ਬੜਾ ਦੁੱਖ ਲੱਗਦਾ ਜਦੋਂ ਹਜ਼ੂਰੀ ਰਾਗੀ ਵੀ ਸਿੱਧੀਆਂ-ਸਿੱਧੀਆਂ ਕਹਿਰਵੇ ਦੀਆਂ ਬੰਦਸ਼ਾਂ ਸੁਣਾ ਕੇ, ਇਹ ਕਹਿ ਤੁਰ ਜਾਂਦੇ ਨੇ ਕਿ ‘ਸੰਗਤ ਰਾਗਬੱਧ ਕੀਰਤਨ’ ਪਸੰਦ ਨਹੀਂ ਕਰਦੀ। ਰਾਗਬੱਧ ਕੀਰਤਨ, ਗੁਰ ਦਾ ਹੁਕਮ ਵੀ ਹੈ ਅਤੇ ਪੰਥਕ ਮਰਿਯਾਦਾ ਵੀ। ਇਹਦੇ ਵਿਚ ਤਰੁੱਟੀ ਗੁਰੂ ਦੀ ਅਮਾਨਤ ਨਾਲ ਖ਼ਿਆਨਤ ਹੈ।

ਗੱਲ ਸੰਗਤ ਦੀ ਪਸੰਦ ਜਾਂ ਨਾਪਸੰਦ ਦੀ ਕਦਾਚਿਤ ਵੀ ਨਹੀਂ। ਪ੍ਰਚਾਰਕ ਨੇ ਗੁਰਮਤਿ ਦਾ ਹੋਕਾ ਦੇਣਾ ਹੈ। ਜੇਕਰ ਹਜ਼ੂਰੀ ਰਾਗੀ, ਇਸ ਕਮਾਲ ਦੇ ਖ਼ਜ਼ਾਨੇ ਨੂੰ ਸੰਗਤਾਂ ਦੀ ਝੋਲੀ ਨਹੀਂ ਪਾਉਣਗੇ ਤੇ ਫਿਰ ਕੌਣ ਪਾਊਗਾ।

ਕੌਣ ਗਾਏਗਾ, ਅਲੋਣੀਆਂ?, ਕੌਣ ਪੜਤਾਲਾਂ ਦਾ ਫਰਕ ਦੱਸੇਗਾ?, ਕੌਣ ਤਰਾਨੇ ਅਤੇ ਵਾਰਾਂ ਦਾ ਫਰਕ ਸਮਝਾਵੇਗਾ। ਕੌਣ ਗਾ ਕੇ, ਸ਼ੁੱਧ ਰਾਗ ਅਤੇ ਮਿਸ਼ਰਤ ਰਾਗ ਵਿਚਲਾ ਫਰਕ ਸਮਝਾਵੇਗਾ?, ਕੌਣ ਦੱਸੇਗਾ ਕਿ ਗੁਰੂ ਘਰ ਦੀ ਮਰਿਯਾਦਾ, ਸ਼ੁੱਧ ਬਸੰਤ ਹੈ ਪੂਰਬੀ ਬਸੰਤ? ਕੌਣ ਦੱਸੇਗਾ ਕਿ ਮਾਝ ਰਾਗ ਸਭ ਤੋਂ ਪਹਿਲੀ ਵਾਰ ਗੁਰੂ ਸਾਹਿਬਾਨ ਨੇ ਹੀ ਗਾਇਆ ਹੈ?। ਕੌਣ ਦੱਸੇਗਾ ਕਿ ਸੰਗੀਤ ਜਗਤ ਦਾ ਧੁਰੰਤਰ, ‘ਵਿਸ਼ਨੂੰ ਦਿਗੰਬਰ ਪੁਲਸਕਰ’ ਆਸਾ ਰਾਗ ਸਿੱਖਣ ਲਈ ਦਰਬਾਰ ਸਾਹਿਬ ਦੀਆਂ ਪਰਿਕਰਮਾ ਵਿਚ ਘੰਟਿਆਂਬੱਧੀ ਬੈਠਾ ਰਹਿੰਦਾ ਸੀ।

ਗੁਰੂ ਘਰਾਂ ਦੀਆਂ ਕਮੇਟੀਆਂ ਦੇ ਸਤਿਕਾਰਯੋਗ ਸੇਵਾਦਾਰ, ਜਿਹੜੇ ਇਹਦੇ ਪ੍ਰਤੀ ਸੁਚੇਤ ਹਨ, ਉਨ੍ਹਾਂ ਦੇ ਬਲਿਹਾਰ, ਬਲਿਹਾਰ। ਪਰ ਬਾਕੀ ਸੇਵਾਦਾਰਾਂ ਦੇ ਚਰਨਾਂ ਵਿਚ ਅਤਿ ਨਿਮਰਤਾ ਸਹਿਤ ਬੇਨਤੀ ਹੈ ਕਿ ਹਜ਼ੂਰੀ ਰਾਗੀ ਸਿੰਘਾਂ ਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਓ। ਉਨ੍ਹਾਂ ਨੂੰ ਬੇਨਤੀ ਕਰੋ ਕਿ ‘ਭਾਈ, ਇਹ ਪਿਓ ਦਾਦੇ ਦਾ ਖ਼ਜ਼ਾਨਾ ਖੋਲ੍ਹਣ ਦੇ ਤੁਸੀਂ ਸਮਰੱਥ ਹੋ, ਖ਼ਜ਼ਾਨਾ ਖੋਲ੍ਹ ਕੇ ਸੰਗਤ ਨੂੰ ਦਰਸ਼ਨ ਕਰਵਾਓ’ ਵਰਨਾ ਆਉਣ ਵਾਲੇ ਸਮੇਂ ਵਿਚ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ, ਕੀਮਤੀ ਖ਼ਜ਼ਾਨਾ ਕੋਲ ਹੁੰਦੇ ਹੋਏ ਵੀ, ਦੀਵਾਲੀਆ ਨਾ ਹੋ ਜਾਣ।

# ਭਾਰਤੀ ਜਨਤਾ ਪਾਰਟੀ ਤੇ ਆਮ ਆਦਮੀ ਪਾਰਟੀ ਦਾ ਪੇਚਾ

**ਆਰਤੀ ਆਰ. ਜੈਰਥ**

ਹਾਲੀਆ ਵਾਪਰੀਆਂ ਦੋ ਘਟਨਾਵਾਂ ਨੇ ਭਾਜਪਾ ਦੀ ਕਮਜ਼ੋਰੀ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ। ਪਹਿਲੀ ਘਟਨਾ ਇਹ, ਜਦੋਂ ਆਮ ਆਦਮੀ ਪਾਰਟੀ (ਆਪ) ਵੱਲੋਂ ਪੰਜਾਬ ਵਿਧਾਨ ਸਭਾ ਵਿਚ ਹੂੰਝਾ-ਫੇਰੂ ਜਿੱਤ ਦਰਜ ਕੀਤੇ ਜਾਣ ਤੋਂ ਫੌਰੀ ਬਾਅਦ ਕੇਂਦਰ ਸਰਕਾਰ ਨੇ ਚਾਣਚੱਕ ਦਿੱਲੀ ਮਿਉਂਸਿਪਲ ਚੋਣਾਂ ਮੁਲਤਵੀ ਕਰ ਦਿੱਤੀਆਂ। ਦੂਜੀ ਘਟਨਾ ਸੀ, ਕੱਟੜਵਾਦੀ ਸੰਸਦ ਮੈਂਬਰ ਤੇਜਸਵੀ ਸੂਰਿਆ ਦੀ ਅਗਵਾਈ ਵਾਲੇ ਭਾਰਤੀ ਜਨਤਾ ਯੁਵਾ ਮੋਰਚਾ ਦੇ ਹਮਾਇਤੀਆਂ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਉੱਤੇ ਕੀਤਾ ਗਿਆ ਹਮਲਾ। ਹਮਲਾ ਉਦੋਂ ਕੀਤਾ ਗਿਆ ਜਦੋਂ ਇਹ ਭੀੜ ਵਿਵੇਕ ਅਗਨੀਹੋਤਰੀ ਦੀ ਵਿਵਾਦਗ੍ਰਸਤ ਫਿਲਮ 'ਕਸ਼ਮੀਰ ਫਾਈਲਜ਼' ਬਾਰੇ ਕੇਜਰੀਵਾਲ ਦੀਆਂ ਟਿੱਪਣੀਆਂ ਖਿਲਾਫ ਮੁਜ਼ਾਹਰਾ ਕਰ ਰਹੀ ਸੀ।

ਇਨ੍ਹਾਂ ਦੋਵਾਂ ਘਟਨਾਵਾਂ ਨੇ ਭਾਜਪਾ ਦੀ ਸਾਖ ਨੂੰ ਵੱਟਾ ਹੀ ਲਾਇਆ ਹੈ। ਨਾਲ ਹੀ ਇਨ੍ਹਾਂ ਨੇ ਕੇਜਰੀਵਾਲ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਇਹ ਕਹਿਣ ਦਾ ਮੌਕਾ ਦੇ ਦਿੱਤਾ ਕਿ ਮੋਦੀ ਸਰਕਾਰ 'ਆਪ' ਤੋਂ ਡਰ ਕੇ ਭੱਜ ਰਹੀ ਹੈ। ਇਹ ਗੱਲ ਭਾਵੇਂ ਸੁਣਨ ਨੂੰ ਚੰਗੀ ਨਾ ਲੱਗੇ, ਪਰ ਇਸ ਦਾਅਵੇ ਵਿਚ ਕੁਝ ਨਾ ਕੁਝ ਸੱਚਾਈ ਜ਼ਰੂਰ ਜਾਪਦੀ ਹੈ। ਮਿਉਂਸਿਪਲ ਚੋਣਾਂ ਨੂੰ ਮੁਲਤਵੀ ਕਰਨ ਦਾ ਦੱਸਿਆ ਗਿਆ ਕਾਰਨ ਫਰਜ਼ੀ ਹੈ। ਦਿੱਲੀ ਦੀਆਂ ਤਿੰਨੇ ਮਿਉਂਸਿਪਲ ਕਾਰਪੋਰੇਸ਼ਨਾਂ ਨੂੰ ਮੁੜ ਇਕੱਠੀਆਂ ਕਰਨ ਦੇ ਕਦਮ ਦੇ ਭਲੇ-ਬੁਰੇ ਪੱਖਾਂ ਉੱਤੇ ਬਹਿਸ ਹੋ ਸਕਦੀ ਹੈ ਪਰ ਅਜਿਹੀ ਕੋਈ ਤਜਵੀਜ਼ ਕਦੇ ਵੀ ਜਨਤਕ ਘੇਰੇ ਵਿਚ ਨਹੀਂ ਸੀ। ਜਾਪਦਾ ਹੈ ਕਿ ਇਸ ਨੂੰ ਜਾਦੂਗਰ ਦੇ ਝੋਲੇ ਵਿਚੋਂ ਅਚਾਨਕ ਖਰਗੋਸ਼ ਨਿਕਲ ਆਉਣ ਵਾਂਗ ਮਹਿਜ਼ ਇਸ ਕਾਰਨ ਕੱਢਿਆ ਗਿਆ ਹੈ ਤਾਂ ਕਿ ਚੋਣਾਂ ਟਾਲਣ ਲਈ ਬਹਾਨਾ ਬਣਾਇਆ ਜਾ ਸਕੇ। ਪੰਜਾਬ ਵਿਚ 'ਆਪ' ਦੀ ਜ਼ੋਰਦਾਰ ਜਿੱਤ ਕਾਰਨ ਵੀ ਭਾਜਪਾ ਘਬਰਾਈ ਹੋਈ ਜਾਪਦੀ ਹੈ। ਸ਼ਾਇਦ ਉਸ ਨੂੰ ਡਰ ਹੈ ਕਿ ਇਸ ਦਾ ਦਿੱਲੀ ਵਿਚ ਕੇਜਰੀਵਾਲ ਨੂੰ ਫਾਇਦਾ ਹੋ ਸਕਦਾ ਹੈ।

ਦਿੱਲੀ ਵਿਚ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਦੇ ਬਾਹਰ ਕੀਤੀ ਗਈ ਗੁੰਡਾਗਰਦੀ ਤਾਂ ਸ਼ਰ੍ਹੇਆਮ ਲੋਕੋਂ ਵੱਧ ਭੜਕਣ ਵਾਲਾ ਮਾਮਲਾ ਸੀ। 'ਆਪ' ਮੁਖੀ ਨੇ ਫਿਲਮ ਬਾਰੇ ਆਪਣੀਆਂ ਤਲਖ ਟਿੱਪਣੀਆਂ ਰਾਹੀਂ ਉਕਸਾਉਣ ਤੇ ਭੜਕਾਉਣ ਵਾਲੀ ਕਾਰਵਾਈ ਕੀਤੀ ਅਤੇ ਭਾਜਪਾ ਉਸ ਦੇ ਜਾਲ ਵਿਚ ਫਸ ਗਈ। ਸਿੱਟਾ ਇਹ ਨਿਕਲਿਆ ਕਿ ਕੇਜਰੀਵਾਲ ਵਿਚਾਰਾ ਬਣ ਗਿਆ ਤੇ ਭਾਜਪਾ ਖਲਨਾਇਕ। ਇਹ ਵੀ ਗ਼ੌਰਤਲਬ ਹੈ ਕਿ ਉਦੋਂ ਤੋਂ ਹੀ ਭਗਤਾਂ ਨੇ ਫਿਲਮ ਦੀ ਹਮਾਇਤ ਦੇ ਮਾਮਲੇ ਵਿਚ ਖਾਮੋਸ਼ੀ ਧਾਰੀ ਹੋਈ ਹੈ।

ਭਾਜਪਾ ਦੀ ਅਨਾੜੀਆਂ ਵਾਲੀ ਕਾਰਵਾਈ ਨੇ ਕੇਜਰੀਵਾਲ ਨੂੰ ਉੱਥੇ ਪਹੁੰਚਾ ਦਿੱਤਾ ਹੈ, ਜਿੱਥੇ ਉਹ ਪਹੁੰਚਣਾ ਚਾਹੁੰਦੇ ਸੀ: ਭਾਵ ਖੁਦ ਨੂੰ ਭਾਜਪਾ ਦੀ ਧੱਕੇਸ਼ਾਹੀ ਦੇ ਪੀੜਤ ਵਜੋਂ ਦਿਖਾਉਣਾ। ਇਹ ਉਹ ਭੂਮਿਕਾ ਸੀ ਜਿਹੜੀ ਉਨ੍ਹਾਂ ਨੇ ਇਸ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਜੋਂ ਮੋਦੀ ਦੇ ਇਸ ਗੜ੍ਹ ਉੱਤੇ ਹੱਲਾ ਬੋਲਣ ਤੋਂ ਪਹਿਲਾਂ ਉਪਰੋਥਲੀ ਦਿੱਤੀਆਂ ਟੈਲੀਵਿਜ਼ਨ ਇੰਟਰਵਿਊਜ਼ ਦੌਰਾਨ ਨਿਭਾਈ ਸੀ। ਕੇਜਰੀਵਾਲ ਇਸ ਪੱਖੋਂ ਚੌਕਸ ਹਨ ਤੇ ਜਾਣਦੇ ਹਨ ਕਿ ਮੋਦੀ ਨੂੰ ਉਨ੍ਹਾਂ ਦੇ ਘਰੇਲੂ ਮੈਦਾਨ ਵਿਚ ਵੰਗਾਰਨਾ ਕੋਈ ਸੌਖਾ ਕੰਮ ਨਹੀਂ। ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੋਦੀ ਨੇ ਕਿਵੇਂ ਪੰਜ ਸਾਲ ਪਹਿਲਾਂ ਗੁਜਰਾਤ ਦੀਆਂ ਪਿਛਲੀਆਂ ਚੋਣਾਂ ਦੌਰਾਨ ਕਾਂਗਰਸ ਹੱਥੋਂ ਹਾਰ ਦੀ ਕਗਾਰ 'ਤੇ ਖੜ੍ਹੀ ਭਾਜਪਾ ਨੂੰ ਆਪਣੀ 'ਧਰਤੀ ਪੁੱਤਰ' ਵਾਲੀ ਜਜ਼ਬਾਤੀ ਅਪੀਲ ਨਾਲ ਲਬਰੇਜ਼ ਜ਼ੋਰਦਾਰ ਚੋਣ ਮੁਹਿੰਮ ਰਾਹੀਂ ਜਿਤਾ ਦਿੱਤਾ ਸੀ। ਇਸ ਵਾਰ ਤਾਂ ਭਾਜਪਾ ਉਸ ਦੇ ਮੁਕਾਬਲੇ ਕਾਫੀ ਸੁਖਾਵੇਂ ਹਾਲਾਤ ਵਿਚ ਹੈ।

ਇਸ ਸੂਰਤ ਵਿਚ ਕੇਜਰੀਵਾਲ ਆਖਰ ਗੁਜਰਾਤ ਵਿਚੋਂ ਕੀ ਹਾਸਲ ਕਰਨ ਦੀ ਉਮੀਦ ਰੱਖਦੇ ਹਨ? ਫਿਰ ਭਾਜਪਾ ਇੰਨੀ ਡਰੀ ਹੋਈ ਕਿਉਂ ਹੈ ਕਿ ਉਹ 'ਆਪ' ਮੁਖੀ ਦੇ ਪਿੱਛੇ ਇੰਝ ਹੱਥ ਧੋ ਕੇ ਪੈ ਗਈ ਹੈ? ਇਸ ਦਾ ਜਵਾਬ ਕੇਜਰੀਵਾਲ ਵੱਲੋਂ ਬੜੇ ਸੋਚੇ-ਸਮਝੇ ਢੰਗ ਨਾਲ ਚਲੀਆਂ ਜਾ ਰਹੀਆਂ ਸਿਆਸੀ ਚਾਲਾਂ ਵਿਚ ਹੈ। ਉਨ੍ਹਾਂ ਦਾ ਪਹਿਲਾ ਟੀਚਾ ਕਾਂਗਰਸ ਦਾ ਸਿਆਸੀ ਖਾਤਮਾ ਕਰਨਾ ਅਤੇ ਉਸ ਦੀ ਥਾਂ ਉੱਤੇ ਖੁਦ ਕਾਬਜ਼ ਹੋਣਾ ਹੈ। ਇਸ ਤੋਂ ਬਾਅਦ ਉਹ ਆਪਣੀ ਤਵੱਜੋ ਭਾਜਪਾ ਨੂੰ ਵੰਗਾਰਨ ਵੱਲ ਦੇਣਗੇ। ਇਸ ਰਣਨੀਤੀ ਤੋਂ ਮੋਦੀ ਤੇ ਭਾਜਪਾ ਨੂੰ ਜ਼ਰੂਰ ਚਿੰਤਾ ਹੋਣੀ ਚਾਹੀਦੀ ਹੈ। ਦੇਸ਼ ਦੇ ਦਰਜਨ ਭਰ ਸੂਬਿਆਂ ਵਿਚ ਅਜਿਹੇ ਤਕਰੀਬਨ 200 ਲੋਕ ਸਭਾ ਹਲਕੇ ਹਨ ਜਿੱਥੇ ਭਾਜਪਾ ਦੀ ਕਾਂਗਰਸ ਨਾਲ ਸਿੱਧੀ ਟੱਕਰ ਹੈ। ਲਗਾਤਾਰ ਦੋ ਆਮ ਚੋਣਾਂ ਵਿਚ ਭਾਜਪਾ ਦੀਆਂ ਜਿੱਤਾਂ ਅਤੇ ਰਾਜ ਸਭਾ ਵਿਚ ਬਹੁਮਤ ਹਾਸਲ ਕਰਨ ਵੱਲ ਇਸ ਦੀ ਤੇਜ਼ ਰਫਤਾਰ ਦੀ ਬੁਨਿਆਦ ਇਸੇ ਭੂਗੋਲਿਕ ਖਿੱਤੇ ਵਿਚ ਹੈ। ਇਸੇ ਖਿੱਤੇ ਵਿਚ ਭਾਜਪਾ ਆਪਣੀ ਚੋਣ ਮਸ਼ੀਨਰੀ ਦੀ ਸ਼ਾਨਦਾਰ ਕਾਰਗੁਜ਼ਾਰੀ ਦੇ ਦਮ 'ਤੇ ਕਾਂਗਰਸ ਨੂੰ ਬੁਰੀ ਤਰ੍ਹਾਂ ਹਰਾ ਕੇ ਬਿਹਤਰੀਨ ਚੋਣ ਪ੍ਰਦਰਸ਼ਨ ਕਰਦੀ ਹੈ।

ਹਾਕਮ ਧਿਰ ਨੂੰ ਆਪਣੀ ਜੇਤੂ ਮੁਹਿੰਮ ਵਿਚ ਕੁਝ ਅੜਿੱਕਿਆਂ ਦਾ ਸਾਹਮਣਾ ਜ਼ਰੂਰ ਕਰਨਾ ਪਿਆ, ਜਿਵੇਂ ਇਹ 2018 ਵਿਚ ਕਰਨਾਟਕ ਚੋਣਾਂ ਨਹੀਂ ਜਿੱਤ ਸਕੀ ਅਤੇ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਵਿਚ ਕਾਂਗਰਸ ਤੋਂ ਹਾਰ ਗਈ। ਪਰ ਉੱਤਰਾਖੰਡ ਅਤੇ ਗੋਆ ਵਿਚ ਵਿਧਾਨ ਸਭਾ ਚੋਣਾਂ ਦੇ ਹਾਲੀਆ ਗੇੜ ਦੌਰਾਨ ਇਸ ਨੇ ਸਾਬਿਤ ਕਰ ਦਿੱਤਾ ਕਿ ਇਸ ਨੇ ਇਸ ਮੁਤੱਲਕ ਆਪਣੀਆਂ ਖਾਮੀਆਂ ਸੁਧਾਰ ਲਈਆਂ ਹਨ ਤਾਂ ਜੋ ਸਥਾਪਤੀ-ਵਿਰੋਧੀ ਲਹਿਰ ਨੂੰ ਪਛਾੜਦੀ ਹੋਈ ਸ਼ਾਨਦਾਰ ਚੋਣ ਪ੍ਰਬੰਧਨ ਤਕਨੀਕਾਂ ਰਾਹੀਂ ਕਾਂਗਰਸ ਨੂੰ ਹਰਾ ਸਕੇ। ਭਾਜਪਾ ਨੇ ਬੀਤੇ ਸੱਤ ਸਾਲਾਂ ਦੌਰਾਨ ਕਾਂਗਰਸ ਨਾਲ ਆਪਣੀ ਮੁੱਖ ਵਿਰੋਧੀ ਤੇ ਮੁਕਾਬਲੇਬਾਜ਼ ਪਾਰਟੀ ਵਜੋਂ ਬਹੁਤ ਸੁਖਾਵਾਂ ਪੱਧਰ ਕਾਇਮ ਕਰ ਲਿਆ ਹੈ। ਇਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਾਂਗਰਸ ਨੂੰ ਮਾਤ ਦੇਣ ਲਈ ਇਸ ਨੇ ਕਦੋਂ ਤੇ ਕਿਹੜੀ ਕਲਾ ਮਰੋੜਨੀ ਹੈ ਅਤੇ ਫਿਰ ਕਿਵੇਂ ਇਸ ਨੂੰ ਆਪਣੇ ਵਿਸ਼ੇਸ਼ਣਾਂ - ਜਿਵੇਂ ਰਾਸ਼ਟਰ ਵਿਰੋਧੀ, ਖਾਨ ਮਾਰਕੀਟ ਗੈਂਗ, ਅਰਬਨ ਨਕਸਲ ਆਦਿ ਰਾਹੀਂ ਲਾਂਭੇ ਕਰ ਦੇਣਾ ਹੈ। ਇਸ ਨੇ ਬੜੀ ਕਾਮਯਾਬੀ ਨਾਲ ਰਾਹੁਲ ਗਾਂਧੀ ਨੂੰ 'ਪੱਪੂ' ਵਜੋਂ ਪੇਸ਼ ਕਰ ਦਿੱਤਾ ਹੈ ਅਤੇ ਉਸ ਦੇ ਮੋਦੀ ਦਾ ਸੰਜੀਦਾ ਬਦਲ ਬਣਨ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਕਰ ਸੁੱਟੀਆਂ ਹਨ। ਇਸ ਨੇ ਕਾਂਗਰਸ ਦੇ ਜਥੇਬੰਦਕ ਢਾਂਚੇ ਵਿਚ ਇੰਨੀ ਡੂੰਘੀ ਪੈਠ ਬਣਾ ਲਈ ਹੈ ਕਿ ਇਹ ਆਪਣੀ ਪਸੰਦ ਦੇ ਕਿਸੇ ਵੀ ਮੌਕੇ ਕਿਸੇ ਵੀ ਜਯੋਤਿਰਦਿੱਤਿਆ ਸਿੰਧੀਆ ਜਾਂ ਕਿਸੇ ਆਰ.ਪੀ.ਐਨ. ਸਿੰਘ ਜਾਂ ਕਿਸੇ ਜਤਿਨ ਪ੍ਰਸਾਦ ਨੂੰ ਆਪਣੇ ਪਾਲੇ ਵਿਚ ਲਿਆ ਸਕਦੀ ਹੈ ਤਾਂ ਜੋ ਕਾਂਗਰਸ ਦੀ ਡੁੱਬਦੀ ਕਿਸ਼ਤੀ ਵਾਲੀ ਦਿੱਖ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਇਸ ਨੇ ਕਾਂਗਰਸ ਦੀਆਂ ਕਮਜ਼ੋਰੀਆਂ ਦਾ ਅਧਿਐਨ ਬਹੁਤ ਬਾਰੀਕੀ ਨਾਲ ਕਰ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਲਿਆ ਤਾਂ ਜੋ ਚੋਣਾਂ ਸਮੇਂ ਇਨ੍ਹਾਂ ਦਾ ਪੂਰਾ ਲਾਹਾ ਲਿਆ ਜਾ ਸਕੇ।

ਦੂਜੇ ਪਾਸੇ ਕੇਜਰੀਵਾਲ ਅਤੇ ਉਨ੍ਹਾਂ ਦੀ 'ਆਪ' ਹਾਲੇ ਵੀ ਭਾਜਪਾ ਲਈ ਬੁਝਾਰਤ ਹੀ ਹੈ। ਕਾਂਗਰਸ ਵਰਗੀ ਪੁਰਾਣੀ ਤੇ ਪਤਨ ਵੱਲ ਜਾ ਰਹੀ ਪਾਰਟੀ ਨੂੰ ਮਾਤ ਦੇਣਾ ਗਿੱਝੀ ਹੋਈ ਭਾਜਪਾ ਆਪਣੇ ਆਪ ਨੂੰ 'ਆਪ' ਦੀ ਤਾਜ਼ਗੀ ਤੇ ਫੁਰਤੀ ਦਾ ਟਾਕਰਾ ਕਰਨ ਦੇ ਬੇਵੱਸ ਪਾਉਂਦੀ ਹੈ। ਕੇਜਰੀਵਾਲ ਦੀ ਪਾਰਟੀ ਨਵੀਂ ਹੈ ਅਤੇ ਆਧੁਨਿਕ ਰੰਗ-ਢੰਗ ਨਾਲ ਲੈਸ ਹੈ। ਉਨ੍ਹਾਂ ਛਾਪਾਮਾਰ ਲੜਾਈ ਵਰਗੇ ਢੰਗ-ਤਰੀਕਿਆਂ ਵਿਚ ਮੁਹਾਰਤ ਹਾਸਲ ਕਰ ਲਈ ਹੈ ਅਤੇ ਉਹ ਲਗਾਤਾਰ ਆਪਣੇ ਤਬਾਹਕੁਨ ਸਿਆਸੀ ਕਦਮਾਂ ਰਾਹੀਂ ਭਾਜਪਾ ਨੂੰ ਹੈਰਾਨ-ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਇਹ ਸੋਸ਼ਲ ਮੀਡੀਆ ਦੀ ਵਰਤੋਂ ਵਿਚ ਭਾਜਪਾ ਜਿੰਨੀ ਹੀ ਮਾਹਿਰ ਹੈ। ਨਾਲ ਹੀ ਕੇਜਰੀਵਾਲ ਨੇ ਦਿਖਾ ਦਿੱਤਾ ਹੈ ਕਿ ਉਹ ਸੰਚਾਰ ਤੇ ਭਾਸ਼ਣ ਕਲਾ ਪੱਖੋਂ ਵੀ ਮੋਦੀ ਨੂੰ ਟੱਕਰ ਦੇ ਸਕਦੇ ਹਨ। ਇਹ ਕੋਈ ਮਾਮੂਲੀ ਗੱਲ ਨਹੀਂ ਹੈ, ਕਿਉਂਕਿ ਉਹ ਮੋਦੀ ਦੀ ਦਮਦਾਰ ਦਿੱਖ ਦੇ ਐਨ ਉਲਟ ਨਿਮਰਤਾ ਭਰੇ, ਹਲੀਮੀ ਨਾਲ ਗੱਲ ਕਰਨ ਵਾਲੇ ਆਮ ਆਦਮੀ ਵਾਂਗ ਅਤੇ ਆਪਣੀ ਲਗਾਤਾਰ ਚੱਲਦੀ ਖੰਘ ਸਣੇ ਲੋਕਾਂ ਨਾਲ ਜੁੜਦੇ ਹਨ।

ਇਸ ਤੋਂ ਇਲਾਵਾ 'ਆਪ' ਮੁਤੱਲਕ ਦੋ ਹੋਰ ਚੀਜ਼ਾਂ ਤੋਂ ਵੀ ਭਾਜਪਾ ਨੂੰ ਫਿਕਰਮੰਦ ਹੋਣਾ ਚਾਹੀਦਾ ਹੈ। ਪਹਿਲੀ ਗੱਲ ਇਹ ਹੈ ਕਿ ਕੇਜਰੀਵਾਲ ਵਿਚਾਰਧਾਰਾ ਪੱਖੋਂ ਨਿਰਪੱਖਤਾ ਲੈ ਕੇ ਚੱਲਦੇ ਹਨ। ਉਨ੍ਹਾਂ ਦੀ ਸਿਆਸਤ ਲੈਣ-ਦੇਣ ਵਾਲੀ ਹੈ: ਵੋਟਾਂ ਦਵੋ ਤੇ ਭਲਾਈ ਸਕੀਮਾਂ ਲਵੋ। ਇਸ ਕਾਰਨ ਭਾਜਪਾ ਲਈ ਉਨ੍ਹਾਂ ਨੂੰ ਧਰਮ ਨਿਰਪੱਖ ਬਨਾਮ ਧਾਰਮਿਕ ਜਾਂ ਰਾਸ਼ਟਰਵਾਦੀ ਬਨਾਮ ਰਾਸ਼ਟਰ-ਵਿਰੋਧੀ ਵਰਗੇ ਮਾਮਲਿਆਂ ਵਿਚ ਉਲਝਾਉਣਾ ਮੁਸ਼ਕਿਲ ਹੈ। ਦੂਜਾ, 'ਆਪ' ਵਿਚ ਵੱਡੀਆਂ ਜਿੱਤਾਂ ਦਰਜ ਕਰਨ ਦੀ ਲਾਸਾਨੀ ਸਮਰੱਥਾ ਹੈ। ਨਾ ਸਿਰਫ ਦਿੱਲੀ ਸਗੋਂ ਹੁਣ ਪੰਜਾਬ ਵਿਚ ਵੀ ਇਸ ਨੇ ਚੋਣਾਂ ਵਿਚ ਵੱਡੇ ਪੱਧਰ 'ਤੇ ਸੀਟਾਂ ਜਿੱਤ ਕੇ ਹੂੰਝਾ ਫੇਰਿਆ ਹੈ ਅਤੇ ਸਮੁੱਚੀ ਵਿਰੋਧੀ ਧਿਰ ਨੂੰ ਹੀ ਲਾਂਭੇ ਕਰ ਕੇ ਰੱਖ ਦਿੱਤਾ ਹੈ। 'ਆਪ' ਦੀ ਪੰਜਾਬ ਵਿਚਲੀ ਜਿੱਤ ਦਾ ਸਿਹਰਾ ਇਸ ਦੇ ਵਿਰੋਧੀਆਂ ਕਾਂਗਰਸ ਤੇ ਅਕਾਲੀ ਦਲ ਦੀ ਮਾੜੀ ਹਾਲਤ ਨੂੰ ਦਿੱਤਾ ਜਾ ਸਕਦਾ ਹੈ ਪਰ ਦਿੱਲੀ ਵਿਚ ਵੀ ਇਸ ਨੇ ਕਾਂਗਰਸ ਦਾ ਵੋਟ ਆਧਾਰ ਨਿਗਲ ਲਿਆ ਹੈ ਤੇ ਭਾਰੀ ਫਰਕ ਨਾਲ ਜਿੱਤਾਂ ਦਰਜ ਕਰ ਕੇ ਲਗਾਤਾਰ ਦੋ ਮਿਆਦਾਂ ਦੌਰਾਨ ਭਾਜਪਾ ਨੂੰ ਸੱਤਾ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਹੈ।

ਇਸ ਦੇ ਬਾਵਜੂਦ ਕੇਜਰੀਵਾਲ ਅਤੇ ਉਨ੍ਹਾਂ ਦੀ 'ਆਪ' ਨੂੰ ਹਾਲੇ ਕੌਮੀ ਪੱਧਰ ਉੱਤੇ ਭਾਜਪਾ ਦਾ ਬਦਲ ਬਣਨ, ਜੋ ਉਨ੍ਹਾਂ ਦੀ ਖ਼ੁਆਹਿਸ਼ ਵੀ ਹੈ, ਲਈ ਪਹਾੜ ਜਿੱਡੀ ਚੜ੍ਹਾਈ ਚੜ੍ਹਨੀ ਪੈਣੀ ਹੈ। ਪਰ ਜਿਸ ਤੇਜ਼ੀ ਨਾਲ ਕਾਂਗਰਸ ਨਿਘਰ ਰਹੀ ਹੈ, ਅਜਿਹਾ ਛੇਤੀ ਹੀ ਹੋ ਸਕਦਾ ਹੈ। ਜੇ 'ਆਪ' ਵਿਚ ਚੱਲ ਰਹੀ ਚਰਚਾ ਸਹੀ ਹੈ ਤਾਂ ਗੁਜਰਾਤ ਤੋਂ ਲੈ ਕੇ ਹਿਮਾਚਲ ਪ੍ਰਦੇਸ਼ ਤੋਂ ਹਰਿਆਣਾ ਅਤੇ ਹੋਰ ਵੱਖ-ਵੱਖ ਸੂਬਿਆਂ ਦੇ ਬੇਚੈਨ ਤੇ ਅਸੰਤੁਸ਼ਟ ਕਾਂਗਰਸੀ ਆਗੂ ਪਹਿਲਾਂ ਹੀ ਕੇਜਰੀਵਾਲ ਦੇ ਬੂਹਾ ਖੜਕਾ ਰਹੇ ਹਨ। ਜੇ ਕੇਜਰੀਵਾਲ ਸੱਚਮੁੱਚ ਹੀ ਕਾਂਗਰਸ ਦੀ ਥਾਂ ਮੱਲਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿਚ ਕਾਮਯਾਬ ਰਹਿੰਦੇ ਹਨ ਤਾਂ ਉਹ ਯਕੀਨਨ ਭਾਜਪਾ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਸਕਦੇ ਹਨ। ਇਸ ਸੂਰਤ ਵਿਚ ਭਾਜਪਾ ਨੂੰ ਰਵਾਇਤੀ ਸਿਆਸਤ ਵਿਚਲੀ ਇਸ ਨਵੀਂ ਖਰਾਬੀ ਦਾ ਟਾਕਰਾ ਕਰਨ ਲਈ ਆਪਣੀ ਮਸ਼ੀਨਰੀ ਮੁੜ ਸੈੱਟ ਕਰਨੀ ਪਵੇਗੀ ਤੇ ਨਵੀਂ ਰਣਨੀਤੀ ਘੜਨੀ ਪਵੇਗੀ।

# ਸਾਂਝੇ ਕੌਮੀ ਮੋਰਚੇ ਲਈ ਡੀ.ਐਮ.ਕੇ. ਦੀ ਪਹਿਲਕਦਮੀ

**ਸਬਾ ਨਕਵੀ**

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਤਿੰਨ ਦਿਨ ਨਵੀਂ ਦਿੱਲੀ ਵਿਚ ਬਿਤਾਏ ਅਤੇ ਕੌਮੀ ਰਾਜਧਾਨੀ ਵਿਚ ਆਪਣੀ ਪਾਰਟੀ ਡੀ.ਐਮ.ਕੇ. (ਦ੍ਰਾਵਿੜ ਮੁਨੇਤਰਾ ਕੜਗਮ) ਦੇ ਨਵੇਂ ਦਫਤਰ ਦਾ ਉਦਘਾਟਨ ਕੀਤਾ। ਤਾਮਿਲਨਾਡੂ ਭਾਵੇਂ ਸਨਅਤੀਕਰਨ ਤੋਂ ਲੈ ਕੇ ਸਮਾਜਿਕ ਨਿਆਂ ਅਤੇ ਭਲਾਈ ਤੱਕ ਦੇ ਪੈਮਾਨਿਆਂ ਉਤੇ ਬਿਹਤਰੀਨ ਕਾਰਕਰਦਗੀ ਦਿਖਾਉਣ ਵਾਲਾ ਸੂਬਾ ਹੈ ਪਰ ਇਸ ਦੇ ਆਗੂ ਕੌਮੀ ਪੱਧਰ ਉਤੇ ਘੱਟ ਹੀ ਆਪਣਾ ਦਾਅਵਾ ਜਤਾਉਂਦੇ ਹਨ। ਹੁਣ ਜਦੋਂ ਸਟਾਲਿਨ ਨੇ ਅਜਿਹਾ ਕਰਨ ਦਾ ਫੈਸਲਾ ਕੀਤਾ ਹੈ ਤਾਂ ਇਹ ਬਹੁਤ ਅਹਿਮੀਅਤ ਵਾਲੀ ਗੱਲ ਹੈ।

ਪਹਿਲਾ, ਇਹ ਜ਼ਾਹਿਰਾ ਤੌਰ 'ਤੇ ਫੈਡਰਲਿਜ਼ਮ (ਸੰਘਵਾਦ) ਦੀ ਦਾਅਵੇਦਾਰੀ ਹੈ ਅਤੇ ਤਾਮਿਲਨਾਡੂ ਆਪਣੀ ਨਿਵੇਕਲੀ ਸਿਆਸਤ ਤੇ ਭਲਾਈ ਮਾਡਲਾਂ ਦੇ ਹਵਾਲੇ ਨਾਲ ਕੌਮੀ ਸਿਆਸਤ ਦੇ ਇਸ ਮੌਜੂਦਾ ਤਬਦੀਲੀ ਭਰੇ ਮੌਕੇ 'ਤੇ ਅਜਿਹਾ ਕਰਨ ਦੀ ਲੋੜ ਮਹਿਸੂਸ ਕਰਦਾ ਹੈ। ਫੈਡਰਲ ਸੰਵਿਧਾਨਿਕ ਪੈਮਾਨਿਆਂ ਅਤੇ ਸੂਬਿਆਂ ਦੀ ਖੁਦਮੁਖਤਾਰੀ ਦੀ ਵਿਚਾਰਧਾਰਕ ਸੋਚ ਤੋਂ ਪਾਰ ਵੀ ਅਜਿਹੀਆਂ ਕੁਝ ਬਹੁਤ ਹਕੀਕੀ ਸਮੱਸਿਆਵਾਂ ਇਸ ਦੌਰਾਨ ਉਭਰੀਆਂ ਹਨ ਅਤੇ ਇਨ੍ਹਾਂ ਨੇ ਕੇਂਦਰ ਸਰਕਾਰ ਵੱਲੋਂ ਕੇਂਦਰੀਕਰਨ ਨੂੰ ਅੱਗੇ ਵਧਾਏ ਜਾਣ ਮੱਦੇਨਜ਼ਰ ਵਿਰੋਧੀ ਪਾਰਟੀਆਂ ਦੀ ਹਕੂਮਤ ਵਾਲੇ ਸੂਬਿਆਂ ਨੂੰ ਫੌਰੀ ਤੌਰ 'ਤੇ ਇਕਮੁੱਠ ਹੋਣ ਦੀ ਲੋੜ ਮਹਿਸੂਸ ਕਰਵਾਈ ਹੈ।

ਡੀ.ਐਮ.ਕੇ. ਦੇ ਹਾਲੀਆ ਕਦਮਾਂ ਵਿਚ ਦੋਵੇਂ, ਅਮਲੀ ਤੇ ਵਿਚਾਰਧਾਰਕ ਅੰਸ਼ ਹਨ। ਪਹਿਲਾ, ਜੀ.ਐਸ.ਟੀ. ਢਾਂਚੇ ਦੇ ਸਿੱਟੇ ਵਜੋਂ ਸੂਬਿਆਂ ਵੱਲੋਂ ਕਰ ਜੁਟਾਉਣ ਦੇ ਰਾਹ ਬੰਦ ਹੋ ਗਏ ਹਨ, ਅੰਤਰ-ਰਾਜੀ ਕੌਂਸਲ ਦੀ ਮੀਟਿੰਗ ਪਿਛਲੇ ਕਈ ਸਾਲਾਂ ਤੋਂ ਨਹੀਂ ਹੋਈ, ਭਾਵੇਂ ਦੱਖਣੀ ਸੂਬੇ ਵਿੱਤ ਕਮਿਸ਼ਨ ਵਿਚ ਕਰਾਂ ਤੋਂ ਇਕੱਤਰ ਹੋਣ ਵਾਲੇ ਮਾਲੀਏ ਦੀ ਵੰਡ ਦੇ ਮੁੱਦੇ ਉਠਾ ਰਹੇ ਹਨ। ਉਹ ਵਧੇਰੇ ਟੈਕਸ ਉਗਰਾਹੇ ਜਾਣ ਅਤੇ ਉਨ੍ਹਾਂ ਦੀ ਆਬਾਦੀ ਨੂੰ ਘਟਾਏ ਜਾਣ ਤੋਂ ਫਿਕਰਮੰਦ ਹਨ ਭਾਵੇਂ 2026 ਤੋਂ ਬਾਅਦ ਹੋਣ ਵਾਲੀ ਸੰਸਦੀ ਹਲਕਿਆਂ ਦੀ ਅਗਲੀ ਹੱਦਬੰਦੀ ਵਿਚ ਆਬਾਦੀ ਵਿਚਲੀਆਂ ਤਬਦੀਲੀਆਂ ਸਾਹਮਣੇ ਆਉਣਗੀਆਂ ਅਤੇ ਇਸ ਨਾਲ ਉਨ੍ਹਾਂ ਸੂਬਿਆਂ ਦੀਆਂ ਸੰਸਦੀ ਸੀਟਾਂ ਵਿਚ ਵਾਧਾ ਹੋਵੇਗਾ, ਜਿਥੇ ਆਬਾਦੀ ਵਿਚ ਲਗਾਤਾਰ ਤੇਜ਼ ਇਜ਼ਾਫਾ ਹੋ ਰਿਹਾ ਹੈ। ਦੱਖਣੀ ਸੂਬਿਆਂ ਦਾ ਕਹਿਣਾ ਹੈ ਕਿ ਇਸ ਦੇ ਸਿੱਟੇ ਵਜੋਂ ਉਨ੍ਹਾਂ ਤੋਂ ਇਕੱਤਰ ਟੈਕਸਾਂ ਦਾ ਇਸਤੇਮਾਲ ਮਾੜੀ ਕਾਰਗੁਜ਼ਾਰੀ ਵਾਲੇ ਸੂਬਿਆਂ ਵਿਚ ਭਲਾਈ ਸਕੀਮਾਂ ਲਾਗੂ ਕਰਨ ਲਈ ਕੀਤਾ ਜਾਂਦਾ ਹੈ। ਫਿਰ ਇਹੋ ਉਹ ਸੂਬੇ ਵੀ ਹਨ ਜਿਥੇ ਭਾਜਪਾ ਦਾ ਮਜ਼ਬੂਤ ਆਧਾਰ ਹੈ ਅਤੇ ਇਸ ਸਭ ਕਾਸੇ ਦਾ ਲਾਹਾ ਇਸ ਕੌਮੀ ਪਾਰਟੀ ਵੱਲੋਂ ਸੰਸਦ ਵਿਚ ਆਪਣੀਆਂ ਸੀਟਾਂ ਵਧਾਉਣ ਲਈ ਲਿਆ ਜਾਵੇਗਾ। ਇਸ ਸੂਰਤ ਵਿਚ ਤਾਮਿਲਨਾਡੂ ਵਰਗਾ ਸੂਬਾ ਅਜਿਹੇ ਹਾਲਾਤ ਦਾ ਸਾਹਮਣਾ ਕਰ ਰਿਹਾ ਹੈ ਜਿਥੇ ਇਹ ਸੰਭਾਵੀ ਤੌਰ 'ਤੇ ਆਪਣਾ ਚੁਣਾਵੀ ਦਬਦਬਾ ਘਟਦਾ ਹੋਇਆ ਦੇਖ ਸਕਦਾ ਹੈ, ਭਾਵੇਂ ਮਾਲੀ ਤੇ ਸਮਾਜੀ ਮੋਰਚਿਆਂ ਉਤੇ ਇਸ ਦੀ ਕਾਰਗੁਜ਼ਾਰੀ ਬਾਕਮਾਲ ਹੋਵੇ।

ਸਟਾਲਿਨ ਦੀ ਦਿੱਲੀ ਤੱਕ ਪਹੁੰਚ ਇਸੇ ਦਾ ਸਿੱਟਾ ਹੈ। ਡੀ.ਐਮ.ਕੇ. ਦੇ ਸੂਤਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਵੱਲੋਂ ਕੌਮੀ ਪੱਧਰ ਉਤੇ ਵਿਰੋਧੀ ਮੁਹਾਜ਼ ਕਾਇਮ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਬਣਨ ਵਾਲੇ ਅਜਿਹੇ ਮੋਰਚੇ ਦੀ ਕਾਇਮੀ ਲਈ ਉਹ ਮੋਹਰੀ ਕਿਰਦਾਰ ਨਿਭਾਉਣ ਦੇ ਰਉਂ ਵਿਚ ਹਨ। ਇਸ ਮੁਤੱਲਕ ਉਹ ਹੋਰ ਸੂਬਿਆਂ ਦੇ ਸੂਬੇਦਾਰਾਂ ਦੇ ਵੀ ਸੰਪਰਕ ਵਿਚ ਹਨ ਜਿਵੇਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਉਨ੍ਹਾਂ ਦੇ ਦਿੱਲੀ ਦੌਰੇ ਦਾ ਖਾਸ ਉੱਭਰਵਾਂ ਪੱਖ ਉਨ੍ਹਾਂ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਪੂਰਾ ਦਿਨ ਬਿਤਾਉਣਾ ਵੀ ਸੀ। ਦੋਵੇਂ ਮੁੱਖ ਮੰਤਰੀਆਂ ਨੇ ਦਿੱਲੀ ਦੇ ਇਕ ਮਾਡਲ ਸਕੂਲ ਦਾ ਦੌਰਾ ਕੀਤਾ ਤੇ ਉਹ ਇਕ ਮੁਹੱਲਾ ਹੈਲਥ ਕਲੀਨਿਕ ਵਿਚ ਵੀ ਗਏ। ਇਸ ਮੌਕੇ ਸਟਾਲਿਨ ਨੇ ਕਿਹਾ ਕਿ ਉਹ ਵੀ 'ਚੇਨਈ ਵਿਚ ਆਲਮੀ ਪੱਧਰ ਦਾ ਮਾਡਲ ਸਕੂਲ' ਬਣਾਉਣਗੇ ਅਤੇ ਉਨ੍ਹਾਂ ਕੇਜਰੀਵਾਲ ਨੂੰ ਵੀ ਇਸ ਲਈ ਸੱਦਾ ਦਿੱਤਾ। ਡੀ.ਐਮ.ਕੇ. ਅਤੇ 'ਆਪ' ਦੇ ਰਿਸ਼ਤਿਆਂ ਦੀ ਇਹ ਗਰਮਜੋਸ਼ੀ ਕਾਫੀ ਅਹਿਮੀਅਤ ਵਾਲੀ ਹੈ ਕਿਉਂਕਿ ਹੁਣ ਤੱਕ 'ਆਪ' ਆਮ ਕਰ ਕੇ ਸਾਂਝੀਆਂ ਵਿਰੋਧੀ ਪਹਿਲਕਦਮੀਆਂ ਤੋਂ ਕੁੱਲ ਮਿਲਾ ਕੇ ਲਾਂਭੇ ਰਹੀ ਹੈ, ਕਿਉਂਕਿ ਇਸ ਨੇ ਆਪਣਾ ਆਧਾਰ ਹੀ ਦਿੱਲੀ ਅਤੇ ਹੁਣ ਪੰਜਾਬ ਵਿਚ ਕਾਂਗਰਸ ਨੂੰ ਤਬਾਹ ਕਰ ਕੇ ਬਣਾਇਆ ਹੈ, ਜਦੋਂਕਿ ਕਾਂਗਰਸ ਅਕਸਰ ਸਾਂਝੀਆਂ ਵਿਰੋਧੀ ਪਹਿਲਕਦਮੀਆਂ ਦਾ ਧੁਰਾ ਹੁੰਦੀ ਹੈ।

ਹਾਲੀਆ ਵਿਧਾਨ ਸਭਾ ਚੋਣਾਂ ਵਿਚ ਵਿਰੋਧੀ ਧਿਰ ਅੰਦਰ ਮਚੀ ਅਫਰਾ-ਤਫਰੀ ਅਤੇ ਕਾਂਗਰਸ ਦੇ ਬੁਰੀ ਤਰ੍ਹਾਂ ਡਿੱਗੇ ਹੌਸਲੇ ਦੇ ਇਸੇ ਪਿਛੋਕੜ ਵਿਚ ਸਟਾਲਿਨ ਨੇ ਦਿੱਲੀ ਨੂੰ ਇਹ ਸੁਨੇਹਾ ਦੇਣ ਦੇ ਟਿਕਾਣੇ ਵਜੋਂ ਚੁਣਿਆ ਕਿ 'ਭਾਰਤ ਨੂੰ ਬਚਾਉਣ' ਦੀ ਖਾਤਰ ਸਾਰੀਆਂ ਪਾਰਟੀਆਂ ਨੂੰ ਆਪਣੇ ਮਤਭੇਦਾਂ ਨੂੰ ਲਾਂਭੇ ਰੱਖਣਾ ਹੋਵੇਗਾ। ਉਨ੍ਹਾਂ ਦੇ ਇਸ ਸੁਨੇਹੇ ਦੇ ਨਾਲ ਮਜ਼ਬੂਤ ਵਿਚਾਰਧਾਰਕ ਆਧਾਰ ਵੀ ਜੁੜਿਆ ਹੋਇਆ ਹੈ; ਜਿਵੇਂ ਉਨ੍ਹਾਂ ਕਿਹਾ, "ਮੇਰੀ ਅਪੀਲ ਹੈ ਕਿ ਜੇ ਅਸੀਂ ਆਪਣੀ ਵੰਨ-ਸਵੰਨਤਾ, ਫੈਡਰਲ ਢਾਂਚੇ, ਜਮਹੂਰੀਅਤ, ਧਰਮ ਨਿਰਪੱਖਤਾ, ਬਰਾਬਰੀ, ਭਾਈਚਾਰੇ, ਸੂਬਿਆਂ ਦੇ ਹਕੂਕ ਅਤੇ ਸਿੱਖਿਆ ਦੇ ਅਧਿਕਾਰ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਸਾਰਿਆਂ ਨੂੰ ਲਾਜ਼ਮੀ ਤੌਰ 'ਤੇ ਆਪਣੇ ਨਿਜੀ ਸਿਆਸੀ ਵਹਿਮਾਂ-ਭਰਮਾਂ ਨੂੰ ਲਾਂਭੇ ਛੱਡ ਕੇ ਇਕਮੁੱਠ ਹੋਣਾ ਪਵੇਗਾ।" ਉਨ੍ਹਾਂ ਨਾਲ ਹੀ ਕਾਂਗਰਸ ਨੂੰ ਵੀ ਜ਼ੋਰ ਦੇ ਕੇ ਕਿਹਾ ਕਿ ਉਹ ਕੁੱਲ ਹਿੰਦ ਪੱਧਰ ਉਤੇ ਵੱਖ ਵੱਖ ਪਾਰਟੀਆਂ ਨਾਲ ਉਹੋ ਜਿਹੀ ਹੀ 'ਸਿਧਾਂਤਕ ਦੋਸਤੀ' ਵਿਕਸਤ ਕਰੇ, ਜਿਹੋ ਜਿਹੀ ਉਸ ਦੀ ਡੀ.ਐਮ.ਕੇ. ਨਾਲ ਹੈ। ਉਨ੍ਹਾਂ ਕਾਂਗਰਸ, ਖੱਬੀ ਧਿਰ ਅਤੇ ਖੇਤਰੀ ਪਾਰਟੀਆਂ ਦਰਮਿਆਨ ਆਪਸੀ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ।

ਸੰਸਦ ਵਿਚ ਮੌਜੂਦਾ ਗਿਣਤੀਆਂ ਭਾਜਪਾ ਦੇ ਵਧਦੇ ਹੋਏ ਗ਼ਲਬੇ ਦਾ ਪ੍ਰਗਟਾਵਾ ਕਰਦੀਆਂ ਹਨ ਜਿਸ ਨੇ ਰਾਜ ਸਭਾ ਵਿਚ ਵੀ 100 ਸੀਟਾਂ ਦਾ ਅੰਕੜਾ ਪਾਰ ਕਰਨ ਵਿਚ ਕਾਮਯਾਬੀ ਪਾ ਲਈ ਹੈ। ਸੰਸਦ ਵਿਚ ਇਸ ਦੀ ਦੋਵੇਂ ਸਦਨਾਂ ਵਿਚਲੀ ਸਾਂਝੀ ਗਿਣਤੀ 400 ਦੇ ਕਰੀਬ ਅੱਪੜ ਗਈ ਹੈ। ਇਸ ਤੋਂ ਬਾਅਦ ਦੂਜੇ ਨੰਬਰ ਉਤੇ 86 ਸੀਟਾਂ ਨਾਲ ਕਾਂਗਰਸ ਹੈ ਜਿਹੜੀ ਇਸ ਮੁਕਾਬਲੇ ਵਿਚ ਬਹੁਤ ਪਛੜੀ ਹੋਈ ਨਜ਼ਰ ਆਉਂਦੀ ਹੈ। ਇਸ ਤੋਂ ਬਾਅਦ ਤ੍ਰਿਣਮੂਲ ਕਾਂਗਰਸ (35) ਅਤੇ ਡੀ.ਐਮ.ਕੇ. (34) ਦਾ ਨੰਬਰ ਹੈ। ਇਸ ਦੇ ਬਾਵਜੂਦ ਜਦੋਂ ਅਸੀਂ 2024 ਦੀਆਂ ਆਮ ਚੋਣਾਂ ਮੁਤੱਲਕ ਭਾਰਤ ਦੇ ਚੁਣਾਵੀ ਨਕਸ਼ੇ ਉਤੇ ਨਜ਼ਰ ਮਾਰਦੇ ਹਾਂ ਤਾਂ ਸਾਫ ਹੋ ਜਾਂਦਾ ਹੈ ਕਿ ਭਾਜਪਾ ਨੂੰ ਅਜਿਹੀ ਖੇਤਰੀ ਪਾਰਟੀ ਦਾ ਟਾਕਰਾ ਕਰਨ ਵਿਚ ਕਾਫੀ ਔਖ ਆਉਂਦੀ ਹੈ ਜਿਸ ਨੇ ਨਿਵੇਕਲੀ ਭਾਸ਼ਾਈ ਅਤੇ ਇਲਾਕਾਈ ਪਛਾਣ ਦੇ ਨਾਲ ਨਾਲ ਬਿਹਤਰ ਕਾਰਗੁਜ਼ਾਰੀ ਨੂੰ ਵੀ ਜੋੜ ਦਿੱਤਾ ਗਿਆ ਹੋਵੇ। ਅੰਕੜਿਆਂ ਪੱਖੋਂ ਭਾਜਪਾ ਦੀ ਹਾਰ ਦੇ ਆਸਾਰ ਉਦੋਂ ਕਾਫੀ ਵਧ ਜਾਂਦੇ ਹਨ, ਜਦੋਂ ਇਸ ਦਾ ਟਾਕਰਾ ਕਿਸੇ ਖੇਤਰੀ ਤਾਕਤ ਨਾਲ ਹੁੰਦਾ ਹੈ; ਦੂਜੇ ਪਾਸੇ ਕੌਮੀ ਚੋਣਾਂ ਵਿਚ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੇ ਮੁਕਾਬਲੇ ਕਾਂਗਰਸ ਬਹੁਤ ਕਮਜ਼ੋਰ ਵਿਰੋਧੀ ਦਿਖਾਈ ਦਿੰਦੀ ਹੈ। ਇਸ ਹਾਲਤ ਜਿਸ ਨੂੰ 'ਕਰੋ ਜਾਂ ਮਰੋ' ਵਾਲੀ ਹਾਲਤ ਵਜੋਂ ਬਿਆਨਿਆ ਜਾ ਸਕਦਾ ਹੈ, ਵਿਚ ਇਹੋ ਚਾਰਾ ਬਚਦਾ ਹੈ ਕਿ ਖੇਤਰੀ ਪਾਰਟੀਆਂ ਨੂੰ ਨਾਲ ਲੈ ਕੇ ਫੈਡਰਲ ਫਰੰਟ (ਸੰਘੀ ਮੋਰਚਾ) ਕਾਇਮ ਕੀਤਾ ਜਾਵੇ, ਕਿਉਂਕਿ ਖੇਤਰੀ ਪਾਰਟੀਆਂ ਦਾ ਵਜ਼ਨ ਵੀ ਹੁਣ ਕਾਂਗਰਸ ਜਿੰਨਾ ਹੀ ਹੈ।

ਦਰਅਸਲ, ਡੀ.ਐਮ.ਕੇ., ਟੀ.ਐਮ.ਸੀ., ਇਥੋਂ ਤੱਕ ਕਿ 'ਆਪ' ਹੀ ਅਜਿਹੀਆਂ ਪਾਰਟੀਆਂ ਹਨ ਜਿਨ੍ਹਾਂ ਨੇ ਆਪੋ-ਆਪਣੇ ਪ੍ਰਭਾਵ ਖੇਤਰ ਤੋਂ ਭਾਜਪਾ ਨੂੰ ਲਾਂਭੇ ਰੱਖਣ ਅਤੇ ਇਸ ਕੌਮੀ ਪਰਟੀ ਨੂੰ ਮਾਤ ਦੇਣ ਵਿਚ ਸਫਲਤਾ ਹਾਸਲ ਕੀਤੀ ਹੈ। ਸਾਲ ਪਹਿਲਾਂ ਮਮਤਾ ਬੈਨਰਜੀ ਨੇ ਬੜੇ ਨਿੱਗਰ ਢੰਗ ਨਾਲ ਅਜਿਹਾ ਕਰ ਦਿਖਾਇਆ ਸੀ। ਇਨ੍ਹਾਂ ਤਿੰਨਾਂ ਹੀ ਪਾਰਟੀਆਂ ਅਤੇ ਨਾਲ ਹੀ ਤਿਲੰਗਾਨਾ ਦੀ ਹਾਕਮ ਪਾਰਟੀ ਟੀ.ਆਰ.ਐਸ. ਤੇ ਮਹਾਰਾਸ਼ਟਰ ਵਿਚ ਸ਼ਿਵ ਸੈਨਾ ਦੀ ਅਗਵਾਈ ਵਾਲੇ ਗੱਠਜੋੜ ਦੀ ਸਰਕਾਰ ਨੂੰ ਰੋਜ਼ਾਨਾ ਆਧਾਰ ਉਤੇ ਕੇਂਦਰੀ ਏਜੰਸੀਆਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਟਾਕਰਾ ਆਰ.ਐਸ.ਐਸ./ ਭਾਜਪਾ ਦੀ ਵਿਚਾਰਧਾਰਾ ਅਤੇ ਸਿਆਸੀ ਮਿਸ਼ਨ ਨਾਲ ਹੁੰਦਾ ਹੈ ਤਾਂ ਖੇਡ ਦੇ ਪੁਰਾਣੇ ਨਿਯਮ ਅਤੇ ਸਹਿਯੋਗੀ ਫੈਡਰਲਿਜ਼ਮ ਦੇ ਵਿਚਾਰ ਕੰਮ ਨਹੀਂ ਆਉਂਦੇ।

ਜਿਥੋਂ ਤੱਕ ਡੀ.ਐਮ.ਕੇ. ਦਾ ਸਵਾਲ ਹੈ, ਇਸ ਅਜਿਹੇ ਜ਼ਮਾਨੇ ਵਿਚ ਜਦੋਂ 'ਭਲਾਈਵਾਦ' ਨੂੰ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਭਾਜਪਾ ਦੀ ਉਤਰ ਪ੍ਰਦੇਸ਼ ਵਿਚ ਨਵੀਂ-ਨਿਵੇਕਲੀ ਕਾਢ ਹੋਵੇ, ਤਾਂ ਸਟਾਲਿਨ ਜ਼ਰੂਰ ਸਮਾਜਿਕ ਨਿਆਂ ਅਤੇ ਵਿਕਾਸ ਦੇ ਦ੍ਰਾਵਿੜ ਮਾਡਲ ਨੂੰ ਹਿੰਦੂਤਵੀ ਢਾਂਚੇ ਦੇ ਬਦਲ ਵਜੋਂ ਪੇਸ਼ ਕਰਨਾ ਚਾਹੁਣਗੇ। ਤਾਮਿਲਨਾਡੂ ਦੇ ਕੌਮੀ ਸਿੱਖਿਆ ਨੀਤੀ ਬਾਰੇ ਵੀ ਆਪਣੇ ਸਰੋਕਾਰ ਹਨ। ਸੂਬਾ ਸਰਕਾਰ ਨੇ ਆਪਣੇ ਮੈਡੀਕਲ ਵਿਦਿਆਰਥੀਆਂ ਨੂੰ 'ਨੀਟ' ਦਾਖਲਾ ਇਮਤਿਹਾਨ ਤੋਂ ਬਾਹਰ ਕੱਢਣ ਲਈ ਇਕ ਬਿਲ ਪਾਸ ਕੀਤਾ ਹੈ ਪਰ ਭਾਜਪਾ ਵੱਲੋਂ ਲਾਏ ਹੋਏ ਰਾਜਪਾਲ ਨੇ ਉਸ ਬਿਲ ਨੂੰ ਦਬਾਇਆ ਹੋਇਆ ਹੈ ਜੋ ਸੂਬੇ ਵਿਚ ਨਾਜ਼ੁਕ ਜਨਤਕ ਮੁੱਦਾ ਹੈ। ਇਸ ਸਭ ਕਾਸੇ ਤੋਂ ਵੱਧ, ਡੀ.ਐਮ.ਕੇ. ਲੀਡਰਸ਼ਿਪ ਇਤਿਹਾਸਕ ਅਤੇ ਵਿਚਾਰਧਾਰਕ ਤੌਰ 'ਤੇ ਹਮੇਸ਼ਾ ਹੀ ਅਜਿਹੇ ਕਿਸੇ ਵੀ ਸਭਿਆਚਾਰਕ ਪੈਮਾਨੇ, ਨੀਤੀਆਂ ਅਤੇ ਬਿਰਤਾਂਤਾਂ ਦੇ ਖਿਲਾਫ ਡਟ ਕੇ ਖੜ੍ਹਦੀ ਹੈ, ਜਿਸ ਵਿਚ ਵੀ ਹਿੰਦੂਤਵੀ ਰਾਸ਼ਟਰੀ ਢਾਂਚੇ ਦਾ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਹੋਵੇ ਅਤੇ ਜੋ ਸੂਬੇ ਦੀ ਖੁਦਮੁਖਤਾਰੀ ਨੂੰ ਸੱਟ ਮਾਰਦੀ ਹੋਵੇ।

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਮੁਢਲੇ ਦਿਨਾਂ ਦੀ ਮੁਸ਼ੱਕਤ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।*

ਮੈਨੂੰ ਆਪਣਾ ਮੇਕ-ਅੱਪ ਕੀਤਾ ਮੁਖੜਾ ਐਤਕੀਂ ਉਤਨਾ ਨਹੀਂ ਜਚਿਆ ਜਿਤਨਾ ਪੂਨੇ ਵਿਚ ਜਚਿਆ ਸੀ, ਲੰਬੂਤਰਾ ਜਿਹਾ ਤੇ ਝੰਵਿਆ-ਝੰਵਿਆ ਜਾਪ ਰਿਹਾ ਸੀ। ਕੀ ਮੇਕ-ਅਪ ਠੀਕ ਨਹੀਂ ਸੀ ਹੋਇਆ? ਜਾਂ ਸ਼ੀਸ਼ੇ ਉਪਰ ਲਾਈਟਾਂ ਬਹੁਤ ਉਚੀਆਂ ਲੱਗੀਆਂ ਹੋਣ ਕਾਰਨ ਲਿੱਸਾ ਦਿਸ ਰਿਹਾ ਸੀ?

ਕੁਝ ਦਿਨ ਪਹਿਲਾਂ ਲੈਮਿੰਗਟਨ ਰੋਡ ਉਤੇ ਮਿਸਟਰ ਭਵਨਾਨੀ ਮਿਲੇ ਸਨ। ਇਕ ਵਾਰੀ ਆਪਣੇ ਘਰ ਉਹ ਮੈਨੂੰ ਅਤੇ ਚੇਤਨ ਨੂੰ ਡਿਨਰ ਉਤੇ ਵੀ ਬੁਲਾ ਚੁੱਕੇ ਸਨ। ਉਦੋਂ ਆਸ ਹੋਈ ਕਿ ਪੁਰਾਣੀ ਜਾਣ-ਪਛਾਣ ਦਾ ਖਿਆਲ ਕਰਕੇ ਉਹ ਜ਼ਰੂਰ ਮੇਰੀ ਕੁਝ ਮਦਦ ਕਰਨਗੇ। ਖਾਣਾ ਉਹਨਾਂ ਬੜਾ ਵਧੀਆ ਖੁਆਇਆ ਪਰ ਮੇਰੇ ਦਿਲ ਦੀ ਗੱਲ ਦਾ ਉਹਨਾਂ ਜ਼ਿਕਰ ਤਕ ਨਹੀਂ ਸੀ ਕੀਤਾ। ਤੇ ਲੈਮਿੰਗਟਨ ਰੋਡ ਵਾਲੀ ਮੁਲਾਕਾਤ ਵਿਚ ਤਾਂ ਹੋਰ ਵੀ ਨਿਰਾਸ ਕਰ ਗਏ ਸਨ। ਉਹਨਾਂ ਕਿਹਾ, "ਮੇਰੇ ਕਹਿਣ ਦਾ ਬੁਰਾ ਨਾ ਮੰਨਣਾ, ਮਿਸਟਰ ਸਾਹਨੀ ਪਰ ਹੁਣ ਤੁਹਾਡੇ ਚਿਹਰੇ ਉਪਰ ਉਹ ਭਰਵਾਂ ਸੁਹੱਪਣ ਨਹੀਂ ਜੋ ਮੈਂ ਕਸ਼ਮੀਰ ਵੇਖਿਆ ਸੀ। ਤੁਸੀਂ ਕੁਝ-ਕੁਝ ਗੈਰੀ ਕੂਪਰ ਵਾਂਗ ਦਿਸਣ ਲੱਗ ਗਏ ਹੋ।"

ਗੈਰੀ ਕੂਪਰ! ਸੰਸਾਰ ਦਾ ਸਭ ਤੋਂ ਲੋਕ ਪ੍ਰੀਆ ਫਿਲਮੀ ਹੀਰੋ! ਤੇ ਉਸ ਨਾਲ ਮੇਰੀ ਸਮਾਨਤਾ ਭਵਨਾਨੀ ਸਾਹਿਬ ਨੂੰ ਗੁਣ ਨਹੀਂ, ਦੋਸ਼ ਜਾਪ ਰਹੀ ਸੀ।

ਮੇਰਾ ਬੜਾ ਦਿਲ ਦੁਖਿਆ ਸੀ। ਕਦੇ ਕਦੇ ਮੈਂ ਭਵਨਾਨੀ ਸਾਹਿਬ ਨੂੰ ਆਪਣੇ ਘਰ ਠਹਿਰਾਇਆ ਸੀ। ਨੱਠ-ਨੱਠ ਕੇ ਉਹਨਾਂ ਦੇ ਕੰਮ ਕੀਤੇ ਸਨ ਪਰ ਉਸ ਵੇਲੇ ਮੇਰੀ ਬਾਂਹ ਫੜਨ ਦੇ ਬਜਾਏ ਉਹ ਉਲਟਾ ਮੇਰਾ ਹੌਸਲਾ ਪਸਤ ਕਰ ਰਹੇ ਸਨ।

ਕਿਸੇ ਸੱਚ ਹੀ ਆਖਿਆ ਹੈ: ਕਿ ਤਾਰੀਕੀ ਮੇਂ ਸਾਯਾ ਭੀ ਜੁਦਾ ਇਨਸਾਨ ਹੋਤਾ ਹੈ।

ਉਦੋਂ ਮੇਰਾ ਸਿਫਾਰਸ਼ੀ ਖਤਾਂ ਦਾ ਤਜਰਬਾ ਵੀ ਬੜਾ ਕੌੜਾ ਰਿਹਾ ਸੀ। ਸ੍ਰੀ ਜੇ.ਐਨ. ਸਾਹਨੀ, ਮੇਰੇ ਮਸੇਰੇ ਵੀਰ, 'ਹਿੰਦੁਸਤਾਨ ਟਾਈਮਜ਼' ਤੇ 'ਨੈਸ਼ਨਲ ਕਾਲ' ਵਰਗੇ ਉਘੇ ਅਖ਼ਬਾਰਾਂ ਦੇ ਐਡੀਟਰ ਰਹਿ ਚੁੱਕੇ ਸਨ। ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਫਿਲਮਾਂ ਵਿਚ ਪ੍ਰਵੇਸ਼ ਕਰ ਰਿਹਾ ਹਾਂ ਤਾਂ ਉਹਨਾਂ ਮੇਰੇ ਬਾਰੇ ਬੜੇ ਦਾਈਏ ਨਾਲ ਇਕ ਖਤ ਆਪਣੇ ਮਿੱਤਰ ਰਾਏ ਬਹਾਦਰ ਚੂਨੀ ਲਾਲ ਨੂੰ ਲਿਖਿਆ ਜੋ ਫਿਲਮਿਸਤਾਨ ਸਟੂਡੀਓ ਦੇ ਮਾਲਕ ਸਨ, ਤੇ ਦੂਜਾ ਬੰਬੇ ਟਾਕੀਜ਼ ਸਟੂਡੀਓ ਦੇ ਪਬਲਿਸਟੀ ਅਫਸਰ ਸ੍ਰੀ ਇੰਦਰ ਰਾਜ ਅਨੰਦ ਨੂੰ (ਜਿਨ੍ਹਾਂ ਨੇ ਹੁਣ ਚਿੱਤਰ-ਕਥਾ ਲੇਖਕ ਦੀ ਹੈਸੀਅਤ ਵਿਚ ਸਿਖਰਾਂ ਦੀ ਸ਼ੁਹਰਤ ਹਾਸਲ ਕਰ ਲਈ ਹੈ)। ਇਹ ਦੋਵੇਂ ਸਟੂਡੀਓ ਉਸ ਵੇਲੇ ਫਿਲਮ ਇੰਡਸਟਰੀ ਦਾ ਕੇਂਦਰ ਮੰਨੇ ਜਾਂਦੇ ਸਨ ਪਰ ਦੋਵੀਂ ਥਾਈਂ ਮੇਰੇ ਨਾਲ ਬੜਾ ਖਰ੍ਹਵਾ ਸਲੂਕ ਹੋਇਆ।

ਏਸੇ ਤਰ੍ਹਾਂ ਅੱਬਾਸ ਅਤੇ ਸਾਠੇ ਨੇ ਜ਼ਿੱਦ ਕਰਕੇ ਮੈਨੂੰ ਸ਼ਾਂਤਾ ਰਾਮ ਕੋਲ ਭਿਜਵਾਇਆ। ਉਹਨਾਂ ਨੂੰ ਮੈਂ ਦੱਸ ਚੁੱਕਾ ਸਾਂ ਕਿ ਉਹ ਪੂਨੇ ਪ੍ਰਭਾਤ ਸਟੂਡੀਓ ਵਿਚ ਕਿਤਨੀ ਚੰਗੀ ਤਰ੍ਹਾਂ ਮੇਰੇ ਨਾਲ ਪੇਸ਼ ਆਏ ਸਨ। ਉਹਨੀਂ ਦਿਨੀਂ ਅੱਬਾਸ ਤੇ ਸਾਠੇ 'ਡਾਕਟਰ ਕੋਟਨੀਸ ਕੀ ਅਮਰ ਕਹਾਨੀ' ਦਾ ਸੀਨੇਰੀਓ ਅਤੇ ਵਾਰਤਾਲਾਪ ਲਿਖ ਰਹੇ ਸਨ। ਸ਼ਾਂਤਾ ਰਾਮ ਜੀ ਨਾਲ ਉਹਨਾਂ ਦਾ ਰੋਜ਼ ਦਾ ਉਠਣਾ-ਬੈਠਣਾ ਸੀ।

ਪਰ ਇਸ ਦੂਜੀ ਮੁਲਾਕਾਤ ਤੇ ਪਹਿਲੀ ਮੁਲਾਕਾਤ ਵਿਚ ਜ਼ਮੀਨ-ਅਸਮਾਨ ਦਾ ਫਰਕ ਸੀ। ਇਕ ਤਾਂ ਸ਼ਾਂਤਾ ਰਾਮ ਆਪ ਬਹੁਤ ਬਦਲ ਚੁੱਕੇ ਸਨ। ਨਾ ਕਮਰੇ ਵਿਚ ਉਹ ਸਾਦਗੀ ਸੀ, ਨਾ ਉਹਨਾਂ ਦਾ ਪਹਿਰਾਵਾ ਹਿੰਦੁਸਤਾਨੀ। ਬੜਾ ਸਾਹਬਾਂ ਵਾਲਾ ਠਾਠ ਸੀ। ਸਰੀਰ ਵੀ ਉਹਨਾਂ ਦਾ ਪਹਿਲਾਂ ਨਾਲੋਂ ਸੁਅਸਥ ਤੇ ਸੁਡੌਲ ਹੋ ਗਿਆ ਸੀ। ਚਿੱਟੀ ਕਮੀਜ਼ ਤੇ ਪਤਲੂਨ ਵਿਚ ਉਹ ਇਤਨੇ ਤਕੜੇ ਤੇ ਕਦਾਵਰ ਦਿਸ ਰਹੇ ਸਨ ਕਿ ਮੇਰੇ ਲਈ ਉਹਨਾਂ ਨੂੰ ਪਛਾਨਣਾ ਮੁਸ਼ਕਿਲ ਹੋ ਰਿਹਾ ਸੀ। ਉਂਗਲ ਵਿਚ ਹੀਰੇ ਦੀ ਅੰਗੂਠੀ ਸੁਸ਼ੋਭਤ ਸੀ ਜਿਸ ਨੂੰ ਗੱਲ ਕਰਦਿਆਂ ਉਹ ਦੂਜੇ ਹੱਥ ਨਾਲ ਮਲਦੇ ਰਹਿੰਦੇ ਸਨ।

ਤੇ ਮੈਂ ਵੀ ਤਾਂ ਕਿਤਨਾ ਬਦਲ ਚੁੱਕਾ ਸਾਂ! ਸ਼ਾਂਤੀ ਨਿਕੇਤਨ ਜਾਂ ਸੇਵਾ ਗਰਾਮ ਤੋਂ ਆਇਆ ਆਸ਼ਰਮ-ਵਾਸੀ ਨਿਰਸੰਦੇਹ ਇੱਜ਼ਤ ਵਾਲੇ ਸਲੂਕ ਦਾ ਹੱਕਦਾਰ ਸੀ ਪਰ ਲੰਡਨੋਂ ਅੰਗਰੇਜ਼ਾਂ ਦਾ ਪ੍ਰਾਪੇਗੰਡਾ ਕਰਕੇ ਪਰਤੇ ਹੋਏ 'ਐਨਾਊਂਸਰ' ਨੂੰ ਉਹ ਕਿਵੇਂ ਓਹੀ ਸਤਿਕਾਰ ਦੇ ਸਕਦੇ ਸਨ? ਪੰਜ-ਦਸ ਮਿੰਟ ਦੀ ਮਿਲਣੀ ਦੋਵਾਂ ਨੂੰ ਇਕ ਦੂਜੇ ਤੋਂ ਵਿਰਕਤ ਕਰਨ ਲਈ ਕਾਫੀ ਸੀ, ਤੇ ਅਜ ਤੀਕਰ ਫੇਰ ਅਸੀਂ ਕਦੀ ਵੀ ਇਕ ਦੂਜੇ ਨੂੰ ਨਹੀਂ ਮਿਲੇ, ਬਸ ਦੂਰੋਂ-ਦੂਰੋਂ ਸਲਾਮ-ਦੁਆ ਕੀਤੀ ਹੈ।

ਜਦੋਂ ਮੈਂ ਨਵੇਂ ਮੁੰਡਿਆਂ ਨੂੰ ਫਿਲਮਾਂ ਵਿਚ ਕੰਮ ਲੱਭਣ ਲਈ ਸਿਫਾਰਸ਼ੀ ਖਤ ਲੈ-ਲੈ ਕੇ ਪ੍ਰੋਡਿਊਸਰਾਂ, ਡਾਇਰੈਕਟਰਾਂ ਤੇ ਫਿਲਮ ਸਟਾਰਾਂ ਦੇ ਆਸ-ਪਾਸ ਚੱਕਰ ਮਾਰਦੇ ਵੇਖਦਾ ਹਾਂ ਤਾਂ ਦਿਲ ਚਾਹੁੰਦਾ ਹੈ ਕਿ ਕਿਸੇ ਤਰ੍ਹਾਂ ਉਹਨਾਂ ਨੂੰ ਸਮਝਾ ਸਕਾਂ ਕਿ ਇਹਨਾਂ ਸਿਫਾਰਸ਼ੀ ਖਤਾਂ ਦੀ ਕੀਮਤ ਉਸ ਕਾਗਜ਼ ਜਿਤਨੀ ਵੀ ਨਹੀਂ ਹੈ ਜਿਸ ਉਪਰ ਉਹ ਲਿਖੇ ਹੋਏ ਹੁੰਦੇ ਹਨ। ਨੌਕਰੀ ਹੋਰ ਚੀਜ਼ ਹੈ, ਕਲਾਕਾਰ ਬਣਨਾ ਹੋਰ ਚੀਜ਼। ਨੌਕਰੀ ਹਾਸਲ ਕਰਨ ਲਈ ਸਿਫਾਰਸ਼ੀ ਖਤ ਭਾਵੇਂ ਕੰਮ ਆ ਸਕਣ ਪਰ ਕੋਈ ਵਿਰਲਾ ਹੀ ਡਾਇਰੈਕਟਰ ਐਸਾ ਹੋਵੇਗਾ ਜੋ ਦੂਜਿਆਂ ਦੇ ਆਖੇ ਕਿਸੇ ਅਨਾੜੀ ਨੂੰ ਕੈਮਰੇ ਅੱਗੇ ਲਿਆਉਣ ਦਾ ਖਤਰਾ ਸਹੇੜ ਲਏ। ਫਿਲਮੀ ਚੱਕਰ ਹੋਰ ਤਰ੍ਹਾਂ ਚੱਲਦਾ ਹੈ, ਤੇ ਇਹਨੂੰ ਸਮਝਣਾ ਬੜਾ ਜ਼ਰੂਰੀ ਹੈ। ਜ਼ਿਆਦਾ ਕਰਕੇ ਕਾਮਯਾਬੀ ਇਨਸਾਨ ਦੇ ਆਪਣੇ ਤਰੱਦਦ ਤੇ ਆਪਣੇ ਨਸੀਬ ਉਪਰ ਨਿਰਭਰ ਹੁੰਦੀ ਹੈ।

ਆਮ ਤੌਰ 'ਤੇ ਸਿਫਾਰਸ਼ੀ ਖਤ ਦੇਣ ਵਾਲੇ ਲੈਣ ਵਾਲਿਆਂ ਨਾਲੋਂ ਕਿਤੇ ਵਧ ਨਾਸਮਝੀ ਦਾ ਸਬੂਤ ਦੇਂਦੇ ਹਨ। ਉਹਨਾਂ ਨੂੰ ਦੂਰ ਬੈਠਿਆਂ ਆਪਣੀ ਪਛਾਣ ਵਾਲੀ ਫਿਲਮੀ ਹਸਤੀ ਰੱਬ ਜਿਤਨੀ ਸਰਬ-ਵਿਆਪਕ ਤੇ ਸਰਬ-ਸ਼ਕਤੀਮਾਨ ਮਲੂਮ ਹੋਣ ਲੱਗ ਜਾਂਦੀ ਹੈ; ਪਰ ਅਸਲੀਅਤ ਕਈ ਵਾਰੀ ਉਸ ਅੰਦਾਜ਼ੇ ਨਾਲ ਮੇਲ ਨਹੀਂ ਖਾਂਦੀ। ਜਿਸ ਤੋਂ ਮਦਦ ਦੀ ਆਸ ਕੀਤੀ ਜਾਂਦੀ ਹੈ, ਉਹ ਕਈ ਵਾਰ ਮਦਦ ਦੇਣ ਦੀ ਹਾਲਤ ਵਿਚ ਹੀ ਨਹੀਂ ਹੁੰਦਾ।

ਮਸਲਿਨ, ਅੱਜ ਮੈਂ ਕਹਿ ਸਕਦਾ ਹਾਂ ਕਿ ਭਵਨਾਨੀ ਸਾਹਬ ਉਪਰ ਨਾਰਾਜ਼ ਹੋਣਾ ਮੇਰੀ ਸਰਾਸਰ ਨਲਾਇਕੀ ਸੀ। ਚੁੱਪ ਫਿਲਮਾਂ ਦੇ ਜ਼ਮਾਨੇ ਦੇ ਉਹ ਬੜੇ ਕਾਮਯਾਬ ਪ੍ਰੋਡਿਊਸਰ ਰਹੇ ਸਨ ਪਰ ਬੋਲਦੀਆਂ ਫਿਲਮਾਂ ਵਿਚ ਉਹ ਯੱਕੇ-ਬਾਦ-ਦੀਗਰੇ ਨਾ-ਕਾਮਯਾਬ ਹੋਏ। ਜਦੋਂ ਮੈਂ ਉਹਨਾਂ ਨੂੰ ਮਿਲਿਆ, ਉਹ ਪਰੇਸ਼ਾਨੀ ਦੇ ਦੌਰ ਵਿਚੋਂ ਲੰਘ ਰਹੇ ਸਨ, ਤੇ ਮੈਨੂੰ ਆਪਣੀ ਸਿਹਤ ਦਾ ਧਿਆਨ ਕਰਨ ਦਾ ਇਸ਼ਾਰਾ ਕਰਕੇ ਉਹਨਾਂ ਆਪਣੀ ਸੱਜਣਤਾਈ ਦਾ ਸਬੂਤ ਦਿੱਤਾ ਸੀ। ਗੈਰੀ ਕੂਪਰ ਹਾਲੀਵੁਡ ਵਿਚ ਭਾਵੇਂ ਹੁਸੀਨ ਮੰਨਿਆ ਜਾਂਦਾ ਹੋਵੇ ਪਰ ਹਿੰਦੀ ਫਿਲਮਾਂ ਵਿਚ ਤਾਂ ਗੋਲ-ਮਟੋਲ ਚਿਹਰਿਆਂ ਨੂੰ ਹੀ ਪਸੰਦ ਕੀਤਾ ਜਾਂਦਾ ਸੀ। ਪਰ ਵਿਚਾਰੇ ਨਵੇਂ ਆਦਮੀ ਦੀ ਇਕ ਬਦਕਿਸਮਤੀ ਇਹ ਵੀ ਹੁੰਦੀ ਹੈ ਕਿ ਉਹਨੂੰ ਫਿਲਮਾਂ ਦੇ ਅੰਦਰੂਨੀ ਮਾਹੌਲ ਦਾ ਕੁਝ ਪਤਾ ਨਹੀਂ ਹੁੰਦਾ। ਠੋਕਰਾਂ ਖਾ-ਖਾ ਕੇ ਉਹਨੂੰ ਹਰ ਕਿਸੇ ਉਤੇ ਸ਼ੱਕ ਹੋਣ ਲਗ ਜਾਂਦਾ ਹੈ। ਉਹ ਸੋਚਦਾ ਹੈ ਕਿ ਹਰ ਕੋਈ ਉਸ ਦਾ ਰਾਹ ਰੋਕ ਰਿਹਾ ਹੈ, ਉਸ ਨਾਲ ਦੁਸ਼ਮਣੀ ਕਰ ਰਿਹਾ ਹੈ।

ਇਕ ਵਾਰ ਦਾਦਰ ਮੇਨ-ਰੋਡ ਉਤੇ ਜਗਦੀਸ਼ ਸੇਠੀ ਭਾਪੇ ਨੇ ਵੀ, ਜਿਸ ਦੀ ਗੁੱਡੀ ਬਤੌਰ ਕਰੈਕਟਰ ਐਕਟਰ ਉਦੋਂ ਅਸਮਾਨ ਉਤੇ ਸੀ, ਮੈਨੂੰ ਸਿਹਤ ਬਾਰੇ ਖਬਰਦਾਰ ਹੋਣ ਲਈ ਕਿਹਾ ਸੀ। ਉਹਨਾਂ ਦੇ ਸ਼ਬਦ ਮੈਨੂੰ ਅਜ ਤੀਕਰ ਯਾਦ ਹਨ: "ਸਕਰੀਨ ਉਤੇ ਪਤਲਾ ਆਦਮੀ ਹੋਰ ਵੀ ਪਤਲਾ ਲੱਗਣ ਲਗ ਜਾਂਦਾ ਹੈ। ਤੂੰ ਆਪਣਾ ਵਜ਼ਨ ਵਧਾ।"

ਇਹ ਪੱਲੇ ਬੰਨ੍ਹਣ ਜੋਗੀ ਗੱਲ ਸੀ ਪਰ ਉਸ ਵੇਲੇ ਮੇਰੇ ਕੰਨਾਂ ਨੂੰ ਕੌੜੀ ਲੱਗੀ ਸੀ। "ਮਦਦ ਤਾਂ ਕੁਝ ਕਰਦੇ ਨਹੀਂ, ਐਵੇਂ ਨਸੀਹਤਾਂ ਝਾੜਦੇ ਨੇ।" ਮੈਂ ਮਨ ਵਿਚ ਕਿਹਾ ਸੀ।


ਚੰਗੀ ਨਸੀਹਤ ਤੋਂ ਵਧ ਕੀਮਤੀ ਚੀਜ਼ ਨਵੇਂ ਆਏ ਕਲਾਕਾਰ ਨੂੰ ਹੋਰ ਕੋਈ ਨਹੀਂ ਮਿਲ ਸਕਦੀ ਪਰ ਅਫਸੋਸ! ਜਿਸ ਨੂੰ ਮਿਲਦੀ ਹੈ, ਉਹ ਉਸ ਦਾ ਮੁੱਲ ਨਹੀਂ ਪਾਉਂਦਾ, ਤੇ ਜਿਹੜਾ ਮੁੱਲ ਪਾਉਂਦਾ ਹੈ, ਉਹਨੂੰ ਉਹ ਮਿਲਦੀ ਨਹੀਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਸਿਹਤ ਕਾਫੀ ਡਿੱਗ ਚੁੱਕੀ ਸੀ। ਇਕ ਤਾਂ ਬੰਬਈ ਦੀ ਆਬੋ-ਹਵਾ ਮੈਨੂੰ ਮਾਫਕ ਨਹੀਂ ਸੀ ਆ ਰਹੀ। ਇਕ ਦਿਨ ਟੈਕਸੀ ਵਿਚ ਬੈਠਿਆਂ ਤੇ ਮੁੜ੍ਹਕੇ ਵਿਚ ਗੋਤੇ ਮਾਰਦਿਆਂ ਮੈਂ ਅੱਬਾਸ ਤੋਂ ਪੁੱਛਿਆ, "ਯਾਰ ਤੈਨੂੰ ਬੰਬਈ ਰਹਿੰਦਿਆਂ ਕਿਤਨੇ ਕੁ ਸਾਲ ਹੋ ਗਏ ਨੇ?"

"ਸੱਤ।" ਉਹਨੇ ਜਵਾਬ ਦਿਤਾ।

"ਸੱਤ ਸਾਲ!" ਮੈਂ ਹੈਰਾਨ ਹੋ ਕੇ ਕਿਹਾ, "ਮੈਂ ਤਾਂ ਸੋਚ ਵੀ ਨਹੀਂ ਸਕਦਾ ਕਿ ਇਸ ਮਰਦੂਦ ਸ਼ਹਿਰ ਵਿਚ ਕਿਵੇਂ ਕੋਈ ਸੱਤ ਸਾਲ ਕੱਟ ਸਕਦਾ ਹੈ।"

"ਤੈਥੋਂ ਸੱਤ ਸਾਲ ਬਾਅਦ ਪੁੱਛਾਂਗਾ।" ਅੱਬਾਸ ਨੇ ਅਖਬਾਰ ਤੋਂ ਅੱਖਾਂ ਚੁੱਕੇ ਬਿਨਾਂ ਕਿਹਾ ਸੀ।




ਬਲਰਾਜ ਸਾਹਨੀ: ਮੁਢਲੇ ਦੌਰ ਦੀ ਚਿੰਤਾ...।

ਉਸ ਦੀ ਭਵਿਖਬਾਣੀ ਕਿਤਨੀ ਠੀਕ ਨਿਕਲੀ! ਅਜ ਬੰਬਈ ਵਿਚ ਰਹਿੰਦਿਆਂ ਮੈਨੂੰ 7 ਨਹੀਂ, 23 ਸਾਲ ਹੋ ਚੁੱਕੇ ਹਨ। ਸਿਹਤ ਡਿੱਗਣ ਦਾ ਅਸਲ ਕਾਰਨ ਆਰਥਕ ਪਰੇਸ਼ਾਨੀ ਤੇ ਬੇਥਵੀ ਜ਼ਿੰਦਗੀ ਵੀ ਸੀ। ਪੈਸੇ ਦਾ ਮੂੰਹ ਵੇਖਣ ਲਈ ਉਸ ਜ਼ਮਾਨੇ ਵਿਚ ਮੈਨੂੰ ਕੀ-ਕੀ ਤਰਲਾ ਨਹੀਂ ਸੀ ਲੈਣਾ ਪਿਆ। ਟਰੇਡਰਜ਼ ਬੈਂਕ ਦੀ ਇਕ ਬਰਾਂਚ ਦਾ ਮੈਨੇਜਰ ਮੇਰਾ ਕਾਲਜ ਦਾ ਸਹਿਪਾਠੀ ਨਿਕਲ ਆਇਆ। ਗਾਹੇ-ਬ-ਗਾਹੇ ਉਹ ਮੈਨੂੰ ਬੈਂਕ ਵੱਲੋਂ ਥੋੜ੍ਹਾ ਬਹੁਤ ਕਰਜ਼ਾ ਦੇਂਦਾ ਰਹਿੰਦਾ। ਦੋ ਕੁ ਹਜ਼ਾਰ ਦਾ ਮੇਰੇ ਹਿਸਾਬ ਵਿਚ 'ਓਵਰਡਰਾਫਟ' ਹੋ ਗਿਆ। ਉਸ ਦੇ ਰਵਾਨਾ ਹੋਣ ਤੋਂ ਪਹਿਲਾਂ-ਪਹਿਲਾਂ ਰੁਪਿਆ ਭਰਨਾ ਮੇਰਾ ਇਖਲਾਕੀ ਫਰਜ਼ ਸੀ।

ਇਸ ਫਰਜ਼ ਨੂੰ ਪੂਰਾ ਕਰਨ ਲਈ ਕੀਤੇ ਹੀਲਿਆਂ ਨੂੰ ਨਹੁੰਆਂ ਨਾਲ ਖੂਹ ਪੁੱਟਣ ਦਾ ਹੀ ਦਰਜਾ ਦਿੱਤਾ ਜਾ ਸਕਦਾ ਹੈ। ਰੇਡੀਓ ਦੇ ਪ੍ਰੋਗਰਾਮ, ਕਿਤਾਬਾਂ ਦੇ ਤਰਜਮੇ - ਮੇਰੀ ਦੌੜ ਅਜਿਹੇ ਕੰਮਾਂ ਤੀਕ ਹੀ ਸੀ, ਤੇ ਇਹਨਾਂ ਤੋਂ ਖਾਸ ਕੀ ਹਾਸਲ ਹੁੰਦਾ ਹੈ? ਇਕ ਦਿਨ ਕਿਸੇ ਦੱਸਿਆ ਕਿ 'ਫਿਲਮਜ਼ ਡਿਵੀਜ਼ਨ' (ਸਰਕਾਰੀ ਸੂਚਨਾ - ਫਿਲਮ ਵਿਭਾਗ) ਵਿਚ ਛੋਟੀ ਫਿਲਮ ਦੀ ਵਾਰਤਾ ਲਿਖਣ ਲਈ, ਤੇ ਬੋਲਣ ਲਈ ਵੀ, ਪੂਰਾ ਡੇਢ ਸੌ ਰੁਪਿਆ ਮਿਲ ਜਾਂਦਾ ਹੈ। ਮੈਂ ਨੱਠਦਾ ਹੋਇਆ ਉਸੇ ਵੇਲੇ ਡਾਇਰੈਕਟਰ ਨੂੰ ਮਿਲਣ ਚਲਾ ਗਿਆ।







ਵੱਖ-ਵੱਖ ਫਿਲਮਾਂ ਵਿਚ ਅਦਾਕਾਰ ਬਲਰਾਜ ਸਾਹਨੀ ਦੇ ਵੱਖ-ਵੱਖ ਰੂਪ।

ਕਾਰਡ ਅੰਦਰ ਭੇਜਿਆ। ਡਾਇਰੈਕਟਰ ਨੇ ਝਟ ਅੰਦਰ ਬੁਲਾ ਲਿਆ। ਉਹਨੂੰ ਵੇਖਦਿਆਂ ਸਾਰ ਮੇਰੇ ਸੋਤਰ ਸੁੱਕ ਗਏ। ਮੇਰੇ ਸਾਹਮਣੇ ਇਕ ਐਸਾ ਨੌਜੁਆਨ ਖੜ੍ਹਾ ਸੀ ਜੋ ਆਪ ਦੋ ਸਾਲ ਪਹਿਲਾਂ ਲੰਡਨ ਵਿਚ ਮੇਰੇ ਅੱਗੇ ਇੰਟਰਵਿਊ ਲਈ ਪੇਸ਼ ਹੋਇਆ ਸੀ। ਆਕਸਫੋਰਡ ਦੀ ਉੱਚੀ ਵਿਦਿਆ ਸਮਾਪਤ ਕਰਕੇ ਉਹਨੇ ਬੀ.ਬੀ.ਸੀ. ਦੇ ਹਿੰਦੁਸਤਾਨੀ ਸੈਕਸ਼ਨ ਵਿਚ ਮੁਲਾਜ਼ਮਤ ਲਈ ਦਰਖਾਸਤ ਕੀਤੀ ਸੀ। ਸਾਡੇ ਡਾਇਰੈਕਟਰ ਜ਼ੁਲਫਕਾਰ ਅਲੀ ਬੁਖਾਰੀ ਓਦੋਂ ਹਿੰਦੁਸਤਾਨ ਆਏ ਹੋਏ ਸਨ, ਏਸ ਲਈ ਉਹਨੂੰ ਮੇਰੇ ਕੋਲ ਭੇਜਿਆ ਗਿਆ ਸੀ ਪਰ ਮੈਨੂੰ ਉਸ ਦਾ ਉਰਦੂ ਤਲੱਫਜ਼ ਪਸੰਦ ਨਹੀਂ ਸੀ ਆਇਆ, ਤੇ ਏਸ ਆਧਾਰ ਉਤੇ ਉਸ ਦੀ ਦਰਖਾਸਤ ਨਾਮਨਜ਼ੂਰ ਹੋ ਗਈ ਸੀ। ਤੇ ਹੁਣ ਮੈਂ ਉਸ ਦੇ ਸਾਹਮਣੇ ਇਕ ਘਟੀਆ ਜਿਹੇ ਕੰਮ ਲਈ ਸਵਾਲੀ ਬਣ ਕੇ ਖੜ੍ਹਾ ਸਾਂ। ਮੇਰੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਪਰ ਉਹ ਵਧੀਆ ਕਿਸਮ ਦਾ ਆਦਮੀ ਸਾਬਤ ਹੋਇਆ। ਉਹਨੇ ਫੌਰਨ ਮੇਰੀ ਦਰਖਾਸਤ ਮਨਜ਼ੂਰ ਕਰ ਦਿੱਤੀ, ਤੇ ਕੋਈ ਐਸਾ ਬੋਲ ਮੂੰਹ ਉਤੇ ਨਹੀਂ ਲਿਆਂਦਾ ਜਿਸ ਨਾਲ ਮੈਨੂੰ ਪਰੇਸ਼ਾਨੀ ਹੋਵੇ ਪਰ ਏਸ ਕੰਮ ਵਿਚੋਂ ਵੀ ਮਸਾਂ ਮੈਂ ਪੰਜ-ਛੇ ਸੌ ਹੀ ਕਮਾ ਸਕਿਆ, ਕਿਉਂਕਿ ਰਿਕਾਰਡਿਸਟਾਂ ਨੂੰ ਮੇਰਾ ਬੋਲਣ ਦਾ ਅੰਦਾਜ਼ ਪਸੰਦ ਨਹੀਂ ਸੀ...


ਆਪਣਾ ਮੇਕ-ਅੱਪ ਕੀਤਾ ਮੂੰਹ ਵੇਖਦਿਆਂ ਮੈਨੂੰ ਉਹ ਸਾਰੀਆਂ ਔਕੜਾਂ ਤੇ ਚਿੰਤਾਵਾਂ ਚੇਤੇ ਆਉਣ ਲਗ ਪਈਆਂ ਪਰ ਮੈਂ ਆਪਣੇ ਆਪ ਨੂੰ ਮਾਯੂਸ ਨਾ ਹੋਣ ਦਾ ਨਿਸਚਾ ਕਰ ਲਿਆ। ਸ਼ੂਟਿੰਗ ਦਾ ਪਹਿਲਾ ਦਿਨ ਸੀ। ਇਕ ਤਰ੍ਹਾਂ ਮੇਰੀ ਕਿਸਮਤ ਦਾ ਅਜ ਇਮਤਿਹਾਨ ਸੀ। ਫਨੀ-ਦਾ (ਫਿਲਮ ਡਾਇਰੈਕਟਰ ਫਨੀ ਮਜੁਮਦਾਰ) ਉੱਪਰ ਚੰਗਾ ਪ੍ਰਭਾਵ ਪਾਉਣ ਉਤੇ ਮੈਂ ਤੁਲਿਆ ਹੋਇਆ ਸਾਂ। ਫੇਰ ਵੀ, ਮੇਰੇ ਨਾ ਚਾਹੁੰਦਿਆਂ ਹੋਇਆਂ ਵੀ, ਉਹ ਮੇਕ-ਅੱਪ ਮੇਰੇ ਚਿਹਰੇ ਉਤੇ ਬੋਝ ਜਿਹਾ ਬਣਦਾ ਜਾ ਰਿਹਾ ਸੀ। ਇੰਜ ਲਗਦਾ ਸੀ ਜਿਵੇਂ ਮੂੰਹ ਉਤੇ ਥੱਪਣ ਵੇਲੇ ਬਹੁਤ ਸਾਰਾ ਪਾਊਡਰ ਮੇਰੀਆਂ ਅੱਖਾਂ ਵਿਚ ਵੀ ਚਲਾ ਗਿਆ ਹੋਵੇ। ਰਹਿ-ਰਹਿ ਕੇ ਸੋਚ ਸਤਾਉਂਦੀ, ਇਹ ਫਿਲਮਾਂ ਵਾਲੇ ਐਕਟਰ ਨੂੰ ਚਿੱਟੇ ਦੀ ਥਾਂ ਨੀਲੇ ਕੱਪੜੇ ਪੁਆ ਕੇ, ਉਹਦੇ ਮੂੰਹ ਉਤੇ ਏਨਾ ਗੇਰਵਾ ਪਲਸਤਰ ਥੱਪ ਕੇ, ਕਿਵੇਂ ਸੁਭਾਵਕ ਅਦਾਕਾਰੀ ਦੀ ਆਸ ਕਰ ਸਕਦੇ ਹਨ? ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਸੁਭਾਵਕ ਅਦਾਕਾਰੀ ਦੀ ਮੰਜ਼ਲ 'ਤੇ ਪਹੁੰਚਣ ਲਈ ਕਲਾਕਾਰ ਨੂੰ ਬੇਸ਼ੁਮਾਰ ਅਸੁਭਾਵਕ ਬੰਦਸ਼ਾਂ ਤੇ ਔਕੜਾਂ ਨੂੰ ਨਾ ਕੇਵਲ ਸਵੀਕਾਰਨਾ ਸਗੋਂ ਅਪਨਾਉਣਾ ਵੀ ਪੈਂਦਾ ਹੈ। ਇਸ ਲਈ ਸੁਲਝੇ ਹੋਏ ਅਧਿਐਨ ਤੇ ਸੁਚੱਜੇ ਰਿਆਜ਼ ਦੀ ਲੋੜ ਹੈ। ਮੈਂ ਸੁਭਾਵਕਤਾ ਦਾ ਅਰਥ ਬੰਦਸ਼ਾਂ ਵਲੋਂ ਲਾਪਰਵਾਹ ਹੋ ਕੇ ਉਵੇਂ ਹੀ ਕਰਨਾ ਮਿੱਥਦਾ ਸਾਂ ਜਿਵੇਂ ਜੀਵਨ ਵਿਚ ਵਾਪਰਦਾ ਹੈ। ਨਵੇਂ ਕਲਾਕਾਰਾਂ ਕੋਲੋਂ ਇਹ ਭੁੱਲ ਆਮ ਹੋ ਜਾਂਦੀ ਹੈ, ਤੇ ਮਹਿੰਗੀਆਂ ਕੀਮਤਾਂ ਵਸੂਲ ਕਰਦੀ ਹੈ।

ਮੈਂ ਸੈਟ ਉਤੇ ਗਿਆ। ਖ਼ੁਸ਼-ਕਿਸਮਤੀ ਨਾਲ ਕੈਮਰਾ ਲਾਂਗ ਸ਼ਾਟ (ਦੂਰ-ਵਰਤੀ ਦ੍ਰਿਸ਼) ਉਤੇ ਰੱਖਿਆ ਹੋਇਆ ਸੀ। ਮੈਂ ਉਹਨੂੰ ਮਨੋਂ ਵਿਸਾਰ ਸਕਦਾ ਸਾਂ। ਸੈਟ ਉਤੇ ਆਜ਼ਾਦੀ ਨਾਲ ਏਧਰ ਓਧਰ ਤੁਰ ਫਿਰ ਸਕਦਾ ਸਾਂ, ਬਿਨਾਂ ਰੋਕ-ਟੋਕ ਦੇ ਹੱਥ-ਪੈਰ ਹਿਲਾ ਸਕਦਾ ਸਾਂ।

ਸੀਨ ਇਸ ਪ੍ਰਕਾਰ ਸੀ: ਹੀਰੋ ਬਰਾਂਡੇ ਵਿਚ ਟੇਬਲ-ਲੈਂਪ ਦੇ ਸਹਾਰੇ ਕਿਤਾਬ ਪੜ੍ਹ ਰਿਹਾ ਹੈ। ਮੈਂ, ਉਸ ਦਾ ਫੈਸ਼ਨ-ਪ੍ਰਸਤ ਦੋਸਤ, ਮਸਤਾਨੀ ਅਦਾ ਨਾਲ ਦਰਵਾਜ਼ੇ ਵਿਚੋਂ ਦਾਖਲ ਹੁੰਦਾ ਹਾਂ, ਸਿਰ ਤੋਂ ਹੈਟ ਲਾਹ ਕੇ ਕਿੱਲੀ ਉਪਰ ਸੁੱਟਦਾ ਹਾਂ, ਤੇ ਅਰਾਮ-ਕੁਰਸੀ ਉਤੇ ਬਹਿ ਕੇ ਸਿਗਰਟ ਦੇ ਕਸ਼ ਖਿੱਚਦਾ ਹੀਰੋ ਦੇ ਸਨਾਤਨੀ ਵਿਚਾਰਾਂ ਤੇ ਆਦਰਸ਼ਾਂ ਉਪਰ ਵਿਅੰਗ ਕਰਨ ਲੱਗ ਜਾਂਦਾ ਹਾਂ। ਵਾਰਤਾਲਾਪ ਦਾ ਕੇਵਲ ਇਕ ਵਾਕ ਬੋਲਣ ਪਿਛੋਂ ਸ਼ਾਟ ਕੱਟ ਹੋ ਜਾਣਾ ਸੀ।

ਆਖਦੇ ਹਨ, ਨਵੇਂ ਜੁਆਰੀ ਦਾ ਪਹਿਲਾ ਦਾਅ ਹਮੇਸ਼ਾ ਸਿੱਧਾ ਪੈਂਦਾ ਹੈ। ਇਸ ਸ਼ਾਟ ਵਿਚ ਮੈਂ ਇੰਨੀ ਸੁੰਦਰਤਾ ਦਾ ਸਬੂਤ ਦਿੱਤਾ ਕਿ ਹਰ ਪਾਸਿਓਂ ਵਾਹ-ਵਾਹ ਹੋਣ ਲਗ ਪਈ। ਅਰਾਮ-ਕੁਰਸੀ ਉਤੇ ਬੈਠਦਿਆਂ ਹੀ ਮੈਂ ਮੂੰਹ ਵਿਚੋਂ ਸਿਗਰਟ-ਧੂੰਏਂ ਦੇ ਗੋਲ-ਗੋਲ ਛੱਲੇ ਕੱਢਣ ਲਗ ਪਿਆ ਸਾਂ ਜੋ ਬੜੀ ਕਰਤੱਬ ਵਾਲੀ ਗੱਲ ਸੀ। ਇਸ ਤੋਂ ਬਾਅਦ ਇਕ-ਦੋ ਹੋਰ ਸ਼ਾਟ ਹੋਏ ਜਿਨ੍ਹਾਂ ਵਿਚ ਕੈਮਰਾ ਥੋੜ੍ਹਾ ਨਜ਼ਦੀਕ ਆ ਗਿਆ। ਉਹਨਾਂ ਵਿਚ ਵੀ ਮੈਂ ਚੜ੍ਹਦੀਆਂ ਕਲਾਂ ਵਿਚ ਰਿਹਾ, ਜਿਵੇਂ ਦਿਖਾ ਰਿਹਾ ਹੋਵਾਂ ਕਿ ਇਹ ਸਭ ਮੇਰੇ ਵਰਗੇ ਬੀ.ਬੀ.ਸੀ. ਤੋਂ ਆਏ ਕਲਾਕਾਰ ਲਈ ਖੱਬੇ ਹੱਥ ਦੀ ਖੇਡ ਸੀ। ਚੈਨ ਦੇ ਚਿੜੇ ਉਡਾਉਂਦਾ ਮੈਂ ਪਹੁ ਫੁਟਣ ਵੇਲੇ ਘਰ ਪਹੁੰਚਿਆ। **(ਚੱਲਦਾ)**

# ਪੰਜਾਬੀ ਪੱਤਰਕਾਰੀ ਦੇ ਪਿੜ ਵਿਚ ਨਵੀਆਂ ਲੀਹਾਂ ਪਾਉਣ ਵਾਲੇ
# 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ
# ਅਮੋਲਕ ਸਿੰਘ ਜੰਮੂ



## ਦੀ ਪਹਿਲੀ ਬਰਸੀ 30 ਅਪਰੈਲ, 2022 ਨੂੰ ਮਨਾਈ ਜਾ ਰਹੀ ਹੈ।

**ਪ੍ਰੋਗਰਾਮ: ਸ਼ਨਿਚਰਵਾਰ 30 ਅਪਰੈਲ, 2022**

**ਸ਼ਾਮ 3:00-5:00 ਵਜੇ ਤੱਕ**

**ਭੋਗ ਸਹਿਜ ਪਾਠ , ਕੀਰਤਨ ਅਤੇ ਅਰਦਾਸ**

at SIKH Religious Society-Palatine Gurdwara

1280, Winnetka Street, Palatine, IL 60067 Phone: (847) 358-1117

**ਵੱਲੋਂ: ਜਸਪ੍ਰੀਤ ਕੌਰ, ਮਨਦੀਪ ਸਿੰਘ ਜੰਮੂ ਅਤੇ ਸੰਦੀਪ ਕੌਰ, ਫੋਨ: 847-359-0746**